# ਅਰਦਾਸ ਦੀ ਮਹਾਨਤਾ

ਕੁਲਮੋਹਨ ਸਿੰਘ

# ਅਰਦਾਸ

## ਅਰਦਾਸ ਦੀ ਮਹਾਨਤਾ

ਲੇਖਕ:

ਸ. ਕੁਲਮੋਹਨ ਸਿੰਘ

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)

# ARDAAS DI MAHANTA

Writer:

S. Kulmohan Singh

Year 2021

ISBN 978-81-941049-0-2

Published by:

SARBAT DA BHALLA CHARITABLE TRUST

Printed at:

SHAHEED-E-AZAM PRESS & HOSPITALITY PVT. LTD.

Patiala-9814632807

# ਤਤਕਰਾ


| | | |
|---|---|---|
| 1. | ਦੋ ਸ਼ਬਦ | 4 |
| 2. | ਮੁੱਖਬੰਦ | 6 |
| 3. | ਲੇਖਕ ਦੀ ਕਲਮ ਤੋਂ | 23 |
| 4. | ਭੂਮਿਕਾ | 27 |
| 5. | ਅਧਿਆਇ-1 | 36 |
| 6. | ਅਧਿਆਇ-2 | 44 |
| 7. | ਅਧਿਆਇ-3 | 52 |
| 8. | ਅਧਿਆਇ-4 | 62 |
| 9. | ਅਧਿਆਇ-5 | 70 |
| 10. | ਅਧਿਆਇ-6 | 75 |
| 11. | ਅਧਿਆਇ-7 | 86 |
| 12. | ਅਧਿਆਇ-8 | 104 |
| 13. | ਅਧਿਆਇ-9 | 107 |
| 14. | ਅਰਦਾਸ ਬਾਰੇ ਵਿਦਵਾਨਾਂ ਦੇ ਵਿਚਾਰ | 113 |
| 15. | ਪੰਥਕ ਅਰਦਾਸ | 128 |
| 16. | ਸਿੱਖ ਰਹਿਤ ਮਰਿਯਾਦਾ | 130 |

# ਦੋ ਸ਼ਬਦ

ਅਰਦਾਸ ਸਿੱਖ ਵਿਰਾਸਤ ਦਾ ਉਹ ਫਖ਼ਰ ਹੈ, ਜਿਸ ਦੇ ਮਾਧਿਅਮ ਰਾਹੀਂ ਵਿਰਾਸਤ ਦੀ ਅਧਿਆਤਮਕ– ਪਾਕੀਜਗੀ ਅਤੇ ਇਤਿਹਾਸਕ ਸੂਰਮਗਤੀ ਨੂੰ ਜਿਉਂ ਦਾ ਤਿਉਂ ਨਰੋਆ ਰੱਖ, ਆਉਣ ਵਾਲੀਆਂ ਪੀੜੀਆਂ ਦੇ ਸਨਮੁੱਖ ਉਨ੍ਹਾਂ ਦਾ ਕੌਮੀ ਪ੍ਰਸੰਗ ਰੂਪਮਾਨ ਕੀਤਾ ਜਾਂਦਾ ਹੈ। ਇਹ ਇੱਕ ਅਜਿਹਾ ਅਜਪਾ ਜਾਪ ਹੈ ਜਿਸਨੂੰ ਕੌਮ ਬਾਣੀ ਵਾਂਗ ਹੀ ਤਸੱਵਰ ਕਰ ਚੁੱਕੀ ਹੈ ਅਤੇ ਸਵੈ ਨੂੰ ਸੁਆਰਨ ਵਾਸਤੇ ਤਿਆਰ–ਬਰ– ਤਿਆਰ ਰਹਿਣ ਦੇ ਐਲਾਨ–ਨਾਮੇ ਵਜੋਂ ਗੁਰੂ ਹੁਕਮ ਪ੍ਰਵਾਨ ਕਰ ਲਿਆ ਹੈ। ਇਸ ਹੁਕਮ 'ਤੇ ਪ੍ਰਵਾਨ ਚੜ੍ਹਨ ਲਈ ਸਿੱਖ ਦਸ ਗੁਰੂ ਸਾਹਿਬਾਨ ਤੇ ਸ਼ਬਦ ਗੁਰੂ ਦੇ ਓਟ ਆਸਰੇ ਲਈ ਅਰਜੋਈ ਕਰਦਾ ਹੈ। ਇਸ ਪਿੱਛੇ ਉਨ੍ਹਾਂ ਦਾ ਤੀਬਰ ਵਿਸ਼ਵਾਸ਼ ਹੈ ਕਿ ਜਿਸ ਹੱਦ ਤੱਕ ਉਹ ਆਪਣੇ ਆਦਰਸ਼ ਸ਼ੁੱਧ ਅਵਸਥਾ ਵਿੱਚ ਪਾਲਣ ਕਰਨਗੇ ਉਸ ਹੱਦ ਤੱਕ ਗੁਰੂ–ਬਰਕਤ ਉਨ੍ਹਾਂ ਦੀ ਹਮਸਫ਼ਰ ਰਹੇਗੀ।

ਅਜਿਹੇ ਵਿਰਾਸਤੀ ਫਖ਼ਰ ਨੂੰ ਰੂਪਮਾਨ ਕਰਨ 'ਤੇ ਜਨ ਸਮੂਹ ਦੇ ਮਸਤਕ ਦਾ ਭਾਗ ਬਣਾਉਣ ਲਈ ਮੁੱਖ ਜਿੰਮੇਵਾਰੀ ਸਬੰਧਤ ਧਰਮ ਦੇ ਲਿਖਾਰੀ, ਚਿੰਤਕ ਅਤੇ ਗਿਆਨੀ ਨਿਭਾਉਂਦੇ ਹਨ। ਬਾਨੀ–ਏ ਸਿੱਖ ਧਰਮ, ਸਾਹਿਬ–ਏ–ਕਮਾਲ ਧੰਨ ਗੁਰੂ ਨਾਨਕ ਪਾਤਸ਼ਾਹ ਨੇ **'ਧੰਨ ਲਿਖਾਰੀ ਨਾਨਕਾ'** ਦੇ ਮਹਾਂਵਾਕ ਨਾਲ ਸੰਸਾਰ ਭਰ ਦੇ ਲੇਖਕਾਂ ਚਿੰਤਕਾਂ ਦੀ ਮਹਿਮਾ ਨੂੰ ਸਿਖ਼ਰ 'ਤੇ ਪਹੁੰਚਾ ਦਿੱਤਾ ਹੈ। ਅਸਲ ਵਿੱਚ ਲੇਖਕ ਉਹ ਮਹਾਂ ਮਾਨਵ ਹੁੰਦੇ ਹਨ, ਜਿਹੜੇ ਆਪਣੀਆਂ ਲਿਖਤਾਂ ਦੇ ਮਾਧਿਅਮ ਰਾਹੀਂ ਸੰਸਾਰ ਵਿੱਚ ਵਾਪਰੀ ਕਿਸੇ ਵੀ ਘਟਨਾ ਦਾ ਭੂਤ, ਭਵਿੱਖ ਅਤੇ ਵਰਤਮਾਨ ਹਮੇਸ਼ਾ–ਹਮੇਸ਼ਾ ਲਈ ਸੁਰੱਖਿਅਤ ਕਰ ਦਿੰਦੇ ਹਨ। ਇਹ ਕਿੰਤੂ ਮੁਕਤ ਧਾਰਨਾ ਹੈ ਕਿ ਅਜਿਹਾ ਮਰਤਬਾ ਹਾਸਲ ਕਰਨਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ, ਸਗੋਂ ਇਹ ਤਾਂ ਰਹਿਮਤਾਂ ਮਿਹਰਾਂ ਤੇ ਬਖ਼ਸ਼ਿਸ਼ਾਂ ਹੀ ਹਨ ਸ਼ਬਦ ਦੀਆਂ। ਲਿਖਣਾ ਬਿਖਮ ਮਾਰਗ ਹੈ ਅੱਤ ਬਿਖਮ ਮਾਰਗ ਪਰ ਇਨ੍ਹਾਂ ਲੇਖਕਾਂ ਦੀ ਕਲਮ ਦੀ ਤਾਕਤ ਨਦੀ ਦੇ ਵਹਾਅ ਵਰਗੀ ਹੁੰਦੀ ਹੈ, ਜੋ ਆਪਣੇ ਨਾਲ ਵਹਾ ਲੈ ਜਾਣ ਦੇ ਸਮਰੱਥ ਹੁੰਦੀ ਹੈ। ਇਨ੍ਹਾਂ ਦੀ ਕਲਮਾਂ ਦੀ ਤਾਕਤ ਨਾਲ ਲਿਖਿਆ ਪ੍ਰਵਚਨ ਕਹਿੰਦੀਆਂ ਕਹਾਉਂਦੀਆਂ ਬਾਦਸ਼ਾਹਤਾਂ ਤੇ ਕੂੜੇ ਸਮਾਜ ਨੂੰ ਸਿਰ ਪਰਨੇ ਕਰਨ ਦੇ ਸਮਰੱਥ ਹੁੰਦਾ ਹੈ। ਸ਼ਾਇਦ ਇਸੇ ਕਰਕੇ ਹੀ ਗੁਰੂ ਨਾਨਕ ਪਾਤਸ਼ਾਹ ਨੇ **'ਨਾਨਕ ਸ਼ਾਇਰੁ ਏਵ ਕਹੁਤੁ'** ਹੈ ਕਹਿ ਕੇ ਇਨ੍ਹਾਂ ਦੀ ਮਹਿਮਾਂ ਚਹੁੰ ਕੁੰਟਾਂ 'ਚ ਪਹਿਲਾਂ ਹੀ ਗੁੰਜਾ ਦਿੱਤੀ ਹੈ। ਲੇਖਕ ਸਚਮੁੱਚ ਹੀ ਨਵਾਂ ਕਰਨਯੋਗ ਹਨ।

ਹੱਥਲੀ ਪੁਸਤਕ **'ਅਰਦਾਸ ਦੀ ਮਹਾਨਤਾ'** ਦੇ ਲੇਖਕ ਸ੍ਰ.ਕੁਲਮੋਹਨ ਸਿੰਘ ਤੇ ਉਪਰੋਕਤ ਸ਼ਬਦ ਹੂ–ਬ–ਹੂ ਢੁੱਕਦੇ ਹਨ। ਜਿਸ ਲਗਨ, ਮਿਹਨਤ ਤੇ ਸਿਰੜ ਨਾਲ ਉਹ ਆਪਣੀ ਵਿਰਾਸਤ ਦੇ ਫ਼ਖਰ ਨੂੰ ਰੂਪਮਨ ਕਰ ਰਹੇ ਹਨ, ਮੈਂ ਉਸਦਾ ਚਸ਼ਮਦੀਦ ਗਵਾਹ ਹਾਂ। ਜਿਹੜੀ ਨਿਸ਼ਠਾ ਅਤੇ ਸੁਹਿਰਦਤਾ ਉਨ੍ਹਾਂ ਦੇ ਹਿੱਸੇ ਆਈ ਹੈ ਮੈਂ ਉਸਦੀ ਪ੍ਰਸ਼ੰਸ਼ਾ ਕਰਦਾ ਹਾਂ। ਮੇਰੀ ਇੱਛਾ ਹੈ ਕਿ ਸ੍ਰ ਕੁਲਮੋਹਨ ਸਿੰਘ ਇਸ ਪਾਸੇ ਹੋਰ ਮੰਜ਼ਿਲਾਂ ਸਰ ਕਰਨ। ਅਸਲ ਵਿੱਚ ਪਤਾ ਹੋਣਾ ਓਡੀ ਵੱਡੀ ਗੱਲ੍ਹ ਨਹੀਂ ਹੁੰਦੀ ਜਿੰਨੀ ਵੱਡੀ ਇਹ ਗੱਲ੍ਹ ਹੁੰਦੀ ਹੈ ਕਿ ਜੋ ਪਤਾ ਹੈ ਉਹ ਲੋਕਾਂ ਤੱਕ ਪਹੁੰਚਾਉਣਾ ਕਿਵੇਂ ਹੈ? ਮੈਂ ਇਹ ਕਹਿ

ਸਕਦਾ ਹਾਂ ਕਿ ਜੋ ਮਰਤਬਾ ਕੁਲਮੋਹਨ ਸਿੰਘ ਗ੍ਰਹਿਣ ਕਰ ਚੁੱਕੇ ਹਨ, ਇਸ ਨੂੰ ਉਹਨਾਂ ਦੇ ਗਿਆਨ ਮੰਡਲ ਦੀ ਆਭਾ ਵੀ ਸਮਝਿਆ ਜਾਵੇ।

ਕਿਸੇ ਵੀ ਸੰਕਲਪ, ਦਾਰਸ਼ਨਿਕ ਸੰਦਰਭ ਜਾਂ ਇਤਿਹਾਸਕ ਬਿਰਤਾਂਤ ਨੂੰ ਸ਼ਬਦਾਂ ਵਿੱਚ ਉਤਾਰਨਾ ਕੋਈ ਸਹਿਜ ਪ੍ਰਕਿਰਿਆ ਨਹੀਂ ਹੁੰਦੀ, ਇਸ ਗੱਲ ਦਾ ਮੈਨੂੰ ਪੂਰਨ ਅਹਿਸਾਸ ਹੈ। ਅਸਲ ਵਿੱਚ ਇਹ ਬਖ਼ਸ਼ਿਸ਼ ਦਾ ਨਿਰਾਲਾ ਰੂਪ ਹੈ ਤੇ ਜਦ ਕੋਈ ਇਸ ਪਾਤਰਤਾ ਦਾ ਧਾਰਨੀ ਹੋ ਜਾਵੇ ਤਦ ਅਸਮਾਨੀ ਤਾਕਤਾਂ ਖੁਦ ਸ਼ਬਦਾਂ ਦੀ ਚੋਣ ਕਲਮ ਨੂੰ ਜਰਖੇਜ਼ ਕਰੀ ਜਾਂਦੀਆਂ ਹਨ। ਮੈਂ ਇਸ ਨੂੰ ਬਖਸ਼ਿਸ਼ ਤਸੱਵਰ ਹਾਂ ਤੇ ਇਹ ਬਖਸ਼ਿਸ਼ ਨਿਸ਼ਚੇ ਹੀ ਲੇਖਕ ਦੇ ਮਸਤਕ ਦਾ ਭਾਗ ਬਣ ਚੁੱਕੀ ਹੈ, ਇਹ ਮੇਰਾ ਵਿਸ਼ਵਾਸ਼ ਹੈ। ਮੈਨੂੰ ਪੂਰਨ ਵਿਸ਼ਵਾਸ਼ ਹੈ। **'ਅਰਦਾਸ ਦੀ ਮਹਾਨਤਾ'** ਪੁਸਤਕ ਨਿਸ਼ਚੇ ਹੀ ਜਨ ਸਮੂਹ ਦੇ ਮਸਤਕ ਵਿੱਚ ਅਰਦਾਸ ਦੇ ਗੁਹਜ ਤੇ ਪ੍ਰਾਪਤੀਆਂ ਨੂੰ ਰੂਪਮਾਨ ਕਰਨ ਵਿੱਚ ਸਫਲ ਹੋਵੇਗੀ। ਮੈਂ ਇਸ ਪੁਸਤਕ ਨਾਲ ਆਪਣਾ ਨਾਮ ਜੋੜਕੇ ਖੁਸ਼ੀ ਮਹਿਸੂਸ ਕਰ ਜਿਹਾ ਹਾਂ।

**ਡਾ. ਸਰਬਜਿੰਦਰ ਸਿੰਘ**

ਪ੍ਰੋਫੈਸਰ ਅਤੇ ਮੁਖੀ,

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਮੁੱਖ ਬੰਦ

ਹੱਥਲੀ ਪੁਸਤਕ **'ਅਰਦਾਸ ਦੀ ਮਹਾਨਤਾ'** ਸਰਦਾਰ ਕੁਲਮੋਹਨ ਸਿੰਘ ਜੀ ਦੀ ਕਲਮ ਦਾ ਪ੍ਰਭਾਵਸ਼ਾਲੀ ਪਰਿਣਾਮ ਹੈ। ਸਿੱਖੀ ਪ੍ਰਤੀ ਅਪਾਰ ਸ਼ਰਧਾ ਰੱਖਣ ਵਾਲੇ, ਪੰਜਾਂ ਕਕਾਰਾਂ ਦੇ ਧਾਰਣੀ, ਨਿਮਰਤਾ ਦੇ ਪੁੰਜ, ਇੱਕ ਪ੍ਰਭਾਵਸ਼ਾਲੀ ਐਂਕਰ, ਕੁਲਮੋਹਨ ਸਿੰਘ ਜੀ ਨੇ ਆਪਣੀ ਜ਼ਿੰਦਗੀ ਦਾ ਬਹੁਤ ਵੱਡਾ ਹਿੱਸਾ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜਕੇ, ਪੰਥ ਦੀ ਸੇਵਾ ਵਿੱਚ ਬਿਤਾਇਆ ਹੈ, ਪਰ ਉਹ ਆਪਣੇ ਆਪ ਨੂੰ ਕਿਸੀ ਪਾਰਟੀ ਜਾਂ ਧੜੇ ਨਾਲ ਨਹੀਂ ਸਗੋਂ ਅਕਾਲ ਤਖ਼ਤ ਨਾਲ ਜੋੜਦੇ ਹਨ। ਉਹ ਕਹਿੰਦੇ ਹਨ ਕਿ "ਮੈਨੂੰ ਬਚਪਨ ਵਿੱਚ ਜੋ ਮਾਤਾ–ਪਿਤਾ ਤੋਂ ਗੁੜ੍ਹਤੀ ਮਿਲੀ, ਉਹ ਅਕਾਲੀ ਹੋਣ ਦੀ ਮਿਲੀ ਸੀ, ਕਿਸੇ ਧੜੇ ਦੀ ਨਹੀਂ।ਉਹਨਾਂ ਦਾ ਕਹਿਣਾ ਹੈ ਕਿ ਮੈਂ ਅਕਾਲੀ ਪੈਦਾ ਹੋਇਆ, ਜਿੰਦਗੀ ਭਰ ਅਕਾਲੀ ਰਿਹਾ ਹਾਂ ਤੇ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਆਪਣੀ ਜਿੰਦਗੀ ਦਾ ਆਖਰੀ ਸਵਾਸ ਵੀ ਇੱਕ ਅਕਾਲੀ ਵਜੋਂ ਲਵਾਂ।"

ਸਰਦਾਰ ਕੁਲਮੋਹਨ ਸਿੰਘ ਜੀ ਨੇ ਆਪਣੀ ਮੁੱਢਲੀ ਸਿੱਖਿਆ ਡੀ.ਏ.ਵੀ. ਸਕੂਲ ਤੋਂ ਪ੍ਰਾਪਤ ਕੀਤੀ। ਗ੍ਰੈਜੂਏਸ਼ਨ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਦਿੱਲੀ ਯੂਨੀਵਰਸਿਟੀ ਤੋਂ ਕਰਕੇ, ਅਰਥ ਸ਼ਾਸ਼ਤਰ ਵਿੱਚ ਪੋਸਟ ਗ੍ਰੈਜੂਏਸ਼ਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ। ਆਪ ਜੀ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਹੀ ਧਰਮ ਦੇ ਤੁਲਨਾਤਮਕ ਅਧਿਐਨ ਵਿੱਚ ਦੂਜੀ ਪੋਸਟ ਗ੍ਰੈਜੂਏਸ਼ਨ ਡਿਗਰੀ ਪ੍ਰਾਪਤ ਕੀਤੀ। ਕਾਲਜ ਦੇ ਸਮੇਂ ਤੋਂ ਹੀ ਸਰਦਾਰ ਕੁਲਮੋਹਨ ਸਿੰਘ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਸਰਗਰਮ ਮੈਂਬਰ ਸਨ। ਆਪ ਨੇ ਸਿੱਖ ਸਟੂਡੈਂਟ ਫੈਡਰੇਸ਼ਨ ਦੀ ਦਿੱਲੀ ਬਰਾਂਚ ਵਿਖੇ ਦੋ ਸਾਲ ਪ੍ਰਧਾਨ ਦੇ ਅਹੁਦੇ 'ਤੇ ਸੁਭਾਏਮਾਨ ਰਹਿੰਦਿਆਂ ਪੰਥ ਦੀ ਸੇਵਾ ਕੀਤੀ। ਜਿੰਦਗੀ ਦੇ ਨਿਰਬਾਹ ਲਈ, ਜਿਸ ਕਿਰਤ ਨੂੰ ਉਹਨਾਂ ਅਹਿਮੀਅਤ ਦਿੱਤੀ ਉਹ ਸੀ ਬੈਂਕਿੰਗ। ਪੰਜਾਬ ਐਂਡ ਸਿੰਧ ਬੈਂਕ ਵਿਖੇ 1976 ਤੋਂ 2011 ਤੱਕ 35 ਵਰ੍ਹੇ ਆਪ ਜੀ ਨੇ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ। ਰਿਟਾਇਰਮੈਂਟ ਦੇ ਸਮੇਂ ਆਪ ਜੀ ਸੀਨੀਅਰ ਪਬਲਿਕ–ਰਿਲੇਸ਼ਨ ਆਫਿਸਰ ਪੱਦ ਤੇ ਸੁਭਾਏਮਾਨ ਸਨ। ਇਨ੍ਹਾਂ 35 ਸਾਲਾਂ ਵਿੱਚ ਆਪ ਨੇ ਆਪਣੀਆਂ ਰੋਜ਼ ਦੀਆਂ ਜ਼ਿੰਮੇਵਾਰੀਆਂ ਤੋਂ ਇਲਾਵਾ ਇੱਕ ਬਹੁਤ ਹੀ ਮਹੱਤਵਪੂਰਨ ਕੰਮ ਦੀ ਜਿੰਮੇਵਾਰੀ ਸੰਭਾਲੀ ਹੋਈ ਸੀ। ਇਹ ਜ਼ਿੰਮੇਵਾਰੀ ਸੀ ਸਰਦਾਰ ਮੱਖਣ ਸਿੰਘ (DGM) ਦੇ ਰਿਟਾਇਰ ਹੋਣ ਤੋਂ ਬਾਅਦ ਹਰ ਸਾਲ ਬੈਂਕ ਦਾ ਕਲੰਡਰ ਬਣਾਉਣਾ। ਇਹ ਕੰਮ ਆਪ ਜੀ ਨੇ ਪੂਰੀ ਤਨਦੇਹੀ ਨਾਲ ਕੀਤਾ। ਪੰਜਾਬ ਐਂਡ ਸਿੰਧ ਬੈਂਕ ਦੇ ਕਲੰਡਰ ਅਕਸਰ ਸਿੱਖ ਗੁਰੂ ਸਾਹਿਬਾਨ, ਸਿੱਖ ਇਤਿਹਾਸ, ਇਤਿਹਾਸਕ ਗੁਰਦੁਆਰਿਆਂ,ਸਿੱਖ ਸ਼ਹੀਦਾਂ ਉੱਪਰ ਜਾਂ ਇਸ ਤਰ੍ਹਾਂ ਦੇ ਸਿੱਖੀ ਨਾਲ ਸਬੰਧਿਤ ਹੋਰ ਅਨੇਕਾਂ ਥੀਮ ਲੈਕੇ, ਬੜੇ ਪਿਆਰ ਅਤੇ ਮਿਹਨਤ ਨਾਲ ਤਿਆਰ ਕੀਤੇ ਜਾਂਦੇ ਹਨ। ਉਹ ਕਲੰਡਰ ਇਤਨੇ ਖ਼ੂਬਸੂਰਤ ਹੁੰਦੇ ਸਨ ਕਿ ਹਰ ਸਿੱਖ ਆਪਣੇ ਘਰ ਦੀ ਦੀਵਾਰ ਇਸ ਕਲੰਡਰ ਨਾਲ ਸਜਾਉਣ ਦਾ ਚਾਹਵਾਨ ਹੁੰਦਾ ਸੀ। ਇੱਥੋਂ ਤਕ ਕਿ ਅੱਜ ਵੀ ਬਹੁਤ ਸਾਰੇ ਸਿੱਖਾਂ ਨੇ ਪੁਰਾਣੇ ਕਲੰਡਰ ਸੰਭਾਲ ਕੇ ਰੱਖੇ ਹੋਏ ਹਨ। ਜਿਨ੍ਹਾਂ ਵਿਚੋਂ ਮੈਨੂੰ ਯਾਦ ਹੈ ਕਿ ਡਾ.ਹਰਬੰਸ ਸਿੰਘ ਚਾਵਲਾ (ਸਿੱਖ ਇਤਿਹਾਸਕਾਰ) ਜੋ ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ ਯੂਨੀਵਰਸਿਟੀ ਆਫ ਦਿੱਲੀ ਦੇ ਵਾਈਸ ਪ੍ਰਿੰਸੀਪਲ ਦੇ ਪਦ ਤੋਂ ਸੇਵਾ ਮੁਕਤ ਹੋਏ ਹਨ।

ਆਪ ਜੀ ਨੇ ਕੋਈ ਤੀਹ ਦੇ ਕਰੀਬ ਪੁਸਤਕਾਂ ਸਿੱਖ ਇਤਿਹਾਸ ਦੀ ਝੋਲੀ ਪਾਈਆਂ ਹਨ। ਉਨ੍ਹਾਂ ਪਾਸ ਕਈ ਸਾਲਾਂ ਦੇ ਕਲੰਡਰ ਅੱਜ ਵੀ ਸੰਭਾਲੇ ਪਏ ਹਨ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਆਪ ਜੀ 1977 ਤੋਂ ਜੁੜੇ ਹੋਏ ਹਨ ਤੇ 2018 ਤੋਂ ਰਾਜਨੀਤੀ ਵਿੱਚ ਰਹਿ ਕੇ ਪੰਥ ਦੀ ਸੇਵਾ ਕੀਤੀ। ਆਪ ਜੀ ਆਪਣੀ ਰਾਜਨੀਤਿਕ ਯਾਤਰਾ ਦੌਰਾਨ ਕਈ ਵਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਰਨੀ ਕਮੇਟੀ ਦੇ ਮੈਂਬਰ, ਕਈ ਵਾਰ ਸਕੱਤਰ, ਇੱਕ ਵਾਰ ਜਨਰਲ ਸਕੱਤਰ ਪਦ ਤੇ ਸੁਭਾਏਮਾਨ ਰਹੇ। ਇੱਕ ਵਾਰ ਆਪ ਜੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੀਫ ਅਡਵਾਈਜ਼ਰ ਵੀ ਬਣੇ, ਜੋ ਬੜੇ ਮਾਣ ਵਾਲੀ ਗਲ੍ਹ ਹੈ। ਇਸ ਸਮੇਂ ਦੌਰਾਨ ਆਪ ਜੀ ਨੇ ਵੱਖ–ਵੱਖ ਸਕੂਲਾਂ ਵਿੱਚ ਮੈਨੇਜਰ ਅਤੇ ਚੇਅਰਮੈਨ ਦੇ ਅਹੁਦਿਆਂ 'ਤੇ ਸੇਵਾ ਕਰਦਿਆਂ ਅਕਾਦਮਿਕ ਅਦਾਰਿਆਂ ਨਾਲ ਵੀ ਖ਼ਾਸ ਰਾਬਤਾ ਕਾਇਮ ਕੀਤਾ। ਆਪ ਜੀ ਦਾ ਕਹਿਣਾ ਹੈ ਕਿ ਸੇਵਾ ਦੀ ਲੰਮੀ ਯਾਤਰਾ ਦੌਰਾਨ ਮੈਂ ਗੁਰਦੁਆਰਾ ਨਿਜ਼ਾਮ ਨੂੰ ਬੜੇ ਨਜ਼ਦੀਕ ਤੋਂ ਵੇਖਿਆ ਹੈ ਉਹਨਾਂ ਨੂੰ ਰਾਜਨੀਤੀ ਵਿੱਚ ਲਿਆਉਣ ਵਾਲੇ ਜੱਥਦਾਰ ਸੰਤੋਖ ਸਿੰਘ, (ਸਰਦਾਰ–ਏ–ਆਜ਼ਮ) ਜੀ ਸਨ, ਜਿਨ੍ਹਾਂ ਨਾਲ ਸੇਵਾ ਕਰਨ ਦਾ ਮੌਕਾ ਵੀ ਉਨ੍ਹਾਂ ਨੂੰ ਮਿਲਿਆ।

ਅਗਰ ਕਿਧਰੇ ਪੁਰਾਣੇ ਅਕਾਲੀਆਂ ਦੇ ਨਾਮ ਲਿਖੇ ਮਿਲਣ ਤਾਂ ਮਾਸਟਰ ਤਾਰਾ ਸਿੰਘ, ਸਰਦਾਰ ਗੁਰਚਰਨ ਸਿੰਘ ਟੌਹੜਾ, ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸਰਦਾਰ ਮੋਹਣ ਸਿੰਘ ਤੂਰ, ਸਰਦਾਰ ਜਗਦੇਵ ਸਿੰਘ ਤਲਵੰਡੀ ਤੇ ਪ੍ਰੋਫੈਸਰ ਜੋਗਿੰਦਰ ਸਿੰਘ, ਉਨ੍ਹਾਂ ਵਿੱਚ ਸਰਦਾਰ ਕੁਲਮੋਹਣ ਸਿੰਘ ਦਾ ਨਾਮ ਅਣਲਿਖਿਆ ਨਹੀਂ ਰਹਿ ਸਕਦਾ। ਆਪ ਜੀ ਦਾ, ਸਿੱਖ ਇਤਿਹਾਸਕਾਰ ਪ੍ਰਿੰਸੀਪਲ ਸਤਬੀਰ ਸਿੰਘ ਜੀ ਨਾਲ ਵੀ ਨਿੱਘਾ ਪਿਆਰ ਰਿਹਾ ਹੈ। ਰਾਜਨੀਤੀ ਦੇ ਨਾਲ–ਨਾਲ ਆਪ ਜੀ ਸਾਹਿਤਕ ਸੰਸਥਾਵਾਂ ਨਾਲ ਵੀ ਜੁੜੇ ਹੋਏ ਹਨ। ਬਹੁਤ ਲੰਮੇ ਸਮੇਂ ਤੋਂ ਆਪ ਜੀ ਭਾਈ ਵੀਰ ਸਿੰਘ ਸਾਹਿਤ ਸਦਨ ਦੀ ਗਵਰਨਿੰਗ ਬਾਡੀ ਦੇ ਮੈਂਬਰ ਹਨ ਤੇ ਇੱਕ ਵਾਰ ਆਪ ਜੀ ਸਦਨ ਦੇ ਜਨਰਨ ਸਕੱਤਰ ਪਦ 'ਤੇ ਵੀ ਸੁਭਾਏਮਾਨ ਰਹੇ ਹਨ। ਆਪ ਜੀ ਨੇ ਲਗਭਗ 3 ਵਰ੍ਹੇ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ (ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ) ਦੇ ਜਨਰਲ ਸਕੱਤਰ ਦੀ ਸੇਵਾ ਵੀ ਨਿਭਾਈ।

ਰਾਜਨੀਤਿਕ ਜਿੰਦਗੀ ਵਿੱਚ ਵਿਅਸਤ ਰਹਿਣ ਦੇ ਬਾਵਜੂਦ ਆਪ ਜੀ ਨੂੰ ਟੀ.ਵੀ. ਦੀ ਹਰਮਨ ਪਿਆਰੀ ਸਖ਼ਸ਼ੀਅਤ ਕਿਹਾ ਜਾਵੇ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ।

ਵੈਸੇ ਤਾਂ ਆਪ ਜੀ ਬਹੁਤ ਸਾਰੇ ਟੀ.ਵੀ. ਪ੍ਰੋਗਰਾਮਾਂ ਵਿੱਚ ਅਕਸਰ ਵਿਖਾਈ ਦਿੰਦੇ ਹਨ ਪਰ ਸਿੱਖ ਧਰਮ ਅਤੇ ਇਤਿਹਾਸ ਦੀ ਜਾਣਕਾਰੀ ਦੇਣ ਵਾਲਾ ਸਿੱਖੀ ਕੁਇਜ਼ ਦਾ ਖਾਸ ਪ੍ਰੋਗਰਾਮ ਜੋ ਚੜ੍ਹਦੀਕਲਾ ਟਾਈਮ ਟੀ.ਵੀ. ਤੇ ਹਰ ਐਤਵਾਰ ਨੂੰ ਆਉਂਦਾ ਹੈ। 'ਆਓ ਬਣੀਏ ਗੁਰਸਿੱਖ ਪਿਆਰਾ' ਉਹ ਆਪ ਜੀ ਦੇ ਨਾਮ ਨਾਲ ਹੀ ਜੁੜ ਗਿਆ ਹੈ। ਇਹ ਪ੍ਰੋਗਰਾਮ ਪਿਛਲੇ 13 ਸਾਲਾਂ ਤੋਂ ਚੱਲ ਰਿਹਾ ਹੈ, ਆਪ ਜੀ ਇਸ ਪ੍ਰੋਗਰਾਮ ਵਿੱਚ ਸਰਦਾਰ ਹਰਜਿੰਦਰ ਸਿੰਘ ਦੇ ਨਾਲ ਸਾਂਝੇ ਤੌਰ 'ਤੇ ਐਂਕਰਿੰਗ ਕਰਦੇ ਹਨ। ਇਹ ਪ੍ਰੋਗਰਾਮ ਸਿੱਖਾਂ ਦਾ ਹਰਮਨ ਪਿਆਰਾ ਪ੍ਰੋਗਰਾਮ ਹੈ ਤੇ ਸਿੱਖ ਐਤਵਾਰ ਦੀ ਉਡੀਕ ਕਰਦੇ ਹਨ ਕਿਉਂਕਿ ਉਹ ਪ੍ਰੋਗਰਾਮ ਵਿਖਾਇਆ ਜਾਣਾ ਹੁੰਦਾ ਹੈ। ਇੱਕ ਹੋਰ ਪ੍ਰੋਗਰਾਮ

'ਆਓ ਕਰੀਏ ਦਿੱਲ ਦੀਆਂ ਗੱਲਾਂ' ਜੋ ਨੋਰਥ ਅਮਰੀਕਾ ਦੇ ਦਰਸ਼ਕਾਂ ਲਈ ਚੜ੍ਹਦੀਕਲਾ ਟਾਈਮ ਟੀ.ਵੀ. ਵੱਲੋਂ ਸ਼ੁਰੂ ਕੀਤਾ ਗਿਆ ਹੈ। ਜਿਸ ਦੇ 90 ਤੋਂ ਵੱਧ ਐਪੀਸੋਡ ਹੋ ਚੁੱਕੇ ਹਨ। ਇਹ ਪ੍ਰੋਗਰਾਮ ਅਮਰੀਕਾ ਅਤੇ ਕਨੇਡਾ ਵਿੱਚ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿੱਚ ਹਰ ਰੋਜ਼ ਕਿਸੇ ਵਿਦਵਾਨ ਨਾਲ ਸਿੱਖੀ, ਸਿੱਖ ਇਤਿਹਾਸ, ਰਹਿਤ ਮਰਿਯਾਦਾ, ਸਿੱਖ ਰਾਜਨੀਤੀ ਤੇ ਗੱਲ੍ਹਬਾਤ ਕੀਤੀ ਜਾਂਦੀ ਹੈ। ਇਨ੍ਹਾਂ ਦੋਨਾਂ ਪ੍ਰੋਗਰਾਮਾਂ ਵਿੱਚ ਸਰਦਾਰ ਕੁਲਮੋਹਨ ਸਿੰਘ ਜੀ ਦੀ ਬੇਹਤਰੀਨ ਐਂਕਰਿੰਗ ਵੇਖੀ ਜਾ ਸਕਦੀ ਹੈ।

ਉਨ੍ਹਾਂ ਦੀ ਹੱਥਲੀ ਪੁਸਤਕ **'ਅਰਦਾਸ ਦੀ ਮਹਾਨਤਾ'** ਲਿਖਣ ਬਾਰੇ ਉਹ ਦਸਦੇ ਹਨ ਕਿ ਇੱਕ ਵਾਰੀ ਕੁੱਝ ਸਿੱਖਾਂ ਦੇ ਇੱਕ ਗਰੁੱਪ ਵਿੱਚ ਅਰਦਾਸ ਦੇ ਇਨ੍ਹਾਂ ਸ਼ਬਦਾਂ ਤੇ 'ਚੌਂਕੀਆਂ, ਝੰਡੇ, ਬੁੰਗੇ, ਜੁੱਗੋ– ਜੁਗ ਅਟੱਲ, ਧਰਮ ਦਾ ਜੈਕਾਰ, ਬੋਲੋ ਜੀ ਵਾਹਿਗੁਰੂ' ਬਾਰੇ ਜਦੋਂ ਗੱਲ੍ਹ ਚੱਲੀ ਤਾਂ ਕੋਈ ਵੀ ਸਿੱਖ ਇਨ੍ਹਾਂ ਬੋਲਾਂ ਬਾਰੇ ਵਾਕਫ਼ ਨਹੀਂ ਸੀ, ਉਹ ਕਹਿੰਦੇ ਹਨ ਕਿ ਇਸ ਘਟਨਾ ਤੋਂ ਬਾਅਦ ਮੇਰੇ ਦਿਲ ਵਿੱਚ ਖਿਆਲ ਆਇਆ ਕਿ ਅਰਦਾਸ ਦੀ ਜਾਣਕਾਰੀ ਬਾਰੇ ਇੱਕ ਪੁਸਤਕ ਲਿਖੀ ਜਾਵੇ। ਭਾਵੇਂ ਕਿ ਅਰਦਾਸ ਵਿਸ਼ੇ ਉਤੇ ਕਈ ਪੁਸਤਕਾਂ ਮੌਜੂਦ ਹਨ, ਜਿਨ੍ਹਾਂ ਵਿੱਚੋਂ ' ਅਰਦਾਸ:ਦਰਸ਼ਨ, ਰੂਪ, ਅਭਿਆਸ' ਡਾ.ਜਸਵੰਤ ਸਿੰਘ ਨੇਕੀ ਦੀ ਪੁਸਤਕ ਨੂੰ ਸਿੱਖ ਸੰਗਤ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਆਪ ਜੀ ਦੀ ਪੁਸਤਕ **'ਅਰਦਾਸ ਦੀ ਮਹਾਨਤਾ'** ਇੱਕ ਸ਼ਰਧਾਲੂ ਸਿੱਖ ਵੱਲੋਂ ਲਿਖੀ ਪੁਸਤਕ ਹੈ। ਪਰ ਉਹ ਸ਼ਰਧਾਵਾਨ ਹੋਣ ਦੇ ਨਾਲ ਭਾਵੁਕਤਾ ਵਿੱਚ ਨਹੀਂ ਵਹਿ ਜਾਂਦੇ ਉਨ੍ਹਾਂ ਦੀ ਹਰ ਗਲ੍ਹ ਦਲੀਲ ਦੀ ਕਸਵੱਟੀ 'ਤੇ ਪੂਰੀ ਉਤਰਦੀ ਹੈ। ਕਈ ਵਾਰੀ ਇੰਝ ਲਗਦਾ ਹੈ ਕਿ ਉਹ ਸਾਨੂੰ ਸਮਝਾ ਰਹੇ ਹਨ। ਅਰਦਾਸ ਕਰਨ ਵਕਤ, ਜੋ ਗਲਤੀਆਂ ਹੋ ਜਾਂਦੀਆਂ ਹਨ, ਉਨ੍ਹਾਂ ਬਾਰੇ ਵੀ ਸਮਝਾਉਂਦੇ ਹਨ। ਪੁਸਤਕ ਵਿੱਚ ਬਹੁਤ ਵਾਰੀ ਗਲਤ ਧਾਰਨਾਵਾਂ ਦੀ ਗਲ੍ਹ ਵੀ ਹੋਈ ਹੈ। ਮਰਿਯਾਦਾ ਦੇ ਉਲਟ ਹੁੰਦੀਆਂ ਗੱਲਾਂ ਦਾ ਵੀ ਜ਼ਿਕਰ ਆਉਂਦਾ ਹੈ ਤੇ ਆਪ ਜੀ ਗੁਰਮਤਿ ਦਾ ਮੱਤ ਸਪੱਸ਼ਟ ਕਰਦੇ ਹੋਏ, ਅਨੇਕਾਂ ਗੁਰਬਾਣੀ ਦੇ ਉਦਾਹਰਣ ਦਿੰਦੇ ਹਨ ਤੇ ਆਪਣੇ ਵਿਚਾਰਾਂ ਨੂੰ ਪੇਸ਼ ਕਰਦੇ ਹਨ। ਉਨ੍ਹਾਂ ਦੀ ਇਸ ਪੁਸਤਕ ਵਿੱਚੋਂ ਉਨ੍ਹਾਂ ਦੀ ਆਪਣੀ ਪ੍ਰਤਿਭਾ ਝਲਕਾਂ ਮਾਰਦੀ ਹੈ।

**'ਅਰਦਾਸ ਦੀ ਮਹਾਨਤਾ'** ਪੁਸਤਕ ਨੂੰ ਆਪ ਜੀ ਨੇ 10 ਅਧਿਆਇਆਂ ਵਿੱਚ ਵੰਡਿਆ ਹੋਇਆ ਹੈ। ਇਸ ਪੁਸਤਕ ਦੀ 'ਭੂਮਿਕਾ' ਵਿੱਚ ਕਾਫੀ ਮਿਹਨਤ ਕੀਤੀ ਜਾਪਦੀ ਹੈ। ਆਪਣੇ ਧਰਮ ਤੋਂ ਇਲਾਵਾ ਦੂਸਰੇ ਧਰਮਾਂ ਦੀਆਂ ਅਰਦਾਸਾਂ ਬਾਰੇ ਵੀ ਜਾਣਕਾਰੀ ਦੀ ਕੋਈ ਕਮੀ ਮਹਿਸੂਸ ਨਹੀਂ ਹੁੰਦੀ। ਆਪ ਜੀ ਤੁਲਨਾਤਮਕ ਧਰਮ ਦੇ ਵਿਦਿਆਰਥੀ ਰਹੇ ਹਨ, ਇਹ ਅਧਿਆਇ ਇਸ ਗੱਲ੍ਹ ਦਾ ਸਬੂਤ ਹੈ। ਭੂਮਿਕਾ ਵਿੱਚ ਆਪ ਜੀ ਨੇ ਅਰਦਾਸ ਨੂੰ ਪਰਿਭਾਸ਼ਿਤ ਵੀ ਕੀਤਾ ਹੈ ਤੇ ਅਰਦਾਸ ਦੀ ਮਹਾਨਤਾ ਵੀ ਦੱਸੀ ਹੈ ਤੇ ਨਾਲ ਹੀ ਆਪ ਜੀ ਦੂਸਰੇ ਧਰਮਾਂ ਵਿੱਚ ਕੀਤੀ ਜਾਂਦੀ ਅਰਦਾਸ ਦੇ ਸਵਰੂਪ ਬਾਰੇ ਵੀ ਵਿਚਾਰ–ਚਰਚਾ ਕਰਦੇ ਹਨ। ਆਪ ਜੀ ਲਿਖਦੇ ਹਨ 'ਸਿੱਖਾਂ ਦੀ ਅਰਦਾਸ ਨਿੱਜੀ ਹੁੰਦਿਆਂ ਹੋਇਆਂ ਵੀ, ਸਮੁੱਚੇ ਬ੍ਰਹਿਮੰਡ ਦੀ ਅਰਦਾਸ ਬਣ ਜਾਂਦੀ ਹੈ। ਜਦੋਂ ਕਿ ਬਾਕੀ ਧਰਮਾਂ ਦੀ ਅਰਦਾਸ ਨਿਰੋਲ ਨਿੱਜੀ ਕਹੀ ਜਾ ਸਕਦੀ ਹੈ।' ਦੂਸਰਿਆਂ ਧਰਮਾਂ ਵਿੱਚ ਧਰਮ ਦਾ ਅਨੁਆਈ ਆਪਣੇ ਧਰਮ ਵਿੱਚ ਵਿਸ਼ਵਾਸ਼ ਨਹੀਂ ਰੱਖਦਾ ਤਾਂ ਕਾਫ਼ਿਰ ਤੱਕ ਕਹਿ ਦਿੱਤਾ ਜਾਂਦਾ ਹੈ। ਜਦਕਿ ਸਿੱਖ ਦੀ ਅਰਦਾਸ ਤਾਂ ਸਰਬੱਤ ਦੇ ਭਲੇ ਲਈ ਕੀਤੀ ਜਾਂਦੀ ਹੈ।

ਆਪ ਜੀ ਦਾ ਮੰਨਣਾ ਹੈ ਕਿ ਅਰਦਾਸ ਸਾਂਝੇ ਰੂਪ ਵਿੱਚ ਕੀਤੀ ਹੀ ਸਫਲ ਹੁੰਦੀ ਹੈ, ਕੇਵਲ ਸਰੀਰਕ ਰੂਪ ਨਾਲ ਕੀਤੀ ਅਰਦਾਸ ਜੀਵ ਨੂੰ ਉਸ ਮਾਲਕ ਪ੍ਰਭੂ ਨਾਲ ਨਹੀਂ ਜੋੜਦੀ। ਜਿਤਨੀ ਦੇਰ ਤਕ 'ਇਕ ਮਨ–ਇਕ ਚਿਤ' ਹੋ ਕੇ ਅਰਦਾਸ ਨਾ ਕੀਤੀ ਜਾਵੇ, ਅਰਦਾਸ ਸੰਪੂਰਣ ਹੀ ਨਹੀਂ ਹੋ ਸਕਦੀ। ਮਨ ਨਾਲ ਕੀਤੀ ਅਰਦਾਸ ਰਾਹੀਂ ਉਸ ਅਕਾਲ ਪੁਰਖ ਦੇ ਬੂਹੇ 'ਤੇ ਦਸਤਕ ਦਿੱਤੀ ਜਾ ਸਕਦੀ ਹੈ। ਸਿੱਖ ਧਰਮ ਵਿੱਚ ਹਰ ਕੰਮ ਕਰਨ ਵੇਲੇ ਅਰਦਾਸ ਕੀਤੀ ਜਾਂਦੀ ਹੈ, ਭਾਂਵੇ ਉਹ ਕੰਮ ਦੀ ਅਰੰਭਤਾ ਹੋਵੇ ਜਾਂ ਸਫਲਤਾਪੂਰਵਕ ਸਮਾਪਤੀ। ਅਰਦਾਸ ਦਾ ਸਹਾਰਾ ਦੋਵਾਂ ਹਾਲਾਤਾਂ ਵਿੱਚ ਲਿਆ ਜਾਂਦਾ ਹੈ ਤੇ ਸਿੱਖ ਅਰਦਾਸ ਦਆਰਾ ਉਸ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਾ ਹੈ।

ਸਿੱਖ ਧਰਮ ਵਿੱਚ ਅਰਦਾਸ ਦੀ ਪ੍ਰੰਪਰਾ ਉਤਨੀ ਹੀ ਪੁਰਾਣੀ ਹੈ, ਜਿਤਨਾ ਕਿ ਸਿੱਖ ਧਰਮ। ਗੁਰੂ ਨਾਨਕ ਦੇਵ ਜੀ ਦੀ ਬਹੁਤੀ ਬਾਣੀ ਅਰਦਾਸ ਰੂਪ ਵਿੱਚ ਹੀ ਹੈ। ਉਨ੍ਹਾਂ ਆਪਣੀ ਬਾਣੀ ਦੁਆਰਾ, ਮਨੁੱਖ ਨੂੰ ਉਸ ਅਕਾਲ ਪੁਰਖ ਪ੍ਰਮਾਤਮਾ ਅੱਗੇ ਅਰਦਾਸ ਕਰਨ ਲਈ ਪ੍ਰੇਰਿਆ। ਕਿਉਂਕਿ ਉਸ ਅਕਾਲ ਪੁਰਖ ਦੇ ਸਾਹਮਣੇ ਹੁਕਮ ਨਹੀਂ ਚਲਦਾ, ਓਥੇ ਅਰਦਾਸ ਕਰਨੀ ਹੀ ਬਣਦੀ ਹੈ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਬਾਕੀ ਗੁਰੂ ਸਾਹਿਬਾਨਾਂ ਨੇ ਉਸ ਪ੍ਰਮਾਤਮਾ ਵਿੱਚ ਵਿਸ਼ਵਾਸ਼ ਰੱਖਦੇ ਹੋਏ, ਉਸਦੇ ਦਰਬਾਰ ਵਿੱਚ ਅਰਦਾਸ ਜਾਂ ਅਰਜ਼ੋਈ ਕਰਨ ਦਾ ਉਪਦੇਸ਼ ਦਿੱਤਾ। ਗੁਰਮਤਿ ਵਿੱਚ ਹਰ ਸਿੱਖ ਨੂੰ ਹਰ ਦੁੱਖ–ਸੁੱਖ ਵਿੱਚ ਅਰਦਾਸ ਕਰਨ ਦਾ ਹੁਕਮ ਹੈ। ਕਿਉਂਕਿ ਗੁਰਬਾਣੀ ਕਹਿੰਦੀ ਹੈ:–

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥**

**ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.91)

ਗੁਰੂ ਸਾਹਿਬਾਨ ਨੇ ਅਗਰ ਕੁਝ ਮੰਗਣ ਲਈ ਕਿਹਾ ਹੈ ਤਾਂ ਉਹ ਸਿਰਫ ਪਰਮ–ਪੁਰਖ ਪ੍ਰਮਾਤਮਾ, ਇੱਕ ਅਕਾਲ ਪੁਰਖ ਤੋਂ ਮੰਗਣ ਦੀ ਹੀ ਸਿੱਖਿਆ ਆਪਣੇ ਸਿੱਖ ਨੂੰ ਦਿੱਤੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਇਹ ਉਪਦੇਸ਼ ਦਿੱਤਾ ਗਿਆ ਹੈ।

**ਅਪੁਨੇ ਹਰਿ ਪਹਿ ਬਿਨਤੀ ਕਹੀਐ॥**

**ਚਾਰਿ ਪਦਾਰਥ ਅਨਦ ਮੰਗਲ ਨਿਧਿ ਸੂਖ ਸਹਜ ਸਿਧਿ ਲਹੀਐ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.531)

ਗੁਰੂ ਸਾਹਿਬਾਨ ਕੇਵਲ ਸਿੱਖਾਂ ਨੂੰ ਹੀ ਅਰਦਾਸ ਕਰਨ ਲਈ ਨਹੀਂ ਪ੍ਰੇਰਦੇ, ਸਗੋਂ ਖੁਦ ਵੀ ਕਦਮ–ਕਦਮ 'ਤੇ ਉਸ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਿਤਨੀ ਲਾਲਸਾ ਨਾਲ, ਉਸ ਅਕਾਲ ਪੁਰਖ ਤੋਂ ਸ਼ੁੱਭ ਭਾਵ ਚੰਗੇ ਕਰਮ ਕਰਨ ਦੀ ਮੰਗ ਕਰਦੇ ਹਨ:–

**ਦੇਹਿ ਸ਼ਿਵਾ ਬਰ ਮੋਹਿ ਇਹੈ**

**ਸ਼ੁਭ ਕਰਮਨ ਤੇ ਕਬਹੂ ਨ ਟਰੋਂ॥**

(ਦਸਮ ਗ੍ਰੰਥ)

ਕਿਉਂਕਿ ਇੱਕ ਮਨ ਇੱਕ ਚਿੱਤ ਹੋ ਕੇ ਕੀਤੀ ਅਰਦਾਸ ਉਸ ਦੀ ਦਰਗਾਹ ਵਿੱਚ ਪਰਵਾਨ ਹੁੰਦੀ ਹੈ ਤੇ ਜਦੋਂ ਉਹ ਅਕਾਲ ਪੁਰਖ ਅਰਦਾਸ ਸੁਣ ਲੈਂਦਾ ਹੈ ਤਾਂ ਸਾਰੇ ਕਾਰਜ ਰਾਸ ਆ ਜਾਂਦੇ ਹਨ:

**ਸਤਿਗੁਰ ਅਪੁਨੇ ਸੁਨੀ ਅਰਦਾਸ॥ ਕਾਰਜੁ ਆਇਆ ਸਗਲਾ ਰਾਸਿ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.1152)

**ਸੁਣੀ ਅਰਦਾਸ ਸੁਆਮੀ ਮੇਰੈ ਸਰਬ ਕਲਾ ਬਣਿ ਆਈ॥**

**ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.611)

ਇਹ ਤਾਂ ਅਰਦਾਸ ਦਾ ਉਹ ਸਰੂਪ ਹੈ ਜੋ ਗੁਰਬਾਣੀ ਵਿੱਚ ਉਪਲਬਧ ਹੈ ਤੇ ਜਿਸਨੂੰ ਅਸੀਂ ਨਿੱਜੀ ਅਰਦਾਸ ਜਾਂ ਪ੍ਰਮਾਣਿਤ ਅਰਦਾਸ ਵੀ ਕਹਿ ਸਕਦੇ ਹਾਂ। ਜਿਤਨੀ ਦੇਰ ਸਾਡੀ ਸਮੂਹਿਕ ਅਰਦਾਸ ਜਾਂ ਪ੍ਰਮਾਣਿਤ ਅਰਦਾਸ ਹੋਂਦ ਵਿੱਚ ਨਹੀਂ ਆਈ, ਉਦੋਂ ਤਕ ਨਿੱਜੀ ਅਰਦਾਸ ਹੀ ਕੀਤੀ ਜਾਂਦੀ ਸੀ। ਸਾਡੀ ਪ੍ਰਮਾਣਿਤ ਅਰਦਾਸ ਕਿਸੇ ਇੱਕ ਮੌਕੇ ’ਤੇ ਨਹੀਂ ਲਿਖੀ ਗਈ। ਸਾਡੀ ਅਰਦਾਸ ਸਾਡੇ ਇਤਿਹਾਸ ਨੂੰ ਵੀ ਦਰਸਾਉਂਦੀ ਹੈ, ਇਸ ਲਈ ਸਮੇਂ–ਸਮੇਂ ਤੇ ਇਸ ਵਿੱਚ ਵਾਧੇ ਹੁੰਦੇ ਗਏ ਤੇ 1947 ਦੀ ਵੰਡ ਤਕ ਦਾ ਇਤਿਹਾਸ ਤੇ ਵੰਡ ਸਮੇਂ ਇਤਿਹਾਸਕ ਗੁਰਦੁਆਰਿਆਂ ਦੇ ਉਸ ਪਾਸੇ ਰਹਿ ਜਾਣ ਦੀ ਤੜਪ, ਗੁਰਦੁਆਰਿਆਂ ਦੇ ਖੁਲ੍ਹੇ ਦਰਸ਼ਨ ਦੀਦਾਰ ਦੀ ਅਰਜ਼ੋਈ ਵੀ ਕੀਤੀ ਗਈ ਹੈ, ਸਾਡੀ ਅਰਦਾਸ ਵਿੱਚ।

ਇਹ ਪ੍ਰਮਾਣਿਤ ਅਰਦਾਸ, ਜਿਸਨੂੰ ਅਸੀਂ ਸਮੂਹਿਕ ਅਰਦਾਸ ਵੀ ਆਖਦੇ ਹਾਂ, ਵਿਚ ਅਰਦਾਸ ਕਰਨ ਦਾ ਢੰਗ ਵੀ ਦੱਸਿਆ ਗਿਆ ਹੈ, ਅੱਜ ਇਹ ਪੂਰੇ ਸਿੱਖ ਸਮਾਜ ਵਿੱਚ ਪ੍ਰਚਲਤ ਹੈ। ਇਸ ਅਰਦਾਸ ਵਿੱਚ ਕੋਈ ਮਨੁੱਖ ਕਿਸੇ ਤਰ੍ਹਾਂ ਦਾ ਵਾਧਾ ਘਾਟਾ ਕਰਨ ਦੀ ਗੁਸਤਾਖੀ ਨਹੀਂ ਕਰ ਸਕਦਾ। 1708 ਈ. ਵਿੱਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰਗੱਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪੀ ਤਾਂ ਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ ਅੱਗੇ ਖੜੇ ਹੋ ਕੇ ਅਰਦਾਸ ਕਰਨੀ ਸ਼ੁਰੂ ਕਰ ਦਿੱਤੀ। ਸਮੂਹ ਸਿੱਖ ਸੰਗਤ ਲਈ ਉਸ ਅਰਦਾਸ ਨੂੰ ਇੱਕ ਨਿਸ਼ਚਿਤ ਰੂਪ ਦੇਣ ਲਈ, ਉਸਦੀ ਪ੍ਰਮਾਣਿਕਤਾ ਨੂੰ ਸਥਾਪਿਤ ਕਰਨ ਲਈ, ਕੌਮ ਦੇ ਉੱਘੇ ਵਿਦਵਾਨਾਂ ਵੱਲੋਂ ਇੱਕ ਸਾਂਚੇ ਵਿੱਚ ਘੜ ਲਿਆ ਗਿਆ। ਇੱਕ ਰੂਪਕਾਰ ਦਿੱਤਾ ਗਿਆ ਤੇ ਕੁਲਮੋਹਨ ਸਿੰਘ ਲਿਖਦੇ ਹਨ ਕਿ ਇਸ ਅਰਦਾਸ ਵਿੱਚ ਕੋਈ ਮਨੁੱਖ ਸਿਵਾਏ ਆਪਣੀ ਇੱਛਾ ਪੂਰਤੀ ਦੀ ਮੰਗ ਤੋਂ ਇਲਾਵਾ ਹੋਰ ਕੋਈ ਵੀ ਅੰਸ਼ ਤਬਦੀਲ ਕਰਨ ਦਾ ਹੱਕਦਾਰ ਨਹੀਂ ਹੈ।

ਪਹਿਲੇ ਅਧਿਆਇ ਵਿੱਚ ਸਰਬ–ਸ਼ਕਤੀਮਾਨ ਅਨੰਤ ਤੇ ਅਸੀਮ ਪ੍ਰਭੂ ਨਾਲ ਸਬੰਧ ਕਾਇਮ ਕਰਨ ਲਈ, ਉਸ ਵਿੱਚ ਅਭੇਦ ਹੋ ਜਾਣ ਲਈ ਬੜੀ ਇਕਾਗਰਤਾ ਦੇ ਭਾਵ ਨਾਲ ਉਸ ਇੱਕ ਪ੍ਰਮਾਤਮਾ ੧ਓ ਤੋਂ ਸ਼ੁਰੂ ਕਰਕੇ, ਪਹਿਲਾਂ ਭਗੌਤੀ ਦਾ ਸਿਮਰਨ ਕਰਕੇ ਫਿਰ ਦੱਸ ਗੁਰੂ ਸਾਹਿਬਾਨ ਨੂੰ ਨਮਸਕਾਰ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਸਿੱਖ ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ **'ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ'** ਕਹਿਣ ਦੀ ਮਰਿਯਾਦਾ ਹੈ ਤਾਂ ਕਿ ਅਗਰ ਕਿਸੇ ਸਿੱਖ ਦਾ ਮਨ ਕਿਧਰੇ ਹੋਰ ਵੀ ਚਲਾ ਗਿਆ ਹੋਵੇ ਤਾਂ ਵਾਹਿਗੁਰੂ ਸ਼ਬਦ ਕਹਿੰਦਿਆਂ ਹੀ ਸਿੱਖ ਮੁੜ ਆਪਣਾ ਧਿਆਨ ਅਰਦਾਸ ਵਿੱਚ ਇਕਾਗਰ ਕਰ ਲਵੇ। ਇਸ ਪਉੜੀ ਵਿੱਚ ੧ਓ ਤੋਂ ਲੈਕੇ ਪੂਰੇ ਗੁਰੂ ਗ੍ਰੰਥ ਸਾਹਿਬ ਤਕ ਦਾ ਵਿਸਥਾਰ ਹੈ। ਇਸ ਵਿਸਥਾਰ ਵਿੱਚ ਕਈ ਭੁਲੇਖਿਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਵੀ ਕੁਲਮੋਹਨ ਸਿੰਘ ਜੀ ਵੱਲੋਂ ਬੜੀ ਵਿਦਵਤਾ ਨਾਲ ਕੀਤੀ ਗਈ ਹੈ। ਇਸ ਅਧਿਆਇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ, ਧੁਰ ਕੀ ਬਾਣੀ ਅਤੇ ਸੰਤਾਂ–ਭਗਤਾਂ ਤੇ ਭੱਟਾਂ ਦੀ ਬਾਣੀ ਤੋਂ ਵੀ ਅਵਗਤ ਕਰਵਾਇਆ ਗਿਆ ਹੈ।

ਦੂਸਰੇ ਅਧਿਆਇ ਵਿੱਚ ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ 'ਤੇ ਭਰਪੂਰ ਜਾਣਕਾਰੀ ਦਿੱਤੀ ਹੈ।

ਅਗਲੇ ਅਧਿਆਇ ਵਿੱਚ ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ਼ ਚਲਾਈ, ਤੇਗ਼ ਵਾਹੀ, ਦੇਖ ਕੇ ਅਣਡਿੱਠ ਕੀਤਾ ਨੂੰ ਬੜੇ ਸੁਚੱਜੇ ਤਰੀਕੇ ਨਾਲ ਸਮਝਾਇਆ ਗਿਆ ਹੈ। ਹਠੀਆਂ, ਜਪੀਆਂ, ਤਪੀਆਂ ਨੂੰ ਗੁਰਬਾਣੀ ਅਨੁਸਾਰ ਪਰਿਭਾਸ਼ਤ ਕੀਤਾ ਗਿਆ ਹੈ। ਵਿਚਾਰ ਕਰਦਿਆਂ ਕਿਧਰੇ ਵੀ ਇੰਞ ਮਹਿਸੂਸ ਨਹੀਂ ਹੁੰਦਾ ਕਿ ਆਪ ਜੀ ਦਾ ਗੁਰਬਾਣੀ ਵਿੱਚ ਹੱਥ ਤੰਗ ਹੈ। ਆਪਣੇ ਵਿਚਾਰ ਨੂੰ ਸਪੱਸ਼ਟ ਕਰਨ ਲਈ ਆਪ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਗੁਰਬਾਣੀ ਦੇ ਭਰਪੂਰ ਉਦਾਹਰਣ ਦਿੱਤੇ ਗਏ ਹਨ। ਵੰਡ ਛਕਣ ਵਾਲੇ ਆਪਣੀ ਭੁੱਖ ਦੀ ਪਰਵਾਹ ਨਹੀਂ ਕਰਦੇ, ਭੁੱਖੇ ਨੂੰ ਰਜਾ ਕੇ, ਖੁਦ ਭੁੱਖੇ ਰਹਿਕੇ, ਉਸ ਅਕਾਲ ਪੁਰਖ ਦਾ ਸ਼ੁਕਰ ਮਨਾਉਂਦੇ ਹਨ।

18ਵੀਂ ਸਦੀ ਵਿੱਚ ਜਦੋਂ ਸਿੱਖ ਜੰਗਲਾਂ ਵਿੱਚ ਰਹਿੰਦੇ ਸਨ, ਕੰਦ ਮੂਲ ਖਾ ਕੇ ਗੁਜ਼ਾਰਾ ਕਰਦੇ ਸਨ ਤੇ ਸਾਰਿਆਂ ਨੂੰ ਲੰਗਰ ਛਕਣ ਲਈ ਆਮੰਤ੍ਰਿਤ ਕਰਦੇ। ਗੁਰੂ ਦੇ ਸਿੱਖ ਦੇ ਨਾਲ ਤੇ ਜੋ ਵੈਰ ਕਰਨ ਵੀ ਆਵੇ, ਉਹ ਵੀ ਲੰਗਰ ਲਈ ਆਮੰਤ੍ਰਿਤ ਹੁੰਦਾ ਹੈ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿੱਚ ਬਹੁਤ ਖੂਬ ਲਿਖਦੇ ਹਨ:–

**ਦੇਤ ਅਵਾਜ਼ਾ ਭੂਖਾ ਹੈ ਕੋਈ।**

**ਆਓ ਦੇਗ਼ ਤਿਆਰ ਗੁਰ ਹੋਈ।**

**ਓਸ ਸਮੇਂ ਵੈਰੀ ਕਿਨ ਆਵੈ।**

**ਪਰਮ ਮੀਤ ਸਮ ਤਾਹਿ ਛਕਾਵੈ।**

**ਵੈਰੀ ਮਿਤ੍ਰਨ ਕੋ ਸਮ ਦੇ ਹੈ।**

**ਬਚੇ ਸੋ ਪਾਛੈ ਖੁਦ ਖਾ ਲੇ ਹੈ।**

**ਨਹਿ ਤੋ ਲੰਗਰ ਮਸਤ ਬਤੈ ਹੈ।**

ਸਰਦਾਰ ਕੁਲਮੋਹਨ ਸਿੰਘ ਜੀ ਲਿਖਦੇ ਹਨ ਕਿ ਅਜਿਹੀਆਂ ਮਹਾਨ ਪ੍ਰੰਪਰਾਵਾਂ ਨੂੰ ਅਰੰਭਣ ਅਤੇ ਅੱਗੇ ਤੋਰਨ ਵਾਲੀਆਂ ਰੂਹਾਂ ਪਹਿਲਾਂ ਵੀ ਸਨ ਤੇ ਅੱਜ ਵੀ ਹਨ। ਉਨ੍ਹਾਂ ਨੂੰ ਅਰਦਾਸ ਵਿੱਚ ਯਾਦ ਕਰਕੇ ਸਿੱਖੀ ਵਿੱਚ ਪ੍ਰੇਮ ਦੀ ਲਹਿਰ ਨਿਰੰਤਰ ਤੁਰੀ ਆ ਰਹੀ ਹੈ। ਜਿਨ੍ਹਾਂ ਨੇ ਵੰਡ ਕੇ ਛਕਿਆ, ਉਨ੍ਹਾਂ ਦੀ ਕਮਾਈ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਹੈ। ਜ਼ੁਲਮ ਤੇ ਅਨਿਆ ਖਿਲਾਫ ਜਿਨ੍ਹਾਂ ਨੇ ਤੇਗ ਵਾਹੀ, ਆਪਣੀ ਜਾਨ ਦੀ ਪ੍ਰਵਾਹ ਨਾ ਕਰਕੇ ਸ਼ਹਾਦਤਾਂ ਪਾਈਆਂ, ਉਨ੍ਹਾਂ ਨੂੰ ਵੀ ਬੜੀ ਸ਼ਰਧਾ ਨਾਲ ਅਰਦਾਸ ਵਿੱਚ ਯਾਦ ਕੀਤਾ ਜਾਂਦਾ ਹੈ। ਭਾਵੇਂ ਕਿਸੇ ਵੀ ਸ਼ਹੀਦ ਦਾ ਨਾਮ ਲੈ ਕੇ ਉਸਨੂੰ ਯਾਦ ਨਹੀਂ ਕੀਤਾ ਜਾਂਦਾ, ਸਮੂਹਿਕ ਤੌਰ ’ਤੇ ਉਹਨਾਂ ਸਭ ਸ਼ਹੀਦਾਂ ਨੂੰ ਸਿੱਖ ਸੱਚੇ ਦਿਲੋਂ ਨਮਸਕਾਰ ਕਰਦਾ ਹੈ। ਇਸ ਸੰਸਾਰ ’ਤੇ ਐਸੇ ਮਰਜੀਵੜੇ ਵੀ ਹੁੰਦੇ ਹਨ ਜੋ ਕਿਸੇ ਦੇ ਬੁਰਾਈ, ਬੁਰੇ ਕੰਮਾਂ ਨੂੰ ਚਿਤਾਰਦੇ ਨਹੀਂ ਸਗੋਂ ਅਣਦੇਖਿਆ ਕਰ ਦਿੰਦੇ ਹਨ ਤੇ ਆਪਣਾ ਮਨ ਮੈਲਾ ਨਹੀਂ ਕਰਦੇ, ਮਨ ਵਿੱਚ ਅਕਾਲ ਪੁਰਖ ਨੂੰ ਧਿਆਉਂਦੇ ਹਨ, ਕਿਸੇ ਦੇ ਔਗੁਣ ਨਹੀਂ ਚਿਤਾਰਦੇ, ਉਨ੍ਹਾਂ ਬਾਰੇ ਇਸ ਪੁਸਤਕ ਦਾ ਲੇਖਕ ਕਹਿੰਦਾ ਹੈ ਕਿ ‘ਦੇਖ ਕੇ ਅਣਡਿੱਠ ਕਰਨਾ, ਇੱਕ ਸਿੱਖੀ ਸਿਧਾਂਤ ਬਣਾ ਦੇਣਾ ਹੀ ਸਿੱਖ ਦੀ ਅਰਦਾਸ ਦਾ ਵਿਸ਼ੇਸ਼ ਅੰਗ ਬਣ ਗਿਆ, ਜੋ ਸਿੱਖ ਕਿਰਦਾਰ ਨੂੰ ਹੋਰ ਨਿਖਾਰਦਾ ਹੈ।’

ਅਗਲਾ ਅਧਿਅਇ 18ਵੀਂ ਸਦੀ ਦੀ ਦਾਸਤਾਨ ਹੈ। ਜਦੋਂ ਜ਼ਕਰੀਆ ਖਾਨ ਤੇ ਮੀਰ ਮਨੂੰ (ਲਾਹੌਰ ਦੇ ਸੂਬੇਦਾਰਾਂ ਨੇ) ਸਿੱਖਾਂ ਦਾ ਖੁਰਾਖੋਜ ਮਿਟਾਉਣ ਦਾ ਫੈਸਲਾ ਕਰ ਲਿਆ ਸੀ, ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸੀ। ਪਰ ਉਨ੍ਹਾਂ ਸਿੱਖਾਂ ਨੇ ਸਿੱਖੀ ਦੇ ਬੂਟੇ ਨੂੰ ਹਰਾ–ਭਰਾ ਰੱਖਣ ਲਈ ਸ਼ਹੀਦੀਆਂ ਦਿੰਦਿਆਂ ਜਿਸ ਤਰ੍ਹਾਂ ਸਿੱਖੀ ਦੇ ਬੂਟੇ ਨੂੰ ਆਪਣੇ ਖੂਨ ਨਾਲ ਸਿੰਜਿਆ, ਉਹ ਆਪਣੀ ਮਿਸਾਲ ਆਪ ਹਨ। ਜ਼ੁਲਮੀ ਰਾਜ ਦੇ ਅਤਿਆਚਾਰਾਂ ਕਾਰਣ ਸ਼ਹੀਦ ਹੋਣ ਵਾਲੇ ਸਿੰਘਾਂ ਵਿੱਚ ਬਹਾਦਰ ਤੋਂ ਬਹਾਦਰ, ਸੋਹਣੇ ਤੋਂ ਸੋਹਣੇ ਜਵਾਨ ਸਨ, ਜਿਨ੍ਹਾਂ ਦੀ ਦਲੇਰੀ, ਸਰੀਰਕ ਸ਼ਾਨ, ਆਚਰਣ ਦੀ ਪਵਿੱਤਰਤਾ ਅਤੇ ਆਤਮਕ ਉੱਚਤਾ ’ਤੇ ਕੋਈ ਵੀ ਕੌਮ ਫ਼ਖਰ ਕਰ ਸਕਦੀ ਹੈ। ਛੋਟੇ–ਛੋਟੇ ਬੱਚੇ ਜਿਨ੍ਹਾਂ ਨੇ ਅਜੇ ਜਿੰਦਗੀ ਦੀ ਦਹਿਲੀਜ਼ ’ਤੇ ਪੈਰ ਰੱਖੇ ਹੀ ਸਨ, ਬੀਬੀਆਂ ਨੇ ਵੀ ਸਿੱਖੀ ਦੀ ਲਾਜ ਰੱਖਣ ਵਿੱਚ ਕੋਈ ਕਸਰ ਨਹੀਂ ਛੱਡੀ, ਆਪਣੇ ਬੱਚਿਆਂ ਦੇ ਟੋਟੇ–ਟੋਟੇ ਹੁੰਦੇ ਵੇਖੇ, ਫਿਰ ਉਹਨਾਂ ਦੇ ਕੱਟੇ ਹੋਏ ਸਰੀਰ ਦੇ ਟੁਕੜਿਆਂ ਦੇ ਹਾਰ ਗਲਾਂ ਵਿੱਚ ਪਵਾਏ, ਪਰ ਧਰਮ ਨਹੀਂ ਹਾਰਿਆ। ਇਨ੍ਹਾਂ ਸਾਰੇ ਸ਼ਹੀਦਾਂ ਨੂੰ ਯਾਦ ਕਰਨਾ ਤੇ ਯਾਦ ਵੀ ਕਿਸੇ ਦਿਨ ਤਿਉਹਾਰ ਤੇ ਨਹੀਂ ਬਲਕਿ ਹਰ ਰੋਜ਼ ਆਪਣੀ ਜਿੰਦਗੀ ਦੇ ਕਿਸੇ ਵੀ ਕਾਰਜ ਨੂੰ ਆਰੰਭ ਕਰਦਿਆਂ, ਕੀਤੀ ਅਰਦਾਸ ਵਿੱਚ ਯਾਦ ਕਰਨਾ, ਸਿੱਖੀ ਦੀ ਵਿਲੱਖਣਤਾ ਹੈ, ਜਿਸ ਤੇ ਮਾਣ ਕਰਦਿਆਂ ਸਿਰ ਗਰਵ ਨਾਲ ਉੱਚਾ ਹੋ ਜਾਂਦਾ ਹੈ, ਇਹ ਕਿਸੇ ਹੋਰ ਧਰਮ ਵਿੱਚ ਵੇਖਣ ਨੂੰ ਨਹੀਂ ਮਿਲਦਾ। ਇਹ ਸਾਰੇ ਸਿੰਘ, ਸਿੰਘਣੀਆਂ ਇੱਕ ਵਿਸ਼ੇਸ਼ ਕਿਸਮ ਦੇ ਜ਼ਜਬੇ ਨਾਲ ਭਰੇ ਹੋਏ ਸਨ। ਕਿਸੇ ਨੇ ਵੀ ਹਕੂਮਤ ਤੋਂ ਆਪਣੀ ਜਾਨ ਬਚਾਉਣ ਲਈ ਸਮਝੌਤਾ ਨਹੀਂ ਕੀਤਾ ਬਲਕਿ ਮੌਤ ਨੂੰ ਸਾਹਮਣੇ ਵੇਖ ਕੇ ਵੀ ਬੜੀ ਦਲੇਰੀ ਨਾਲ, ਸਿੱਖੀ ਨੂੰ ਪਹਿਲ ਦਿੱਤੀ।

**ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ।**

ਮੌਤ ਦਾ ਡਰ ਇਹਨਾਂ ਮਰਜੀਵੜਿਆਂ ਤੋਂ ਕੋਹਾਂ ਦੂਰ ਸੀ, ਉਨ੍ਹਾਂ ਨੂੰ ਤਾਂ ਧਰਮ ਲਈ ਸ਼ਹਾਦਤ ਦੇਣ ਦਾ ਚਾਅ ਸੀ।

**ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥**

**ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.1367)

ਉਹ ਤਾਂ ਪ੍ਰਮਾਤਮਾ ਦੀ ਦਰਗਾਹ ਵਿੱਚ ਜਾਣ ਲਈ ਤਿਆਰ–ਬਰ–ਤਿਆਰ ਬੈਠੇ ਸਨ। ਉਨ੍ਹਾਂ ਸਿੱਖੀ ਸਿਰ ਦੇਕੇ ਲਈ ਸੀ ਤੇ ਆਪਣੀ ਜਾਨ ਵਾਰ ਕੇ ਇਸਨੂੰ ਨਿਭਾਉਣ ਦਾ ਵਲ੍ਹ ਵੀ ਉਨ੍ਹਾਂ ਨੂੰ ਆਉਂਦਾ ਸੀ। ਕੁਲਮੋਹਨ ਸਿੰਘ ਲਿਖਦੇ ਹਨ ਕਿ 'ਐਸੇ ਸਿੱਖ, ਜੋ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਂਦੇ– ਨਿਭਾਉਂਦੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਪਰ ਡੋਲੇ ਨਹੀਂ। ਅਜਿਹੇ ਸ਼ਹੀਦਾਂ ਦੀ ਸਿੱਖ ਇਤਿਹਾਸ ਵਿੱਚ ਇੱਕ ਲੰਮੀ ਲੜੀ ਹੈ। ਅਰਦਾਸ ਵਿੱਚ ਉਹਨਾਂ ਸਾਰੇ ਸ਼ਹੀਦਾਂ ਦੀ ਸ਼ਹੀਦੀ ਨੂੰ ਸਮੂਹਿਕ ਤੌਰ 'ਤੇ ਪ੍ਰਣਾਮ ਕੀਤਾ ਜਾਂਦਾ ਹੈ ਤੇ ਕੀਤਾ ਜਾਂਦਾ ਰਹੇਗਾ।' ਉਹ ਸਾਰੇ ਤਰੀਕੇ ਜਿਨ੍ਹਾਂ ਨਾਲ ਸਿੱਖਾਂ ਨੂੰ ਸ਼ਹੀਦ ਕੀਤਾ ਜਾਂਦਾ ਸੀ, ਉਸ ਨੂੰ ਬੜੇ ਸੁਚੱਜੇ ਢੰਗ ਨਾਲ ਸ਼ਹੀਦਾਂ ਦੀ ਮਾਲਾ ਵਿੱਚ ਪਰੋਇਆ ਗਿਆ ਹੈ। ਇਹ ਤਰੀਕੇ ਸਨ, ਬੰਦ–ਬੰਦ ਕੱਟਣਾ, ਖੋਪਰੀਆਂ ਉਤਾਰਨੀਆਂ, ਚਰਖੜੀਆਂ 'ਤੇ ਚਾੜ੍ਹਨਾ, ਆਰਿਆਂ ਨਾਲ ਚੀਰਨਾ, ਇਹਨਾਂ ਸਭ ਤਰੀਕਿਆਂ ਦੀ ਇਸ ਪੁਸਤਕ ਵਿੱਚ ਬੜੇ ਵਿਸਥਾਰ ਨਾਲ ਚਰਚਾ ਹੋਈ ਹੈ। ਇਹ ਅਧਿਆਇ ਪੜ੍ਹ ਕੇ ਇਵੇਂ ਲਗਦਾ ਹੈ ਕਿ ਸਿੱਖ ਰਹਿਤ ਮਰਿਯਾਦਾ ਤੇ ਸਿੱਖ ਵਿਚਾਰਧਾਰਾ ਦੇ ਨਾਲ– ਨਾਲ, ਆਪ ਜੀ ਦੀ ਇਤਿਹਾਸ ਉੱਪਰ ਵੀ ਵਧੀਆ ਪਕੜ ਹੈ।

ਅਗਲਾ ਅਧਿਆਇ ਸਿੱਖ ਸੰਸਥਾਵਾਂ ਯਾਨਿ ਕਿ ਪੰਜ ਤਖ਼ਤਾਂ ਅਤੇ ਸਰਬੱਤ ਗੁਰਦਆਰਿਆਂ ਉੱਪਰ ਰੋਸ਼ਨੀ ਪਾਉਂਦਾ ਹੈ। ਕੁਲਮੋਹਨ ਸਿੰਘ ਜੀ ਲਿਖਦੇ ਹਨ ਕਿ 'ਚੰਗੀਆਂ ਸੰਸਥਾਵਾਂ ਹੋਣਹਾਰ ਲੋਕ ਤਿਆਰ ਕਰਦੀਆਂ ਹਨ ਤੇ ਹੋਣਹਾਰ ਲੋਕ ਹੀ ਚੰਗੀਆਂ ਸੰਸਥਾਵਾਂ ਨੂੰ ਹੋਂਦ ਵਿੱਚ ਲਿਆਉਂਦੇ ਹਨ।' ਇਸ ਅਧਿਆਇ ਵਿੱਚ ਪੰਥ ਦੇ ਪੰਜ ਤਖ਼ਤਾਂ ਦੇ ਉੱਪਰ ਭਰਪੂਰ ਚਰਚਾ ਹੋਈ ਹੈ ਤੇ ਸਰਬੱਤ ਗੁਰਦੁਆਰਿਆਂ ਉੱਪਰ ਵੀ ਸੰਕੋਚਵੇਂ ਤਰੀਕੇ ਨਾਲ ਗੱਲ੍ਹ ਕੀਤੀ ਗਈ ਹੈ ਕਿਉਂਕਿ ਗੁਰਦੁਆਰਿਆਂ ਉੱਪਰ ਲੇਖਾ–ਜੋਖਾ ਇੱਕ ਜਾਂ ਅੱਧੇ ਅਧਿਆਇ ਵਿੱਚ ਕਰਨਾ ਮੁਮਕਿਨ ਨਹੀਂ, ਜਿੱਥੇ–ਜਿੱਥੇ ਗੁਰੂ ਸਾਹਿਬਾਨ ਨੇ ਚਰਨ ਪਾਏ (ਦੇਸ਼ ਤੇ ਵਿਦੇਸ਼ ਵਿੱਚ) ਉੱਥੇ–ਉੱਥੇ ਇਤਿਹਾਸਕ ਗੁਰਦੁਆਰੇ ਸਥਾਪਿਤ ਕੀਤੇ ਗਏ ਹਨ, ਫਿਰ ਹੋਰ ਬਹੁਤ ਸਾਰੇ ਗੁਰਦੁਆਰੇ ਸਿੰਘ ਸਭਾਵਾਂ ਦੇ ਹਨ ਅਤੇ ਸੰਤਾਂ ਮਹਾਂਪਰਸ਼ਾਂ ਦੇ ਡੇਰਿਆਂ ਦੇ ਗੁਰਦੁਆਰੇ। ਇਹ ਸਭ ਕੁਝ ਬਹੁਤ ਲੰਮੀ ਚਰਚਾ ਦਾ ਵਿਸ਼ਾ ਹੈ, ਇਸ ਲਈ ਸਮੁਚੇ ਤੌਰ 'ਤੇ ਸਾਰੇ ਗੁਰਦੁਆਰਿਆਂ ਲਈ ਸ਼ਬਦ 'ਸਰਬੱਤ' ਵਰਤ ਲਿਆ ਗਿਆ ਹੈ। ਗੁਰਦੁਆਰੇ ਸਿੱਖੀ ਦੀ ਵਰਕਸ਼ਾਪ ਦੀ ਤਰ੍ਹਾਂ ਹਨ, ਜਿੱਥੇ ਸਿੱਖ ਨੂੰ ਗੁਰਬਾਣੀ, ਕੀਰਤਨ, ਸੰਗਤ ਤੇ ਪੰਗਤ ਨਾਲ ਜੋੜ ਕੇ ਇੱਕ ਖਾਸ ਕਿਸਮ ਦੇ ਸਾਂਚੇ ਵਿੱਚ ਢਾਲਿਆ ਜਾਂਦਾ ਹੈ ਤੇ ਮਨੁੱਖ ਦੇਵਤਾ ਰੂਪ ਬਣ ਜਾਂਦਾ ਹੈ। ਗੁਰਮਤਿ ਵਿੱਚ ਉਸਨੂੰ ਸਿੱਖ ਕਿਹਾ ਜਾਂਦਾ ਹੈ। ਗੁਰਦੁਆਰੇ ਸਿੱਖੀ ਦੀ ਟਕਸਾਲ ਹਨ, ਜਿੱਥੇ ਸਿੱਖ ਦੀ ਘਾੜਤ ਘੜੀ ਜਾਂਦਾ ਹੈ। ਇਸੇ ਲਈ ਗੁਰੂ ਸਾਹਿਬਾਨ ਨੇ ਪਹਿਲਾਂ ਸੰਗਤ ਤੇ ਮੰਜੀਆਂ ਸਥਾਪਿਤ ਕੀਤੀਆਂ, ਧਰਮਸ਼ਾਲਾ ਬਣਵਾਈਆਂ ਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਵਕਤ ਧਰਮਸਾਲ ਨੂੰ

ਗੁਰਦੁਆਰਾ ਆਖਿਆ ਜਾਣ ਲੱਗਾ। ਸੰਸਾਰ ਭਰ ਜਿੱਥੇ ਕਿੱਧਰੇ ਵੀ ਸਿੱਖ ਆਪਣੀ ਕਿਰਤ ਦੇ ਸਿਲਸਿਲੇ ਵਿੱਚ ਗਿਆ ਹੈ ਉਸਨੇ ਆਪਣੇ ਆਪ ਨੂੰ ਗੁਰਬਾਣੀ, ਕੀਰਤਨ, ਸੰਗਤ ਤੇ ਪੰਗਤ ਨਾਲ ਜੋੜਨ ਲਈ ਗੁਰਦੁਆਰਿਆਂ ਦੀ ਸਥਾਪਨਾ ਕਰ ਲਈ ਹੈ। ਗੁਰਦਆਰੇ ਸਿੱਖੀ ਅਤੇ ਪੰਥਕ ਸ਼ਕਤੀ ਦੇ ਸਾਂਝੇ ਦੁਆਰ ਹਨ। ਸ੍ਰ.ਕੁਲਮੋਹਨ ਸਿੰਘ ਜੀ ਦਾ ਮੰਨਣਾ ਹੈ ਕਿ 'ਜਿੱਥੇ ਗੁਰਦੁਆਰੇ ਸਿੱਖ ਦੀ ਪੰਥਕ ਸਾਂਝ ਦੇ ਪ੍ਰਤੀਕ ਹਨ। ਉੱਥੇ ਲੋੜ ਪੈਣ 'ਤੇ ਕਿਸੇ ਸੰਕਟ ਵੇਲੇ ਪੰਥਕ ਸ਼ਕਤੀ ਦਾ ਕੇਂਦਰ ਵੀ ਬਣ ਜਾਂਦੇ ਹਨ।' ਫਿਰ ਅੱਗੇ ਚਲਕੇ ਲਿਖਦੇ ਹਨ ਕਿ ਸੰਗਤ ਤੋਂ ਗੁਰਦੁਆਰਿਆਂ ਦੀ ਹੋਂਦ ਸ਼ੁਰੂ ਹੁੰਦੀ ਹੈ। ਇਸੇ ਵਿੱਚ ਹੀ ਸਿੱਖੀ ਸਿਧਾਂਤ, ਪੰਗਤ ਦੀ ਉਤਪਤੀ ਹੁੰਦੀ ਹੈ। ਸੰਗਤ ਤੇ ਪੰਗਤ ਦੋਵੇਂ ਹੀ ਗੁਰਦੁਆਰੇ ਦੀ ਮੁੱਢਲੀ ਦਿੱਖ ਹਨ। ਸਿੱਖ ਇਹਨਾਂ ਸਾਰਿਆਂ ਗੁਰਦੁਆਰਿਆਂ ਨੂੰ ਆਪਣੀ ਸਮੂਹਿਕ ਅਰਦਾਸ ਵਿੱਚ ਹਰ ਰੋਜ਼ ਯਾਦ ਕਰਦਾ ਹੈ। ਅਰਦਾਸ ਵਿੱਚ ਇਹਨਾਂ ਗੁਰਦੁਆਰਿਆਂ ਨੂੰ ਸਿਮਰ ਕੇ ਸਿੱਖ ਪੰਗਤ ਤੇ ਸੰਗਤ ਦੇ ਸਿਧਾਂਤ ਨਾਲ ਜੁੜਦਾ ਹੈ ਅਤੇ ਆਪਣੀ ਪੰਥਕ ਸ਼ਕਤੀ ਨੂੰ ਵੀ ਮੂਰਤੀਮਾਨ ਕਰਦਾ ਹੈ। ਪੰਜਾਂ ਤਖ਼ਤਾਂ ਤੇ ਸਰਬੱਤ ਗੁਰਦੁਆਰਿਆਂ ਦੇ ਧਿਆਨ ਤੋਂ ਬਾਅਦ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ ਮੰਗਾਂ ਦਾ। ਅਕਾਲ ਪੁਰਖ ਅੱਗੇ ਸਭ ਤੋਂ ਪਹਿਲਾਂ ਸਾਂਝੀਆਂ ਮੰਗਾਂ ਰੱਖੀਆਂ ਜਾਂਦੀਆਂ ਹਨ, ਕੌਮੀ ਮੰਗਾਂ, ਕੌਮ ਦੀ ਭਲਾਈ, ਖਾਲਸੇ ਦੀ ਚੜ੍ਹਦੀ ਕਲਾ, ਬੁੱਧ ਬਿਬੇਕ ਧਾਰਮਿਕ ਦ੍ਰਿੜਤਾ, ਸਿਦਕ ਤੇ ਭਰੋਸਾ ਮੰਗਣ ਤੋਂ ਬਾਅਦ ਹੀ ਆਪਣੀਆਂ ਵਿਅਕਤੀਗਤ ਮੰਗਾਂ ਰੱਖਣ ਦੀ ਪ੍ਰਥਾ ਹੈ।

ਪੁਸਤਕ ਦੇ ਅਗਲੇ ਅਧਿਆਇ ਵਿੱਚ ਸਭ ਤੋਂ ਪਹਿਲਾਂ ਸਭ ਤੋਂ ਉੱਤਮ ਮੰਗ ਮੰਗੀ ਜਾਂਦੀ ਹੈ ਜੋ ਸਰਬੱਤ ਖਾਲਸਾ ਜੀ ਲਈ ਹੈ। ਉਹ ਹੈ ਕਿ 'ਸਰਬੱਤ ਖਾਲਸਾ ਜੀ ਨੂੰ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ, ਇਹ ਸਭ ਤੋਂ ਵੱਡੀ ਮੰਗ ਹੈ।'

17ਵੀਂ 18ਵੀਂ ਸਦੀ ਵਿੱਚ ਜਦੋਂ ਸਿੱਖ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ, ਉਸ ਵਕਤ ਉਹਨਾਂ ਦੀ ਰੱਖਿਆ ਲਈ ਵੀ ਸਰਬੱਤ ਖਾਲਸਾ ਅਰਦਾਸ ਕਰਦਾ ਸੀ। ਜਦੋਂ ਅੱਜ ਸਿੱਖ ਕਿਰਤ ਦੇ ਸਿਲਸਿਲੇ ਵਿੱਚ ਬਾਹਰ ਦੂਰ ਵਿਦੇਸ਼ਾਂ ਵਿੱਚ ਬੈਠਾ ਹੈ, ਉਸ ਲਈ ਵੀ ਅਰਦਾਸ ਕੀਤੀ ਜਾਂਦਾ ਹੈ ਤੇ ਬਾਹਰ ਬੈਠਾ ਸਿੱਖ ਵੀ ਭਾਰਤ ਵਿੱਚ ਰਹਿੰਦੇ ਆਪਣੇ ਭਰਾਵਾਂ ਅਤੇ ਕੌਮ ਦੀ ਰੱਖਿਆ ਲਈ ਅਕਾਲ ਪੁਰਖ ਤੋਂ ਮੰਗ ਕਰਦਾ ਹੈ। ਸਿੱਖ ਦੀ ਅਗਲੀ ਮੰਗ ਹੈ ਦੇਗ਼ ਭਾਵ ਲੰਗਰ ਦੀ। ਲੰਗਰ ਦੀ ਪ੍ਰਥਾ ਸਿੱਖ ਧਰਮ ਨੂੰ ਬਾਕੀ ਧਰਮਾਂ ਤੋਂ ਵੱਖਰਾ ਬਣਾਉਂਦੀ ਹੈ। ਇਹ ਸੰਗਤ, ਪੰਗਤ ਤੇ ਲੰਗਰ ਦੀ ਪ੍ਰਥਾ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋ ਕੇ ਅੱਜ ਤੱਕ ਚਲ ਰਹੀ ਹੈ। ਇਹ ਲੰਗਰ ਸਿਰਫ ਆਪਣਿਆਂ ਲਈ ਨਹੀਂ ਸਗੋਂ ਦੁਸ਼ਮਣਾਂ ਜਾਂ ਵੈਰੀਆਂ ਲਈ ਵੀ ਹੈ। ਅਸਲ ਵਿੱਚ ਜੋ ਗੁਰੂ ਦੇ ਲੰਗਰ ਵਿੱਚ ਆ ਜਾਂਦਾ ਹੈ ਤਾਂ ਫਿਰ ਉਸਦੇ ਦਿਲ ਦੀ ਦੁਸ਼ਮਣੀ ਵੀ ਦੂਰ ਹੋ ਜਾਂਦੀ ਹੈ। 18ਵੀਂ ਸ਼ਤਾਬਦੀ ਦੀਆਂ ਇਤਿਹਾਸ ਵਿੱਚ ਕਈ ਐਸੀਆਂ ਸਾਖੀਆਂ ਆਉਂਦੀਆਂ ਹਨ ਕਿ, ਜੰਗਲਾਂ ਵਿੱਚ ਜੋ ਸਰਕਾਰੀ ਮੁਲਾਜ਼ਮ ਸਿੱਖਾਂ ਨੂੰ ਪਕੜਨ ਆਏ, ਸਿੱਖਾਂ ਨੇ ਉਸ ਵੇਲੇ ਵੀ ਆਪ ਲੰਗਰ ਨਾ ਛੱਕ ਕੇ, ਆਪ ਭੁੱਖੇ ਰਹਿ ਕੇ, ਉਹਨਾਂ ਪਕੜਨ ਆਇਆਂ ਨੂੰ ਲੰਗਰ ਛਕਾ ਦਿੱਤਾ ਸੀ। ਇਸਦਾ ਇਹ ਪ੍ਰਭਾਵ ਪੈਂਦਾ ਸੀ ਸਿੱਖਾਂ ਨੂੰ ਮਾਰਨ ਜਾਂ ਪਕੜਨ ਦੀ ਥਾਂ, 'ਧੰਨ ਸਿੱਖ ਤੇ ਧੰਨ ਸਿੱਖੀ'ਕਹਿ ਕੇ ਨਮ ਅੱਖਾਂ ਨਾਲ ਜੰਗਲੋਂ ਬਾਹਰ ਚਲੇ ਜਾਂਦੇ। ਅਰਦਾਸ ਵਿੱਚ ਇਸ ਦੇਗ਼ 'ਲੰਗਰ' ਦੀ ਫਤਿਹ ਮੰਗੀ ਜਾਂਦੀ ਹੈ। ਸਿੱਖ ਕਿਸੇ ਤੇ ਪਹਿਲਾਂ ਹਮਲਾ ਨਹੀਂ ਕਰਦਾ, ਕਿਸੇ ਦਾ ਬੁਰਾ ਨਹੀਂ ਮੰਗਦਾ, ਸਿੱਖ ਹਿੰਸਾ ਨਹੀਂ

ਚਾਹੁੰਦਾ, ਹਾਂ ਉਹ ਅਹਿੰਸਕ ਵੀ ਨਹੀਂ ਕਿਉਂਕਿ ਉਹ ਅਣਖ ਨਾਲ ਜਿਉਣਾ ਚਾਹੁੰਦਾ ਹੈ, ਉਹ ਨਾ ਕਿਸੇ ਨੂੰ ਡਰਾਉਂਦਾ ਹੈ ਤੇ ਨਾ ਕਿਸੇ ਤੋਂ ਡਰਦਾ ਹੈ। ਪਰ ਹਾਂ ਅਗਰ ਕੋਈ ਉਸਦੀ ਅਣਖ ਨੂੰ ਚੁਣੌਤੀ ਦੇਵੇ, ਉਸਦੇ ਧਰਮ 'ਤੇ ਹਮਲਾ ਕਰੇ ਤਾਂ ਸਿੱਖ ਆਪਣੀ ਤੇ ਆਪਣੀ ਕੌਮ ਦੀ ਰੱਖਿਆ ਲਈ ਤੇਗ਼ ਭਾਵ (ਤਲਵਾਰ) ਦੀ ਵਰਤੋਂ ਕਰਦਾ ਹੈ। ਅਕਾਲ ਪੁਰਖ ਤੋਂ ਇਸ ਤੇਗ਼ ਦੀ ਫਤਿਹ ਦੀ ਮੰਗ ਕਰਦਾ ਹੈ। ਖੂਬ ਲਿਖਿਆ ਹੈ ਕੁਲਮੋਹਨ ਸਿੰਘ ਜੀ ਨੇ ਕਿ 'ਦੇਗ਼ ਉਹ ਸਾਧਨ ਹੈ ਜੋ ਮਨੁੱਖੀ ਭੁੱਖ ਨੂੰ ਪੂਰੀ ਕਰਦੀ ਹੈ ਤੇ ਤੇਗ਼ ਉਹ ਜਿਸ ਨੂੰ ਸਿੱਖ ਆਪਣੀ ਤੇ ਮਜ਼ਲੂਮ ਦੀ ਰਾਖੀ ਲਈ ਚੁੱਕਦਾ ਹੈ।'

ਸਿੱਖ, ਫਿਰ ਅਰਦਾਸ, ਬੇਨਤੀ ਜੋਦੜੀ ਕਰਦਾ ਹੈ– ਹੇ ਅਕਾਲ ਪੁਰਖ! ਆਪਣੇ ਬਿਰਦ ਦੀ ਪੈਜ ਰੱਖੀਂ ਕਿਉਂਕਿ ਆਪ ਜੀ ਦਾ ਬਿਰਦ ਹੈ,

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥**

(ਸ੍ਰੀਗੁਰੂ ਗ੍ਰੰਥ ਸਾਹਿਬ, ਅੰਗ.544)

ਸਿੱਖ ਅਰਦਾਸ ਵਿੱਚ ਮੰਗ ਕਰਦਾ ਹੈ, ਹੇ ਅਕਾਲ ਪੁਰਖ! ਆਪਣੇ ਖਾਲਸੇ ਨੂੰ ਅਉਖੀ ਘੜੀ ਨਾ ਵਿਖਾਈਂ, ਆਪਣੇ ਸਿੱਖਾਂ ਦੀ ਇੱਜ਼ਤ ਤੇ ਪੈਜ ਰੱਖੀਂ, ਜੇ ਅਸੀਂ ਉਸ ਅਕਾਲ ਪੁਰਖ ਅੱਗੇ ਪੂਰੀ ਤਰ੍ਹਾਂ ਸਮਰਪਣ ਹੋਵਾਂਗੇ ਤਾਂ ਉਹ ਸਾਡੀ ਪੈਜ ਜਰੂਰ ਰੱਖੇਗਾ। ਇਹ ਕੁਲਮੋਹਨ ਸਿੰਘ ਜੀ ਦਾ ਮੰਨਣਾ ਹੈ ਕਿ ਅਗਰ ਅਸੀਂ ਉਸ ਅਕਾਲ ਪੁਰਖ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਨਹੀਂ ਹੁੰਦੇ ਤਾਂ ਸਾਡੀ ਅਰਦਾਸ ਪੂਰੀ ਨਹੀਂ ਹੁੰਦੀ। ਜਿਸ ਖਾਲਸਾ ਪੰਥ ਦੀ ਸਿਰਜਣਾ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਕੀਤੀ ਸੀ ਉਸ ਪੰਥ ਦੀ ਚੜ੍ਹਦੀ ਕਲਾ ਤੇ ਫਤਿਹ ਦੀ ਮੰਗ ਵੀ ਸਿੱਖ ਅਕਾਲ ਪੁਰਖ ਤੋਂ ਕਰਦਾ ਹੈ। ਪੰਥ ਦੀ ਹਰ ਮੈਦਾਨ ਫਤਿਹ ਦੀ ਲਾਲਸਾ ਹੈ ਸਿੱਖ ਦੇ ਮਨ ਵਿੱਚ।

ਗੁਰੂ ਸਾਹਿਬ ਨੇ ਸਿੱਖ ਨੂੰ ਭਗਤੀ ਦੇ ਨਾਲ–ਨਾਲ ਮਜ਼ਲੂਮ ਤੇ ਅਣਖ ਦੀ ਰੱਖਿਆ ਲਈ ਸ਼ਕਤੀ ਵੀ ਪ੍ਰਦਾਨ ਕੀਤੀ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ–ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। **'ਭੈ ਕਾਹੂ ਕੋ ਦੇਤਿ ਨਹਿ ਨਹਿ ਭੈ ਮਾਨਤ ਆਨ'** ਸਿੱਖ ਦਾ ਰੋਜ਼ ਦਾ ਬੋਲਾ ਹੈ, ਇਹ ਬੋਲ ਨੌਵੀਂ ਪਾਤਸ਼ਾਹ ਦੀ ਬਾਣੀ ਦੇ ਹਨ, ਕਿਸੇ ਦੇ ਆਪਣੇ ਬਣਾਏ ਹੋਏ ਨਹੀਂ। ਇਹ ਸਾਨੂੰ ਅਣਖ ਨਾਲ ਜਿਉਣ ਦੀ ਤਾਕਤ ਦਿੰਦੇ ਹਨ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ 'ਸ੍ਰੀ ਸਾਹਿਬ' ਨੂੰ ਅੰਮ੍ਰਿਤਧਾਰੀ ਸਿੱਖ ਦਾ ਜ਼ਰੂਰੀ ਅੰਗ ਬਣਾ ਦਿੱਤਾ। ਇਹ 'ਸ੍ਰੀ ਸਾਹਿਬ' ਹੀ ਸੀ ਜਿਸ ਨੇ ਹਜਾਰਾਂ ਹਿੰਦੂ ਔਰਤਾਂ ਨੂੰ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਦੇ ਪੰਜੇ ਚੋਂ ਛੁਡਾਇਆ ਸੀ। ਸੋ ਸਿੱਖ ਦੀ ਅਗਲੀ ਮੰਗ ਹੈ ਕਿ, ਹੇ ਅਕਾਲ ਪੁਰਖ! ਸ੍ਰੀ ਸਾਹਿਬ ਸਾਡੀ ਸਹਾਇਕ ਹੋਵੇ। ਸ੍ਰ.ਕੁਲਮੋਹਨ ਸਿੰਘ ਜੀ ਲਿਖਦੇ ਹਨ 'ਸ੍ਰੀ ਸਾਹਿਬ ਜੀ ਸਹਾਇ' ਦੀ ਅਰਦਾਸ ਦੇ ਬੋਲ ਦੋਹਰੇ ਅਰਥਾਂ ਵਿੱਚ ਪਰਗਟ ਹੁੰਦੇ ਹਨ। ਇੱਕ ਪਾਸੇ ਸ੍ਰੀ ਸਾਹਿਬ ਸ਼ਕਤੀ ਦਾ ਪ੍ਰਤੀਕ ਹੈ ਤੇ ਦੂਜੇ ਪਾਸੇ ਇਹ ਜ਼ਾਹਰਾ ਰੂਪ ਹੈ, ਇਹ ਫਤਿਹ ਦਾ ਸਾਧਨ ਬਣਦੀ ਹੈ। ਇਸੇ ਲਈ ਇਸਦੇ ਸਹਾਈ ਹੋਣ ਦੀ ਮੰਗ ਕੀਤੀ ਗਈ ਹੈ।

ਇਹ ਖਾਲਸਾ ਜੀ ਦੇ ਬੋਲ–ਬਾਲੇ ਨਾਲ ਸਬੰਧਿਤ ਹੈ। ਬੋਲ ਦਾ ਅਰਥ ਹੈ ਬਚਨ ਤੇ ਬਾਲੇ ਦਾ ਅਰਥ ਹੈ ਉੱਚੇ, ਸੋ ਬੋਲ–ਬਾਲੇਦਾ ਅਰਥ ਹੋਇਆ ਉੱਚੇ (ਉੱਤਮ) ਬੋਲ (ਬਚਨ) ਇਹ ਉੱਤਮ ਬਚਨ ਖਾਲਸੇ ਨੂੰ ਕਦੇ ਡੋਲਣ ਨਾ

ਦੇਣ, ਉਸਦੀ ਬੋਲ–ਬਾਣੀ ਉਸਨੂੰ ਹਮੇਸ਼ਾ ਸਹਿਜ, ਨਿਮਰਤਾ, ਪਿਆਰ ਤੇ ਸਤਿਕਾਰ ਲਈ ਪ੍ਰੇਰਦੀ ਰਹੇ। ਜਿਸ ਨਾਲ ਖਾਲਸੇ ਦਾ ਜੀਵਨ ਉੱਚਾ ਤੇ ਸੁੱਚਾ ਰਹੇ। ਮਾੜੇ ਬੋਲ ਬੰਦੇ ਦਾ ਕਿਰਦਾਰ ਦਰਸਾਉਂਦੇ ਹਨ। ਇਸ ਲਈ ਖਾਲਸੇ ਦੇ ਉੱਚੇ–ਸੁੱਚੇ ਬੋਲ–ਬਾਲੇ ਦੀ ਉਸ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਜਾਂਦੀ ਹੈ।ਫਿਰ ਬੋਲੋ ਜੀ ਵਾਹਿਗੁਰੂ ਕਹਿ ਕੇ ਸਿੱਖ ਨੂੰ ਸਾਵਧਾਨ ਕੀਤਾ ਜਾਂਦਾ ਹੈ।

ਇਸ ਤੋਂ ਅਗਲੇ ਅਧਿਆਇ ਵਿੱਚ ਵੀ ਮੰਗਾਂ ਦਾ ਸਿਲਸਿਲਾ ਜਾਰੀ ਹੈ। ਸਿੱਖ ਉਸ ਅਕਾਲ ਪੁਰਖ ਤੋਂ ਮੰਗ ਕਰਦਾ ਹੈ ਕਿ ਜੋ ਸਿੱਖੀ ਦਾ ਬੂਟਾ ਗੁਰੂ ਨਾਨਕ ਦੇਵ ਜੀ ਨੇ ਲਗਾਇਆ, ਬਾਕੀ ਗੁਰੂ ਸਾਹਿਬਾਨ ਨੇ ਉਸ ਨੂੰ ਹਰਾ ਭਰਾ ਰੱਖਿਆ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਖਾਲਸਾਈ ਰੂਪ ਬਖ਼ਸ਼ਿਸ਼ ਕੀਤਾ, ਪੰਜਾਂ ਕਕਾਰਾਂ ਦੀ ਰਹਿਤ ਦਿੱਤੀ ਤੇ ਚਾਰ ਕੁਰਹਿਤਾਂ ਤੋਂ ਵਰਜਿਆ। ਇਸ ਸਿੱਖੀ ਦੇ ਦਾਨ ਦੀ ਮੰਗ, ਸਿੱਖ ਹਰ ਰੋਜ਼ ਅਕਾਲ ਪੁਰਖ ਤੋਂ ਕਰਦਾ ਹੈ। ਸਿੱਖ ਅਕਾਲ ਪੁਰਖ ਅੱਗੇ ਬੇਨਤੀ ਕਰਦਾ ਹੈ ਕਿ ਹੇ ਸੱਚੇ ਪਾਤਸ਼ਾਹ! ਮੇਰੀ ਜਾਨ ਤਾਂ ਭਾਵੇਂ ਚਲੀ ਜਾਵੇ ਪਰ ਮੇਰਾ ਸਿੱਖੀ ਸਿਦਕ ਨਾ ਜਾਵੇ। ਸ੍ਰ.ਕੁਲਮੋਹਨ ਸਿੰਘ ਜੀ ਲਿਖਦੇ ਹਨ ਕਿ ਵੈਸੇ ਤਾਂ ਅਕਾਲ ਪੁਰਖ ਨੇ ਮਨੁੱਖ ਨੂੰ ਅਨੇਕਾਂ ਪਦਾਰਥ ਸਹਿਜ ਰੂਪ ਵਿੱਚ ਹੀ ਦਿੱਤੇ ਹੋਏ ਹਨ, ਪਰ ਉਹਨਾਂ ਤੋਂ ਇਲਾਵਾ ਗੁਰੂ ਘਰ ਦੇ ਕੁਝ ਅਜਿਹੇ ਵਿਸ਼ੇਸ਼ ਗੁਣ ਹਨ, ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ, ਆਪਣੇ ਜੀਵਨ ਵਿੱਚ ਵਸਾਉਣ ਲਈ, ਜੀਵਨ ਦਾ ਅੰਗ ਬਣਾਉਣ ਲਈ ਵਿਸ਼ੇਸ਼ ਰੂਪ ਵਿੱਚ ਬੇਨਤੀ ਜੋਦੜੀ ਕੀਤੀ ਜਾਂਦੀ ਹੈ। ਅਰਦਾਸ ਵਿੱਚ ਇਹਨਾਂ ਗੁਣਾਂ ਦੀ ਗਿਣਤੀ ਤਕਰੀਬਨ ਸੱਤ ਹੈ। ਜਿਨ੍ਹਾਂ ਵਿੱਚ ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ ਤੇ ਸਭ ਤੋਂ ਉੱਪਰ, ਉੱਚਾ–ਸੁੱਚਾ ਦਾਨ ਹੈ, ਨਾਮ ਦਾਨ। ਉਸ ਦੀ ਮੰਗ ਕੀਤੀ ਗਈ ਹੈ ਤੇ ਅਖੀਰ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਦੀ ਮੰਗ ਵੀ ਕੀਤੀ ਗਈ ਹੈ।

ਕੇਸ ਸਿੱਖ ਦੀ ਪਛਾਣ ਹਨ, ਗੁਰੂ ਗੋਬਿੰਦ ਸਿੰਘ ਜੀ ਨੇ ਕਾਬੁਲ ਦੀ ਸੰਗਤ ਨੂੰ ਹੁਕਮਨਾਮੇ ਵਿੱਚ ਕਿਹਾ ਸੀ, ‘ਇਹ ਕੇਸ ਮੇਰੀ ਮੋਹਰ ਹਨ’, ਕੇਸਾਂ ਦੀ ਪਵਿਤੱਰਤਾ ਨੂੰ ਕਾਇਮ ਰੱਖਣ ਲਈ ਤਾਂ ਭਾਈ ਤਾਰੂ ਸਿੰਘ ਜੀ ਨੇ ਖੋਪਰੀ ਉਤਰਵਾ ਲਈ ਸੀ, ਪਰ ਕੇਸਾਂ ਦੀ ਬੇਅਦਬੀ ਨਹੀਂ ਹੋਣ ਦਿੱਤੀ। ਇਸ ਲਈ ਸਿੱਖ ਹਰ ਰੋਜ਼ ਕੇਸਾਂ ਦੇ ਦਾਨ ਦੀ ਉਸ ਅਕਾਲ ਪੁਰਖ ਤੋਂ ਮੰਗ ਕਰਦਾ ਹੈ।

1699 ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਨਿਰਮਲ ਪੰਥ ਨੂੰ ਖਾਲਸਾ ਪੰਥ ਬਣਾ ਕੇ,ਉਹਨਾਂ ਨੂੰ ਖਾਲਸੇ ਦੀ ਰਹਿਤ ਦੱਸੀ, ਪੰਜ ਕਕਾਰਾਂ ਦੇ ਧਾਰਣੀ ਤੇ ਬਜਰ ਕੁਰਹਿਤਾਂ ਜੋ ਚਾਰ ਦੱਸੀਆਂ ਗਈਆਂ ਸਨ ਤੋਂ ਬਚਣ ਲਈ ਤਾਕੀਦ ਕੀਤੀ ਗਈ। ਸਿੱਖ ਅਕਾਲ ਪੁਰਖ ਤੋਂ ਅਰਦਾਸ ਵਿੱਚ ਮੰਗ ਕਰਦਾ ਹੈ ਕਿ ਪੰਜ ਕਕਾਰਾਂ ਦੀ ਰਹਿਤ ਵਿੱਚ ਪੂਰਾ ਉੱਤਰੇ। ਪੰਜ ਕਕਾਰਾਂ ਦੀ ਰਹਿਤ ਬਾਹਰੀ ਰਹਿਤ ਹੈ ਤੇ ਅੰਦਰੂਨੀ ਰਹਿਤ ਹੈ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ, ਇਹਨਾਂ ਪੰਜਾਂ ਤੋਂ ਵਾਹਿਗੁਰੂ ਬਚਾ ਕੇ ਰੱਖੇ, ਇਹ ਮੰਗ ਵੀ ਬੜੀ ਨਿਮਰਤਾ ਸਾਹਿਤ ਅਕਾਲ ਪੁਰਖ ਅੱਗੇ ਸਿੱਖ ਕਰਦਾ ਹੈ। ਸ੍ਰ. ਕੁਲਮੋਹਨ ਸਿੰਘ ਲਿਖਦੇ ਹਨ ‘ਅਰਦਾਸ ਵਿੱਚ ਇਹ ਸਾਰੇ ਅੰਗ ਮਨੁੱਖ ਅੰਦਰ ਸ਼ੁੱਭ ਗੁਣਾਂ, ਉੱਚੀਆਂ ਤੇ ਸੁੱਚੀਆਂ ਲਾਸਾਨੀ ਕਦਰਾਂ ਕੀਮਤਾਂ ਨੂੰ ਵਿਕਸਿਤ ਕਰਦੇ ਹਨ।’ ਮਨੁੱਖ ਦੇ ਜੀਵਨ ਦੇ ਵਿਕਾਸ ਨੂੰ ਪੂਰਾ ਕਰਨ ਲਈ ਸਹਿਯੋਗੀ ਬਣਦੇ ਹਨ। ਸਚਿਆਰ ਮਨੁੱਖ ਦੀ ਰਚਨਾ ਕਿਵੇਂ ਹੋਵੇ, ਉਸ ਲਈ ਵੀ ਰਾਹ

ਖੋਲਦੇ ਹਨ। ਗੁਰਸਿੱਖ ਸਰੀਰ ਨੂੰਨਿਰੋਆ, ਆਤਮ ਬਲਵਾਨ, ਬਿਬੇਕ ਨੂੰ ਕਾਇਮ, ਸੁਰਤ ਨੂੰ ਚੜ੍ਹਦੀ ਕਲਾ ਅਤੇ ਧਰਮ 'ਤੇ ਪਹਿਰਾ ਦੇਣ ਲਈ ਕਈ ਤਰ੍ਹਾਂ ਦੇ ਰਾਹ ਅਪਣਾਉਂਦੇ ਹਨ। ਇਸ ਲਈ ਬਿਬੇਕ (ਜਿਸ ਰਾਹੀਂ ਮਨੁੱਖ ਸੱਚ ਅਤੇ ਝੂਠ ਦਾ ਨਿਸਤਾਰਾ ਕਰਦਾ ਹੈ।) ਦੀ ਸ਼ਕਤੀ ਦਾ ਦਾਨ ਵੀ ਗੁਰਸਿੱਖ ਝੋਲੀ ਅੱਡ ਕੇ ਅਕਾਲ ਪੁਰਖ ਤੋਂ ਮੰਗਦਾ ਹੈ।' ਵਿਸਾਹ ਬਾਰੇ ਲਿਖਦੇ ਹੋਏ ਲੇਖਕ ਲਿਖਦਾ ਹੈ ਵਿਸਾਹ ਮਨੁੱਖੀ ਜੀਵਨ ਵਿੱਚ ਅਕਾਲ ਪੁਰਖ ਦੇ ਪ੍ਰਤੀ ਮਨੁੱਖੀ ਮਨ ਵਿੱਚ ਵਿਸ਼ਵਾਸ਼ ਦਾ ਮੁੱਖ ਸ੍ਰੋਤ ਬਣਦਾ ਹੈ। ਜਿਸ ਦੇ ਅਧਾਰ 'ਤੇ ਹੀ ਮਨੁੱਖ ਆਪਣੇ ਮਨ ਵਿੱਚ ਪ੍ਰਮਾਤਮਾ ਦੀ ਹੋਂਦ ਬਾਰੇ ਕਿਸੇ ਤਰ੍ਹਾਂ ਦਾ ਸ਼ੰਕਾ ਨਹੀਂ ਰਹਿਣ ਦਿੰਦਾ। 'ਇਹ ਵਾਹਿਗੁਰੂ ਅੱਗੇ ਜੋਦੜੀ ਹੈ ਕਿ ਸਿੱਖ ਉਸ ਅਕਾਲ ਪੁਰਖ ਦੀ ਹੋਂਦ ਤੋਂ ਇਨਕਾਰੀ ਨਾ ਹੋ ਜਾਵੇ। ਪ੍ਰਮਾਤਮਾ ਦੀ ਹੋਂਦ ਵਿੱਚ ਵਿਸ਼ਵਾਸ਼ ਕਰਨ ਵਾਲਾ ਵਿਅਕਤੀ ਆਪਣੇ ਬਚਨਾਂ ਦਾ ਵੀ ਪੂਰਾ ਹੁੰਦਾ ਹੈ। ਉਹ ਬਚਨ ਕਰਕੇ ਮੁਕਰਦਾ ਨਹੀਂ। ਇਹ ਸ੍ਰ.ਕੁਲਮੋਹਨ ਸਿੰਘ ਦਾ ਮੰਨਣਾ ਹੈ। ਸਿੱਖ ਇਸ ਗੁਣ ਦੀ ਜਾਚਨਾ ਵੀ ਪ੍ਰਭੂ ਪ੍ਰਮਾਤਮਾ ਪਾਸੋਂ ਕਰਦਾ ਹੈ ਕਿ ਵਾਹਿਗੁਰੂ ਜੀ ਮੈਨੂੰ ਵਿਸਾਹ ਦਾਨ ਦਿਓ ਤਾਂ ਕਿ ਮੈਂ ਆਪਣੇ ਬਚਨਾਂ ਉੱਤੇ ਧਾਰਮਿਕ ਤੇ ਸਮਾਜਿਕ ਹੁੰਦੇ ਹੋਏ ਪੂਰਾ ਉੱਤਰ ਸਕਾਂ।'

ਵਿਸਾਹ ਦੀ ਅਗਲੀ ਅਵੱਸਥਾ ਹੈ ਭਰੋਸਾ, ਜਿਸ ਰਾਹੀਂ ਸਿੱਖ ਅਰਦਾਸ ਰਾਹੀਂ ਪੂਰਨ ਵਿਸ਼ਵਾਸ਼, ਇਤਬਾਰ, ਨਿਸ਼ਚੇ ਬੱਧ ਹੋ ਪੂਰਨ ਰੂਪ ਵਿੱਚ ਸਮਰਪਿਤ ਹੋ ਜਾਂਦਾ ਹੈ। ਸਿੱਖ ਇਸ ਗੁਣ ਦੀ ਵੀ ਮੰਗ ਉਸ ਅਕਾਲ ਪੁਰਖ ਤੋਂ ਕਰਦਾ ਹੈ। ਭਰੋਸੇ ਤੋਂ ਬਾਅਦ ਫਿਰ ਸਿੱਖ, ਪ੍ਰਭੂ ਪ੍ਰਮਾਤਮਾ ਤੋਂ ਉਸ ਦਾਨ ਦੀ ਮੰਗ ਕਰਦਾ ਹੈ, ਜੋ ਸਾਰੇ ਦਾਨਾਂ ਤੋਂ ਉੱਪਰ ਹੈ ਤੇ ਸਿੱਖੀ ਵਿੱਚ ਇਸਨੂੰ ਮਹਾਂਦਾਨ, ਸਭ ਤੋਂ ਵੱਡਾ ਦਾਨ ਮੰਨਿਆ ਗਿਆ ਹੈ। ਇਹ ਦਾਨ ਹੈ ਨਾਮ ਦਾਨ। ਇਹ ਸਭ ਤੋਂ ਉੱਤਮ ਅਤੇ ਸ੍ਰੇਸ਼ਠ ਦਾਨ ਹੈ। ਇਸ ਦਾਨ ਦੀ ਜੋਦੜੀ ਵੀ ਸਿੱਖ ਅਕਾਲ ਪੁਰਖ ਅੱਗੇ ਕਰਦਾ ਹੈ।

ਅੰਮ੍ਰਿਤਸਰ ਸਿੱਖੀ ਦਾ ਧੁਰਾ ਹੈ। ਕਿਤਨੀ ਵਾਰ, ਕਦੀ ਨਾਦਰ ਸ਼ਾਹ ਤੇ ਕਦੀ ਅਹਿਮਦ ਸ਼ਾਹ ਅਬਦਾਲੀ ਤੇ ਕਦੀ ਮੁਗ਼ਲਾਂ ਨੇ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਨੂੰ ਪੂਰਿਆ, ਕਿਉਂਕਿ ਉਹਨਾਂ ਨੂੰ ਲਗਦਾ ਸੀ ਕਿ ਇਹ ਸਰੋਵਰ ਸਿੱਖਾਂ ਦੀ ਸ਼ਕਤੀ ਦਾ ਸੋਮਾ ਹੈ ਤੇ ਇਸਨੂੰ ਖ਼ਤਮ ਕਰ ਦੇਣਾ ਚਾਹੁੰਦੇ ਸਨ। ਪਰ ਗੁਰੂ ਦੇ ਪਿਆਰੇ, ਸਿਰੜੀ ਸਿੱਖਾਂ ਨੇ ਹਰ ਵਾਰ ਆਪਣੇ ਦਸਵੰਧ ਨਾਲ ਇਸ ਨੂੰ ਉਸਾਰ ਲਿਆ। ਅਰਦਾਸ ਦੀ ਇਸ ਮੰਗ ਰਾਹੀਂ ਸਿੱਖ (ਜਾਚਕ) ਅਕਾਲ ਪੁਰਖ ਪਾਸੋਂ ਜਾਚਨਾ ਕਰਦਾ ਹੈ। ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਤੇ ਉੱਥੋਂ ਦੇ ਸਰੋਵਰ ਦੇ ਇਸ਼ਨਾਨ ਦੀ ਖ਼ੈਰ ਖਾਲਸਾ ਪੰਥ ਦੀ ਝੋਲੀ ਪਾਓ। ਸ੍ਰ. ਕੁਲਮੋਹਨ ਸਿੰਘ ਜੀ ਲਿਖਦੇ ਹਨ 'ਇਸ਼ਨਾਨ ਸਿੱਖ ਦੀ ਜੀਵਨ ਜਾਚ ਦਾ ਪ੍ਰਮਾਣਿਤ ਅਤੇ ਅਨਿੱਖੜਵਾਂ ਅੰਗ ਹੈ।' ਇਸੇ ਲਈ ਸਿੱਖ ਗੁਰਦੁਆਰਿਆਂ ਨਾਲ ਸਰੋਵਰ ਬਣਾਉਣ ਦੀ ਪ੍ਰਥਾ ਹੈ। ਸ੍ਰੀ ਅੰਮ੍ਰਿਤਸਰ ਜੀ ਦਾ ਇਸ਼ਨਾਨ ਸਭ ਤੋਂ ਉੱਤਮ ਇਸ਼ਨਾਨ ਮੰਨਿਆ ਜਾਂਦਾ ਹੈ। ਜਦੋਂ ਕਦੇ ਵੀ ਇਸ ਸਰੋਵਰ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਕੁਰਬਾਨੀ ਦੇਣ ਦੀ ਲੋੜ ਪਈ ਤਾਂ ਸਿਖਾਂ ਨੇ ਕਦੇ ਵੀ ਉਸ ਤੋਂ ਗੁਰੇਜ਼ ਨਹੀਂ ਕੀਤਾ। ਅੰਮ੍ਰਿਤ ਸਰੋਵਰ ਦੀ ਪਵਿੱਤਰਤਾ ਲਈ ਭਾਈ ਗੁਰਬਖਸ਼ ਸਿੰਘ ਜੀ ਆਪਣੇ 30 ਸਾਥੀ ਸਿੰਘਾਂ ਨਾਲ ਅਬਦਾਲੀ ਦੇ 30 ਹਜਾਰ ਸੈਨਿਕਾਂ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀ ਪਾ ਗਏ ਸਨ। ਬਾਬਾ ਦੀਪ ਸਿੰਘ ਜੀ ਮਾਰੂ ਸੱਟ ਤੋਂ ਬਾਅਦ ਵੀ ਖੱਬੇ ਹੱਥ ਨਾਲ ਸਿਰ ਨੂੰ ਸੰਭਾਲਦਿਆਂ ਅਤੇ ਸੱਜੇ ਹੱਥ ਨਾਲ 18 ਸੇਰ ਦਾ ਖੰਡਾ ਵਾਹੁੰਦੇ ਹੋਏ,

ਦਰਬਾਰ ਸਾਹਿਬ ਦੀ ਪਰਿਕਰਮਾਂ ਵਿੱਚ ਪਹੁੰਚ ਕੇ ਸ਼ਹੀਦ ਹੋਏ ਸਨ। ਕਿਤਨਾ ਮਹਾਨ ਹੈ ਇਹ ਸਰੋਵਰ ਸਿੱਖਾਂ ਲਈ, ਜਿਸ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਸਿੱਖਾਂ ਨੇ ਸਿਰ ਧੜ ਦੀ ਬਾਜੀ ਲਗਾ ਦਿੱਤੀ ਤੇ ਲਾਜ਼ਮੀ ਹੈ ਕਿ ਸਿੱਖ ਉਸਦੇ ਦਰਸ਼ਨ ਇਸ਼ਨਾਨ ਦੀ ਮੰਗ ਅਕਾਲ ਪੁਰਖ ਤੋਂ ਕਰੇਗਾ।

ਚੌਂਕੀਆਂ, ਝੰਡੇ ਤੇ ਬੁੰਗਿਆਂ ਨਾਲ ਸਾਡਾ ਇਤਿਹਾਸ ਜੁੜਿਆ ਹੈ। ਇਹ ਸਾਡੀ ਚੜ੍ਹਦੀਕਲਾ ਦੇ ਪ੍ਰਤੀਕ ਹਨ। ਚੌਂਕੀਆਂ ਤੋਂ ਭਾਵ ਹੈ ਕਿ ਕੀਰਤਨ ਕਰਦੇ ਹੋਏ ਗੁਰਦੁਆਰਾ ਸਾਹਿਬ ਜਾਂ ਗੁਰੂ ਗ੍ਰੰਥ ਸਾਹਿਬ ਤੇ ਨਿਸ਼ਾਨ ਸਾਹਿਬ ਦੇ ਆਸ-ਪਾਸ ਸੰਗਤਾਂ ਪਰਿਕਰਮਾ ਕਰਦੀਆਂ ਹਨ। ਨਿਤਨੇਮ ਦੀਆਂ ਚੌਂਕੀਆਂ ਤੋਂ ਇਲਾਵਾ, ਇਤਿਹਾਸਕ ਚੌਂਕੀ ਦੀ ਗਲ੍ਹ ਕਰੀਏ ਤਾਂ ਜਦੋਂ ਜਹਾਂਗੀਰ ਬਾਦਸ਼ਾਹ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ ਸੀ, ਤਾਂ ਬਾਬਾ ਬੁੱਢਾ ਜੀ ਸੰਗਤਾਂ ਨੂੰ ਨਾਲ ਲੈ ਕੇ ਗਵਾਲੀਅਰ ਦੇ ਕਿਲ੍ਹੇ ਦੇ ਆਸ-ਪਾਸ, ਸ਼ਬਦ ਕੀਰਤਨ ਕਰਦੇ ਹੋਏ ਪਰਿਕਰਮਾ ਕਰਦੇ ਸਨ। ਇਸੇ ਸਮੇਂ ਹੀ ਬਾਬਾ ਬੁੱਢਾ ਜੀ ਨੇ ਸ੍ਰੀ ਦਰਬਾਰ ਸਾਹਿਬ ਦੀ ਚੌਂਕੀ ਕੱਢਣੀ ਵੀ ਸ਼ੁਰੂ ਕਰ ਦਿੱਤੀ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਧਰਮ ਭਗਤੀ ਤੇ ਸ਼ਕਤੀ ਦਾ ਪ੍ਰਤੀਕ ਬਣਿਆ। ਮੀਰੀ ਤੇ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਨੇ ਪਹਿਲੀ ਵਾਰ ਦਰਬਾਰ ਸਾਹਿਬ ਵਿਖੇ ਦੋ ਝੰਡੇ (ਨਿਸ਼ਾਨ ਸਾਹਿਬ) ਇੱਕ ਮੀਰੀ ਦਾ ਤੇ ਦੂਸਰਾ ਪੀਰੀ ਦਾ, ਆਪ ਝੁਲਾਏ। ਸ੍ਰ.ਕੁਲਮੋਹਨ ਸਿੰਘ ਜੀ ਲਿਖਦੇ ਹਨ ਇਹ ਝੰਡੇ ਸਾਡੀ ਧਾਰਮਿਕ ਪ੍ਰੰਪਰਾ ਤੇ ਮਰਿਯਾਦਾ ਦੇ ਸੰਕੇਤ ਦਿੰਦੇ ਹਨ। ਜੋ ਇੱਕ ਪਾਸੇ ਨਾਨਕ ਰਾਜ ਦਾ ਪ੍ਰਤੀਕ ਹੈ ਤੇ ਦੂਜੇ ਪਾਸੇ ਗੁਰੂ ਘਰ ਦਾ ਸੰਕੇਤ ਵੀ ਹੈ। 'ਅੱਜ ਦੁਨੀਆਂ ਭਰ ਵਿੱਚ ਗੁਰਦੁਆਰਿਆਂ ਦੀ ਸਭ ਤੋਂ ਵੱਡੀ ਨਿਸ਼ਾਨੀ ਕੇਸਰੀ ਨਿਸ਼ਾਨ ਸਾਹਿਬ (ਝੰਡੇ) ਕਰਕੇ ਹੀ ਹੁੰਦੀ ਹੈ।' ਨਿਸ਼ਾਨ ਸਾਹਿਬ ਉੱਚੇ ਸਥਾਨ 'ਤੇ ਲਗਾਇਆ ਜਾਂਦਾ ਹੈ ਤਾਂ ਕਿ ਦੂਰੋਂ ਆਉਣ ਵਾਲੇ ਯਾਤਰੀ ਨੂੰ ਪਤਾ ਲਗ ਜਾਵੇ ਕਿ ਇਹ ਗੁਰੂ ਘਰ ਹੈ, ਇੱਥੇ ਉਸਨੂੰ ਪ੍ਰਮਾਤਮਾ ਦੇ ਨਾਮ ਵਾਲੇ ਭੋਜਨ ਦੇ ਨਾਲ-ਨਾਲ ਸਰੀਰ ਦੇ ਭੋਜਨ ਤੇ ਹਰ ਤਰ੍ਹਾਂ ਦੀ ਸੁਰੱਖਿਆ ਮਿਲੇਗੀ।

ਬੁੰਗੇ ਦਾ ਮਤਲਬ ਰਿਹਾਇਸ਼ੀ ਸਥਾਨ ਤੋਂ ਹੈ, ਪਹਿਲਾਂ ਪਹਿਲ ਮਿਸਲਾਂ ਦੇ ਵਕਤ, ਮਿਸਲਦਾਰਾਂ ਨੇ ਦਰਬਾਰ ਸਾਹਿਬ ਦੇ ਆਸ-ਪਾਸ ਬੁੰਗੇ ਬਣਵਾਏ ਸਨ। ਜਦ ਉਹ ਦੀਵਾਲੀ ਤੇ ਵਿਸਾਖੀ ਨੂੰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਤੇ ਇਸ਼ਨਾਨ ਕਰਨ ਆਉਂਦੇ ਸਨ ਤੇ ਉਹ ਸੰਗਤਾਂ ਨਾਲ ਇਹਨਾ ਬੁੰਗਿਆਂ ਵਿੱਚ ਆ ਕੇ ਠਹਿਰਿਆ ਕਰਦੇ ਸਨ। ਅੱਜ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਲੰਗਰ ਹਾਲ ਦੇ ਪਾਸ ਰਾਮਗੜ੍ਹੀਆ ਬੁੰਗਾ ਵੇਖਿਆ ਜਾ ਸਕਦਾ ਹੈ। ਬਾਅਦ ਵਿੱਚ ਹੌਲੀ-ਹੌਲੀ ਬੁੰਗਿਆਂ ਦੀ ਜਗ੍ਹਾ ਸਰਾਵਾਂ ਨੇ ਲੈ ਲਈ। ਕੁਝ ਖਾਸ ਬੁੰਗਿਆਂ ਦਾ ਜ਼ਿਕਰ ਇਸ ਪੁਸਤਕ ਵਿੱਚ ਹੋਇਆ ਹੈ, ਉਹ ਹਨ- ਗਿਆਨੀਆਂ ਦੇ ਬੁੰਗੇ, ਰਾਗੀਆਂ ਦੇ ਬੁੰਗੇ, ਅਕਾਲੀਆਂ ਦੇ ਬੁੰਗੇ, ਸੰਪਰਦਾਇ ਬੁੰਗੇ, ਧਰਮ ਬੁੰਗੇ, ਅਕਾਲ ਬੁੰਗੇ ਅਤੇ ਬੁੰਗਾ ਦੁਖ ਭੰਜਨ ਸਾਹਿਬ ਆਦਿ। ਲੇਖਕ ਦਾ ਮੰਨਣਾ ਹੈ ਕਿ ਸਿੱਖੀ ਸਿਧਾਂਤ ਵਿੱਚ ਇਹ ਉਹ ਸਥਾਨ ਹਨ ਜਿਹੜੇ ਸਿੱਖੀ ਰਿਵਾਇਤਾਂ ਨੂੰ ਨਿਰੰਤਰਤਾ ਵਿੱਚ ਬਣਾਏ ਰੱਖਣ ਲਈ ਤੇ ਆਪਣੀ ਕੌਮ ਦੇ ਸਿਧਾਂਤ ਨੂੰ ਜਿਉਂਦਾ ਰੱਖਣ ਲਈ ਬਣਾਏ ਗਏ ਹਨ। ਬੁੰਗੇ ਸਿੱਖ ਧਰਮ ਵਿੱਚ ਅੱਜ ਵੀ ਮਹਾਨ ਸਥਾਨ ਰੱਖਦੇ ਹਨ। ਇਹੀ ਕਾਰਨ ਹੈ ਕਿ ਅਰਦਾਸ ਵਿੱਚ ਬੁੰਗਿਆਂ ਦੇ ਸਦਾ (ਕਾਇਮ) ਬਣੇ ਰਹਿਣ ਦੀ ਕਾਮਨਾ ਕੀਤੀ ਜਾਂਦੀ ਹੈ।

ਸਰਦਾਰ ਸਾਹਿਬ ਲਿਖਦੇ ਹਨ ਕਿ ਸਿੱਖ ਜਦੋਂ ਅਰਦਾਸ ਵਿੱਚ ਅੰਮ੍ਰਿਤਸਰ ਦੇ ਦਰਸ਼ਨ, ਇਸ਼ਨਾਨ, ਚੌਂਕੀਆਂ, ਝੰਡੇ–ਬੁੰਗੇ, ਜੁੱਗੋ–ਜੁੱਗ ਅਟੱਲ ਤੇ ਧਰਮ ਦਾ ਜੈਕਾਰ ਦਾ ਜ਼ਿਕਰ ਕਰਦੇ ਹਨ ਤਾਂ ਉਸਦਾ ਭਾਵ ਇਹ ਵੀ ਹੈ ਸਿੱਖ ਇਹਨਾਂ ਦੇ ਦਰਸ਼ਨਾਂ ਸਦਕਾ ਆਪਣੇ ਅਮੀਰ ਵਿਰਸੇ ਨਾਲ ਜੁੜਕੇ ਉਸ ਪ੍ਰਤੀ ਸਦਾ ਜਾਗਰੂਕ ਰਹਿ ਸਕੇ। ਇਸ ਨਾਲ ਪੰਥ ਦੀ ਜਿੱਤ ਤੇ ਸਰਬੱਤ ਦੇ ਭਲੇ ਦੀ ਭਾਵਨਾ ਮਜ਼ਬੂਤ ਹੁੰਦੀ ਹੈ। ਅਖੀਰ ਸਿੱਖ ਸੰਜਮ ਵਿੱਚ ਰਹਿੰਦਿਆਂ ਧਰਮ ਦਾ ਜੈਕਾਰ ਦੀ ਜਾਚਨਾ ਵੀ ਅਰਦਾਸ ਵਿੱਚ ਕਰਦਾ ਹੈ, ਕਿਉਂਕਿ ਧਰਮੀ ਮਨੁੱਖ ਹੀ, ਮਨੁੱਖੀ ਭਲੇ ਅਤੇ ਪ੍ਰੇਮ ਦਾ ਪਾਲਕ ਹੋ ਸਕਦਾ ਹੈ।

ਅੱਠਵੇਂ ਅਧਿਆਇ ਵਿੱਚ ਵੀ ਉਸ ਅਕਾਲ ਪੁਰਖ ਅੱਗੇ ਮੰਗਾਂ ਦਾ ਸਿਲਸਿਲਾ ਜਾਰੀ ਹੈ, ਇਹ ਮੰਗਾਂ ਵੀ ਬਹੁਤ ਉੱਤਮ ਹਨ। ਸਮੂਹਿਕ ਤੌਰ ’ਤੇ ਸਰਬੱਤ ਖਾਲਸਾ ਜੀ ਲਈ ਹਨ। ਸਿੱਖਾਂ ਲਈ ਮਨ ਨੀਵਾਂ ਤੇ ਮਤ ਉੱਚੀ ਦਾ ਦਾਨ। ਲਿਖਾਰੀ ਲਿਖਦਾ ਹੈ ‘ਅਰਦਾਸ ਦੀਆਂ ਇਹ ਪੰਕਤੀਆਂ ਸਿੱਖ ਦੀ ਉਸ ਅਵਸਥਾ ਵੱਲ ਇਸ਼ਾਰਾ ਕਰਦੀਆਂ ਹਨ, ਜਿਸਨੂੰ ਸਿੱਖ ਗੁਰੂ ਦੇ ਦੱਸੇ ਰਾਹ ’ਤੇ ਚੱਲ ਕੇ ਪ੍ਰਾਪਤ ਕਰਦਾ ਹੈ, ਜਿਸਨੂੰ ਇਹ ਸ੍ਰੇਸ਼ਠ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਉਹ ਇਸ ਅਵੱਸਥਾ ਨੂੰ ਆਪਣੇ ਵਿੱਚ ਸਦੀਵੀਂ ਬਣਾਉਣ ਲਈ ਪ੍ਰਭੂ ਅੱਗੇ ਨਿੱਤਾਪ੍ਰਤੀ ਅਰਦਾਸ ਕਰਦਾ ਹੈ। ਮਨ ਨੀਵਾਂ ਤੋਂ ਮਤਲਬ ਹੈ ਕਿ ਨਿਮਰਤਾ ਦੀ ਮੰਗ, ਤਾਣ–ਮਾਣ ਹੁੰਦਿਆਂ ਹੋਇਆਂ ਵੀ ਆਪਣੇ–ਆਪ ਨੂੰ ਨਿਮਾਣਾ ਤੇ ਨਿਤਾਣਾ ਸਮਝਣਾ, ਬੁੱਧੀ ਅਤੇ ਮੱਤ ਉੱਚੀ ਤੋਂ ਭਾਵ ਸਦ ਬੁੱਧੀ ਦੀ ਅਰਦਾਸ ਹੈ।’ ਕਦੀ ਹੰਕਾਰ ਵਿੱਚ ਆ ਕੇ ਉਸਦੀ ਮੱਤ ਹੀ ਨਾ ਮਾਰੀ ਜਾਵੇ। ਵਾਹਿਗੁਰੂ ਉਸ ਵਿੱਚ ਹੰਕਾਰ ਤੇ ਹਉਮੈ ਨਾ ਆਉਣ ਦੇਵੇ। ਇਹ ਉਸਦੀ ਨਿੱਤ ਦੀ ਅਰਦਾਸ ਦਾ ਹਿੱਸਾ ਹੈ। ਫਿਰ ਮੱਤ ਤੇ ਪੱਤ ਦਾ ਰਾਖਾ ਅਕਾਲ ਪੁਰਖ ਆਪ ਹੋਵੇ, ਕਿਉਂਕਿ ਕਦੇ ਵੀ (ਬੁੱਧੀ) ਮੱਤ ਭ੍ਰਿਸ਼ਟ ਸਕਦੀ ਹੈ। ਇਸ ਲਈ ਸਿੱਖ ਅਰਦਾਸ ਕਰਦਾ ਹੈ ਕਿ ਹੇ ਵਾਹਿਗੁਰੂ ਮੇਰੀ ਮੱਤ ਤੇ ਇੱਜ਼ਤ ਦਾ ਰਾਖਾ ਤੂੰ ਹੀ ਹੈ, ਮੇਰੀ ਮੱਤ ਤੇ ਪੱਤ ਤੇਰੇ ਹੱਥ ਹੈ ਤੇ ਤੂੰ ਹੀ ਉਸਦੀ ਰੱਖਿਆ ਕਰਨੀ ਹੈ, ਵਾਹਿਗੁਰੂ ਜੀ।

ਅਰਦਾਸ ਵਿੱਚ ਸਿੱਖ ਗੁਰਦੁਆਰਿਆਂ ਨੂੰ ਨਮਸਕਾਰ ਕਰਨ ਤੋਂ ਬਾਅਦ ਇਨ੍ਹਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦੀ ਅਰਦਾਸ ਕਰਦਾ ਹੈ। 1947 ਦੀ ਵੰਡ ਤੋਂ ਬਾਅਦ ਬਹੁਤ ਸਾਰੇ ਗੁਰਦੁਆਰੇ ਖਾਸ ਕਰਕੇ ਇਤਿਹਾਸਕ ਗੁਰਦੁਆਰੇ, ਉਸ ਪਾਸੇ (ਪਾਕਿਸਤਾਨ) ਚਲੇ ਗਏ, ਜਿਸ ਤਰ੍ਹਾਂ ਨਨਕਾਣਾ ਸਾਹਿਬ, ਪੰਜਾ ਸਾਹਿਬ, ਡੇਰਾ ਸਾਹਿਬ ਤੇ ਕਰਤਾਰਪੁਰ ਸਾਹਿਬ ਆਦਿ। ਬੇਸ਼ਕ ਕਰਤਾਰਪੁਰ ਦੇ ਦਰਸ਼ਨਾਂ ਲਈ ਦੋਨੋਂ ਸਰਕਾਰਾਂ ਨੇ ਕੋਰੀਡੋਰ ਬਣਾ ਦਿੱਤਾ ਹੈ, ਪਰ ਫਿਰ ਵੀ ਅਸੀਂ ਇਸਨੂੰ ਇਹ ਨਹੀਂ ਕਹਿ ਸਕਦੇ ਕਿ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਹੋ ਰਹੇ ਹਨ। ਅਜੇ ਵੀ ਕਰਤਾਰਪੁਰ ਜਾਣ ਲਈ ਪਾਸਪੋਰਟ ਦੀ ਲੋੜ ਹੈ ਤੇ ਹੋਰ ਕਈ ਪਾਬੰਦੀਆਂ ਵੀ ਲਗਾਈਆਂ ਗਈਆਂ ਹਨ। ਪਾਕਿਸਤਾਨ ਵਿੱਚ ਕੋਈ 100 ਤੋਂ ਵੀ ਵੱਧ ਗੁਰਦੁਆਰੇ ਹਨ। (ਵੇਖੋ ਇਕਬਾਲ–ਕੈਸਰ ਦੀ ਪੁਸਤਕ ਪਾਕਿਸਤਾਨ ਵਿੱਚ ਸਿੱਖਾਂ ਦੇ ਪਵਿੱਤਰ ਗੁਰੂਧਾਮ) ਇਸ ਤਰ੍ਹਾਂ ਨੇਪਾਲ, ਕਾਬਲ, ਕੰਧਾਰ, ਬੰਗਲਦੇਸ਼, ਬਗਦਾਦ ਤੇ ਹੋਰ ਜਿੱਥੇ–ਜਿੱਥੇ ਵੀ ਗੁਰੂ ਸਾਹਿਬ ਗਏ, ਉਹਨਾਂ ਸਭ ਗੁਰਦੁਆਰਿਆਂ ਦੀ ਤੜਪ ਮਨ ਵਿੱਚ ਹੈ। ਇਸ ਤੜਪ ਨੂੰ ਮੰਗ ਦੇ ਰੂਪ ਵਿੱਚ ਸਿੱਖ ਨੇ ਆਪਣੀ ਨਿੱਤ ਦੀ ਅਰਦਾਸ ਵਿੱਚ ਸ਼ਾਮਿਲ ਕਰਲਿਆ ਹੈ। ਦਰਸ਼ਨਾਂ ਦੇ ਨਾਲ ਇਹਨਾਂ ਦੀ

ਸੇਵਾ–ਸੰਭਾਲ ਖਾਲਸਾ ਜੀ ਨੂੰ ਬਖ਼ਸ਼ਿਸ਼ ਹੋਵੇ, ਇਸ ਲਈ ਵੀ ਸਿੱਖ ਅਰਦਾਸ ਕਰਦਾ ਹੈ ਕਿ ਹੇ ਦਾਤਾਰ ਜੀ! ਆਪਣੇ ਪੰਥ ਦੇ ਸਦਾ ਸਹਾਈ ਹੋਣਾ, ਪੰਥ ਦੀ ਸਦਾ ਚੜ੍ਹਦੀ ਕਲਾ ਰਹੇ।

ਨੌਵੇਂ ਅਧਿਆਇ ਵਿੱਚ ਸਿੱਖ ਅਤਿ ਨਿਮਰਤਾ ਦੇ ਭਾਵ ਨਾਲ ਮੰਗ ਕਰਦਾ ਹੈ ਕਿ ਹੇ ਅਕਾਲ ਪੁਰਖ! ਮੈਂ ਨਿਮਾਣਾ ਹਾਂ, ਮੇਰਾ ਕੋਈ ਮਾਣ ਇੱਜ਼ਤ ਨਹੀਂ, ਮੈਂ ਨਿਤਾਣਾ ਹਾਂ, ਮੇਰੇ ਵਿੱਚ ਕੋਈ ਜ਼ੋਰ ਨਹੀਂ, ਬਲ ਨਹੀਂ, ਤਾਕਤ ਨਹੀਂ, ਮੈਂ ਨਿਓਟਾ ਹਾਂ, ਬਿਨ੍ਹਾਂ ਸਹਾਰੇ ਦੇ ਹਾਂ, ਮੇਰਾ ਕੋਈ ਆਸਰਾ ਨਹੀਂ ਹੈ।ਸਰਦਾਰ ਕੁਲਮੋਹਨ ਸਿੰਘ ਜੀ ਲਿਖਦੇ ਹਨ, 'ਵਾਹਿਗੁਰੂ ਜੀ ਅਸੀਂ ਆਪ ਜੀ ਦੇ ਸਾਹਮਣੇ ਨਿਮਾਣੇ ਹਾਂ, ਨਿਤਾਣੇ ਹਾਂ, ਆਪ ਪਾਸੋਂ ਮਾਣ–ਤਾਣ ਅਤੇ ਹਿੰਮਤ (ਹੌਂਸਲੇ) ਦੀ ਮੰਗ ਕਰਦੇ ਹਾਂ। ਆਪ ਨਿਓਟਿਆਂ ਦੀ ਓਟ ਹੋ, ਨਿਆਸਰਿਆਂ ਦਾ ਆਸਰਾ ਹੋ, ਆਪ ਜੀ ਦੇ ਹਜ਼ੂਰ ਜੋਦੜੀ ਬੇਨਤੀ ਕਰਦੇ ਹਾਂ ਕਿ–

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ ਸੱਚੇ ਪਿਤਾ ਵਾਹਿਗੁਰੂ, ਆਪ ਜੀ ਦੇ ਹਜ਼ੂਰ............(ਇਸ ਪੈਰ੍ਹੇ ਵਿੱਚ ਉਸ ਬਾਣੀ ਦਾ ਨਾਮ ਲਿਆ ਜਾਂਦਾ ਹੈ ਜਿਸਦੇ ਪਾਠ ਤੋਂ ਬਾਅਦ ਅਰਦਾਸ ਕੀਤੀ ਗਈ ਹੋਵੇ) ਦੀ ਅਰਦਾਸ ਹੈ।'

ਇਹਨਾਂ ਸ਼ਬਦਾਂ ਤੋਂ ਪਹਿਲਾਂ, ਆਪ ਜੀ ਦੀਆਂ ਦਾਤਾਂ ਵਿੱਚੋਂ ਕੜਾਹ ਪ੍ਰਸ਼ਾਦਿ ਦੀ ਦੇਗ਼ ਤਿਆਰ ਕੀਤੀ ਗਈ ਹੈ। ਸੰਗਤਾਂ ਵਿੱਚ ਵਰਤੇ, ਆਪ ਜੀ ਹੁਕਮ ਬਖਸ਼ ਕੇ ਕਿਰਤਾਰਥ ਕਰੋ ਅਤੇ ਹੁਕਮਨਾਮੇ 'ਤੇ ਚੱਲਣ ਦੀ ਸਮਰੱਥਾ ਬਖਸ਼ੋ ਦੇ ਸ਼ਬਦ ਕਹੇ ਜਾਂਦੇ ਹਨ। ਇਹ ਸ਼ਬਦ ਜਾਂ ਕਿਸੇ ਮੰਗ ਦੀ ਪੂਰਤੀ ਦੇ ਸ਼ਬਦ ਬਹੁਤ ਹੀ ਸੰਖੇਪ ਹੁੰਦੇ ਹਨ।

ਇਨਸਾਨ ਗਲਤੀਆਂ ਦਾ ਪੁਤਲਾ ਹੈ, ਪੈਰ–ਪੈਰ 'ਤੇ ਗਲਤੀਆਂ ਕਰਦਾ ਹੈ, ਕੁਝ ਜਾਣੇ ਤੇ ਕੁਝ ਅਣਜਾਣੇ ਵਿੱਚ ਇਸ ਲਈ ਬਾਣੀ ਪੜ੍ਹਦਿਆਂ, ਸੁਣਦਿਆਂ ਹੋਈਆਂ ਗਲਤੀਆਂ ਦੀ ਭੁੱਲ ਬਖਸ਼ਾਈ ਜਾਂਦੀ ਹੈ ਤੇ ਸਰਬੱਤ ਦੇ ਕਾਰਜ ਰਾਸ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਇਹ ਹੀ ਗੁਣ ਸਿੱਖ ਦੀ ਅਰਦਾਸ ਨੂੰ ਬਾਕੀ ਧਰਮਾਂ ਦੀ ਅਰਦਾਸ ਤੋਂ ਵਿਲੱਖਣ ਬਣਾਉਂਦੇ ਹੈ। ਇਹ ਸਿੱਖ ਦੇ ਕਾਰਜ ਰਾਸ ਕਰਨ ਦੀ ਅਰਦਾਸ ਨਹੀਂ ਸਗੋਂ ਹਰ ਇੱਕ ਦੇ, ਚਾਹੇ ਉਹ ਕਿਸੇ ਧਰਮ, ਦੇਸ਼ ਤੇ ਜਾਤਿ ਦਾ ਹੋਵੇ। ਉਹਨਾਂ ਸਭ ਦੇ ਕਾਰਜ ਰਾਸ ਕਰਨ ਦੀ ਅਰਦਾਸ ਹੈ।

ਫਿਰ ਇਹ ਅਰਦਾਸ ਵੀ ਕੀਤੀ ਜਾਂਦੀ ਹੈ ਕਿ ਅਕਾਲ ਪੁਰਖ ਐਸੇ ਲੋਕਾਂ ਨਾਲ ਮੇਲ ਕਰਾਉਣਾ ਜਿਨ੍ਹਾਂ ਨਾਲ ਮਿਲਿਆਂ ਆਪ ਜੀ ਦਾ ਨਾਮ ਯਾਦ ਆਵੇ। ਇਸ ਤੋਂ ਭਾਵ ਹੈ ਕਿ ਸਿੱਖ ਚੰਗੀ ਸੰਗਤ ਭਾਵ ਨਾਮ ਜੱਪਣ ਵਾਲੇ ਗੁਰਸਿਖਾਂ ਦੀ ਸੰਗਤ ਲਈ ਅਰਦਾਸ ਕਰਦਾ ਹੈ। ਲੇਖਕ ਨੇ ਬੜੇ ਸੋਹਣੇ ਸ਼ਬਦਾਂ ਵਿੱਚ ਲਿਖਿਆ ਹੈ ਕਿ ਜਿਸ ਗੁਰਮੁਖ ਪਿਆਰੇ ਨੂੰ ਕਦੇ ਨਾਮ ਨਾ ਭੁੱਲੇ ਵਾਹਿਗੁਰੂ ਦੇ ਚਰਨਾਂ ਵਿੱਚ ਉਸਦਾ ਧਿਆਨ ਰਹੇ, ਗੁਰਬਾਣੀ ਨਾ ਵਿਸਰੇ ਅਤੇ ਵਾਹਿਗੁਰੂ ਦੀ ਰਜ਼ਾ ਨੂੰ ਮਿੱਠਾ ਕਰਕੇ ਮੰਨਦਾ ਹੋਵੇ, ਅਜਿਹੇ ਰੱਬੀ ਗੁਣਾਂ ਵਾਲਿਆਂ ਗੁਰਸਿੱਖਾਂ ਪਿਆਰਿਆਂ ਦੀ ਤਾਂਘ ਸਿੱਖ ਦੀ ਅਰਦਾਸ ਵਿੱਚ ਹੁੰਦੀ ਹੈ। ਐਸੇ ਪਿਆਰਿਆਂ ਦੇ ਮਿਲਿਆਂ ਸਾਨੂੰ ਵੀ ਨਾਮ ਚਿੱਤ ਆਵੇ ਤੇ ਮੇਰੇ ਸਰੀਰ ਵਿੱਚ ਉਸ ਅਕਾਲ ਪੁਰਖ ਦੇ ਗੁਣਾਂ ਦਾ ਸੰਚਾਰ ਹੋ ਜਾਵੇ।

ਇਸ ਤੋਂ ਬਾਅਦ ਗੁਰਸਿੱਖ ਗੁਰੂ ਨਾਨਕ ਪਾਤਸ਼ਾਹ ਅੱਗੇ ਚੜ੍ਹਦੀਕਲਾ ਦੀ ਬਖ਼ਸ਼ਿਸ਼ ਮੰਗਦਾ ਹੈ। ਗੁਰੂ ਦੇ ਪਿਆਰੇ ਗੁਰਸਿੱਖ ਦੇ ਜੀਵਨ ਜਿਉਣ ਦਾ ਨਜ਼ਰੀਆ ਬਹੁਤ ਚੜ੍ਹਦੀਕਲਾ ਵਾਲਾ ਹੈ, ਤੇ ਇਹ ਜੀਵਨ ਗੁਰਬਾਣੀ ਤੋਂ ਮਿਲਦਾ

ਹੈ, ਜਿਸ ਦੀ ਜਾਚਨਾ ਸਿੱਖ ਕਰਦਾ ਹੈ। ਕੇਵਲ ਇਸ ਗਲ੍ਹ ਦੀ ਪ੍ਰੋੜਤਾ ਇਹਨਾਂ ਸ਼ਬਦਾਂ ਵਿੱਚ ਕਰਦਾ ਹੈ 'ਨਾਨਕ ਨਾਮ ਹੀ ਚੜ੍ਹਦੀਕਲਾ ਦਾ ਤੱਤ ਸਾਰ ਹੈ' ਇਹ ਕੋਈ ਅਤਿ ਕਥਨੀ ਨਹੀਂ, ਇਸ ਲਈ ਸਿੱਖ ਨਿੱਤਾਪ੍ਰਤੀ ਅਰਦਾਸ ਵਿੱਚ ਨਾਨਕ ਨਾਮ ਦੀ ਮੰਗ ਕਰਦਾ ਹੈ, ਜਿਸ ਰਾਹੀਂ ਉਹ ਆਪਣੇ ਜੀਵਨ ਵਿੱਚੋਂ ਨਕਾਰਮਿਕਤਾ ਨੂੰ ਬਾਹਰ ਕਰ ਦੇਣ ਵਿੱਚ ਸਫਲ ਹੋਵੇ ਅਤੇ ਇਲਾਹੀ ਨਾਮ ਦੀ ਰੋਸ਼ਨੀ ਨਾਲ ਹਨੇਰੇ ਸੰਸਾਰ ਵਿੱਚ ਮਨੁੱਖਤਾ ਦਾ ਪ੍ਰਕਾਸ਼ ਹੋ ਸਕੇ।

ਉਸ ਦੇ ਭਾਣੇ ਵਿੱਚ ਸਰਬੱਤ ਦਾ ਭਲਾ ਮੰਗਣਾ, ਸਾਡੀ ਅਰਦਾਸ ਦਾ ਸਿਖ਼ਰ ਹੈ। ਸਿੱਖ ਦੀ ਅਰਦਾਸ **'ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ'** ਤੋਂ ਸ਼ੁਰੂ ਹੋ ਕੇ **'ਤੇਰੇ ਭਾਣੇ ਸਰਬੱਤ ਦਾ ਭਲਾ'** ਉੱਪਰ ਖਤਮ ਹੁੰਦੀ ਹੈ। ਪੂਰੀ ਅਰਦਾਸ ਹੀ ਉਸ ਇੱਕ ਦੀ ਵਕਾਲਤ ਕਰਦੀ ਨਜਰ ਆਉਂਦੀ ਹੈ, ਕਿਉਂਕਿ ਉਹ ਇੱਕ ਅਕਾਲ ਪੁਰਖ ਜ਼ਰੇ–ਜ਼ਰੇ ਵਿੱਚ ਹੈ। ਉਹ ਇੱਕ, ਦੱਸ ਗੁਰੂ ਸਾਹਿਬਾਨਾਂ ਵਿੱਚ, ਪੰਜ ਪਿਆਰਿਆਂ ਵਿੱਚ, ਸਿੰਘਾਂ ਸ਼ਹੀਦਾਂ ਵਿੱਚ, ਜਿਨ੍ਹਾਂ–ਜਿਨ੍ਹਾਂ ਦਾ ਜ਼ਿਕਰ ਅਰਦਾਸ ਵਿੱਚ ਆਉਂਦਾ ਹੈ, ਉਹ ਸਭ ਉਸ ਇੱਕ ਅਕਾਲ ਪੁਰਖ ਦਾ ਹੀ ਪਸਾਰਾ ਹੈ। ਅਰਦਾਸ ਵਿੱਚ ਉਸ ਇੱਕ ਅੱਗੇ ਅਰਦਾਸ ਹੈ, ਉਸ ਇੱਕ ਨੂੰ ਸਿਮਰਨ ਦੀ ਮੰਗ ਹੈ, ਉਹ ਇੱਕ ਜੋ ਸਾਰੀ (ਸ੍ਰਿਸ਼ਟੀ) ਕਾਇਨਾਤ ਵਿੱਚ ਰਵਿਆ ਹੋਇਆ ਹੈ। ਪੂਰੀ ਅਰਦਾਸ ਹੀ ਇੱਕ ਦਾ ਪਾਸਾਰਾ ਹੈ ਜਾਂ ਸਰਬੱਤ ਦਾ ਪਾਸਾਰਾ ਹੈ, ਕਿਉਂਕਿ ਇੱਕ ਤੋਂ ਹੀ ਸਰਬੱਤ ਬਣੇ ਹਨ ਤੇ ਸਰਬੱਤ ਤੋਂ ਮੁੜਕੇ ਫਿਰ ਇੱਕ ਹੋ ਜਾਣਾ ਹੈ। ਸਿੱਖ ਦੀ ਅਰਦਾਸ ਦੀ ਇਹ ਚਰਮ ਸੀਮਾ ਹੈ ਜਾਂ ਉਸਦੇ ਗੂੜ ਗਿਆਨ ਦੀ ਪ੍ਰਤੀਕ ਜੋ **'ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ'** ਨੂੰ ਚੰਗੀ ਤਰ੍ਹਾਂ ਸਮਝ ਲਿਆ ਗਿਆ ਹੈ। ਇੱਥੇ ਪਹੁੰਚ ਕੇ ਧਰਮ ਦੀਆਂ ਦੀਵਾਰਾਂ ਟੁੱਟ ਜਾਂਦੀਆਂ ਹਨ ਤੇ **'ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ'** ਦੀ ਗਲ੍ਹ ਹੀ ਰਹਿ ਜਾਂਦੀ ਹੈ। ਸਿੱਖ ਦੀ ਅਰਦਾਸ ਦੀ ਇਹ ਵਿਲੱਖਣਤਾ ਹੀ ਇਸਨੂੰ ਦੂਜੇ ਧਰਮਾਂ ਤੋਂ ਨਿਆਰਾ ਬਣਾਉਂਦੀ ਹੈ। ਸਿੱਖ ਦੀ ਅਰਦਾਸ ਵਿੱਚ ਕੋਈ ਦੁਸ਼ਮਣ ਵਿਖਾਈ ਨਹੀਂ ਦਿੰਦਾ। ਸਿੱਖ ਦਾ ਕੋਈ ਵੈਰੀ ਜਾਂ ਦੁਸ਼ਮਣ ਨਹੀਂ ਹੈ।

**"ਨਾਂ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ "**

ਐਸਾ ਗੁਰਸਿੱਖ ਹੀ ਸਰਬੱਤ ਦੇ ਭਲੇ ਦੀ ਅਰਦਾਸ ਕਰ ਸਕਦਾ ਹੈ। ਇਸ ਸਭ ਨੂੰ ਲਿਖਾਰੀ ਨੇ ਇਸ ਤਰ੍ਹਾਂ ਕਲਮਬੱਧ ਕੀਤਾ ਹੈ, 'ਤੇਰੇ'ਸ਼ਬਦ ਜੋ ਅਰਦਾਸ ਵਿੱਚ ਪੜ੍ਹਿਆ ਜਾਂਦਾ ਹੈ, ਇਹ ਅਕਾਲ ਪੁਰਖ ਦਾ ਸੰਦੇਸ਼ ਦਿੰਦਾ ਹੈ। ਹੇ ਅਕਾਲ ਪੁਰਖ! ਪਰਮ ਪਿਤਾ ਪ੍ਰਮਾਤਮਾ, ਤੇਰੇ ਅੱਗੇ ਸੰਸਾਰ ਵਿੱਚ ਵਿਚਰ ਰਹੇ ਹਰ ਪ੍ਰਾਣੀ ਮਾਤਰ, ਭਾਵੇਂ ਉਹ ਕਿਸੇ ਵੀ ਧਰਮ ਦਾ ਹੋਵੇ, ਕਿਸੇ ਵੀ ਜਾਤ ਦਾ ਹੋਵੇ, ਕਿਸੇ ਵੀ ਵਰਗ ਦਾ ਹੋਵੇ, ਉਸਨੂੰ ਸਰਬੱਤ ਦਾ ਰੂਪ ਦਿੱਤਾ ਗਿਆ ਹੈ। ਜਾਚਕ ਵਿਅਕਤੀਗਤ ਅਤੇ ਸਮੂਹਿਕ ਦੋਵੇਂ ਰੂਪਾਂ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕਰਦਾ ਹੈ। ਹੇ ਅਕਾਲ ਪੁਰਖ! ਆਪ ਜੀ ਦਾ ਜੋ ਭਾਣਾ ਹੈ, ਜੋ ਆਪ ਜੀ ਨੂੰ ਭਾਉਂਦਾ ਹੈ, ਜੋ ਆਪ ਜੀ ਦੀ ਰਜ਼ਾ ਹੈ, ਜੋ ਆਪ ਜੀ ਦੀ ਪ੍ਰਸੰਨਤਾ ਹੈ, ਉਹ ਹੀ ਹੁੰਦਾ ਹੈ, ਇਸ ਲਈ ਤੇਰੇ ਹੁਕਮ ਵਿੱਚ ਸਾਰੀ ਸ੍ਰਿਸ਼ਟੀ ਦਾ ਭਲਾ ਮੰਗੀਦਾ ਹੈ। ਇਹ ਸਿੱਖ ਦਾ ਮਨੁੱਖਤਾ ਅਤੇ ਸ੍ਰਿਸ਼ਟੀ ਪ੍ਰਤੀ ਪਿਆਰ ਦਾ ਸ਼ਿਖਰ ਹੈ।

ਅਰਦਾਸ ਸਿੱਖ ਜਗਤ ਦੀ ਇੱਕ ਅਤਿ ਸ਼ਕਤੀਸ਼ਾਲੀ ਸੰਸਥਾ ਹੈ। ਇਹ ਨਾ ਕੇਵਲ ਸਿੱਖਾਂ ਦੇ ਸੰਸਾਰਕ ਜੀਵਨ ਨੂੰ ਨੇਮਬੱਧ ਕਰਦੀ ਹੈ ਸਗੋਂ ਸਰਬਸਾਂਝੀ–ਵਾਲਤਾ ਦਾ ਵੀ ਪ੍ਰਤੀਕ ਬਣਕੇ ਤੁਰਦੀ ਹੈ। ਇਹ ਨਿਮਰਤਾ ਸਿਖਾਉਂਦੀ ਹੈ, ਇਹ ਸਰਬੱਤ ਦੇ ਭਲੇ ਦੀ ਜਾਚਨਾ ਵੀ ਸਿਖਾਉਂਦੀ ਹੈ।

ਅਖੀਰਲੇ ਅਧਿਆਇ ਵਿੱਚ ਸ਼ਰਧਾਵਾਨ ਲੇਖਕ ਨੇ ਕੁੱਝ ਵਿਦਵਾਨ ਸੱਜਣਾਂ ਦੇ ਵਿਚਾਰਾਂ ਤੋਂ ਵੀ ਜਾਣੂ ਕਰਵਾਉਣ ਦੀ ਅਤਿ ਸ਼ਲਾਘਾਯੋਗ ਕੋਸ਼ਿਸ਼ ਕੀਤੀ ਹੈ। ਇਹ ਇਸ ਪੁਸਤਕ ਵਿੱਚ ਲੇਖਕ ਦੇ ਵਿਚਾਰਾਂ ਤੋਂ ਇਲਾਵਾ ਇੱਕ ਮਹੱਤਵਪੂਰਨ ਵਾਧਾ ਹੈ, ਜਿਸ ਤੋਂ ਪਾਠਕ ਲਾਭ ਉਠਾ ਸਕਦੇ ਹਨ।

ਇਸ ਪੁਸਤਕ ਵਿੱਚ ਜਿੱਥੇ ਲੇਖਕ ਨੇ ਅਰਦਾਸ ਪਾਠਕਾਂ ਨੂੰ ਅਰਦਾਸ ਦੀ ਮਹਾਨਤਾ ਤੋਂ ਜਾਣੂ ਕਰਵਾਇਆ ਹੈ, ਉੱਥੇ ਅਰਦਾਸ ਦੇ ਹਰ ਬੋਲ (ਸ਼ਬਦ) ਦੀ ਬੜੇ ਸੁਚੱਜੇ ਤਰੀਕੇ ਨਾਲ ਵਿਸਥਾਰ ਸਹਿਤ ਚਰਚਾ ਕੀਤੀ ਹੈ। ਇਹ ਪੁਸਤਕ ਪੜ੍ਹਨ ਤੋਂ ਬਾਅਦ ਪਾਠਕ ਮਹਿਸੂਸ ਕਰੇਗਾ ਕਿ ਉਹ ਅਰਦਾਸ ਸਬੰਧੀ ਜਾਣਕਾਰੀ ਨਾਲ ਮਾਲੋ–ਮਾਲ ਹੋਗਿਆ ਹੈ, ਕਿਉਂਕਿ ਇਹ ਪੁਸਤਕ ਪੜ੍ਹਨ ਤੋਂ ਬਾਅਦ ਮੈਂ ਵੀ ਆਪਣੇ– ਆਪ ਨੂੰ ਭਰੀ–ਭਰੀ ਮਹਿਸੂਸ ਕਰਨ ਲੱਗੀ ਹਾਂ। **'ਅਰਦਾਸ ਦੀ ਮਹਾਨਤਾ'** ਪੁਸਤਕ ਲਿਖਣ ਤੋਂ ਪਹਿਲਾਂ ਵੀ ਸਰਦਾਰ ਕੁਲਮੋਹਨ ਸਿੰਘ ਨੇ ਦੋ ਕਿਤਾਬਚੇ 'ਸ਼ਹਾਦਤ ਨਾਮਾ' ਅਤੇ 'ਅਨੰਦ ਕਾਰਜ' ਬਾਰੇ ਲਿਖੇ ਸਨ। ਜਿਨ੍ਹਾਂ ਦੀ ਸਿੱਖ ਸੰਗਤ ਵਿੱਚ ਬਹੁਤ ਸ਼ਲਾਘਾ ਹੋਈ। ਕਈ ਰਸਾਲਿਆਂ ਵਿੱਚ ਵੀ ਕੁਲਮੋਹਨ ਸਿੰਘ ਜੀ ਦੇ ਲੇਖ ਅਕਸਰ ਪੜ੍ਹਨ ਨੂੰ ਮਿਲ ਜਾਂਦੇ ਹਨ। ਆਪ ਜੀ ਦੇ ਲੇਖ ਸਿੱਖ ਸੰਗਤਾਂ ਵਿੱਚ ਪੜ੍ਹੇ ਵੀ ਜਾਂਦੇ ਹਨ ਤੇ ਸਲਾਹੇ ਵੀ ਜਾਂਦੇ ਹਨ, ਮੈਨੂੰ ਉਮੀਦ ਹੈ ਕਿ ਸਰਦਾਰ ਕੁਲਮੋਹਨ ਸਿੰਘ ਜੀ ਦੀ ਇਸ ਪੁਸਤਕ **'ਅਰਦਾਸ ਦੀ ਮਹਾਨਤਾ'** ਨੂੰ ਵੀ ਉਹਨਾਂ ਦੀਆਂ ਪਹਿਲੀਆਂ ਲਿਖਤਾਂ ਦੀ ਤਰ੍ਹਾਂ ਭਰਵਾਂ ਹੁੰਗਾਰਾ ਮਿਲੇਗਾ। ਇਹ ਪੁਸਤਕ ਲਾਇਬ੍ਰੇਰੀਆਂ ਵਾਸਤੇ ਤੇ ਸ਼ਰਧਾਲੂਆਂ ਲਈ ਬੜੀ ਲਾਭਕਾਰੀ ਪੁਸਤਕ ਹੈ। ਇਸ ਪੁਸਤਕ ਦੇ ਪ੍ਰਕਾਸ਼ਨ 'ਤੇ ਜਿੱਥੇ ਮੈਂ ਉਹਨਾਂ ਨੂੰ ਮੁਬਾਰਕਬਾਦ ਦਿੰਦੀ ਹਾਂ, ਉੱਥੇ ਇਹ ਵੀ ਉਮੀਦ ਕਰਦੀ ਹਾਂ ਕਿ ਆਪ ਜੀ ਅੱਗੇ ਵੀ ਆਪਣੀਆਂ ਬੇਹਤਰੀਨ ਲਿਖਤਾਂ ਨਾਲ ਸੰਗਤਾਂ ਨੂੰ ਨਿਵਾਜਦੇ ਰਹਿਣਗੇ। ਮੇਰੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਆਪ ਜੀ ਨੂੰ ਵਾਹਿਗੁਰੂ ਚੰਗੀ ਸਿਹਤ ਤੇ ਲੰਮੀ ਉਮਰ ਬਖ਼ਸ਼ੇ ਤਾਂ ਕਿ ਆਪ ਜੀ ਇਸੇ ਤਰ੍ਹਾਂ ਪੰਥ ਦੀ ਸੇਵਾ ਕਰਦੇ ਰਹਿਣ। ਬਹੁਤ–ਬਹੁਤ ਵਧਾਈ ਹੈ ਮੇਰੀ ਕੁਲਮੋਹਨ ਸਿੰਘ ਜੀ ਨੂੰ।

**ਹਰਬੰਸ ਕੌਰ ਸੱਗੂ**

# ਲੇਖਕ ਦੀ ਕਲਮ ਤੋਂ

ਅਰਦਾਸ ਦੀ ਪਰੰਪਰਾ ਸਿੱਖਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਈ ਸੀ ਅਤੇ ਇਸ ਗੱਲ ਦੇ ਕਈ ਪ੍ਰਮਾਣ ਹਨ ਕਿ ਸ਼ਰਧਾਵਾਨ ਸਿੱਖ ਗੁਰੂ ਸਾਹਿਬ ਅੱਗੇ ਆਪਣੀਆਂ ਅਰਜੋਈਆਂ, ਬੇਨਤੀਆਂ ਅਰਦਾਸ ਦੇ ਰੂਪ ਵਿਚ ਕਰਦੇ ਆਏ ਹਨ।

**ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 519)

ਅਰਦਾਸ ਇਕ ਵਿਸ਼ਵਾਸ ਅਤੇ ਸਮਰਪਣ ਦਾ ਨਾਮ ਹੈ। ਇਕ ਅਰਦਾਸ ਸੰਗਤੀ ਹੁੰਦੀ ਹੈ ਅਤੇ ਇਕ ਅਰਦਾਸ ਨਿੱਜੀ ਹੁੰਦੀ ਹੈ। ਹਰ ਗੁਰਸਿੱਖ ਆਪਣੇ ਅੰਦਰ ਦੀ ਖੁਸ਼ੀ, ਗਮੀ, ਪੀੜਾ, ਦਰਦ, ਹੂਕ ਨੂੰ ਆਪਣੇ ਗੁਰੂ ਅੱਗੇ ਅਰਦਾਸ ਦੇ ਰੂਪ ਵਿਚ ਬਿਆਨ ਕਰਦਾ ਹੈ।ਆਪਣੇ ਅੰਦਰ ਦੀ ਪੀੜਾ–ਖੁਸ਼ੀ ਨੂੰ ਮਨੁੱਖ ਬੇਹਤਰ ਤਰੀਕੇ ਨਾਲ ਜਾਣਦਾ ਹੈ, ਇਸ ਲਈ ਉਸ ਨੂੰ ਨਿੱਜੀ ਅਰਦਾਸ ਆਪ ਹੀ ਕਰਨੀ ਚਾਹੀਦੀ ਹੈ।ਸਾਡੇ ਦੁੱਖ ਸਾਡੇ ਭਾਗ ਹਨ ਪਰ ਗੁਰੂ ਦੇ ਸਨਮੁੱਖ ਬੈਠਕੇ, ਗੁਰੂ ਸ਼ਬਦ ਸੁਣਕੇ ਅਤੇ ਗੁਰੂ ਅੱਗੇ ਅਰਦਾਸ ਕਰਕੇ ਭਾਗ ਬਦਲ ਸਕਦੇ ਹਨ, ਜੇ ਦਿਲ ਦੇ ਦਰਦ ਦੀ ਹੂਕ ਗੁਰੂ ਚਰਨਾਂ ਤੱਕ ਪਹੁੰਚ ਜਾਵੇ। ਅਰਦਾਸ ਵਿਚ ਜ਼ਿਆਦਾ ਉੱਚਾ ਬੋਲਣ ਦੀ ਲੋੜ ਨਹੀਂ ਹੁੰਦੀ ਕਿਉਂਕਿ ਵਾਹਿਗੁਰੂ ਉਨਾਂ ਦੂਰ ਨਹੀਂ ਜਿਨ੍ਹਾਂ ਅਸੀਂ ਸਮਝੀ ਬੈਠੇ ਹਾਂ। ਦਾਸ ਨੂੰ ਧਾਰਮਿਕ ਅਦਾਰਿਆਂ ਵਿਚ ਵਿਚਰਦੇ ਹੋਏ ਬਹੁਤ ਸਾਰੇ ਸਮਰਪਿਤ ਗੁਰੂ ਪਿਆਰਿਆਂ ਨੂੰ ਮਿਲਣ ਦਾ ਮੌਕਾ ਮਿਲਿਆ, ਜੋ ਕਿ ਸਾਰੀ ਉਮਰ ਰੂਹ ਨਾਲ ਅਰਦਾਸ ਕਰਦੇ ਸਨ। ਉਹਨਾਂ ਦੀ ਅਰਦਾਸ ਦੀ ਭਾਵਨਾ ਵਿਚ ਕੋਈ ਕਿੰਤੂ ਨਹੀਂ ਪਰ ਜਦੋਂ ਉਹਨਾਂ ਨਾਲ ਅਰਦਾਸ ਦੇ ਅਧਿਆਤਕ ਅਤੇ ਇਤਿਹਾਸਿਕ ਪੱਖ ਬਾਰੇ ਵਿਚਾਰਾਂ ਕੀਤੀਆਂ ਤਾਂ ਉਹਨਾਂ ਵਿੱਚੋਂ ਕੁਝ ਸੱਜਣ ਸੱਖਣੇ ਸਨ। ਜਿਸ ਕਰਕੇ ਦਾਸ ਨੂੰ ਇਹ ਪੁਸਤਕ ਲਿਖਣ ਦੀ ਪ੍ਰੇਰਣਾ ਮਿਲੀ ਦਾਸ ਨੇ ਅਕਾਲ ਪੁਰਖ ਦੀ ਕਿਰਪਾ ਸਦਕਾ ਇਹ ਉਪਰਾਲਾ ਕੀਤਾ, ਪਰ ਇਸ ਵਿਸ਼ੇ ’ਤੇ ਖੋਜ਼ ਦਾ ਅੰਤ ਨਹੀਂ ਹੈ।

ਭਾਈ ਨੰਦ ਲਾਲ ਜੀ ਦੇ ਤਨਖਾਹਨਾਮੇ ਵਿਚ ਦਰਜ਼ ਹੈ ਕਿ ਸਿੱਖ ਅਰਦਾਸ ਤੋਂ ਬਿਨ੍ਹਾਂ ਜੇ ਕੋਈ ਕਾਰਜ ਕਰਦਾ ਹੈ ਤਾਂ ਉਹ ਸਿੱਖ ਗੁਰੂ ਨੂੰ ਨਹੀਂ ਭਾਉਂਦਾ। ਇਸੇ ਤਰ੍ਹਾਂ ਰਹਿਤਨਾਮਾ ਭਾਈ ਚੋਪਾ ਸਿੰਘ ਵਿਚ ਦਰਜ਼ ਹੈ ਕਿ ਸਿੱਖ ਕਾਰਜ ਸ਼ੁਰੂ ਕਰਨ ਵੇਲੇ ਅਰਦਾਸ ਕਰੇ। ਅਰਦਾਸ ਦਾ ਰੂਪ ਕੋਈ ਵੀ ਹੋ ਸਕਦਾ ਹੈ।

ਗੁਰੂ ਅੱਗੇ ਕੀਤੀ ਅਰਦਾਸ ਹੀ ਉਸ ਕਰਤਾ–ਪੁਰਖ ਅੱਗੇ ਕੀਤੀ ਅਰਦਾਸ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਵਾਹਿਗੁਰੂ ਵਿਚ ਕੋਈ ਭੇਦ ਨਹੀਂ। ਰੋਜ਼ਾਨਾ ਸਰਬੱਤ ਦੇ ਭਲੇ ਲਈ ਕੀਤੀ ਜਾਣ ਵਾਲੀ ਅਰਦਾਸ ਇਕ ਦਿਨ ਉਸ ਪਰਮ ਪਿਤਾ ਪਰਮਾਤਮਾ ਦੀ ਭਗਤੀ ਹੋ ਨਿਬੜਦੀ ਹੈ।

**ਦੁਇ ਕਰ ਜੋੜਿ ਕਰਉ ਅਰਦਾਸਿ॥ ਤੁਧੁ ਭਾਵੈ ਤਾ ਆਣਹਿ ਰਾਸਿ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 737)

**ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰ ਗੁਰੁ ਦਸੈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 767)

ਅਰਦਾਸ ਕਰਨ ਉਪਰੰਤ ਸਤਿਗੁਰੂ ਦੀ ਹੋਈ ਕਿਰਪਾ ਨੂੰ ਅਨੁਭਵ ਕਰਨਾ ਚਾਹੀਦਾ ਹੈ, ਜਦੋਂ ਉਹ ਅਕਾਲ ਪੁਰਖ ਸਾਡੇ 'ਤੇ ਕਿਰਪਾ ਕਰਕੇ ਕਈ ਦੁੱਖ ਕੱਟਦਾ ਹੈ। ਇਸ ਨੂੰ ਵਿਸ਼ਵਾਸ ਕਿਹਾ ਜਾਂਦਾ ਹੈ, ਇਹ ਕੋਈ ਕਰਮ–ਕਾਂਡ ਨਹੀਂ ਹੈ। ਕਿਸੇ ਕਵੀ ਨੇ ਬਹੁਤ ਖੂਬ ਲਿਖਿਆ ਹੈ–

ਵਿਸ਼ਵਾਸ ਹੈ,

ਜਿਆਂ ਕਰੇਗਾ ਇਕ ਦਿਨ,

ਜੋ ਅਦਲੀ ਕਰ ਧਿਆਇਆ,

ਦਰਦ ਕਹਾਣੀ ਸੁਣਕੇ,

ਐਵੇਂ ਗੱਚ ਜਿਹਾ ਭਰ ਆਇਆ।

ਅੰਤ ਵਿਚ ਇਹੋ ਲਿਖਣਾ ਚਹਾਗਾਂ ਕਿ ਉਸ ਪਰਮ ਪਿਤਾ ਪਰਮੇਸ਼ਵਰ ਅੱਗੇ ਨਿਆਂ ਲਈ ਅਤੇ ਮਨੁੱਖਤਾ ਦੇ ਭਲੇ ਲਈ ਅਰਦਾਸ ਕਰਨੀ ਚਾਹੀਦੀ ਹੈ। ਸਭ ਕੁਝ ਜਲਦ ਹੀ ਠੀਕ ਹੋ ਜਾਵੇਗਾ।

ਮੈਂ ਧੰਨਵਾਦੀ ਹਾਂ ਡਾ. ਸਰਬਜਿੰਦਰ ਸਿੰਘ ਜੀ ਪ੍ਰੋਫੈਸਰ ਤੇ ਮੁਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਟੀ, ਪਟਿਆਲਾ ਦਾ ਜਿਨ੍ਹਾਂ ਨੇ ਇਸ ਪੁਸਤਕ ਲਈ 'ਦੋ ਸ਼ਬਦ' ਲਿਖ ਕੇ ਮਾਣ ਦਿੱਤਾ ਹੈ।

ਮੈਂ ਧੰਨਵਾਦੀ ਹਾਂ ਇਸ ਪੁਸਤਕ ਨੂੰ ਅਮਲੀ ਰੂਪ ਦੇਣ ਲਈ ਪੰਥਕ ਇਤਿਹਾਸਕਾਰ ਡਾ. ਹਰਬੰਸ ਕੌਰ ਸੱਗੂ ਡਾਇਰੈਕਟਰ ਇੰਟਰਨੈਸ਼ਨਲ ਸੈਂਟਰ ਫਾਰ ਸਿੱਖ ਸਟਡੀਜ਼ ਦਾ ਜਿਨ੍ਹਾਂ ਨੇ ਇਸ ਮਹਾਨ ਕਾਰਜ ਦੀ ਸੰਪੂਰਨਤਾ ਵਿਚ ਵਡਮੁੱਲਾ ਹਿੱਸਾ ਪਾਇਆ ਹੈ।

ਦਾਸ ਆਪਣੀ ਧਰਮ ਪਤਨੀ ਸਰਦਾਰਨੀ ਉਪਿੰਦਰ ਕੌਰ, ਪਿਆਰੇ ਬੱਚੇ ਕ੍ਰਿਤਲੀਨ ਕੌਰ, ਦਿਵਨੂਰ ਸਿੰਘ ਅਤੇ ਸਮੁੱਚੇ ਪਰਿਵਾਰ ਦਾ ਧੰਨਵਾਦੀ ਹੈ, ਜੋ ਇਸ ਪੁਸਤਕ ਨੂੰ ਸੰਪੂਰਨ ਕਰਨ ਲਈ ਮੇਰੇ ਸਹਿਯੋਗੀ ਅਤੇ ਪ੍ਰੇਰਨਾ ਸ੍ਰੋਤ ਬਣੇ। ਸ.ਭੁਪਿੰਦਰ ਸਿੰਘ ਵੱਲੋਂ ਮਿਲੇ ਸਹਿਯੋਗ ਲਈ ਵੀ ਧੰਨਵਾਦੀ ਹਾਂ ਸਟ੍ਰਾਬਰੀ ਹਿੱਲ ਲਾਇਬ੍ਰੇਰੀ, ਸਰੀ (ਵੈਨਕੂਵਰ) ਦਾ ਜਿਨ੍ਹਾਂ ਨੇ ਮੈਨੂੰ ਇਸ ਪੁਸਤਕ ਨੂੰ ਸੰਪੂਰਨ ਕਰਨ ਲਈ ਪੁਸਤਕਾਂ ਉਪਲੱਬਧ ਕਰਵਾਈਆਂ।

ਸਰਦਾਰ ਸਵਰਨ ਸਿੰਘ ਜੀ ਨੇ ਪੁਸਤਕ **'ਅਰਦਾਸ ਦੀ ਮਹਾਨਤਾ'** ਦੀ ਭਾਸ਼ਾ ਨੂੰ ਨਿਖਾਰਨ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ, ਜਿਸ ਦਾ ਮੈਨੂੰ ਪੂਰਾ–ਪੂਰਾ ਅਹਿਸਾਸ ਹੈ। ਸਰਦਾਰਨੀ ਜਸਵਿੰਦਰ ਕੌਰ ਜੀ, ਪੰਜਾਬੀ ਹੈਲਪਲਾਇਨ ਦੇ ਸਹਿਯੋਗ ਲਈ ਰਿਣੀ ਹਾਂ। ਅਖੀਰ ਵਿੱਚ ਮੈਂ ਧੰਨਵਾਦ ਕਰਨਾ ਚਾਹੁੰਗਾ ਸਰਦਾਰ ਬਲਬੀਰ ਸਿੰਘ, ਮਨਪ੍ਰੀਤ ਪ੍ਰਕਾਸ਼ਨ ਦਾ ਜਿਨ੍ਹਾਂ ਇਸ ਪੁਸਤਕ ਨੂੰ ਪ੍ਰਕਾਸ਼ਿਤ ਕਰਨ ਦਾ ਜ਼ੁੰਮਾ ਆਪਣੇ ਉੱਪਰ ਲਿਆ ਅਤੇ ਬਖ਼ੂਬੀ ਨਿਭਾਇਆ ਹੈ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਇਸੇ ਪ੍ਰਕਾਰ ਮਾਂ ਬੋਲੀ ਦੀ ਸੇਵਾ ਕਰਦੇ ਰਹਿਣ। ਅਕਾਲ ਪੁਰਖ ਉਹਨਾਂ ਨੂੰ ਚੰਗੀ ਸਿਹਤ ਬਖਸ਼ੇ।

**ਕੁਲਮੋਹਨ ਸਿੰਘ**

## ਬੇਨਤੀ

ਸਿੱਖ ਅਰਦਾਸ ਵਿੱਚ ਨਿਰੰਤਰਤਾ ਹੈ। ਜੋ ਸਿੱਖ ਦੇ ਮਨ ਨੂੰ ਸਰਬ ਸਮਿਆਂ ਨਾਲ ਜੋੜੀ ਰੱਖਦੀ ਹੈ। 'ਅਰਦਾਸ ਦੀ ਮਹਾਨਤਾ' ਨੂੰ ਬਿਆਨ ਕਰਦਿਆਂ ਹਥਲੀ ਪੁਸਤਕ ਵਿੱਚ ਇਲਾਹੀ ਧੁਰ ਕੀ ਬਾਣੀ ਦੇ ਅਨੇਕਾਂ ਹੀ ਸ਼ਬਦਾਂ ਨੂੰ ਵਰਤੋਂ ਵਿੱਚ ਲਿਆਂਦਾ ਗਿਆ ਹੈ। ਜਿਨ੍ਹਾਂ ਰਾਹੀਂ ਅਰਦਾਸ ਨਾਲ ਸੰਬੰਧਿਤ ਲੇਖਾਂ ਨੂੰ ਸ਼ਬਦ–ਬੱਧ ਕੀਤਾ ਗਿਆ ਹੈ। ਸੁਭਾਵਿਕ ਹੈ ਕਿ ਅਜਿਹਾ ਉਪਰਾਲਾ ਕਰਦਿਆਂ ਇੱਕ ਨਹੀਂ ਅਨੇਕਾਂ ਹੀ ਗਲਤੀਆਂ ਹੋਈਆਂ ਹੋਣਗੀਆਂ ਜਿਸ ਵਿੱਚ ਸੁਧਾਰ ਦੀ ਗੁੰਜਾਇਸ਼ ਜਰੂਰ ਹੈ। ਇਸ ਲਈ ਪਾਠਕਾਂ ਨੂੰ ਬੇਨਤੀ ਹੈ ਕਿ ਅਜਿਹੀਆਂ ਉਣਤਾਈਆਂ ਦ੍ਰਿਸ਼ਟੀਗੋਚ ਕਰਨ ਦੀ ਕ੍ਰਿਪਾਲਤਾ ਜਰੂਰ ਕਰਨ ਕਿਉਂਕਿ ਇਹ ਵਿਸ਼ਾ ਕਦੀ ਨਾ ਮੁੱਕਣ ਵਾਲਾ ਇੱਕ ਅਜਿਹਾ ਵਿਸ਼ਾ ਹੈ ਜੋ ਨਿਰੰਤਰਤਾ ਵਿੱਚ ਚਲਦਾ ਹੈ। ਜਿਸਦਾ ਅੰਤ ਕਦੀ ਵੀ ਨਹੀਂ ਹੋ ਸਕਦਾ। ਇਸ ਲਈ ਜੋ ਅਸੀਂ ਲਿਖਿਆ ਹੈ ਉਹ ਸੰਪੂਰਣ ਨਹੀਂ ਹੈ। ਸਿੱਖ ਅਰਦਾਸ ਬਾਰੇ ਪਹਿਲਾਂ ਵੀ ਖੋਜਾਂ ਹੋਈਆਂ ਹਨ, ਹੁਣ ਵੀ ਹੋ ਰਹੀਆਂ ਹਨ ਤੇ ਭਵਿੱਖ ਵਿੱਚ ਵੀ ਇਹ ਖੋਜਾਂ ਹੁੰਦੀਆਂ ਰਹਿਣਗੀਆਂ।

# ਭੂਮਿਕਾ

ਸਿੱਖ ਧਰਮ ਦੀ ਪ੍ਰਾਰਥਨਾ ਦਾ ਨਾਮ ਅਰਦਾਸ ਹੈ, ਅਰਦਾਸ ਜੀਵ ਵੱਲੋਂ ਪ੍ਰਮਾਤਮਾ ਅੱਗੇ ਕੀਤੀ ਗਈ ਬੇਨਤੀ ਹੈ। ਗੁਰਮਤਿ ਵਿੱਚ ਅਰਦਾਸ ਦੀ ਖਾਸ ਅਹਿਮੀਅਤ ਹੈ। ਅਰਦਾਸ ਕਰਨ ਦੀ ਇਸ ਮਹਾਨ ਪ੍ਰੰਪਰਾ ਦਾ ਉਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕਾਂ ਵਾਰ ਹੋਇਆ ਹੈ। ਮਨੁੱਖ ਦਾ ਸੁਭਾਅ ਹੈ ਮੰਗਣਾ ਤੇ ਉਹ ਅਰਦਾਸ ਰਾਹੀਂ ਰੱਬ ਪਾਸੋਂ ਬਹੁਤ ਕੁਝ ਮੰਗਦਾ ਹੈ। ਕਿਸੇ ਦੂਸਰੇ ਮਨੁੱਖ ਪਾਸੋਂ ਮੰਗਣ ਲੱਗਿਆਂ ਉਸਨੂੰ ਸੰਗ ਆਉਂਦੀ ਹੈ ਕਿਉਂਕਿ ਮਨੁੱਖ ਨੇ ਕੀਤੀ ਹੋਈ ਮਦਦ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਜਤਾ ਦੇਣਾ ਹੁੰਦਾ ਹੈ। ਇਸ ਲਈ ਰੱਬ ਕੋਲੋਂ ਮੰਗਣ ਲੱਗਿਆਂ ਨਾ ਤਾਂ ਸੰਗ ਆਉਂਦੀ ਹੈ ਤੇ ਨਾ ਹੀ ਕੋਈ ਸੀਮਾ ਜਾਂ ਹੱਦ ਹੁੰਦੀ ਹੈ।ਰੱਬ ਕੋਲੋਂ ਮੰਗਣ ਦੀ ਪ੍ਰਕਿਰਿਆ ਨੂੰ ਵੱਖ–ਵੱਖ ਧਰਮਾਂ ਵਿੱਚ ਵੱਖ–ਵੱਖ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ, ਸਿੱਖ ਧਰਮ ਵਿੱਚ ਇਸਨੂੰ ਅਰਦਾਸ, ਹਿੰਦੂ ਧਰਮ ਵਿੱਚ ਪ੍ਰਾਰਥਨਾ, ਕ੍ਰਿਸ਼ਚਨ ਧਰਮ ਵਿੱਚ ਪ੍ਰੇਅਰ ਤੇ ਇਸਲਾਮ ਧਰਮ ਵਿੱਚ ਇਸਨੂੰ ਨਮਾਜ਼ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਸਿੱਖ ਅਰਦਾਸ ਅਤੇ ਦੂਸਰੇ ਧਰਮਾਂ ਦੀ ਅਰਦਾਸ ਵਿੱਚ ਕਈ ਥਾਵਾਂ ’ਤੇ ਸੋਚ ਦਾ ਵਖਰੇਵਾਂ ਵੀ ਆ ਜਾਂਦਾ ਹੈ, ਕਿਉਂਕਿ ਸਿੱਖ ਦੀ ਅਰਦਾਸ ਨਿੱਜੀ ਹੁੰਦਿਆਂ ਹੋਇਆਂ ਵੀ ਸਮੁੱਚੇ ਬ੍ਰਹਿਮੰਡ ਦੀ ਅਰਦਾਸ ਬਣ ਜਾਂਦੀ ਹੈ। ਜਦਕਿ ਬਾਕੀ ਧਰਮਾਂ ਦੀ ਅਰਦਾਸ ਨਿਰੋਲ ਨਿੱਜੀ ਪ੍ਰਾਰਥਨਾ ਹੀ ਕਹੀ ਜਾ ਸਕਦੀ ਹੈ। ਦੂਸਰਿਆਂ ਧਰਮਾਂ ਵਿੱਚ ਜੇਕਰ ਧਰਮ ਦਾ ਅਨੁਯਾਈ ਧਰਮ ਵਿੱਚ ਵਿਸ਼ਵਾਸ਼ ਨਹੀਂ ਰੱਖਦਾ ਤਾਂ ਉਸਨੂੰ ‘ਕਾਫ਼ਰ’ ਤਕ ਕਿਹਾ ਜਾਂਦਾ ਹੈ। ਜਦਕਿ ਸਿੱਖ ਦੀ ਅਰਦਾਸ ਤਾਂ ਸਰਬੱਤ ਦੇ ਭਲੇ ਲਈ ਕੀਤੀ ਜਾਂਦੀ ਹੈ।ਅਰਦਾਸ ਦੇ ਇਸ ਵਿਸ਼ੇ ਰਾਹੀਂ ਜਿੱਥੇ ਅਸੀਂ ਸਿੱਖ ਅਰਦਾਸ ਦਾ ਅਧਿਐਨ ਕਰਾਂਗੇ, ਉਥੇ ਹੋਰਨਾਂ ਧਰਮਾਂ ਵਿੱਚ ਕੀਤੀ ਜਾਂਦੀ **‘ਅਰਦਾਸ’** ਸਵਰੂਪ ਨੂੰ ਵੀ ਜਾਨਣ ਦਾ ਯਤਨ ਕਰਾਂਗੇ।

**‘ਅਰਦਾਸ’** ਕੁਝ ਸ਼ਬਦਾਂ ਦਾ ਸੁਮੇਲ ਹੀ ਨਹੀਂ ਮਨੁੱਖੀ ਮਨਾਂ ਦੀ ਤੜਪ ਅਤੇ ਸ਼ੁਕਰਾਨੇ ਦਾ ਇਜ਼ਹਾਰ ਵੀ ਹੈ। ਇਹ ਅੰਤਰ ਆਤਮਾ ਦੇ ਅੰਤਰਾਤਲ ਤੋਂ ਉੱਠ ਕੇ ਅਕਾਸ਼ ਦੀਆਂ ਉਚਾਈਆਂ ਨੂੰ ਚੀਰਦੀ ਹੋਈ ਉਸ ਅਗੰਮ ਪ੍ਰਭੂ ਪਾਸ ਪਹੁੰਚਦੀ ਹੈ। ਜਿਸਨੂੰ ਮਨੁੱਖ ਆਪਣਾ ਆਸਰਾ ਜਾਂ ਸਹਾਰਾ ਸਮਝਦਾ ਹੈ। ਰੱਬ ਕੋਲੋਂ ਮੰਗਣ ਲਈ ਕਦੀ ਵੀ ਸ਼ਬਦਾਂ ਦੀ ਮੁਹਥਾਜੀ ਨਹੀਂ ਹੋ ਸਕਦੀ। ਇਨਸਾਨ ਦੀ ਅਵਾਜ਼ ਦੀ ਗਤੀ ਬਹੁਤ ਤੇਜ਼ ਵੀ ਹੈ ਤੇ ਹੌਲੀ ਵੀ, ਤਾਂ ਵੀ ਇਸ ਅਵਾਜ਼ ਦੇ ਪਹੁੰਚਣ ਦੀ ਇੱਕ ਸੀਮਾ ਹੈ। ਇਸ ਲਈ ਅੰਤਰ ਆਤਮਾ ਵਿੱਚੋਂ ਨਿਕਲੀ ਹੋਈ ਅਰਦਾਸ ਰੂਪੀ ਅਵਾਜ਼ ਧੁਰ ਦਰਗਾਹ ਤਕ ਪਹੁੰਚਦੀ ਵੀ ਹੈ ਤੇ ਸੁਣੀ ਵੀ ਜਾਂਦੀ ਹੈ। ਕਈ ਵਾਰ ਅਸੀਂ ਅਰਦਾਸ ਕਰਦੇ ਹਾਂ, ਸਾਡਾ ਸਿਰ ਝੁਕਿਆ ਵੀ ਹੁੰਦਾ ਹੈ, ਹੱਥ ਜੁੜੇ ਵੀ ਹੁੰਦੇ ਹਨ ਪਰ ਅਸੀਂ ਉਸ ਅਰਦਾਸ ਵਿੱਚ ਮਾਨਸਿਕ ਰੂਪ ਵਿੱਚ ਸ਼ਾਮਿਲ ਨਹੀਂ ਹੁੰਦੇ। ਕੇਵਲ ਸਰੀਰ ਹੀ ਉੱਥੇ ਮੌਜੂਦ ਹੁੰਦਾ ਹੈ। ਅਸਲ ਵਿੱਚ ਅਰਦਾਸ ਤਨ ਅਤੇ ਮਨ ਨਾਲ ਸਾਂਝੇ ਰੂਪ ਵਿੱਚ ਕੀਤੀ ਜਾਣ ਵਾਲੀ ਕਿਰਿਆ ਹੈ। ਇਸ ਲਈ ਜਦੋਂ ਤੱਕ ਮਨ ਨੂੰ ਉਸ ਪ੍ਰਭੂ ਪ੍ਰਮਾਤਮਾ ਨਾਲ ਨਹੀਂ ਜੋੜਿਆ ਜਾਂਦਾ ਉਦੋਂ ਤਕ ਅਰਦਾਸ ਸੰਪੂਰਨ ਨਹੀਂ ਹੋ ਸਕਦੀ।

ਅਰਦਾਸ ਲਈ ਤਾਂ ਨਿਮਰਤਾ, ਸਿਦਕ, ਸਮਰਪਣ ਹੀ ਉਸਦਾ ਵਿਸ਼ੇਸ਼ ਗੁਣ ਹੈ। ਜੇਕਰ ਸਿੱਖ ਦੁਆਰਾ ਕੀਤੀ ਅਰਦਾਸ ਵਿੱਚ ਨਿਮਰਤਾ, ਸਿਦਕ (ਵਿਸ਼ਵਾਸ਼) ਤੇ ਸਮਰਪਣ ਨਹੀਂ ਹੈ, ਤਾਂ ਉਹ ਅਰਦਾਸ, ਅਰਦਾਸ ਨਾ ਹੋ ਕੇ ਕੇਵਲ ਇੱਕ ਕਿਰਿਆ ਹੈ, ਜੋ ਅਸੀਂ ਮੰਗਣ ਲਈ ਨਹੀਂ ਸਗੋਂ ਵਿਖਾਵੇ ਲਈ ਕਰ ਰਹੇ ਹਾਂ। ਜੇ ਅਸੀਂ ਅਰਦਾਸ ਨੂੰ ਇਤਿਹਾਸ ਦੇ ਦ੍ਰਿਸ਼ਟੀਕੋਣ ਤੋਂ ਵੇਖੀਏ ਤਾਂ ਸਾਨੂੰ ਸਮਝ ਆਵੇਗਾ ਕਿ ਅਰਦਾਸ ਗੁਰੂ ਨਾਨਕ ਦੇਵ ਜੀ ਨੇ ਵੀ ਕੀਤੀ, ਬਾਬਰ ਦੇ ਜ਼ੁਲਮ ਨੂੰ ਵੇਖ ਕੇ–

**ਏਤੀ ਮਾਰ ਪਈ ਕਰਲਾਣੈ ਤੈਂ ਕੀ ਦਰਦੁ ਨ ਆਇਆ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.360)

ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ 'ਤੇ ਅਰਦਾਸ ਕਰਦਿਆਂ ਕਿਹਾ**, 'ਤੇਰਾ ਕੀਆ ਮੀਠਾ ਲਾਗੈ'**, ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਅਰਦਾਸ ਕੀਤੀ, ਸਾਹਿਬਜ਼ਾਦਿਆਂ ਲਈ ਮਾਤਾ ਗੁਜਰੀ ਜੀ ਨੇ ਅਰਦਾਸ ਕੀਤੀ ਕਿ ਨੰਨ੍ਹੀਆਂ ਜਿੰਦਾਂ ਡੋਲਣ ਨਾ। ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ ਆਦਿ ਬੇਅੰਤ ਸ਼ਹੀਦ ਸਿੰਘ ਮੌਤ ਤੋਂ ਡਰੇ ਨਹੀਂ ਪਰ ਬਚਨ 'ਤੇ ਪੂਰੇ ਰਹੇ ਤੇ ਅਰਦਾਸ ਰਾਹੀਂ ਸ਼ੁਕਰਾਨਾ ਕਰਦੇ ਰਹੇ।

ਜੇਕਰ ਵੇਖਿਆ ਜਾਵੇ ਤਾਂ ਸਾਰਾ ਸੰਸਾਰ ਹੀ ਕਿਸੇ ਨਾ ਕਿਸੇ ਕਾਰਣ ਦੁਖੀ ਹੈ। ਗੁਰਬਾਣੀ ਦਾ ਫ਼ੁਰਮਾਨ ਹੈ **'ਨਾਨਕ ਦੁਖੀਆ ਸਭੁ ਸੰਸਾਰ'** ਸਾਡੇ ਪਾਸ ਇਤਨਾ ਬੱਲ ਨਹੀਂ ਕਿ ਅਸੀਂ ਕਿਸੇ ਪੀੜਾ ਜਾਂ ਦੁਖ ਨੂੰ ਜਰ ਸਕੀਏ , ਕਿਉਂਕਿ ਸਾਡਾ ਬੱਲ ਨਿਗੁਣਾ ਹੈ। ਇਸ ਲਈ ਹਰ ਕੋਈ ਹਰ ਵੇਲੇ ਕਿਸੇ ਆਸਰੇ ਨੂੰ ਲੱਭਦਾ ਰਹਿੰਦਾ ਹੈ ਉਹ ਆਸਰਾ ਕੇਵਲ ਅਰਦਾਸ ਹੀ ਹੈ। "ਅਰਦਾਸ ਮਨੁੱਖ ਦੀਆਂ ਲੋੜਾਂ ਪੂਰੀਆਂ ਕਰਨ ਦੇ ਨਾਲ–ਨਾਲ ਉਸ ਪ੍ਰਮਾਤਮਾ ਵਿੱਚ ਅਭੇਦ ਹੋਣ ਦਾ ਸਾਧਨ ਵੀ ਹੈ।" ਅਰਦਾਸ ਰਾਹੀਂ ਉਸ ਰੱਬੀ ਨੂਰ ਜਾਂ ਉਸ ਅਸੀਮ ਸ਼ਕਤੀ ਦੇ ਨੇੜੇ ਪੁੱਜਣ ਦਾ ਰਾਹ ਵੀ ਖੋਲ ਸਕਦੇ ਹਾਂ। ਜਿਵੇਂ–ਜਿਵੇਂ ਅਰਦਾਸ ਉਸ ਅਕਾਲ ਪੁਰਖ ਦੇ ਚਰਨਾਂ ਵੱਲ ਹੋ ਰਹੀ ਹੁੰਦੀ ਹੈ, ਤਿਵੇਂ–ਤਿਵੇਂ ਉਸਦੀ ਕਿਰਪਾ ਅਤੇ ਉਸਦੀ ਨੇੜ੍ਹਤਾ ਦਾ ਅਹਿਸਾਸ ਵੀ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਸ ਮਾਲਕ ਨੇ ਸਾਨੂੰ ਇਸ ਮਿੱਟੀ ਦੇ ਭਾਂਡੇ ਵਿੱਚ ਤਿਆਰ ਕੀਤਾ ਹੈ, ਉਸੇ ਦਿਆਲ ਮਾਲਕ ਨੇ ਸਾਨੂੰ ਪੁਕਾਰ ਕਰਨ ਦਾ ਹੱਕ ਵੀ ਦਿੱਤਾ ਹੈ। ਸਾਡੀ ਅੰਤਰ ਪੀੜਾ ਉਸਤੋਂ ਵੱਧ ਹੋਰ ਕੌਣ ਜਾਣ ਸਕਦਾ ਹੈ? ਅਰਦਾਸ ਵੀ ਉਸੇ ਅੱਗੇ ਕੀਤੀ ਜਾਂਦੀ ਹੈ ਜੋ ਉਸਨੂੰ ਪੂਰਾ ਕਰ ਸਕਦਾ ਹੋਵੇ। ਇੱਥੇ ਇੱਕ ਗਲ੍ਹ ਬਹੁਤ ਵਿਸ਼ੇਸ਼ ਹੈ ਕਿ ਅਰਦਾਸ ਅਸੀਂ ਦਿਲੋਂ ਇੱਕ ਅੱਗੇ ਹੀ ਕਰਨੀ ਹੈ, ਥਾਂ–ਥਾਂ ਨਹੀਂ, ਉਹ ਕੇਵਲ ਇੱਕ ਅਕਾਲ ਪੁਰਖ ਹੈ। ਅੱਜ ਅਸੀਂ ਆਪਣੀਆਂ ਸੰਸਾਰਕ ਮੰਗਾਂ ਨੂੰ ਪੂਰਣ ਲਈ ਇੱਕ ਰੱਬ ਦਾ ਲੜ ਛੱਡ ਕੇ ਭਰਮ ਭੁਲੇਖਿਆਂ ਵਿੱਚ ਪੈ ਜਾਂਦੇ ਹਾਂ ਅਤੇ ਭਟਕ ਜਾਂਦੇ ਹਾਂ। ਇਸ ਲਈ ਸਾਨੂੰ ਇਹ ਗਲ੍ਹ ਸਮਝਣ ਦੀ ਖਾਸ ਲੋੜ ਹੈ ਕਿ ਜਿਸ ਪਾਸੋਂ ਅਸੀਂ ਮੰਗ ਰਹੇ ਹਾਂ ਉਹ ਸਤਿਗੁਰੂ ਕੌਣ ਹੈ? ਸਤਿਗੁਰੂ ਦੀ ਦੇਹ ਗੁਰੂ ਨਹੀਂ, ਗੁਰੂ ਦਾ ਅਰਥ ਸ਼ਬਦ ਗੁਰੂ ਹੈ। ਜਿਸ ਪਾਸੋਂ ਅਸੀਂ ਨਿਮਰਤਾ, ਸਿਦਕ ਅਤੇ ਆਤਮਕ ਸਮਰਪਣ ਨਾਲ ਮੰਗਣਾ ਹੈ। ਫਿਰ ਉਹ ਆਪਣੀਆਂ ਮਿਹਰਾਂ ਦੇ ਅੰਬਾਰ ਲਗਾ ਦਿੰਦਾ ਹੈ। 'ਉਹ ਸਤਿਗੁਰੂ ਦਾ ਸਤਿਕਾਰਤ ਸਰੂਪ ਹੈ।'

ਅਰਦਾਸ ਰਾਹੀਂ ਉਸ ਅਕਾਲ ਪੁਰਖ ਦੇ ਬੂਹੇ ’ਤੇ ਦਸਤਕ ਦਿੱਤੀ ਜਾ ਸਕਦੀ ਹੈ ਅਤੇ ਉਹ ਬੂਹਾ ਖੁੱਲ ਵੀ ਜਾਂਦਾ ਹੈ। ਵੱਖ–ਵੱਖ ਵਿਦਵਾਨ ‘ਅਰਦਾਸ’ ਸ਼ਬਦ ਨੂੰ ਵੱਖ–ਵੱਖ ਭਾਸ਼ਾਵਾਂ ਤੋਂ ਲਿਆ ਮੰਨਦੇ ਹਨ। ਡਾ. ਗੰਡਾ ਸਿੰਘ ਅਤੇ ਡਾ. ਪਿਆਰ ਸਿੰਘ ‘ਅਰਦਾਸ’ ਸ਼ਬਦ ਨੂੰ ਫ਼ਾਰਸੀ ਦੇ ‘ਅਰਜ਼ਦਾਸ਼ਤ’ ਦਾ ਸੰਖੇਪ ਦੱਸਦੇ ਹਨ। ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਮੁਤਾਬਿਕ ਇਹ ਸ਼ਬਦ ਸੰਸਕ੍ਰਿਤ ਤੋਂ ਆਇਆ ਮੰਨਦੇ ਹਨ, ‘ਅਰਦੰ’ (ਮੰਗਣਾ) ਤੇ ਆਸ (ਮੁਰਾਦ) ਦਾ ਸੰਧੀ ਸਰੂਪ ਹੈ। ਜੇ ਭਾਸ਼ਾਵਾਂ ਦੇ ਗੇੜ ਵਿੱਚ ਆਈਏ ਤਾਂ ਮੇਰੀ ਵਿਚਾਰ ਹੈ ਕਿ ਅਰਦਾਸ ਦੋਨੋਂ ਹਲਾਤਾਂ ਵਿੱਚ ਬੇਸਹਾਰਾ ਮਨੁੱਖ ਦੇ ਮੰਗਣ ਦੀ ਵਿਧੀ ਹੀ ਹੈ। ਜਦੋਂ ਉਸ ਪਾਸ ਕੋਈ ਵੀ ਚਾਰਾ ਨਾ ਹੋਵੇ, ਭਾਵੇਂ ਉਹ ਵੇਲਾ ਖੁਸ਼ੀ ਦਾ ਹੋਵੇ ਜਾਂ ਔਕੜ ਦਾ, ਫਰਿਆਦ ਅਤੇ ਸ਼ੁਕਰਾਨਾ ਹੈ ਤਾਂ ਅਰਦਾਸ ਹੀ। ਕਈ ਜਗ੍ਹਾ ਅਰਦਾਸ ਦੇ ਅੱਖਰੀ ਭਾਵ ਇੰਝ ਵੀ ਕੀਤੇ ਜਾਂਦੇ ਹਨ:–

ਅ – ਅੰਤਰਜਾਮੀ, ਜੋ ਸਾਡੇ ਅੰਦਰ ਬੈਠਾ ਘੱਟ–ਘੱਟ ਦੀ ਜਾਣਦਾ ਹੈ।

ਰ – ਰਾਖਾ ਜਾਂ ਰਖਵਾਲਾ।

ਦਾ – ਦਾਤਾਰ।

ਸ – ਸਹਾਰਾ, ਆਸਰਾ ਜਾਂ ਓਟ।

ਅਰਦਾਸ ਦੀ ਵਿਧੀ ਜਾਂ ਭਾਵਨਾ ਉਹੀ ਸਮਝ ਸਕਦਾ ਹੈ ਜਾਂ ਸਕਦੀ ਹੈ ਜਿਸ ਦੀ ਅੰਤਰ ਆਤਮਾ ਅੰਦਰੋਂ ਬਾਹਰੋਂ ਅਕਾਲ ਪੁਰਖ ਦੇ ਨਾਮ ਨਾਲ ਭਿੱਜੀ ਹੋਵੇ। ਆਮ ਤੌਰ ’ਤੇ ਮਨੁੱਖ ਲੋੜਾਂ ਦੀ ਪੂਰਤੀ ਲਈ ਹੀ ਅਰਦਾਸ ਕਰਦੇ ਹਨ ਅਤੇ ਉਸਦੀ ਮੂਲ ਭਾਵਨਾ ਨੂੰ ਨਾ ਤਾਂ ਉਹ ਸਮਝ ਪਾਉਂਦੇ ਹਨ ਤੇ ਨਾ ਹੀ ਉਸ ਅਵੱਸਥਾ ਤਕ ਪਹੁੰਚਣ ਦਾ ਉਪਰਾਲਾ ਕਰਦੇ ਹਨ। ਉਹਨਾਂ ਲਈ ਅਰਦਾਸ ਕੇਵਲ ਕਿਸੇ ਰੀਤੀ ਰਿਵਾਜ਼ ਦਾ ਹਿੱਸਾ ਹੈ। ਚੰਦ ਸ਼ਬਦਾਂ ਦੇ ਸੁਮੇਲ ਨੂੰ ਕੇਵਲ ਯਾਦ ਕਰਨਾ ਜਾਂ ਉਸਨੂੰ ਸੁਣਨਾ ਕਾਰਵਾਹੀ ਦਾ ਰੂਪ ਦੇਣਾ ਹੈ, ਪਰ ਉਹ ਇੱਕ ਭੁਲੇਖੇ ਵਿੱਚ ਹਨ। ਉਹ ਇਸ ਅਰਦਾਸ ਸ਼ਬਦ ਦੀ ਭਰਪੂਰ ਗਹਿਰਾਈ ਤਾਂਈ ਕਦੀ ਵੀ ਨਹੀਂ ਪਹੁੰਚ ਪਾਉਂਦੇ ਤੇ ਅਰਦਾਸ ਨੂੰ ਧਰਮ ਦੀ ਇੱਕ ਵਿਧੀ ਵਿਧਾਨ ਹੀ ਸਮਝਦੇ ਰਹਿ ਜਾਂਦੇ ਹਨ। ਅਰਦਾਸ ਸ਼ਬਦ ਦੇ ਅਰਥ ਸਮਝਣ ਲਈ ਤਾਂ ਅਰਦਾਸ ਕਰਨ ਵਾਲੇ ਨੂੰ ਇਸ ਅਵਸਥਾ ਦਾ ਹਾਣੀ ਹੋਣਾ ਪੈਂਦਾ ਹੈ।

**ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ॥**

**ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.517)

ਅਰਦਾਸ ਦੀ ਭਾਵਨਾ ਵਿੱਚ ਜੇਕਰ ਨਿਮਾਣਾਪਨ, ਭਰੋਸਾ, ਆਪਣਾਪਨ ਅਤੇ ਸਮਰਪਣ ਆਦਿ ਗੁਣ ਮੰਗਣ ਵਾਲੇ ਮਨੁੱਖ ਵਿੱਚ ਨਹੀਂ ਹਨ ਤਾਂ ਇੰਝ ਜਾਪਦਾ ਹੈ ਕਿ ਕੇਵਲ ਆਪਣੀਆਂ ਲੋੜਾਂ ਪੂਰੀਆਂ ਕਰਨ ਦਾ ਸਾਧਨ ਹੀ ਲੱਭਿਆ ਜਾ ਰਿਹਾ ਹੈ। ਜੇ ਮੰਗਣ ਵੇਲੇ, ਮੇਰੇ ਅੰਦਰ ਉਸ ਦੇਣ ਵਾਲੇ ਦਾਤੇ ਪ੍ਰਤੀ ਭਰੋਸਾ ਹੀ ਨਹੀਂ ਤਾਂ ਇੰਝ

ਜਾਪਦਾ ਹੈ ਕਿ ਉਸ ਪ੍ਰਭੂ ਦਾ ਇਮਤਿਹਾਨ ਲਿਆ ਜਾ ਰਿਹਾ ਹੈ ਕਿ ਜੇ ਉਹ ਮੇਰੀ ਮੰਗ ਮੰਨ ਲਊ ਤਾਂ ਉਹ ਹੈ, ਨਹੀਂ ਤਾਂ ਉਹ ਕੁਝ ਵੀ ਨਹੀਂ। ਇਸ ਭਾਵਨਾ ਨਾਲ ਕੀਤੀ ਅਰਦਾਸ ਕਦੇ ਵੀ ਪ੍ਰਭੂ ਤਕ ਨਹੀਂ ਪਹੁੰਚਦੀ, ਉਲਟਾ ਜੀਵ ਦੇ ਅੰਦਰ ਨਵਾਂ ਦੁਅੰਦ ਸ਼ੁਰੂ ਕਰ ਦਿੰਦੀ ਹੈ, ਉਸਦੀ ਹੋਂਦ ਦੇ ਅਸਲੇ ਦਾ। ਜਦੋਂ ਅਸੀਂ ਉਸ ਮਾਲਕ 'ਤੇ ਭਰੋਸਾ ਰੱਖ ਕੇ ਅਰਦਾਸ ਕਰਦੇ ਹਾਂ ਤਾਂ ਸੱਚ ਜਾਣਿਓ ਉਹ ਨਾ ਕੇਵਲ ਸਾਡੀ ਬੇਨਤੀ ਸੁਣਦਾ ਹੈ ਬਲਕਿ ਆਪ ਅੱਗੇ ਆ ਕੇ ਸਾਡੀ ਬਾਂਹ ਵੀ ਫੜ ਲੈਂਦਾ ਹੈ। ਬਸ ਲੋੜ ਹੈ ਆਪਣੇ–ਆਪ ਨੂੰ ਉਸ ਅਵੱਸਥਾ ਤਕ ਲੈ ਕੇ ਆਉਣ ਦੀ। ਹੇ ਪ੍ਰਭੂ! ਤੇਰੇ ਬਿਨ੍ਹਾਂ ਮੇਰਾ ਹੋਰ ਕੋਈ ਹੈ ਹੀ ਨਹੀਂ। ਮੈਂ ਤੇਰੇ ਅੱਗੇ ਗੋਡੇ ਟੇਕੇ ਹਨ, ਮਾਲਕ ਤੂੰ ਹੀ ਮੇਰਾ ਰੱਖਵਾਲਾ ਹੈ। ਭਰੋਸੇ ਦੀ ਉਸ ਸੀਮਾ ਤਕ ਜਾਣ ਦੀ ਲੋੜ ਹੈ ਜਿਸ ਨਾਲ ਅਸੀਂ ਉਸ ਦੀ ਕਿਰਪਾ ਦੇ ਪਾਤਰ ਵੀ ਬਣ ਜਾਂਦੇ ਹਾਂ। ਬੇ–ਭਰੋਸੇ ਨਾਲ ਕੀਤੀ ਅਰਦਾਸ ਮਨੁੱਖ ਨੂੰ ਨਿਰਾਸ਼ਤਾ ਦੇ ਸਿਖਰ ਤਾਂਈ ਲੈ ਜਾਂਦੀ ਹੈ, ਜਿੱਥੇ ਉਸ ਦੀ ਭਟਕਣਾ ਹੋਰ ਵੱਧ ਜਾਂਦੀ ਹੈ। ਇਸ ਦੇ ਉਲਟ ਉਸ ਨਿਰਾਸ਼ਤਾ ਦਾ ਪੱਲਾ ਨਾ ਫੜਦਿਆਂ, ਭਰੋਸੇ ਤੇ ਨਿਸ਼ਚੇ ਨਾਲ ਉਸ ਮਾਲਕ ਅੱਗੇ ਕੀਤੀ ਅਰਦਾਸ ਦੇ ਫਲਸਰੂਪ ਉਹ ਉਸ ਮਾਲਕ ਵਿੱਚ ਅਭੇਦ ਹੋ ਜਾਂਦਾ ਹੈ। ਸ਼ਾਲੀਨਤਾ ਦਾ ਗੁਣ ਹੀ ਕੇਵਲ ਉਸ ਸੰਪੂਰਣ ਅਰਦਾਸ ਲਈ ਕਿਸੇ ਮਨੁੱਖ ਨੂੰ ਉਸ ਪ੍ਰਭੂ ਪਾਸੋਂ ਮੰਗਣ ਲਈ ਪ੍ਰੇਰਿਤ ਕਰ ਸਕਦਾ ਹੈ ਕਿਉਂਕਿ ਜੇ ਮੰਗਣ ਵਾਲੇ ਵਿੱਚ ਨਿਮਰਤਾ ਹੀ ਨਹੀਂ ਉਸ ਮਨੁੱਖ ਦਾ ਹੰਕਾਰ ਉਸਨੂੰ ਮੰਗਣ ਤੋਂ ਰੋਕਦਾ ਹੈ ਜਾਂ ਉਸਦੀ ਰੁਕਾਵਟ ਬਣਦਾ ਹੈ। ਕਾਰਜ ਵੀ ਉਹਨਾਂ ਦੇ ਸੰਪੂਰਣ ਹੁੰਦੇ ਹਨ ਜੋ ਉਸ ਪ੍ਰਭੂ ਪ੍ਰਤੀ ਨਿਮਰ ਹੁੰਦੇ ਹਨ। ਇੱਥੇ ਮੇਰਾ ਮੰਨਣਾ ਹੈ ਕਿ ਜਦੋਂ ਕੋਈ ਅਕਾਲ ਪੁਰਖ ਅੱਗੇ ਝੁੱਕਦਾ ਹੈ ਤਾਂ ਉਹ ਉਸਦੇ ਵਿਸ਼ਵਾਸ਼ ਦਾ ਪਾਤਰ ਬਣ ਜਾਂਦਾ ਹੈ, ਉਸਦਾ ਅੰਦਰ ਵਿਸ਼ਵਾਸ਼ ਨਾਲ ਭਰ ਜਾਂਦਾ ਹੈ। ਇੱਥੇ ਹੀ ਵਿਸ਼ਵਾਸ਼ ਤੇ ਭਰੋਸੇ ਦੇ ਨਾਲ ਉਸ ਮਾਲਕ ਦੇ ਬੂਹੇ ਖੁੱਲਣੇ ਸ਼ੁਰੂ ਹੋ ਜਾਂਦੇ ਹਨ। ਹੌਲੀ–ਹੌਲੀ ਆਪਣੇ–ਆਪ ਸਾਡਾ ਉਸ ਮਾਲਕ ਨਾਲ ਰਿਸ਼ਤਾ ਬਣ ਜਾਂਦਾ ਹੈ। ਸਾਡੇ ਤੇ ਉਸ ਮਾਲਕ ਵਿੱਚ ਪਏ ਪਰਦੇ ਆਪਣੇ–ਆਪ ਹੱਟ ਜਾਂਦੇ ਹਨ। ਸਾਡੇ ਤੇ ਉਸ ਪ੍ਰਭੂ ਵਿਚਕਾਰ ਅਜਿਹੀ ਨੇੜਤਾ ਬਣ ਜਾਂਦੀ ਹੈ ਕਿ ਇੰਝ ਜਾਪਦਾ ਹੈ ਜਿਵੇਂ ਉਹ ਸਾਡੇ ਨਾਲ ਹੀ ਤੁਰਦਾ ਪਿਆ ਹੈ। ਸਾਡੀਆਂ ਦੂਰੀਆਂ ਮੁੱਕ ਜਾਂਦੀਆਂ ਹਨ। ਜਦੋਂ ਫਾਸਲੇ ਮੁੱਕ ਜਾਂਦੇ ਹਨ ਤਾਂ ਮੰਗਣ ਦੀ ਅਵੱਸਥਾ ਵੀ ਬਦਲ ਜਾਂਦੀ ਹੈ। ਭੁੱਖ ਮਤਲਬ 'ਮੰਗਣ ਦੀ ਭੁੱਖ'ਆਪ ਮੁਹਾਰੇ ਸੰਤੁਸ਼ਟੀ ਵੱਲ ਤੁਰਦੀ ਹੈ। ਇੱਥੇ ਇਹ ਵੀ ਜਾਨਣਾ ਲਾਜ਼ਮੀ ਹੈ ਕਿ ਝੁਕਾਅ ਦਾ ਗੁਣ ਵੀ ਅਤਿ ਜ਼ਰੂਰੀ ਹੈ। ਝੁਕਾਅ ਦਾ ਭਾਵ ਆਤਮ–ਸਮਰਪਣ ਹੀ ਹੈ। ਜੇ ਮੰਗਣ ਵਾਲੇ ਦੀ ਅਵੱਸਥਾ ਮੰਗਣ ਵਾਲੀ ਹੈ ਹੀ ਨਹੀਂ ਤਾਂ ਅਰਦਾਸ ਦਾ ਮੂਲ ਹੀ ਗਵਾਚ ਜਾਂਦਾ ਹੈ। ਜੇ ਮੰਗਣ ਵੇਲੇ ਇਕਾਗਰਤਾ, ਧਿਆਨ ਕਿਤੇ ਹੋਰ ਜਾਪਦਾ ਹੈ ਤਾਂ ਅਰਦਾਸ ਦਾ ਸਫ਼ਰ ਲੰਬਾ ਹੋ ਜਾਂਦਾ ਹੈ। ਕਿਉਂਕਿ ਅਜੇ ਅਰਦਾਸ ਮੈਂ, ਮੇਰੀ ਤੇ ਆਪਣੇ ਤੋਂ ਅੱਗੇ ਤੁਰੀ ਹੀ ਨਹੀਂ। ਜੇ ਅਜੇ ਮੈਂ ਆਪਣੀਆਂ ਮਨੌਤਾਂ ਲਈ ਥਾਂ–ਥਾਂ ਜਾ ਰਿਹਾ ਹਾਂ ਅਤੇ ਮੇਰਾ ਵਿਸ਼ਵਾਸ਼ ਨਹੀਂ ਬਣਦਾ ਪਿਆ, ਜੇ ਮੈਂ ਕੇਵਲ ਮਤਲਬ ਦਾ ਉੱਤਰ ਚਾਹੁੰਦਾ ਹਾਂ ਕਿ ਜਿੱਥੋਂ ਮੈਨੂੰ ਮੇਰੀ ਮਰਜ਼ੀ ਦਾ ਜਵਾਬ ਮਿਲੇ ਉਸੇ ਨੂੰ ਹੀ ਮੰਨ ਲਵਾਂ, ਭਾਵੇਂ ਉਸ ਕੋਈ ਵੀ ਮੜ੍ਹੀ–ਮਸਾਣ ਹੋਵੇ, ਟੂਣੇ ਤਵੀਤ ਹੋਣ ਜਾਂ ਅਰਦਾਸ, ਉਸ ਵੇਲੇ ਇਹ ਗਲ੍ਹ ਸਮਝ ਲਈਏ ਕਿ ਫਿਰ ਅਸੀਂ ਉਸ ਪ੍ਰਭੂ ਨੂੰ ਸਮਰਪਿਤ ਹੋਏ ਹੀ ਨਹੀਂ, ਜੇ ਉਸ ਮਾਲਕ ਨੂੰ ਅਰਦਾਸ ਕਰਦੇ ਅਸੀਂ ਇਹ ਕਹਿ ਦਈਏ ਕਿ, ਹੇ ਦੀਨ ਦੁਨੀਆ ਦੇ ਮਾਲਕ! ਸਾਰੀ ਦੁਨੀਆ ਦੇ ਰਖਵਾਲੇ! ਤੂੰ ਮੇਰੀ ਰਗ–ਰਗ ਦਾ ਵਾਕਫ ਹੈਂ, ਤੇਰੇ ਤੋਂ ਮੇਰੀ ਕਿਹੜੀ ਮੰਗ ਲੁਕੀ ਹੋਈ ਹੈ? ਜੇ ਤੂੰ ਸਭ ਤੇ ਦਿਲਾਂ ਦੀ ਜਾਣਦਾ ਹੈ ਤਾਂ

ਮੇਰੀ ਝੋਲੀ ਤੂੰ ਆਪ ਹੀ ਭਰਦੇ, ਕਿਉਂਕਿ ਜੇ ਮੈਂ ਮੰਗਣ ਲੱਗਾ ਤਾਂ ਮੇਰੀ ਮੱਤ ਬਹੁਤ ਛੋਟੀ ਹੈ, ਤੇਰਾ ਭੰਡਾਰਾ ਬਹੁਤ ਵੱਡਾ ਹੈ, ਮੇਰੀ ਝੋਲੀ ਦੀ ਸੋਝੀ ਤੈਨੂੰ ਹੀ ਪਤਾ ਹੈ। ਮੇਰਾ ਭਰੋਸਾ ਤੇਰੇ ਉੱਤੇ ਹੈ, ਮੈਂ ਨਿਮਰਤਾ ਤੇ ਵਿਸ਼ਵਾਸ਼ ਨਾਲ ਤੇਰੇ ਅੱਗੇ ਸਮਰਪਿਤ ਹੋ ਕੇ ਤੇਰੀ ਕਿਰਪਾ ਦਾ ਪਾਤਰ ਬਣ ਜਾਵਾਂ ਇਹੀ ਮੇਰੀ ਅਰਦਾਸ ਹੈ।

ਅਰਦਾਸ ਸਾਰੇ ਧਰਮਾਂ ਦੇ ਮਨੁੱਖਾਂ ਦੀਆਂ ਭਾਵਨਾਵਾਂ ਨੂੰ ਪਰਗਟ ਕਰਨ ਤੇ ਸਾਰੇ ਧਰਮਾਂ ਦੇ ਅੰਤ੍ਰੀਵ ਭਾਵ ਦੀ ਏਕਤਾ ਦਾ ਪ੍ਰਤੀਕ (ਸੂਚਕ) ਵੀ ਜਾਪਦੀ ਹੈ। ਕਿਸੇ ਵੀ ਧਰਮ ਦੀ ਮੁੱਢਲੀ ਪੌੜੀ ਉਸਦੀ ਅਰਦਾਸ ਹੀ ਹੋ ਸਕਦੀ ਹੈ। ਜਿਸਨੂੰ ਜਾਣ ਕੇ ਹੀ ਅਸੀਂ ਉਸ ਧਰਮ ਦੀ ਪਛਾਣ ਕਰ ਸਕਦੇ ਹਾਂ। ਵੇਖਣ ਨੂੰ ਤਾਂ ਹਰ ਧਰਮ ਆਪਣੇ ਵਿਸ਼ੇਸ਼ ਗੁਣਾਂ ਕਰਕੇ ਮੰਨਿਆ ਜਾਂਦਾ ਹੈ, ਉਸਦੀ ਜਾਣਕਾਰੀ ਹੀ ਸਾਨੂੰ, ਸਾਰੇ ਸਮਾਜ ਨੂੰ, ਜਗਤ ਨੂੰ ਇੱਕ ਮਨੁੱਖੀ ਡੋਰ ਨਾਲ ਬੰਨ੍ਹ ਦਿੰਦੀ ਹੈ। ਕੋਈ ਵੀ ਧਰਮ ਸਮਾਜ ਨੂੰ ਵੰਡਣ ਦੀ ਇਜ਼ਾਜਤ ਨਹੀਂ ਦਿੰਦਾ ਤੇ ਆਪੋ-ਆਪਣੇ ਫਲਸਫੇ ਨਾਲ ਮਨੁੱਖ ਮਾਤਰ ਨੂੰ ਉਸਦੀ ਸੀਮਾ ਯਾਦ ਕਰਵਾਓਦਾ ਰਹਿੰਦਾ ਹੈ। ਹੇ ਮਨੁੱਖ! ਤੂੰ ਨਿਮਰਤਾ, ਵਿਸ਼ਵਾਸ਼ ਨਾਲ ਉਸ ਮਾਲਕ ਅੱਗੇ ਝੁੱਕ ਕੇ, ਇਸ ਸੰਸਾਰ ਦੇ ਵਿਧਾਨ ਵਿੱਚ ਰਹਿ ਕੇ ਤੇ ਆਪ ਮੁਸ਼ਕਿਲ ਸਮੇਂ ਉਸ ਮਾਲਕ ਅੱਗੇ ਮੰਗ ਕਰ ਉਹ ਤੇਰੀ ਬਾਂਹ ਪਕੜੇਗਾ। ਵੱਖ-ਵੱਖ ਧਰਮਾਂ ਵਿੱਚ ਅਰਦਾਸ ਦੇ ਸ਼ਬਦ ਤੇ ਵਿਧੀ ਵੱਖ-ਵੱਖ ਹੋ ਸਕਦੀ ਹੈ ਪਰ ਮੂਲ ਭਾਵ ਇੱਕ ਹੀ ਹੈ। ਭਾਵੇਂ ਉਹ ਹਿੰਦੂ ਦੀ ਪ੍ਰਾਰਥਨਾ ਹੋਵੇ, ਇਸਲਾਮਿਕ ਨਮਾਜ਼ ਹੋਵੇ ਜਾਂ ਜੈਨ, ਬੋਧ ਤੇ ਸਿੱਖ ਦੀ ਅਰਦਾਸ ਹੋਵੇ। ਇਨ੍ਹਾਂ ਦੀ ਮੂਲ ਭਾਵਨਾ ਇੱਕ ਹੀ ਹੈ ਪਰ ਇਨ੍ਹਾਂ ਦੇ ਸਰੂਪ ਅੱਡ-ਅੱਡ ਜਰੂਰ ਹਨ। ਜਦੋਂ ਕੋਈ ਵੀ ਮਨੁੱਖ ਰੱਬ ਅੱਗੇ ਅਰਦਾਸ ਕਰਦਾ ਹੈ ਉਸਦੀ ਅਵੱਸਥਾ ਇੱਕ ਨਵੇਂ-ਨਰੋਏ ਮਨੁੱਖ ਵਾਂਗ ਹੋ ਜਾਂਦੀ ਹੈ ਜੋ ਅੰਦਰੋਂ-ਬਾਹਰੋਂ ਪੂਰਨ ਰੂਪ ਵਿੱਚ ਨਹਾਤਾ ਹੋਵੇ।

ਅਰਦਾਸ ਕਿਸੇ ਦੇਸ-ਕਾਲ ਤੇ ਸਮੇਂ ਦੀਆਂ ਹੱਦਾਂ ਤੋਂ ਪਰੇ ਹੈ ਜੋ ਮਨੁੱਖ ਦੇ ਅੰਦਰੋਂ ਉਸ ਦੀ ਆਤਮਾ 'ਤੇ ਪਏ ਅਵੇਸਲੇਪਨ ਨੂੰ ਦੂਰ ਕਰਨ ਲਈ ਵੀ ਸਹਾਈ ਹੁੰਦੀ ਹੈ। ਅਰਦਾਸ ਨੂੰ ਅਸੀਂ ਕਿਸੇ ਸਕੂਲੀ ਸਿਲੇਬਸ ਵਾਂਗ ਨਹੀਂ ਨਿਭਾ ਸਕਦੇ। ਇਸ ਨੂੰ ਜੀਵਨ ਦਾ ਅੰਗ ਮੰਨ ਕੇ ਹੀ ਜੀਵਿਆ ਜਾ ਸਕਦਾ ਹੈ। ਅਰਦਾਸ ਹਰ ਧਰਮ ਦਾ ਨਾ ਕੇਵਲ ਮੁੱਖ ਅੰਗ ਹੈ ਬਲਕਿ ਇਹ ਉਸ ਧਰਮ ਦੀ ਜੀਵਨ-ਜਾਚ ਦਾ ਢੰਗ ਵੀ ਦਰਸਾਉਂਦੀ ਹੈ। ਜੇ ਕਿਤੇ ਅਸੀਂ ਸਾਰੇ ਧਰਮਾਂ ਦੀਆਂ ਅਰਦਾਸਾਂ ਦੇ ਸਰੂਪ ਬਾਰੇ ਜਾਨਣ ਦਾ ਯਤਨ ਕਰਾਂਗੇ ਤਾਂ ਸਾਨੂੰ ਆਪ-ਮੁਹਾਰੇ ਹੀ ਸਮਝ ਲਗ ਜਾਵੇਗੀ ਕਿ ਕੋਈ ਵੀ ਧਰਮ ਆਪਣੇ-ਆਪ ਵਿੱਚ ਇਨ੍ਹਾਂ ਸਮਰੱਥ ਨਹੀਂ ਹੈ ਕਿ ਉਹ ਅਰਦਾਸ ਦੇ ਸਹਾਰੇ ਬਿਨ੍ਹਾਂ ਚਲ ਜਾਂ ਪਨਪ ਸਕੇ।

ਇਸ ਤੋਂ ਪਹਿਲਾਂ ਕਿ ਅਸੀਂ ਸਿੱਖ ਧਰਮ ਦੀ ਅਰਦਾਸ ਦੇ ਸ਼ਬਦਾਂ ਤੇ ਉਸਦੇ ਸਰੂਪ ਨੂੰ ਪੜ੍ਹੀਏ, ਸਾਨੂੰ ਸੰਸਾਰ ਦੇ ਮੁੱਖ-ਮੁੱਖ ਧਰਮਾਂ ਦੀਆਂ ਅਰਦਾਸਾਂ ਨੂੰ ਤੇ ਉਹਨਾਂ ਦੇ ਸਰੂਪ ਨੂੰ ਜਰੂਰ ਜਾਣ ਲੈਣਾ ਚਾਹੀਦਾ ਹੈ। ਇੱਥੇ ਇਹ ਵੀ ਵਰਨਣ ਯੋਗ ਹੈ ਕਿ ਜੇ ਕਿਸੇ ਨੇ ਆਪਣੇ ਧਰਮ ਦੇ ਦਰਸ਼ਨ ਨੂੰ ਸਮਝਣਾ ਹੈ ਤਾਂ ਉਸਨੂੰ ਦੂਜੇ ਧਰਮਾਂ ਦੀ ਜਾਣਕਾਰੀ

ਲੈਣੀ ਬਹੁਤ ਜਰੂਰੀ ਬਣ ਜਾਂਦੀ ਹੈ ਤਾਂ ਹੀ ਤੇ ਸਮਝ ਆਵੇਗੀ ਕਿ ਮੇਰਾ ਧਰਮ ਮੈਨੂੰ ਕੀ ਸੰਬੋਧਨ ਕਰ ਰਿਹਾ ਹੈ।

(ਡਾ.ਜਸਵੰਤ ਸਿੰਘ ਨੇਕੀ ਦੀ ਪੁਸਤਕ ਵਿੱਚੋਂ ਇਹ ਭਾਵ ਲਏ ਗਏ ਹਨ।)

**ਹਿੰਦੂ ਧਰਮ ਦੀ ਅਰਦਾਸ ਦਾ ਪੰਜਾਬੀ ਸਵਰੂਪ**

ਤਿੰਨਾਂ ਲੋਕਾਂ ਦੇ ਮਨ ਦੀਆਂ ਅਵਸਥਾਵਾਂ ਅੰਦਰ ਵਿਚਰਦੇ ਹੇ ਪਿਤਾ! ਆਪਣੀ ਦਿੱਬ ਜੋਤੀ ਨਾਲ

ਸਾਡੇ ਮਨਾਂ ਨੂੰ ਰੁਸ਼ਨਾ ਕੇ ਸਾਨੂੰ ਪ੍ਰੇਰਨਾ ਦੇ, ਅਸੀਂ ਆਪਣੀ ਬੁੱਧੀ ਨੂੰ ਤੇਰੀ ਦੈਵੀ ਜੋਤਿ ਦਾ ਪ੍ਰਕਾਸ਼ ਤੱਕਣ ਲਈ ਨੰਗਿਆਂ ਕਰਦੇ ਹਾਂ।

**ਵੈਦਿਕ ਗਾਇਤ੍ਰੀ**

ਵੇਦਾਂ ਵਿੱਚ ਆਉਂਦਾ ਹੈ ਕਿ ਸੂਰਜ ਚੜਨ ਵੇਲੇ ਅਤੇ ਸੂਰਜ ਅਸਤ ਹੋਣ ਵੇਲੇ ਭਾਵ ਦੋਨੋਂ ਵੇਲੇ ਅਰਦਾਸ ਕਰੋ। ਜਦੋਂ ਅਸੀਂ ਤਿੰਨੋਂ ਲੋਕਾਂ ਅਤੇ ਮਨ ਦੀਆਂ ਅਵਸਥਾਵਾਂ ਸੁੱਤੇ, ਜਾਗਦੇ ਅਤੇ ਕਿਰਤ ਕਰਦੇ ਯਾਦ ਰੱਖਣ ਵਾਲੇ ਪਰਮਾਤਮਾ ਦੇ ਅੱਗੇ ਉਸ ਦੀ ਮਿਹਰ ਲਈ ਪੇਸ਼ ਹੋ ਜਾਂਦੇ ਹਾਂ ਜਾਂ ਆਪਾ ਸੌਂਪ ਦਿੰਦੇ ਹਾਂ ਤਾਂ ਸੱਚ ਜਾਣਿਓ ਉਹ ਆਪ ਮੁਹਾਰੇ ਸਾਨੂੰ ਆਪਣੀ ਗੋਦ ਵਿੱਚ ਬਿਠਾ ਲੈਂਦਾ ਹੈ।

**ਨਮਾਜ਼**–ਮੁਸਲਮਾਨਾਂ ਵੱਲੋਂ ਕੀਤੀ ਜਾਂਦੀ ਅਰਦਾਸ

ਇਹ ਨਮਾਜ਼ ਜੋ ਕਲਮੇ ਤੋਂ ਸ਼ੁਰੂ ਹੁੰਦੀ ਹੈ, ਇੰਝ ਜਾਪਦਾ ਹੈ ਕਿ ਇਹ ਆਪਣੇ ਆਪ ਵਿੱਚ ਇੱਕ ਅਰਦਾਸ ਹੈ।

ਹੇ ਸੰਸਾਰ ਦੇ ਮਾਲਕ, ਉਧਾਰ ਤੇ ਦਿਆਲ ਅੱਲ੍ਹਾ, ਅਸੀਂ ਤੇਰਾ ਗੁਣਕਾਣ ਕਰਦੇ ਹਾਂ।

ਹੇ ਕਿਆਮਤ ਦੇ ਦਿਨ ਦੇ ਅਧਿਕਾਰੀ, ਅਸੀਂ ਤੇਰੀ ਸੇਵਾ ਤੇ ਸਹਾਇਤਾ ਮੰਗਦੇ ਹਾਂ।

ਸਾਨੂੰ ਉਹ ਰਸਤਾ ਦਿਖਾਓ ਜਿਸ ’ਤੇ ਚਲਦਿਆਂ ਤੇਰੀ ਦੁਆ ਪ੍ਰਾਪਤ ਹੋਵੇ।

ਸਾਨੂੰ ਆਪਣੇ ਮਨਜੂਰ ਕੀਤੇ ਸੱਚੇ ਮਾਰਗ ’ਤੇ ਪਾ, ਉਸ ਕੁਮਾਰਗ ’ਤੇ ਨਹੀਂ, ਜਿਸ ’ਤੇ ਤੁਰਿਆਂ ਤੇਰੀ ਨਜਰ ’ਚ ਡਿੱਗ ਜਾਈਏ।

(ਕੁਰਾਨ ਮਜ਼ੀਦ:ਨਮਾਜ਼ ਵਿੱਚੋਂ)

ਜਦੋਂ ਮਨੁੱਖ ਉਸ ਪ੍ਰਮਾਤਮਾ ਨੂੰ ਯਾਦ ਕਰ ਕੇ ਉਸਦੇ ਨੂੰ ਆਪਣੇ–ਅੰਦਰ ਆਉਣ ਦਾ ਸੱਦਾ ਦਿੰਦਾ ਹੈ ਤਾਂ ਉਸਦਾ ਮਨ ਤੇ ਸਰੀਰ ਰੁਸ਼ਨਾ ਜਾਂਦਾ ਹੈ, ਫਿਰ ਉਸਦਾ ਪੈਰ ਕਦੇ ਵੀ ਮਾੜੇ ਕੰਮ ਵੱਲ ਨਹੀਂ ਵੱਧਦਾ ਹੈ ਤੇ ਨਾ ਹੀ ਉਹ ਮਾੜਾ ਸੋਚਦਾ ਹੈ। ਉਹ ਉਸ ਮਾਲਕ ਦੇ ਪਿਆਰ ਅਤੇ ਮਿਹਰ ਦਾ ਪਾਤਰ ਬਣਿਆ ਰਹਿੰਦਾ ਹੈ।

**ਪਾਰਸੀ ਧਰਮ ਵਿੱਚ ਅਰਦਾਸ**

ਹੇ ਅਹੁਰ ਮਜ਼ਦ!

ਮੈਨੂੰ ਐਸੀ ਬੁੱਧੀ ਦੇ ਜਿਸ ਨਾਲ ਮੈਂ ਸੋਚ ਸਮਝ ਕੇ ਕੰਮ ਕਰਾਂ ਅਤੇ ਫ਼ਰਜ ਪੂਰੇ ਕਰਾਂ। ਨੇਕੀ ਦੀ ਦੌਲਤ ਦੇ ਜਿਸ ਤੋਂ ਹੋਰ ਸਭ ਦੌਲਤਾਂ ਪ੍ਰਾਪਤ ਹੁੰਦੀਆਂ ਹਨ। ਮੈਨੂੰ ਧੀਰਜ ਦੇ, ਸਿੱਧਾ ਰਾਹ ਵਿਖਾ, ਉਹ ਰਾਹ ਜੋ ਤੇਰਾ ਮਾਰਗ ਹੈ ਤੇ ਤੇਰੇ ਤਕ ਪਹੁੰਚਦਾ ਹੈ।

**ਜੈਨ ਅਰਦਾਸ**

ਸਮਸਤ ਸੰਸਾਰ ਤੋਂ ਬਾਹਰ ਵਿਚਾਰ ਰੂਪ ਮੁੱਖ ਸੁਭਾਅ ਹੇ ਉਚਤਮ ਗਿਆਨ ਸਮਾਧੀ ਦੀ ਉੱਚ ਅਵੱਸਥਾ ਰਾਹੀਂ ਪ੍ਰਾਪਤ ਹੋਣ ਵਾਲੇ, ਹੇ ਦੇਵਾਨ ਦੇਵ ਪ੍ਰਮਾਤਮਾ ਤੂੰ ਮੇਰੇ ਹਿਰਦੇ ਵਿੱਚ ਪ੍ਰਵੇਸ਼ ਕਰ......ਜੇ ਕੋਈ ਵੀ ਇਸ ਨਿਰਮਲ ਤੇ ਨਿਰਗੁਣ ਪ੍ਰਮਾਤਮਾ ਦੀ ਸ਼ਰਣ ਲੈਂਦਾ ਹੈ, ਉਸ ਨਾਲ ਲਿਵ ਜੋੜਦਾ ਹੈ, ਉਹ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ। ਵਿਸ਼ਾਲਤਾ ਦੀ ਗੋਦ ਵਿੱਚ ਬੈਠ ਕੇ ਜਦੋਂ ਵੀ ਕੋਈ ਅਰਦਾਸ ਕੀਤੀ ਜਾਂਦੀ ਹੈ ਤਾਂ ਉਸ ਅਰਦਾਸ ਦਾ ਫਲੀਭੂਤ ਹੋਣਾ ਸੁਭਾਵਿਕ ਹੋ ਜਾਂਦਾ ਹੈ।

**ਇਸਾਈ** ਧਰਮ ਦੀ ਅਰਦਾਸ ਨੂੰ ਆਤਮਾ ਦਾ ਪ੍ਰਾਣ ਕਿਹਾ ਜਾਂਦਾ ਹੈ। ਜਿਵੇਂ ਪ੍ਰਾਣਾਂ ਤੋਂ ਬਿਨ੍ਹਾਂ ਕੋਈ ਵੀ ਜੀ ਨਹੀਂ ਸਕਦਾ ਉਸੇ ਤਰ੍ਹਾਂ ਅਰਦਾਸ ਆਤਮਾ ਦੀ ਖੁਰਾਕ ਹੈ। ਜਿਵੇਂ ਬਿਨ੍ਹਾਂ ਖੁਰਾਕ ਤੋਂ ਜੀਵ ਬਹੁਤੀ ਦੇਰ ਟਿਕ ਨਹੀਂ ਸਕਦਾ ਉਸੇ ਤਰ੍ਹਾਂ ਆਤਮਾ ਅਰਦਾਸ ਤੋਂ ਬਿਨ੍ਹਾਂ ਟਿਕ ਨਹੀਂ ਸਕਦੀ ਤੇ ਉਸ ਵਿੱਚ ਖੜੋਤ ਆ ਜਾਂਦੀ ਹੈ। ਸਿੱਖ ਧਰਮ ਦੇ ਵਾਂਗ ਇਸਾਈ ਧਰਮ ਵਿੱਚ ਵੀ ਹਰ ਕੰਮ ਦੀ ਸ਼ੁਰੂਆਤ ਅਰਦਾਸ ਨਾਲ ਹੀ ਕੀਤੀ ਜਾਂਦੀ ਹੈ। **ਯਹੂਦੀਆਂ** ਦੀ ਰਵਾਇਤੀ ਅਰਦਾਸ 'ਅਮੀਦਾਹ' ਵਿੱਚ ਰੱਬ ਨੂੰ ਜੀਵਨ ਦਾ ਸੋਮਾ ਤੇ ਜੀਆਂ ਦਾ ਅਧਾਰ ਕਹਿ ਕੇ ਸੰਬੋਧਨ ਕੀਤਾ ਗਿਆ ਹੈ। ਜੋ ਉਸ ਮਾਲਕ ਵੱਲੋਂ ਕੀਤੀਆਂ ਜਾਂਦੀਆਂ ਬਖਸ਼ਿਸ਼ਾਂ ਦਾ ਧੰਨਵਾਦ ਅਤੇ ਅਮਨ ਸ਼ਾਂਤੀ ਤੇ ਸੁਰੱਖਿਆ ਲਈ ਬੇਨਤੀ ਹੈ।

ਯਹੂਦੀਆਂ ਲਈ ਆਦੇਸ਼ ਹੈ ਕਿ ਜੇ ਕੋਈ ਵੀ ਅਰਦਾਸ ਕਰਦਾ ਹੈ, ਜੇ ਕੋਈ ਉਸ ਪ੍ਰਮਾਤਮਾ ਕੋਲੋਂ ਕੁਝ ਚਾਹੁੰਦਾ ਹੈ ਤਾਂ ਉਸਨੂੰ ਆਪਣੀਆਂ ਅੱਖਾਂ ਨੀਵੀਆਂ ਤੇ ਸੁਰਤ ਉੱਚੀ ਰੱਖਣ ਦੀ ਲੋੜ ਹੈ। ਆਪਣੇ ਜੀਵਨ ਦੇ ਹਰ ਦਿਨ ਤੇ ਉਸ ਦਿਨ ਦੇ ਕਿਸੇ ਵੀ ਵੇਲੇ ਉਸਨੂੰ ਅਰਦਾਸ ਨਾਲ ਜੁੜਨਾ ਚਾਹੀਦਾ ਹੈ।

**ਬੁੱਧ ਧਰਮ ਵਿੱਚ ਅਰਦਾਸ ਦੇ ਭਾਵ ਇਸ ਪ੍ਰਕਾਰ ਹਨ–**

ਜਦੋਂ ਅਸੀਂ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਂਦੇ ਹਾਂ ਤਾਂ ਇੰਞ ਜਾਪਦਾ ਹੈ ਕਿ ਅਸੀਂ ਕਿਸੇ ਸਤਿਸੰਗਤ ਵਿੱਚ ਆ ਗਏ ਹਾਂ, ਉਸ ਪ੍ਰਮਾਤਮਾ ਦੇ ਰੰਗ ਵਿੱਚ ਰੰਗੇ–ਰੰਗੇ ਜਹੇ ਲਗਦੇ ਹਾਂ ਅਤੇ ਉਹ ਸਮੂਹ ਜਿਸਦਾ ਉਹ ਹਿੱਸਾ ਹੈ, ਆਪਣਾ–ਆਪਣਾ ਜਾਪਦਾ ਹੈ।

ਮੈਂ ਬੁੱਧ ਦੀ ਸ਼ਰਨ ਲੈਂਦਾ ਹਾਂ,

ਮੈਂ ਅਟੱਲ ਕਾਨੂੰਨ (ਧਰਮ) ਦੀ ਸ਼ਰਨ ਲੈਂਦਾ ਹਾਂ,

ਮੈਂ ਪਾਵਨ ਜਥੇਬੰਦੀ (ਸੰਘ) ਦੀ ਸ਼ਰਨ ਲੈਂਦਾ ਹਾਂ,

ਇੱਥੇ ਬੁੱਧ ਤੋਂ ਸ਼ੁਰੂ ਹੋ ਕੇ ਜਥੇਬੰਦੀ ਤਕ ਦੇ ਸਫਰ ਨੂੰ ਪੂਰਾ ਕਰਦੀ ਹੈ ਅਰਦਾਸ।

ਅਰਦਾਸ ਹਰ ਧਰਮ ਦਾ ਮੁੱਖ ਅੰਗ ਹੈ ਅਤੇ ਅਰਦਾਸ ਦੇ ਭਾਵ ਕਿਸੇ ਨਫਰਤ ਜਾਂ ਕੱਟੜਪਣ ਨੂੰ ਨਹੀਂ ਦਰਸਾਉਂਦੇ। ਹਰ ਧਰਮ ਦੀ ਅਰਦਾਸ ਜਿੱਥੇ ਉਸ ਅਕਾਲ ਪੁਰਖ ਪ੍ਰਮਾਤਮਾ ਦੀ ਉਸਤਤਿ, ਉਸਦੀ ਮਹਾਨ ਸ਼ਕਤੀ ਦਾ ਵਿਸ਼ਲੇਸ਼ਣ ਕਰਦੀ ਹੈ ਉੱਥੇ ਇਤਿਹਾਸ ਨੂੰ ਸਮੋਈ ਹੋਈ ਪ੍ਰੇਰਨਾ ਵੀ ਹੈ ਤੇ ਮਨੁੱਖੀ ਲੋੜਾਂ ਤੇ ਭੀੜਾਂ ਵੇਲੇ ਮਨੁੱਖ ਦੀ ਸਹਾਰਾ ਤੇ ਭਰੋਸਾ ਵੀ ਹੈ।

ਅਰਦਾਸ ਤਾਂ ਸਿੱਖ ਧਰਮ ਵਿੱਚ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਸ਼ੁਰੂ ਹੋ ਗਈ ਸੀ, ਸਿੱਖ ਧਰਮ ਦੀ ਨੀਂਹ ਅਰਦਾਸ ਹੀ ਹੈ। ਇਹ ਅਰਦਾਸ ਅੱਗੇ ਸਾਰੇ ਗੁਰੂ ਸਾਹਿਬਾਨ ਜੀ ਨੇ ਕੀਤੀ ਜੋ ਸਿੱਖ ਦੇ ਜੀਵਨ ਦਾ ਅਧਾਰ ਹੀ ਬਣ ਗਈ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਜ਼ਾਲਮਾਂ ਦਾ ਨਾਸ਼ ਕਰਨ ਲਈ ਪੰਜਾਬ ਭੇਜਿਆ ਤਾਂ ਕਿਹਾ ਸੀ ਕਿ ਜਦੋਂ ਵੀ ਭੀੜ ਬਣੇ ਤੇ ਪੰਜ ਸਿੰਘਾਂ ਨੂੰ ਲੈ ਕੇ ਅਰਦਾਸ ਕਰਨੀ। ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਅਨੁਸਾਰ ਸਿੱਖ ਅਰਦਾਸ ਦੇ ਮੌਜੂਦਾ ਸਵਰੂਪ ਜਾਂ ਮਜ਼ਮੂਨ ਦਾ ਮੁੱਢ ਭਾਈ ਮਨੀ ਸਿੰਘ ਜੀ ਨੇ ਬੰਨਿਆ। ਫਿਰ ਸਮੇਂ–ਸਮੇਂ ਤੇ ਅਰਦਾਸ ਦਾ ਵਿਕਾਸ ਹੁੰਦਾ ਗਿਆ। ਜਦੋਂ ਭਾਰਤ ਤੇ ਪਾਕਿਸਤਾਨ ਦੀ ਵੰਡ ਹੋਈ ਤਾਂ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰੇ ਜੋ ਪੰਥ ਤੋਂ ਵਿਛੋੜੇ ਗਏ ਹਨ, ਉਹਨਾਂ ਦੇ ਦਰਸ਼ਨ ਦੀਦਾਰੇ ਅਤੇ ਸੇਵਾ ਸੰਭਾਲ ਖ਼ਾਲਸਾ ਜੀ ਨੂੰ ਬਖ਼ਸ਼ੋ ਵਾਲਾ ਪੈਰ੍ਹਾ ਅਰਦਾਸ ਵਿੱਚ ਜੋੜਿਆ ਗਿਆ। ਅੱਜ ਲਗਭਗ 70 ਵਰ੍ਹਿਆਂ ਬਾਅਦ ਉਸ ਅਕਾਲ ਪੁਰਖ ਦੀ ਕਿਰਪਾ ਨਾਲ ਦੋਨਾਂ ਦੇਸ਼ਾਂ ਵਿੱਚ ਕਰਤਾਰਪੁਰ ਸਾਹਿਬ ਦਾ ਲਾਂਘਾ ਬਣਨ ਨਾਲ ਇਹ ਦੂਰੀਆਂ ਖਤਮ ਹੋ ਗਈਆਂ ਹਨ ਅਤੇ ਸੇਵਾ ਸੰਭਾਲ ਵਾਲੇ ਪਾਸੇ ਦਾ ਸਫ਼ਰ ਸ਼ੁਰੂ ਹੋ ਰਿਹਾ ਹੈ।

ਸਿੱਖ ਅਰਦਾਸ ਇਹ ਵਿਕਾਸ ਨਿਰੰਤਰ ਚਲ ਰਿਹਾ ਹੈ ਅਤੇ ਅੱਗੇ ਵੀ ਚਲਦਾ ਰਹੇਗਾ। ਅਰਦਾਸ ਲਈ ਕੇਵਲ ਆਪਾ ਅਰਪਣ ਕਰਨ ਦੀ ਲੋੜ ਹੈ।

**ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.1098)

ਸਿੱਖ ਰਹਿਤ ਮਰਿਯਾਦਾ ਵਿੱਚ ਵੀ ਅਰਦਾਸ ਦੇ ਸ਼ਬਦਾਂ ਨੂੰ ਅੰਕਿਤ ਕੀਤਾ ਗਿਆ ਹੈ। ਜਿੱਥੇ ਅਰਦਾਸ ਸਮੂਹਿਕ ਹੈ, ਉੱਥੇ ਇਸ ਵਿੱਚ ਮਨੁੱਖ ਦੇ ਆਪਣੇ ਮਨ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਵੀ ਥਾਂ ਦਿੱਤੀ ਗਈ ਹੈ। ਇਹ ਅਰਦਾਸ ਕਿਸੇ ਵੀ ਵੇਲੇ ਅਤੇ ਕਿਸੇ ਵੀ ਸਥਾਨ ’ਤੇ ਕੀਤੀ ਜਾ ਸਕਦੀ ਹੈ। ਜਿਸ ਦੇ ਲਈ ਪੰਥ ਨੇ ਕੁਝ ਨਿਯਮ ਵੀ ਤੈਅ ਕੀਤੇ ਹਨ, ਜਿਨ੍ਹਾਂ ਦਾ ਪਾਲਣ ਕਰਨਾ ਅਤਿ ਜਰੂਰੀ ਹੈ, ਭਾਵੇਂ ਉਹ ਸਮੂਹਿਕ ਹੋਵੇ ਜਾਂ ਵਿਅਕਤੀਗਤ। ਅਰਦਾਸ ਦੀ ਅਰੰਭਤਾ ੧ੳ ਤੋਂ ਹੁੰਦੀ ਹੈ। ‘ੳ’ ਸ਼ਬਦ ਉਸ ਨਿਰਗੁਣ, ਸਰਗੁਣ ਅਕਾਲ ਪੁਰਖ ਦਾ ਸੰਬੋਧਨ ਹੈ। ਉਸਨੂੰ ਵੱਖ–ਵੱਖ ਧਰਮਾਂ ਵਿੱਚ ਈਸ਼ਵਰ, ਗਾੱਡ, ਅੱਲਾਹ ਜਾਂ ਹੋਰ ਕਈ ਨਾਵਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਇੱਥੇ ਕ੍ਰਮਕ 1 (ਇੱਕ) ਦਾ ਪ੍ਰਯੋਗ ਕਰਕੇ ਗੁਰੂ ਨਾਨਕ ਦੇਵ ਜੀ ਨੇ ਸਾਰੇ ਧਰਮਾਂ ਦੇ ਵਿਚਾਰਾਂ ਵਿੱਚ ਕ੍ਰਾਂਤੀ ਪੈਦਾ ਕਰ ਦਿੱਤੀ। ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਇਸ ਧਰਤੀ ’ਤੇ ਕੋਈ ਵੀ ਧਰਮ ਨਹੀਂ ਸੀ? ਇਸ ਦਾ ਸਰਲ ਸ਼ਬਦਾਂ ਵਿੱਚ ਜਵਾਬ ਇਹ ਹੈ ਕਿ ਧਰਮ ਤਾਂ ਮੌਜੂਦ ਸਨ, ਪਰ ਕੋਈ ਵੀ ਧਰਮ ਦੂਸਰੇ ਧਰਮ ਨੂੰ ਆਪਣੇ ਤੋਂ ਚੰਗਾ ਮੰਨਣ ਲਈ ਤਿਆਰ ਨਹੀਂ ਸੀ। ਸਾਰੇ ਧਰਮ ਦੂਸਰੇ ਧਰਮਾਂ ਨੂੰ ਮਾੜਾ ਕਰਕੇ ਜਾਣਦੇ ਸਨ ਪਰ ਗੁਰੂ ਨਾਨਕ ਦੇਵ ਜੀ ਨੇ ਸਭ ਨੂੰ ਅਵਾਜ ਮਾਰੀ, ਭਾਈ ਆਓ, ਸੰਗਤ ਕਰੋ, ਸੋਚੋ ਕੋਈ ਵੀ ਧਰਮ ਮਾੜਾ ਨਹੀਂ, ਸਗੋਂ ਹਰ ਧਰਮ ਇੱਕੋ ਗੱਲ ਵੱਲ ਸੰਕੇਤ ਕਰ ਰਿਹਾ ਹੈ। ਹੇ ਮਨੁੱਖ! ਸਾਰੀ ਸ੍ਰਿਸ਼ਟੀ ਦਾ ਰਚਨਹਾਰ ਕੇਵਲ ਇੱਕ ਹੈ। ਉਸਨੂੰ ਭਾਵੇਂ ਕਿਸੇ ਵੀ ਨਾਮ ਨਾਲ ਯਾਦ ਕਰੀਏ, ਉਹ ਹੈ ਕੇਵਲ ਇੱਕ। ਜਦ ਅਸੀਂ ਸਾਰੇ ਉਸ ਇੱਕ ਮਾਲਕ ਦੀ ਔਲਾਦ ਹਾਂ ਫਿਰ ਅਸੀਂ ਇੱਕ ਦੂਜੇ ਤੋਂ ਦੂਰ ਕਿਉਂ ਹਾਂ? ਇੱਕ ਰੱਬ ਦੀ ਪਰਿਭਾਸ਼ਾ ਸਾਰੀ ਮਨੁੱਖਤਾ ਨੂੰ ਕੇਵਲ ਇੱਕ ਮਾਲਾ ਵਿੱਚ ਪਰੋ ਦਿੰਦੀ ਹੈ। ਉਸ ਨੂੰ ਅਸੀਂ ਭਾਵੇਂ ਕਿਸੇ ਵੀ ਨਾਮ ਨਾਲ ਸੰਬੋਧਨ ਕਰੀਏ ਸਿੱਖ ਅਰਦਾਸ ਵਿੱਚ ਉਸ ਪ੍ਰਮਾਤਮਾ ਨੂੰ ਵਾਹਿਗੁਰੂ ਕਹਿ ਕੇ ਪੁਕਾਰਿਆ ਗਿਆ ਹੈ ਅਤੇ **‘੧ੳ ਵਾਹਿਗੁਰੂ ਜੀ ਕੀ ਫਤਹਿ’** ਭਾਵ ਪ੍ਰਮਾਤਮਾ ਇੱਕ ਹੈ, ਉਸ ਸਰਗੁਣ ਤੇ ਨਿਰਗੁਣ ਸਰੂਪ ਮਾਲਕ ਹੈ ਤੇ ਉਸਨੂੰ ਯਾਦ ਕਰਕੇ ਮੰਗਲਾਚਰਣ ’ਤੇ ਫਤਹਿ ਹੈ। ਉਸਦੀ ਯਾਦ ਨਾਲ ਹੀ ਹਰ ਕੰਮ ਦੀ ਅਰੰਭਤਾ ਹੁੰਦੀ ਹੈ। ਸਿੱਖ ਧਰਮ ਵਿੱਚ ਹਰ ਕੰਮ ਕਰਨ ਵੇਲੇ ਮੂਲ ਰੂਪ ਵਿੱਚ ਇਹੀ ਅਰਦਾਸ ਕੀਤੀ ਜਾਂਦੀ ਹੈ, ਭਾਵੇਂ ਉਹ ਕੰਮ ਦੀ ਅਰੰਭਤਾ ਹੋਵੇ ਜਾਂ ਸਫਲਤਾ ਪੂਰਵਕ ਸਮਾਪਤੀ। ਅਰਦਾਸ ਦਾ ਸਹਾਰਾ ਦੋਨੋਂ ਹਲਾਤਾਂ ਵਿੱਚ ਲਿਆ ਜਾਂਦਾ ਹੈ, ਕਿ ਹੇ ਪ੍ਰਭੂ! ਜੋ ਕੁਝ ਵੀ ਹੋਇਆ ਉਹ ਤੁਸੀਂ ਕੀਤਾ ਹੈ ਤੁਹਾਡਾ ਸ਼ੁਕਰ ਹੈ।

**ਅਧਿਆਇ-1**

ੴ ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰੀ ਭਗੌਤੀ ਜੀ ਸਹਾਇ॥

ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ 10॥

ਪ੍ਰਿਥਮ ਭਗੌਤੀ ਸਿਮਰਿ ਕੈ ਗੁਰੂ ਨਾਨਕ ਲਈਂ ਧਿਆਇ॥

ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈਂ ਸਹਾਇ॥

ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥

ਸ੍ਰੀ ਹਰਿਕਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖ ਜਾਇ॥

ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥

ਸਭ ਥਾਈਂ ਹੋਇ ਸਹਾਇ॥

ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ!

ਸਭ ਥਾਈਂ ਹੋਇ ਸਹਾਇ॥

ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ

ਪਾਠ ਦੀਦਾਰ ਦਾ ਧਿਆਨ ਧਰ ਕੇ

ਬੋਲੋ ਜੀ ਵਾਹਿਗੁਰੂ॥

**ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ 10 (ਦਸਵੀਂ)**

ਸਿੱਖ ਅਰਦਾਸ ਦੀ ਅਰੰਭਕ ਪਉੜੀ ਦੀਆਂ ਪੰਕਤੀਆਂ ਜੋ ਗੁਰੂ ਗੋਬਿੰਦ ਸਿੰਘ ਜੀ ਦੀ ਰਚੀ ਭਗਉਤੀ ਵਾਰ (ਚੰਡੀ ਦੀ ਵਾਰ) ਦੀ ਪਹਿਲੀ ਪਉੜੀ ਹੈ। ਇਸਨੂੰ ਅਰਦਾਸ ਵਿੱਚ ਮੰਗਲਾਚਰਣ ਦੇ ਰੂਪ ਵਿੱਚ ਲਿਆ ਗਿਆ ਹੈ। ਇੱਥੇ ਇਹ ਸਪੱਸ਼ਟ ਕਰਨਾ ਜਰੂਰੀ ਹੈ ਕਿ ਕਈ ਸੱਜਣਾਂ ਨੂੰ ਭੁਲੇਖਾ ਪੈਂਦਾ ਹੈ ਕਿ ਇੱਥੇ ਭਗਉਤੀ ਦਾ ਅਰਥ ਦੁਰਗਾ ਹੈ। ਕਿਉਂਕਿ ਇਹ ਪਾਠ ਦੁਰਗਾ ਦੇ ਪਾਠ ਦੇ ਅਨੁਵਾਦ ਦਾ ਮੰਗਲ ਹੈ, ਪਰ ਗੁਰੂ ਜੀ ਨੇ ਭਗਉਤੀ ਪਦ ਅਕਾਲ ਪੁਰਖ ਦੇ ਪ੍ਰਯਾਯਵਾਚੀ ਅਰਥਾਂ ਵਿੱਚ "ਪਾਖਯਾਨ ਚਰਿਤ੍ਰ" ਦੇ ਮੰਗਲ ਵਿੱਚ ਵਰਤਿਆ ਹੈ। ਉਸ ਦਾ ਦੁਰਗਾ ਨਾਲ ਕੋਈ ਵੀ ਸਬੰਧ ਨਹੀਂ ਹੈ।

**ਪ੍ਰਥਮ ਧਯਾਇ ਸ੍ਰੀ ਭਗਉਤੀ ਬਰਨੋ ਤ੍ਰਿਯਾ ਪ੍ਰਸੰਗ।**

(ਪਾਖਯਾਨ ਚਰਿਤ੍ਰ 1:46–1)

ਇਸਦਾ ਪ੍ਰਮਾਣ ਮੌਜੂਦ ਹੈ।

**ਲਈ ਭਗਉਤੀ ਦੁਰਗਸਾਹ ਵਰ ਜਾਗਨਿ ਭਾਰੀ॥**

**ਲਈ ਰਾਜੇ ਸੁੰਭ ਨੇ ਰਤੁ ਪੀਐ ਪਿਆਰੀ॥**

ਇੱਥੇ ਦੁਰਗਸਾਹ (ਦੁਰਗਾ) ਨੇ ਭਗਉਤੀ (ਤਲਵਾਰ) ਪਕੜੀ ਹੈ ਤੇ ਜੋ ਪਾਪ ਦਾ ਨਾਸ਼ ਕਰਦੀ ਹੋਈ ਦੁਸ਼ਮਣਾਂ ਦਾ ਰੱਤ (ਲਹੂ) ਪੀਂਦੀ ਪਈ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸ਼ਤਰਾਂ ਦਾ ਤੇ ਸ਼ਾਸ਼ਤਰਾਂ ਦਾ ਜੋ ਸੁਮੇਲ ਸਾਨੂੰ ਸਮਝਾਇਆ ਉਸ ਨਾਲ ਅਰਦਾਸ ਦੀਆਂ ਪੰਕਤੀਆਂ ਆਪ ਮੁਹਾਰੇ ਸਮਝ ਆਉਂਦੀਆਂ ਹਨ। ਕਈ ਜਗ੍ਹਾ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿੱਚ ਭਗਉਤੀ ਨੂੰ ਦੁਰਗਾ ਵੱਲੋਂ ਸਾਂਭੀ ਗਈ ਕਟਾਰ ਦੇ ਰੂਪ ਵਿੱਚ ਵੀ ਮੰਨਿਆ ਹੈ, ਪਰ ਕਈ ਥਾਵਾਂ 'ਤੇ ਅਕਾਲ ਪੁਰਖ ਦਾ ਰੂਪ ਵੀ ਮੰਨਿਆ ਹੈ। ਜੇ ਭਾਵ ਉੱਤੇ ਜਾਈਏ ਤਾਂ ਅਕਾਲ ਪੁਰਖ ਪ੍ਰਮਾਤਮਾ ਨੇ ਜੋ ਕੁਝ ਵੀ ਸਾਜਿਆ ਹੈ ਉਸਦੇ ਅੰਤ ਦਾ ਜਾਂ ਮਿਟਾਣ ਦਾ ਸਾਧਨ ਵੀ ਬਣਾ ਦਿੱਤਾ, ਤਾਂ ਜੋ ਸ੍ਰਿਸ਼ਟੀ ਦੇ ਲੋਕਾਂ ਨੂੰ ਇਹ ਸਮਝ ਆ ਜਾਵੇ ਕਿ ਜੋ ਵੀ ਇਸ ਸੰਸਾਰ ਵਿੱਚ ਹੈ ਉਸਦਾ ਅੰਤ ਇੱਕ ਨਾ ਇੱਕ ਦਿਨ ਨਿਸ਼ਚਿਤ ਹੈ ਅਤੇ ਪ੍ਰਭੂ ਨੇ ਉਸਦੇ ਅੰਤ ਦੇ ਸਾਧਨ ਵੀ ਨਾਲ ਹੀ ਬਣਾ ਦਿੱਤੇ ਹਨ। ਭਗਉਤੀ ਦੀ ਵਾਰ ਵਿੱਚ ਦੁਰਗਾ ਨੇ ਸ੍ਰੀ ਭਗਉਤੀ ਦੀ ਮਦਦ ਨਾਲ ਵੱਡੇ–ਵੱਡੇ ਦੈਂਤਾਂ ਦਾ ਅੰਤ ਕੀਤਾ ਹੈ, ਜੋ ਸੰਸਾਰ ਨੂੰ ਦੁਖ ਪਹੁੰਚਾ ਰਹੇ ਸਨ। ਜਿਨ੍ਹਾਂ ਨਾਵਾਂ ਦੀ ਚਰਚਾ ਵੀ ਗੁਰੂ ਸਾਹਿਬ ਨੇ ਸੰਖੇਪ ਮਾਤਰ ਕੀਤੀ ਹੈ। ਰਕਤ ਬੀਜ, ਲੋਚਨਧੂਮ, ਮਹਿਖਾਸੁਰ, ਰਕਤਬੀਜ ਉਹ ਦੈਂਤ ਸੀ, ਜਿਸਦੇ ਖੂਨ ਦੀ ਇੱਕ ਬੂੰਦ ਨਾਲ ਕਈ ਦੈਂਤ ਪੈਦਾ ਹੁੰਦੇ ਸਨ, ਜੋ ਕਾਮ ਦਾ ਦੂਜਾ ਰੂਪ ਹੈ, ਜੋ ਆਪਣੀ ਵਾਸਨਾ ਰਾਹੀਂ ਕਈ ਪਾਪਾਂ ਦਾ ਕਾਰਨ ਵੀ ਬਣਦਾ ਹੈ ਅਤੇ ਲੋਚਨ ਧੂਮ–ਜਿਸਦੀਆਂ ਅੱਖਾਂ ਵਿੱਚੋਂ ਹਮੇਸ਼ਾ ਕ੍ਰੋਧ ਦਾ ਧੂੰਆਂ ਨਿਕਲਦਾ ਰਹਿੰਦਾ ਹੈ, ਉਸ ਕ੍ਰੋਧ ਹੀ ਸਾਡੀਆਂ ਇੰਦ੍ਰੀਆਂ ਪਾਸੋਂ

ਕੋਈ ਨਾ ਕੋਈ ਗਲਤੀ ਕਰਵਾ ਦਿੰਦਾ ਹੈ ਤੇ ਤੀਸਰਾ ਮਹਿਖਾਸੁਰ– ਜਿਸ ਪਾਸ ਗਿਆਨ ਦੀ ਘਾਟ ਹੈ, ਦੂਜੇ ਸ਼ਬਦਾਂ ਵਿੱਚ ਗਿਆਨਹੀਨ ਮੰਦਬੁੱਧੀ ਦਾ ਪ੍ਰਤੀਕ ਹੈ ਤੇ ਮੰਦਬੁੱਧੀ ਵਿਕਾਸ ਨਹੀਂ ਵਿਨਾਸ਼ ਦਾ ਕਾਰਨ ਬਣਦੀ ਹੈ। ਇੱਥੇ ਭਗਉਤੀ ਸ਼ਬਦ ਦੀ ਵਰਤੋਂ ਗੁਰੂ ਸਾਹਿਬ ਵੱਲੋਂ ਅਕਾਲ ਪੁਰਖ ਲਈ ਅਤੇ ਪਾਪਾਂ ਨੂੰ ਖਤਮ ਕਰਨ ਵਾਲੀ ਸ਼ਮਸ਼ੀਰ ਲਈ ਕੀਤੀ ਗਈ ਹੈ।

**ਗੁਰੂ ਨਾਨਕ ਲਈਂ ਧਿਆਇ**

ਗੁਰੂ ਗੋਬਿੰਦ ਸਿੰਘ ਜੀ 'ਚੰਡੀ ਦੀ ਵਾਰ' ਵਿੱਚ 'ਗੁਰੂ ਨਾਨਕ ਲਈਂ ਧਿਆਇ' ਤੋਂ ਅਰਦਾਸ ਦੀ ਅਗਲੀ ਕੜੀ ਨੂੰ ਸ਼ੁਰੂ ਕਰਦੇ ਹਨ। ਗੁਰੂ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਅਰਦਾਸ ਦਾ ਅਧਾਰ ਰੂਪ ਮੰਨ ਕੇ ਉਹਨਾਂ ਨਾ ਕੇਵਲ ਧਿਆਇਆ ਹੈ ਸਗੋਂ ਸਿੱਖੀ ਦੇ ਮੁੱਢ ਬੰਨਣ ਵਾਲੇ, ਸੰਸਾਰ ਵਿੱਚ ਕਲਯੁੱਗ ਦੇ ਅਵਤਾਰ ਦੇ ਸਤਿਕਾਰ ਵਜੋਂ ਵੀ ਅਰੰਭਿਆ ਹੈ। ਇੱਥੇ ਅਸੀਂ ਸ਼ਰਧਾਵੱਸ ਬੋਲ ਜਾਂਦੇ ਹਾਂ 'ਸ੍ਰੀ ਗੁਰੂ ਨਾਨਕ ਦੇਵ ਜੀ' ਪਰ ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਅਰਦਾਸ ਦਾ ਇੱਕ–ਇੱਕ ਸ਼ਬਦ ਗੁਰੂ ਸਾਹਿਬ ਜੀ ਦੀ ਦਿੱਤੀ ਦੇਣ ਹੈ ਇਸਦੇ ਮੂਲ਼ ਰੂਪ ਵਿੱਚ ਛੇੜ–ਛਾੜ ਕਰਨ ਦਾ ਸਾਨੂੰ ਕੋਈ ਅਧਿਕਾਰ ਨਹੀਂ ਹੈ। ਇਸੇ ਤਰ੍ਹਾਂ 'ਤੇਗ ਬਹਾਦਰ ਸਿਮਰੀਐ' ਨੂੰ ਸੀਂ 'ਸ੍ਰੀ ਗੁਰੂ ਤੇਗ ਬਹਾਦਰ' ਪੜ੍ਹ ਜਾਂਦੇ ਹਾਂ, ਇਸ ਤਰ੍ਹਾਂ ਬਿਲਕੁਲ ਨਹੀਂ ਕਰਨਾ ਚਾਹੀਦਾ। ਗੁਰੂ ਗੋਬਿੰਦ ਸਿੰਘ ਜੀ ਨੇ ਅਰਦਾਸ ਵਿੱਚ ਨੌ ਪਾਤਸ਼ਾਹੀਆਂ ਤਕ ਸਭ ਨੂੰ ਵਿਸ਼ੇਸ਼ ਸਥਾਨ ਦਿੱਤਾ ਅਤੇ ਭਾਵਨਾ ਵੱਸ ਪੂਰਨ ਸਤਿਕਾਰ ਭੇਂਟ ਕੀਤਾ ਜੋ ਅਰਦਾਸ ਦਾ ਮੁੱਖ ਅੰਗ ਬਣ ਗਿਆ ਹੈ।

ਅਰਦਾਸ ਦੀ ਪਹਿਲੀ ਪਉੜੀ ਵਿੱਚ ਸਤਿਗੁਰੂ ਦਾ ਕੇਵਲ ਨਾਮ ਲੈਣਾ ਹੀ ਉਹਨਾਂ ਦਾ ਸਤਿਕਾਰ ਹੈ। ਇਹ ਇੱਕ ਪ੍ਰਕਾਰ ਦਾ ਆਦੇਸ਼ ਵੀ ਹੈ। ਸਾਰੇ ਗੁਰੂ ਸਾਹਿਬ ਨਾਮ ਤੋਂ ਭਾਵੇਂ ਵੱਖ ਹਨ ਪਰ ਉਹ ਇੱਕ ਦੂਜੇ ਵਿੱਚ ਅਭੇਦ ਹਨ। ਜਦੋਂ ਅਸੀਂ ਗੁਰੂ ਸਾਹਿਬਾਨ ਨੂੰ ਸੱਚੇ ਹਿਰਦੇ ਨਾਲ ਯਾਦ ਕਰਦੇ ਹਾਂ ਜਾਂ ਸਿਮਰਦੇ ਹਾਂ ਤਾਂ ਉਹ ਸਾਡੇ ਅੰਗ–ਸੰਗ ਹੋ ਜਾਂਦੇ ਹਨ। ਜਦੋਂ ਕੋਈ ਅੰਗ–ਸੰਗ ਹੋ ਜਾਵੇ ਤਾਂ ਉਸਦੇ ਸਹਾਈ ਹੋਣ ਵਿੱਚ ਦੇਰ ਨਹੀਂ ਲਗਦੀ, ਭਾਵੇਂ ਅਸੀਂ ਕਿਤੇ ਵੀ ਹੋਈਏ ਜੇ ਉਹਨਾਂ ਨੂੰ ਯਾਦ ਕਰ ਰਹੇ ਹਾਂ, ਜਾਂ ਅਰਦਾਸ ਕਰ ਰਹੇ ਹਾਂ ਤਾਂ ਉਹ ਸਾਡੇ ਸਭ ਥਾਈਂ ਸਹਾਈ ਬਣ ਜਾਂਦੇ ਹਨ। ਜਦੋਂ ਗੁਰੂ ਸਹਾਈ ਬਣ ਜਾਵੇ ਤਾਂ ਮਨੁੱਖ ਨੂੰ ਸਹਾਰਾ ਮਿਲਦਾ ਹੈ, ਤੇ ਉਸ ਅਕਾਲ ਪੁਰਖ ਪਾਸੋਂ ਅਰਦਾਸ ਦੇ ਸੁਣੇ ਜਾਣ ਦਾ ਹੌਂਸਲਾ ਮਿਲਦਾ ਹੈ। 'ਬਚਿਤ੍ਰ ਨਾਟਕ' ਅਧਿਆਇ–5 ਵਿੱਚ ਗੁਰੂ ਗੋਬਿੰਦ ਸਿੰਘ ਜੀ ਆਪ ਇਸਦੀ ਗਵਾਹੀ ਭਰਦੇ ਹਨ:–

**ਭਿੰਨ ਭਿੰਨ ਸਭਹੂੰ ਕਰ ਜਾਨਾ॥**

**ਏਕ ਰੂਪ ਕਿਨਹੂੰ ਪਹਿਚਾਨਾ॥**

**ਜਿਨ ਜਾਨਾ ਤਿਨ ਹੀ ਸਿਧ ਪਾਈ॥**

**ਬਿਨ ਸਮਝੇ ਸਿਧ ਹਾਥ ਨ ਆਈ॥**

ਗੁਰੂ ਗੋਬਿੰਦ ਸਿੰਘ ਜੀ ਨੇ 1708 ਵਿੱਚ ਨਾਂਦੇੜ ਦੀ ਧਰਤੀ 'ਤੇ ਸ਼ਬਦ ਗੁਰੂ ਨੂੰ ਗੁਰਿਆਈ ਬਖਸ਼ ਦਿੱਤੀ। 'ਆਦਿ ਗ੍ਰੰਥ' ਨੂੰ ਭਾਵ ਸ਼ਬਦ ਗੁਰੂ ਨੂੰ ਗੁਰਿਆਈ ਦੇ ਕੇ ਸਦੀਵਕਾਲੀ ਕਰ ਦਿੱਤਾ ਜਿਸਦਾ ਪਹਿਲਾ ਪ੍ਰਕਾਸ਼ ਦਿਹਾੜਾ ਤਾਂ ਮਨਾਇਆ ਜਾਂਦਾ ਹੈ ਪਰ ਅੰਤ ਕਦੇ ਵੀ ਨਹੀਂ ਹੋਣਾ।

**ਸਭ ਥਾਈਂ ਹੋਇ ਸਹਾਇ**

ਗੁਰੂ ਗੋਬਿੰਦ ਸਿੰਘ ਜੀ ਅੱਗੇ ਲਿਖਦੇ ਹਨ ਕਿ ਪ੍ਰਭੂ ਸਭ ਥਾਈਂ ਸਹਾਈ ਹੁੰਦਾ ਹੈ, ਜਿਸਦੇ ਲਈ ਅੰਦਰ ਵਿਸ਼ਵਾਸ਼ ਹੋਣਾ ਜਰੂਰੀ ਹੈ। ਅਰਦਾਸ ਵਿਸ਼ਵਾਸ਼ ਤੇ ਭਰੋਸੇ ਦਾ ਹੀ ਪ੍ਰਗਟਾਵਾ ਹੈ। ਅਰਦਾਸ ਉਸ ਅੱਗੇ ਹੀ ਕੀਤੀ ਜਾਂਦੀ ਹੈ, ਜਿਸਤੋਂ ਉਸਨੂੰ ਪੂਰਨ ਕਰਨ ਦੀ ਆਸ ਤੇ ਭਰੋਸਾ ਹੁੰਦਾ ਹੈ। ਜੇ ਭਰੋਸਾ ਹੀ ਨਹੀਂ ਤਾਂ ਸਮਝੋ ਅਸੀਂ ਹਵਾ ਨਾਲ ਗੱਲਾਂ ਕਰ ਰਹੇ ਹਾਂ। ਇਹ ਕਿਤੇ ਜਾਣੀ ਨਹੀਂ ਤੇ ਨਾ ਹੀ ਕਿਤੇ ਪੁੱਜਣੀ ਹੈ। ਸ਼ਬਦ ਗੁਰੂ ਇੱਕ ਪਾਸੇ ਨਿਰੰਕਾਰ ਦਾ ਹੀ ਰੂਪ ਹੈ, ਜੋ ਦੂਜੇ ਪਾਸੇ ਮਨੁੱਖ ਨੂੰ ਸੰਸਾਰ ਦੇ ਨੇੜੇ ਵੀ ਰੱਖਦਾ ਹੈ। ਨਿਰੰਕਾਰ ਪਰਮੇਸ਼ਰ ਦਾ ਰੂਪ ਹੋਣ ਕਰਕੇ ਹੀ ਉਹ ਪੂਰਾ ਪਰਮੇਸ਼ਰ ਹੈ। ਇਸ ਲਈ ਤਾਂ ਅਸੀਂ ਸਤਿਗੁਰਾਂ ਦੇ ਸਨਮੁੱਖ ਅਰਦਾਸ ਕਰਦੇ ਹਾਂ ਕਿ ਉਹ ਨਿਰੰਕਾਰ ਸਭ ਥਾਈਂ ਹੈ, ਮਨੁੱਖ ਕਿਸੇ ਵੀ ਵੇਲੇ ਅਤੇ ਕਿਸੇ ਵੀ ਥਾਂ ਤੇ ਆਪਣੇ ਪ੍ਰੀਤਮ ਅੱਗੇ ਹੱਥ ਜੋੜ ਉਸਦੇ ਪਾਸੋਂ ਆਪਣੇ ਸਹਾਰੇ ਅਤੇ ਆਤਮਕ ਬਲ ਲਈ ਜਾਚਨਾ ਕਰ ਸਕਦਾ ਹੈ। ਇਹ ਜਾਚਨਾ ਵੀ ਅਰਦਾਸ ਹੋ ਨਿਬੜਦੀ ਹੈ।

ਸਾਨੂੰ ਬਾਰ–ਬਾਰ ਇਹ ਦ੍ਰਿੜ ਕਰਵਾਇਆ ਗਿਆ ਹੈ ਕਿ ਅਕਾਲ ਪੁਰਖ ਨੇ ਹੀ ਫਾਨੀ ਸੰਸਾਰ ਦੀ, ਸ੍ਰਿਸ਼ਟੀ ਦੀ ਉਤਪਤੀ ਕੀਤੀ ਹੈ, ਜਿਸ ਵਿੱਚ ਸਭ ਕੁਝ ਸਾਜ ਕੇ ਮਨੁੱਖ ਨੂੰ ਇਸ ਕਾਬਲ ਬਣਾਇਆ ਹੈ ਕਿ ਉਹ ਆਪਣੀਆਂ ਜਰੂਰਤਾਂ ਨੂੰ ਪੂਰਾ ਕਰ ਸਕੇ। ਉਸ ਮਾਲਕ ਪ੍ਰਭੂ ਦੀ ਹੋਂਦ ਨੂੰ ਸਦੀਵ ਯਾਦ ਰੱਖਣ ਲਈ ਨਾਮ ਸਿਮਰਨ ਅਤੇ ਉਸਦੇ ਸ਼ੁਕਰਾਨੇ ਜਾਂ ਸਹਾਰੇ ਦੀ ਲੋੜ ਲਈ ਅਰਦਾਸ ਮਨੁੱਖ ਨੇ ਆਪ ਸਾਜ ਲਈ। ਇਸ ਤਰ੍ਹਾਂ ਮਨੁੱਖ ਨੂੰ ਇਸ ਗਲ੍ਹ ਦਾ ਅਹਿਸਾਸ ਹੋਇਆ ਕਿ ਉਹ ਅਕਾਲ ਪੁਰਖ ਜ਼ਰੇ–ਜ਼ਰੇ ਵਿੱਚ ਹੈ ਸਭ ਥਾਈਂ ਹੈ, ਤੇ ਉਸਦੀ ਮਦਦ ਕਰੇਗਾ। ਕਈ ਵਾਰ ਮਨੁੱਖ ਉਸ ਮਾਲਕ ਦੀ ਹੋਂਦ ਨੂੰ ਵੀ ਨਾਕਾਰ ਦਿੰਦੇ ਹਨ ਜਾਂ ਕਿਤੇ ਮੰਗ ਪੂਰੀ ਨਾ ਹੋਈ ਹੋਵੇ ਤਾਂ ਉਹ ਡੋਲ ਵੀ ਜਾਂਦੇ ਹਨ, ਪਰ ਉਸ ਮਾਲਕ ਦੀ ਹੋਂਦ ਸਥਾਈ ਹੈ, ਉਹ ਸਾਨੂੰ ਸੁਣਦਾ ਹੈ ਪਰ ਸਾਨੂੰ ਦਿਸਦਾ ਨਹੀਂ। ਇੱਥੇ ਇਹ ਗੱਲ੍ਹ ਕਰਨੀ ਵੀ ਜਰੂਰੀ ਹੈ ਕਿ ਕਈ ਵਾਰੀ ਅਸੀਂ ਅਰਦਾਸ ਦੇ ਰਾਹੀਂ ਉਸ ਮਾਲਕ ਦਾ ਇਮਤਿਹਾਨ ਲੈਣਾ ਸ਼ੁਰੂ ਕਰ ਦਿੰਦੇ ਹਾਂ। ਜੇ ਸਾਨੂੰ ਉਸਦੀ ਹੋਂਦ ਤੇ ਸ਼ਰਤਾਂ ਨਾਲ ਸਮਝੌਤਾ ਨਹੀਂ ਹੈ ਤਾਂ ਉਸਦੀ ਨੇੜਤਾ ਦੀ ਉਮੀਦ ਹੀ ਨਹੀਂ ਕਰਨੀ ਚਾਹੀਦੀ। ਇਸੇ ਕਰਕੇ ਅਰਦਾਸ ਦੀਆਂ ਇਹ ਸ਼ੁਰੂਆਤੀ ਪਉੜੀਆਂ ਸਤਿਗੁਰਾਂ ਨੂੰ ਕੇਵਲ ਸਤਿਕਾਰ ਦੇਣ ਮਾਤਰ ਨਹੀਂ ਹਨ ਬਲਕਿ ਉਹਨਾਂ ਨੂੰ ਮਾਣ ਨਾਲ ਧਿਆਉਣ ਦਾ ਹੁਕਮ ਵੀ ਹੈ। ਇਸਦੇ ਨਾਲ–ਨਾਲ ਇਹ ਪ੍ਰਭੂ ਦਾ ਸਦਾ ਉਹਨਾਂ ਮਨੁੱਖਾਂ ਦੇ ਅੰਗ–ਸੰਗ ਹੋਣ ਦਾ ਵਿਸ਼ਵਾਸ਼ ਵੀ ਦ੍ਰਿੜ ਕਰਵਾਉਂਦੀਆਂ ਹਨ। ਇਸ ਲਈ ਗੁਰੂ ਸਾਹਿਬਾਨ ਦੇ ਨਾਵਾਂ ਦੇ ਸਿਮਰਨ ਤੋਂ ਬਾਅਦ ਉਹਨਾਂ ਦੇ ਅਰਦਾਸ ਕਰਨ ਵਾਲੇ ਤੇ ਸੁਣਨ ਵਾਲੇ ਦੇ 'ਸਭ ਥਾਈਂ ਹੋਏ ਸਹਾਇ' ਦੀ ਹਾਮੀ ਵੀ ਭਰੀ ਗਈ ਹੈ।

ਇੱਥੇ ਹੀ ਵਸ਼ਵਾਸ਼ ਤੇ ਭਰੋਸੇ ਦੀ ਕੜੀ ਜੁੜਨੀ ਸ਼ੁਰੂ ਹੋ ਜਾਂਦੀ ਹੈ। ਇਸੇ ਵਿਸ਼ਵਾਸ਼ ਤੇ ਭਰੋਸੇ ਦੇ ਸਹਾਰੇ ਹੀ ਮਨੁੱਖ ਦੀ ਸਾਰੀ ਉਮੀਦ ਬੱਝੀ ਹੁੰਦੀ ਹੈ। ਜਿਵੇਂ ਹਵਾ ਵਿੱਚ ਉਡਦੀ ਗੁੱਡੀ ਤੇ ਉਸਦੀ ਡੋਰ ਤੇ ਉਡਾਉਣ ਵਾਲੇ ਦੀਆਂ ਤਾਰਾਂ ਜੁੜੀਆਂ ਹੁੰਦੀਆਂ ਹਨ। ਜੇ ਕਿਤੇ ਉਹ ਡੋਰ ਟੁੱਟ ਜਾਵੇ ਤਾਂ ਉਹ ਗੁੱਡੀ ਜੋ ਕੁੱਝ ਦੇਰ ਪਹਿਲਾਂ ਹਵਾ ਵਿੱਚ ਲਹਿਰਾ ਰਹੀ ਹੁੰਦੀ ਹੈ, ਉਹ ਹਵਾ ਦੇ ਹੁਲਾਰਿਆਂ ਦੇ ਨਾਲ ਪਤਾ ਨਹੀਂ ਕਿੱਥੇ ਜਾ ਡਿੱਗਦੀ ਹੈ। ਗੁਰੂ ਨਾਨਕ ਦੇਵ ਜੀ ਅਤੇ ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਕੀਤੀ ਅਰਦਾਸ ਰਾਹੀਂ ਗੁਰੂ ਸਾਹਿਬਾਨਾਂ ਦੀ ਦ੍ਰਿਸ਼ਟੀ ਤੇ ਮਿਹਰ ਹਰ ਥਾਂ ਤੇ ਅਰਦਾਸ ਕਰਨ ਜਾਂ ਸੁਣਨ ਵਾਲੇ ਦੇ ਸਹਾਈ ਹੁੰਦੀ ਹੈ।

**ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ**

ਦਸਾਂ ਪਾਤਸ਼ਾਹੀਆਂ ਵਿੱਚ ਵਿਚਰ ਰਹੀ ਜੋਤ 'ਸ਼ਬਦ ਰੂਪ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਟਿਕ ਗਈ ਇਸੇ ਲਈ ਕਿਹਾ ਜਾਂਦਾ ਹੈ ਕਿ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਮੋਈ ਹੋਈ ਹੈ, ਉਹੀ ਆਤਮਿਕ ਜੋਤ ਦਾ ਮੂਲ ਧੁਰਾ ਹੈ। ਗੁਰੂ ਸ਼ਬਦ ਜਿਸਨੂੰ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਮਰਦਾਨੇ ਨੂੰ ਕਿਹਾ, 'ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ।' ਇਹ ਬਾਣੀ ਧੁਰ ਦਰਗਾਹੋਂ ਅਕਾਲ ਪੁਰਖ ਦਾ ਇਲਹਾਮ ਸੀ, ਜੋ ਉਹਨਾਂ ਗੁਰੂ ਸਾਹਿਬਾਨਾਂ ਜਾਂ ਮਹਾਂਪੁਰਖਾਂ ਰਾਹੀਂ ਸੰਸਾਰ ਦੀ ਝੋਲੀ ਵਿੱਚ ਪਾਇਆ। ਗੁਰੂ ਨਾਨਕ ਸਾਹਿਬ ਨੇ ਮਨੁੱਖਤਾ ਨੂੰ ਧਰਮਾਂ ਦੀਆਂ ਹੱਦਾਂ ਤੋਂ ਬਾਹਰ ਕੱਢ ਕੇ ਇਸ ਬਾਤ ਦੀ ਸੋਝੀ ਕਰਵਾਈ ਕਿ ਭਾਈ! ਕੋਈ ਧਰਮ ਮਾੜਾ ਨਹੀਂ, ਸਾਡੇ ਕਰਮ ਹੀ ਹਨ ਜੋ ਸਾਨੂੰ ਚੰਗਾ ਜਾਂ ਮਾੜਾ ਬਣਾਉਂਦੇ ਹਨ।

ਸੰਸਾਰ ਵਿੱਚ ਅਸੀਂ ਆਪਣੀਆਂ ਜਿੰਮੇਵਾਰੀਆਂ ਨੂੰ ਛੱਡ ਮਾਨਸਿਕ ਸ਼ਾਂਤੀ ਜਾਂ ਉਸ ਰੱਬ ਦੀ ਪ੍ਰਾਪਤੀ ਲਈ ਸੰਸਾਰ ਤੋਂ ਦੂਰ ਹੋ ਜਾਂਦੇ ਹਾਂ, ਪਰ ਰੱਬ ਤਾਂ ਹਰ ਥਾਂ 'ਤੇ ਹੈ ਅਤੇ ਸਾਰੇ ਜੀਵਾਂ ਵਿੱਚ ਹੈ। ਸਾਨੂੰ ਉਸਦੇ ਨੇੜੇ ਰਹਿ ਕੇ ਹੀ ਉਸ ਮਾਲਕ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਜਦੋਂ ਉਹਨਾਂ ਨੂੰ ਮਹਿਸੂਸ ਹੋਇਆ ਤਾਂ ਉਹਨਾਂ ਨੇ ਸਮਾਜ ਵਿੱਚ ਰਾਜ–ਸੱਤਾ 'ਤੇ ਬੈਠੇ ਰਾਜੇ ਨੂੰ ਕਸਾਈ ਵੀ ਕਹਿ ਦਿੱਤਾ। ਬਹੁਤ ਸਾਰੀਆਂ ਜਨਮ ਸਾਖੀਆਂ ਉਹਨਾਂ ਦੇ ਜੀਵਨ 'ਤੇ ਰੋਸ਼ਨੀ ਪਾਉਂਦੀਆਂ ਹਨ। ਗੁਰੂ ਨਾਨਕ ਸਾਹਿਬ ਜੀ ਨੇ ਬਾਬਾ ਫਰੀਦ ਜੀ ਦੀ ਬਾਣੀ ਨੂੰ ਇਕਤ੍ਰਿਤ ਕੀਤਾ ਅਤੇ ਆਪਣੇ ਤੋਂ ਪਹਿਲਾਂ ਅਤੇ ਸਮਕਾਲੀ ਮਹਾਂਪੁਰਖਾਂ ਦੀ ਬਾਣੀ ਨੂੰ ਇਕਤ੍ਰ ਕੀਤਾ ਜਿਨ੍ਹਾਂ ਨੇ ਇੱਕ ਅਕਾਲ ਪੁਰਖ, ਪਰਮ ਪਿਤਾ ਪ੍ਰਮਾਤਮਾ, ਜੋ ਸਰਗੁਣ ਨਿਰਗੁਣ ਸਰੂਪ ਵਾਲਾ ਹੈ, ਜਿਸਦਾ ਕਦੇ ਵੀ ਅੰਤ ਨਹੀਂ ਹੋਣਾ, ਜੋ 'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ' ਦੇ ਸਿਧਾਂਤ 'ਤੇ ਪੂਰੀ ਉਤਰਦੀ ਹੈ। ਪੂਰੇ ਦੇ ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰ ਇਹਨਾਂ ਸ਼ਬਦਾਂ ਦੇ ਆਲੇ–ਦੁਆਲੇ ਹੀ ਰਹਿੰਦਾ ਹੈ। ਗੁਰਮੁਖ, ਮਨਮੁਖ ਗੁਰਮਤਿ ਅਤੇ ਮਨਮਤਿ ਇਸ ਵਿੱਚ ਜੋ ਦੋ ਕਿਰਦਾਰ ਤੇ ਦੋ ਜੀਵਨ ਹਨ ਇਹਨਾਂ 'ਤੇ ਹੀ ਸਾਰੀ ਮਨੁੱਖਤਾ ਦੀ ਪਰਿਭਾਸ਼ਾ ਟਿਕੀ ਹੋਈ ਹੈ।

ਜੇ ਮਨੁੱਖ ਗੁਰਮੁਖ ਜੀਵਨੀ ਨੂੰ ਗੁਰਮਤਿ ਸਿਧਾਂਤਾਂ ਨਾਲ ਜਿਉਂਦਾ ਹੈ ਤਾਂ ਸੱਚ ਜਾਣਿਓ ਇਸ ਤੋਂ ਸੁਖੀ ਸੰਸਾਰ ਵਿੱਚ ਕੋਈ ਵੀ ਨਹੀਂ ਹੋ ਸਕਦਾ। ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਉਚਾਰੀ ਬਾਣੀ ਤੇ ਹੋਰ ਬਾਣੀਆਂ ਨੂੰ ਪੋਥੀ ਰੂਪ ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦੇਣ ਸਮੇਂ ਸੌਂਪ ਦਿੱਤਾ। ਦੂਜੀ ਪਾਤਸ਼ਾਹੀ ਨੇ ਆਪਣੀ ਉਚਾਰੀ ਬਾਣੀ ਕਲਮਬੱਧ ਕਰ ਤੀਸਰੀ ਨਾਨਕ ਜੋਤਿ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤੀ ਉਹਨਾਂ ਨੇ ਵੀ ਇਸ ਪੋਥੀ ਸਾਹਿਬ ਵਿੱਚ ਬਾਣੀ ਦਾ ਹਿੱਸਾ ਪਾ ਇਸ ਪ੍ਰੰਪਰਾ ਨੂੰ ਜਾਰੀ ਰੱਖਿਆ। ਇੱਥੇ ਉਹਨਾਂ ਦੀਆਂ ਉਚਾਰੀਆਂ ਬਾਣੀਆਂ ਵਿੱਚੋਂ ਅਨੰਦ ਸਾਹਿਬ ਸਿੱਖ ਜੀਵਨ ਜਾਚ ਦਾ ਹਿੱਸਾ ਬਣ ਗਈ ਹੈ। ਪਾਠ ਤਾਂ ਮਨੁੱਖੀ ਜੀਵਨ ਦੇ ਤੱਤ ਨੂੰ ਬੜੇ ਗਹਿਰੇ ਢੰਗ ਨਾਲ ਦਰਸਾਉਂਦਾ ਹੈ। ਅਨੰਦ ਕਾਰਜ ਵੇਲੇ ਪੜ੍ਹੀ ਜਾਣ ਵਾਲੀ **'ਲਾਵਾਂ'** ਬਾਣੀ ਦਾ ਪਾਠ ਚੌਥੀ ਨਾਨਕ ਜੋਤਿ ਦੀ ਦੇਣ ਹੈ ਅਤੇ ਅੱਜ ਉਸ ਤੋਂ ਬਿਨ੍ਹਾਂ ਇੱਕ ਗੁਰਸਿੱਖ ਦੇ ਜੀਵਨ ਦਾ ਉਹ ਮਹਾਨ ਕਾਰਜ ਜੋ ਅਤਿ ਜਰੂਰੀ ਹੈ, ਸੰਪੂਰਨ ਨਹੀਂ ਹੁੰਦਾ।

ਗੁਰੂ ਅਮਰਦਾਸ ਜੀ ਤੇ ਵੱਡੇ ਸਪੁੱਤਰ ਬਾਬਾ ਮੋਹਨ ਜੀ ਪਾਸੋਂ ਗੁਰੂ ਰਾਮਦਾਸ ਜੀ ਨੇ ਪਹਿਲੇ ਗੁਰੂ ਸਾਹਿਬ ਦੀ ਬਾਣੀ ਨੂੰ ਇਕੱਤਰ ਕੀਤਾ ਅਤੇ ਉਸਨੂੰ ਸੰਭਾਲਿਆ ਤੇ ਪੰਜਵੀਂ ਨਾਨਕ ਜੋਤਿ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਦੀ ਧਰਤੀ ਜਿੱਥੇ ਅੱਜਕਲ੍ਹ ਗੁਰਦੁਆਰਾ ਰਾਮਸਰ ਸਾਹਿਬ ਸੁਸ਼ੋਭਿਤ ਹੈ, ਵਿਖੇ ਭਾਈ ਗੁਰਦਾਸ ਜੀ ਪਾਸੋਂ ਲਿਖਵਾ ਕੇ ਜਿਲਦ-ਬੱਧ ਕਰਵਾਇਆ। ਇਸ ਮਹਾਨ ਗ੍ਰੰਥ ਵਿੱਚ ਪੰਜ ਗੁਰੂ ਸਾਹਿਬਾਨਾਂ ਦੀ ਬਾਣੀ ਦੇ ਨਾਲ-ਨਾਲ ਭਾਰਤ ਦੇ ਕਈ ਸ਼ਹਿਰਾਂ ਦੇ ਮਹਾਂਪੁਰਖਾਂ ਅਤੇ ਮੁਸਲਮਾਨ ਫਕੀਰਾਂ ਦੀ ਬਾਣੀ ਨੂੰ ਉਚੇਚਾ ਸਥਾਨ ਦਿੱਤਾ। ਜਿਨ੍ਹਾਂ ਦੀ ਗਿਣਤੀ 15 ਸੀ ਤੇ ਇਸਦੇ ਨਾਲ 11 ਭੱਟਾਂ ਦੀ ਬਾਣੀ ਨੂੰ ਵੀ ਦਰਜ਼ ਕੀਤਾ। ਇੱਥੇ ਧਿਆਨ ਦੇਣ ਦੀ ਲੋੜ ਹੈ ਕਿ ਗੁਰੂ ਸਾਹਿਬ ਨੇ ਇੱਕ ਕਸਵੱਟੀ ਤੈਅ ਕਰ ਦਿੱਤੀ, ਉਹ ਸੀ ਮੂਲ ਮੰਤਰ ਜੋ ਜਪੁਜੀ ਸਾਹਿਬ ਦੀ ਬਾਣੀ ਦੇ ਅਰੰਭ ਵਿੱਚ ਆਉਂਦਾ ਹੈ।

**੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥** ਅਤੇ ਉਸ ਉਪਰੰਤ ਉਹ ਅਕਾਲ ਪੁਰਖ ਜੋ ਆਦਿ ਕਾਲ ਤੋਂ ਸੱਚ ਹੈ, ਹੁਣ ਵੀ ਸੱਚ ਹੈ ਅਤੇ ਅਨੰਤਕਾਲ ਤੱਕ ਉਸਨੇ ਹੀ ਸੱਚ ਹੋਣਾ ਹੈ, ਬਾਰੇ ਵਿਸਤਾਰ ਪੂਰਵਕ ਗਲ੍ਹ ਕੀਤੀ ਹੈ।

ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ 1604 ਈ. ਨੂੰ ਸ੍ਰੀ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਵਿਖੇ ਬਾਬਾ ਬੁੱਢਾ ਸਾਹਿਬ ਜੀ ਨੂੰ ਸਿੱਖ ਕੌਮ ਪਹਿਲਾ ਗ੍ਰੰਥੀ ਥਾਪ ਕੇ ਆਦਿ ਬੀੜ ਦਾ ਪ੍ਰਕਾਸ਼ ਕਰਵਾਇਆ ਤੇ ਹੁਕਮਨਾਮਾ ਵੀ ਲਿਆ। ਪਹਿਲਾ ਹੁਕਮਨਾਮਾ ਸੀ **'ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥'** ਜਦੋਂ ਇਸ ਮਹਾਨ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸੰਪੂਰਨ ਹੋਈ ਤਾਂ ਉਸ ਸਮੇਂ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਆਪ ਮੰਜੇ 'ਤੇ ਨਹੀਂ ਸੁੱਤੇ, ਆਪਣਾ ਵਿਛਾਉਣਾ ਜ਼ਮੀਨ 'ਤੇ ਕੀਤਾ ਬਾਣੀ ਨੂੰ ਪੂਰਨ ਸਤਿਕਾਰ ਦਿੰਦਿਆਂ ਪਲੰਘ 'ਤੇ ਬਿਰਾਜਮਾਨ ਕੀਤਾ।

ਇਤਿਹਾਸ ਗਵਾਹ ਹੈ ਕਿ ਨਾਮਧਾਰੀ ਅਤੇ ਨਿਰੰਕਾਰੀ ਸੰਪਰਦਾਵਾਂ ਇਸ ਤੋਂ ਦੂਰ ਹਨ ਪਰ ਭੱਟ ਵਹੀਆਂ ਦਸਤਾਵੇਜੀ ਪ੍ਰਮਾਣ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਦਿੱਤੀ। ਭੱਟ ਦਰਬਦ ਸਿੰਘ ਪੁੱਤਰ ਕੇਸੋ ਸਿੰਘ 6 ਅਕਤੂਬਰ 1708 ਆਪਣੀ ਵਹੀ ਵਿੱਚ ਇੰਝ ਲਿਖਦਾ ਹੈ:–

'ਗੁਰੂ ਗੋਬਿੰਦ ਸਿੰਘ ਮਹਿਲ ਦਸਵਾਂ ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਪੋਤਾ ਗੁਰੂ ਹਰਿਗੋਬਿੰਦ ਜੀ ਕਾ, ਪੜਪੋਤਾ ਗੁਰੂ ਅਰਜਨ ਦੇਵ ਜੀ ਕਾ ਬੰਸ ਗੁਰੂ ਰਾਮਦਾਸ ਜੀ ਕੀ ਸੂਰਜ ਬੰਸੀ ਗੋਸ਼ਲ ਗੋਤਰ ਸੋਢੀ ਖੱਤਰੀ ਬਾਸੀ ਅਨੰਦਪੁਰ ਪਰਗਨਾ ਕਹਿਲੂਰ ਮੁਕਾਮ ਨਾਂਦੇੜ ਤੱਟ ਗੁਦਾਵਰੀ ਦੇਸ ਦੱਖਣ ਸੰਮਤ 1765 ਕੱਤਕ ਮਾਸ ਕੀ ਚੌਥ ਸ਼ੁਕਲ ਪੱਖੁ ਬੁਧਵਾਰ ਕੁ ਦਿਹੁੰ ਭਾਈ ਦਯਾ ਸਿੰਘ ਤੇ ਬਚਨ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਆਓ। ਬਚਨ ਪਾਇ ਦਯਾ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਆਏ ਗੁਰੂ ਜੀ ਨੇ ਪੰਜ ਪੈਸੇ ਨਾਰੀਯਲ ਅੱਗੇ ਭੇਟਾ ਰੱਖ ਮੱਥਾ ਟੇਕਿਆ, ਸਰਬੱਤ ਸੰਗਤ ਸੇ ਕਹਾ ਮੇਰਾ ਹੁਕਮ ਹੈ ਮੇਰੀ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋ ਜਾਨਣਾ ਜੋ ਸਿੱਖ ਜਾਣੇਗਾ ਤਿਸ ਕੀ ਘਾਲ ਥਾਇ ਪਏਗੀ। ਗੁਰੂ ਉਸਦੀ ਬਹੁੜੀ ਕਰੇਗਾ ਸਤਿ ਕਰ ਮਾਨਣਾ।'

ਪਿਛਲੇ ਦਿਨੀਂ ਭਾਰਤ ਦੀ ਸੁਪਰੀਮ ਕੋਰਟ ਵੱਲੋਂ ਵੀ ਫੈਸਲਾ ਆਇਆ ਹੈ ਜਿਸਦਾ ਜਿਕਰ ਕਰਨਾ ਵੀ ਜਰੂਰੀ ਹੈ। 29 ਮਾਰਚ 2000 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਬਨਾਮ ਸ੍ਰੀ ਸੋਮਨਾਥ ਦਾਸ ਅਤੇ ਹੋਰ ਮਾਣਯੋਗ ਜੱਜ ਏ.ਪੀ. ਮਿਸ਼ਰਾ ਅਤੇ ਐੱਮ ਜਗੰਨਨਾਥ ਰਾਓ ਨੇ ਇਕ ਕੇਸ ਦੇ ਫੈਸਲੇ ਦਿੰਦੇ ਹੋਏ ਲਿਖਿਆ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਵਿੰਗ ਗੁਰੂ ਹਨ' ਇਹ ਆਪਣੇ ਆਪ ਵਿੱਚ ਇੱਕ ਇਤਿਹਾਸਕ ਫੈਸਲਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਇਹ ਹੈ ਕਿ ਦੁਨੀਆ ਦੇ ਸਭ ਧਰਮ ਗ੍ਰੰਥਾਂ ਵਿੱਚੋਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਜਿਹੇ ਧਰਮ ਗ੍ਰੰਥ ਹਨ ਜਿੰਨ੍ਹਾਂ ਦਾ ਬਾਣੀ ਨੂੰ ਗੁਰੂ ਸਾਹਿਬਾਨਾਂ ਵੱਲੋਂ ਆਪ ਕਲਮ–ਬੱਧ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਕੇਵਲ ਤੇ ਕੇਵਲ ਅਕਾਲ ਪੁਰਖ ਦੀ ਅਰਾਧਨਾ ਅਤੇ ਸਿਫਤ ਸਲਾਹ ਨਾਲ ਭਰਪੂਰ ਹੈ। ਮਨੁੱਖੀ ਜੀਵਨ ਵਿੱਚ ਬੌਧਿਕ ਗਿਆਨ ਹਾਸਿਲ ਕਰਨ ਦਾ ਇੱਕ ਮਾਤਰ ਸਰੋਤ ਹੈ। ਇਹ ਸਰਬ ਸਾਂਝਾ ਗ੍ਰੰਥ ਹੈ ਜਿੱਥੇ ਸਿੱਖ ਗੁਰੂ ਸਾਹਿਬਾਨਾਂ, ਹਿੰਦੂ ਭਗਤਾਂ, ਮੁਸਲਮਾਨ ਫਕੀਰਾਂ ਦੇ ਦਾਰਸ਼ਨਿਕ ਕਲਾਮ ਮੌਜੂਦ ਹਨ। ਭਾਰਤ ਦੇ ਪ੍ਰਚਲਿਤ ਰਾਗਾਂ ਦਾ ਗੁਲਦਸਤਾ ਹੁੰਦਿਆਂ ਗੁਰੂ ਗ੍ਰੰਥ ਸਾਹਿਬ ਕਾਵਿ ਰਚਨਾਵਾਂ ਦਾ ਮਹਾਨ ਗ੍ਰੰਥ ਹੈ। ਸਿੱਖ ਇਸ ਮਹਾਨ ਗ੍ਰੰਥ ਵਿੱਚ ਸਥਾਪਿਤ ਸ਼ਬਦਾਂ ਨੂੰ ਸਤਿ–ਸਤਿ ਕਰ ਮੰਨਦਾ ਹੈ। ਆਪਣੀ ਹਰ ਖੁਸ਼ੀ ਅਤੇ ਗਮੀ ਵਿੱਚ ਇਸ ਅੱਗੇ ਅਰਦਾਸ ਕਰਦਾ ਹੈ ਅਤੇ ਸ਼ਰਧਾ ਭੇਂਟ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਦਾ ਸਹਾਰਾ ਅਤੇ ਭਰੋਸਾ ਵੀ ਬਣ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹਰ ਗੁਰਦੁਆਰਾ ਸਾਹਿਬ ਵਿੱਚ ਹੁੰਦਾ ਹੈ। ਉੱਥੇ ਆਉਣ ਵਾਲਾ ਹਰ ਸ਼ਖਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦਾ ਹੈ ਅਤੇ ਸਤਿਕਾਰ ਵਜੋਂ ਗੁਰੂ ਸਾਹਿਬ ਵੱਲ ਪੈਰ ਨਹੀਂ ਕਰਦਾ ਤੇ ਨਾ ਹੀ ਸਿਰ ਨੰਗਾ ਰੱਖਦਾ ਹੈ। ਉੱਚੀ ਥਾਂ 'ਤੇ ਪੀੜਾ ਸਾਹਿਬ ਅਤੇ ਚੰਦੋਆ ਸਜਾਇਆ ਜਾਂਦਾ ਹੈ ਤੇ ਇੱਕ ਚਵਰ ਬਰਦਾਰ ਸੇਵਾ ਵਿੱਚ ਹੁੰਦਾ ਹੈ। ਇਹ ਹੀ ਹਨ ਪਾਤਸ਼ਾਹੀ ਚਿੰਨ੍ਹ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਰ ਸਤਿਕਾਰ ਲਈ

ਨਿਸ਼ਚਿਤ ਹਨ, ਪਰ ਗੁਰੂ ਤਾਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸ਼ਬਦ ਹੀ ਹਨ। ਇਸ 'ਸ਼ਬਦ ਗੁਰੂ' ਅੱਗੇ ਕੀਤੀ ਅਰਦਾਸ ਹਰ ਮਨੁੱਖ ਦੇ ਵਿਸ਼ਵਾਸ਼ ਤੇ ਨਿਸ਼ਚੇ ਨੂੰ ਮਜਬੂਤ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਭਰੋਸੇ ਨਾਲ ਜਾਂ ਉਹਨਾਂ ਤਾ ਧਿਆਨ ਧਰ ਕੇ ਕੀਤੀ ਗਈ ਅਰਦਾਸ, ਸੱਚੀ ਦਰਗਾਹ ਵਿੱਚ ਪਰਵਾਨ ਜਰੂਰ ਹੁੰਦੀ ਹੈ, ਇਸੇ ਆਤਮਿਕ ਜੋਤ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਵਾਹਿਗੁਰੂ ਜੀ ਬੋਲਣ ਦਾ ਆਦੇਸ਼ ਦਿੱਤਾ ਜਾਂਦਾ ਹੈ। ਬੋਲਣਾ ਜੀ ਵਾਹਿਗੁਰੂ!!

**ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ**

ਅਰਦਾਸ ਦੇ ਸਾਰੇ ਹੀ ਅੰਗ ਮਨੁੱਖ ਦੀ ਸ਼ਕਤੀ ਦਾ ਸਾਧਨ ਬਣ ਜਾਂਦੇ ਹਨ। ਅਰਦਾਸ ਭਾਵੇਂ ਆਪ ਕੀਤੀ ਜਾ ਰਹੀ ਹੈ ਜਾਂ ਅਰਦਾਸੀਏ ਸਿੰਘ ਜਾਂ ਸਿੰਘਣੀ ਵੱਲੋਂ। ਇਸਦਾ ਇੱਕ-ਇੱਕ ਸ਼ਬਦ ਗਿਆਨ ਨਾਲ ਭਰਪੂਰ ਹੈ। ਧਿਆਨ ਧਰ ਕੇ ਭਾਵ ਧਿਆਨ ਨੂੰ ਕੇਂਦਰਿਤ ਕੀਤਾ ਜਾਵੇ। ਜੇ ਮੈਂ ਸਾਵਧਾਨ ਹੀ ਨਹੀਂ ਤੇ ਧਿਆਨ ਵੱਲੋਂ ਗੈਰ-ਹਾਜਰ ਹਾਂ ਮੇਰੀ ਲਿਵ ਕਿਤੇ ਹੋਰ ਹੈ ਤੇ ਇਸ ਨਾਲ ਮੈਂ ਕੇਵਲ ਸਰੀਰਿਕ ਰੂਪ ਵਿੱਚ ਹੀ ਉਸ ਵਿੱਚ ਹਾਜਰ ਹਾਂ, ਤੇ ਨਾ ਹੀ ਗੁਰੂ ਸਾਹਿਬ ਜੀ ਦੀ ਕਿਰਪਾ ਅਤੇ ਨਾ ਹੀ ਕਿਸੇ ਦਾਨ ਦਾ ਮੈਂ ਪਾਤਰ ਹੋ ਸਕਦਾ ਹਾਂ। ਜਿਸਦੀ ਮੰਗ ਅਕਾਲ ਪੁਰਖ ਪਾਸੋਂਕੀਤੀ ਜਾ ਰਹੀ ਹੈ, ਕਿਉਂਕਿ ਲਿਵ ਤੋਂ ਹੀ ਧਿਆਨ ਨੂੰ ਕੇਂਦਰਿਤ ਕੀਤਾ ਜਾ ਸਕਦਾ ਹੈ, ਜਾਂ ਧਿਆਨ ਤੋਂ ਹੀ ਲਿਵ ਜੁੜਦੀ ਹੈ ਜੇ ਧਿਆਨ ਹੀ ਕਿਤੇ ਹੋਰ ਹੈ ਤਾਂ ਸੱਚ ਜਾਣਿਓ ਮੈਂ ਅਰਦਾਸ ਵਿੱਚ ਗੈਰ-ਹਾਜਰ ਹਾਂ। ਕਿਸ ਤਰ੍ਹਾਂ ਹੋ ਸਕਦਾ ਹੈ ਕਿ ਮੈਂ ਗੈਰ-ਹਾਜਰ ਹੋ ਕੇ ਜਿਸ ਕਾਰਜ ਲਈ ਅਰਦਾਸ ਕਰ ਰਿਹਾ ਹਾਂ ਉਹ ਪ੍ਰਵਾਨ ਹੋ ਜਾਵੇ, ਇਹ ਅਸੰਭਵ ਹੈ। ਇਸ ਲਈ ਮਨ ਅਤੇ ਤਨ ਦੋਵਾਂ ਪੱਖਾਂ ਤੋਂ ਹਾਜਰ ਹੋਣਾ ਜਰੂਰੀ ਹੈ।

ਜਿਸ ਤਰ੍ਹਾਂ ਅਸੀਂ ਅਰਦਾਸ ਵਿੱਚ ਅਰਦਾਸੀਏ ਸਿੰਘ ਵੱਲੋਂ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ ਜੀ ਕਹਿੰਦੇ ਹਾਂ ਉਸ ਵੇਲੇ ਜਿੱਥੇ ਸਾਡਾ ਧਿਆਨ ਸ਼ਬਦ ਗੁਰੂ ਦੇ ਸਾਹਮਣੇ ਅਕਾਲ ਪੁਰਖ ਨੂੰ ਸੱਦਾ ਵੀ ਹੈ ਦੂਜੇ ਸ਼ਬਦਾਂ ਦੇ ਵਿੱਚ ਅਸੀਂ ਅਰਦਾਸ ਕਰ ਉਸ ਮਾਲਕ ਨੂੰ ਆਮੰਤ੍ਰਿਤ ਕਰ ਰਹੇ ਹੁੰਦੇ ਹਾਂ। ਹੇ ਮੇਰੇ ਮਾਲਕ! ਮੇਰੀ ਬਾਂਹ ਫੜ ਲੈ ਇਹ ਉਸ 'ਤੇ ਭਰੋਸੇ ਦੀ ਤਾਰ ਵੀ ਹੁੰਦੀ ਹੈ। ਅਰਦਾਸ ਵਿੱਚ ਇੱਕ ਭਾਗ ਕਿਸੇ ਵਿਸ਼ੇਸ਼ ਵਿਸ਼ੇ ਨਾਲ ਜੁੜਿਆ ਹੁੰਦਾ ਤਾਂ ਵੀ ਸਾਰੀ ਦੀ ਸਾਰੀ ਅਰਦਾਸ ਸਾਡੇ ਸਮੂਹਿਕ ਹੋਣ ਦਾ ਸਬੂਤ ਵੀ ਹੁੰਦੀ ਹੈ।

ਸਿੱਖ ਅਰਦਾਸ ਦਾ ਦੂਜਾ ਪੈਰ੍ਹਾ ਭਾਵ ਅਧਿਆਇ ਅਰੰਭ ਹੁੰਦਾ ਹੈ, ਪੰਜਾਂ ਪਿਆਰਿਆਂ ਦੇ ਨਾਵਾਂ ਨਾਲ, ਜਿਸ ਵਿੱਚ ਚਾਰ ਸਾਹਿਬਜ਼ਾਦਿਆਂ, ਚਾਲੀਆਂ ਮੁਕਤਿਆਂ ਦਾ ਵੀ ਜ਼ਿਕਰ ਆਉਂਦਾ ਹੈ। ਆਓ ਹੁਣ ਇਹਨਾਂ ਸਾਰਿਆਂ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਪ੍ਰਾਪਤ ਕਰਦੇ ਹਾਂ।

## ਅਧਿਆਇ-2

ਪੰਜ ਪਿਆਰਿਆਂ, ਚੌਹਾਂ ਸਾਹਿਬਜਾਦਿਆਂ,

ਚਾਲੀਆਂ ਮੁਕਤਿਆਂ,

ਹਠੀਆਂ ਜਪੀਆਂ, ਤਪੀਆਂ,

ਜਿਨ੍ਹਾਂ ਨਾਮ ਜਪਿਆ,ਵੰਡ ਛਕਿਆ,

ਦੇਗ ਚਲਾਈ, ਤੇਗ ਵਾਹੀ,

ਦੇਖ ਕੇ ਅਣਡਿੱਠ ਕੀਤਾ,

ਤਿਨ੍ਹਾਂ ਪਿਆਰਿਆਂ, ਸਚਿਆਰਿਆਂਦੀ ਕਮਾਈ ਦਾ ਧਿਆਨ ਧਰ ਕੇ,

ਖਾਲਸਾ ਜੀ! ਬੋਲੋ ਜੀ ਵਾਹਿਗੁਰੂ!

ਮਾਨਸਿਕ ਗੁਲਾਮੀ ਹਮੇਸ਼ਾ ਸਰੀਰਕ ਗੁਲਾਮੀ ਤੋਂ ਭਾਰੀ ਗੁਲਾਮੀ ਹੁੰਦੀ ਹੈ। ਜੇ ਅਸੀਂ ਇਸ ਨੂੰ ਦੂਜੇ ਸ਼ਬਦਾਂ ਵਿੱਚ ਵਿਚਾਰੀਏ ਤਾਂ ਸਰੀਰ ਦੀ ਕਮਜੋਰੀ ਤਾਂ ਕਈ ਵਾਰ ਮਨੁੱਖ ਨੂੰ ਇਤਨਾ ਨੁਕਸਾਨ ਨਹੀਂ ਕਰਦੀ ਜਿਨ੍ਹੀ ਕਿ ਮਨ ਦੀ ਕੰਮਜੋਰੀ ਜਾਂ ਗੁਲਾਮੀ ਕਰਦੀ ਹੈ। ਮਨ ਤੋਂ ਜਦੋਂ ਕੋਈ ਧਾਰ ਲੈਂਦਾ ਹੈ ਕਿ ਇਸ ਜਲਾਲਤ ਤੋਂ ਮੁਕਤ ਹੋਣਾ ਹੈ ਤੇ ਫਿਰ ਦੁਨੀਆ ਦੀ ਕੋਈ ਵੀ ਸ਼ਕਤੀ ਉਸਨੂੰ ਗੁਲਾਮ ਨਹੀਂ ਰੱਖ ਸਕਦੀ। ਜੇ ਮਨ ਹੀ ਧਾਰ ਚੁੱਕਿਆ ਹੋਵੇ ਕਿ ਕੁਝ ਹੋ ਹੀ ਨਹੀਂ ਸਕਦਾ ਤਾਂ ਫਿਰ ਸਰੀਰ ਭਾਵੇਂ ਕਿੰਨਾਂ ਵੀ ਤਕੜਾ ਕਿਉਂ ਨਾ ਹੋਵੇ ਮਨੁੱਖ ਕਦੇ ਵੀ ਗੁਲਾਮੀ ਜਾਂ ਕਮਜੋਰੀ ਨੂੰ ਦੂਰ ਨਹੀਂ ਕਰ ਸਕਦਾ।

ਦੁਨੀਆ ਦੀ ਕੋਈ ਵੀ ਤਾਕਤ ਉਸਨੂੰ ਗੁਲਾਮੀ ਦੀਆਂ ਜੰਜਰਾਂ ਤੋਂ ਮੁਕਤ ਨਹੀਂ ਕਰ ਸਕਦੀ। ਜੇ ਮਨ ਇਹ ਧਾਰ ਲਵੇ ਕੇ ਮੈਂ ਇਸ ਕਲੰਕ ਨੂੰ ਦੂਰ ਕਰਨਾ ਹੈ ਤੇ ਸਮਾਜ ਵਿੱਚ ਇੱਕ ਨਵੀਂ ਰੋਅ ਪੈਦਾ ਕਰਨੀ ਹੈ। ਉਹ ਇਸ ਅਜਾਦੀ ਲਈ ਕਿਸੇ ਵੀ ਕੁਰਬਾਨੀ ਲਈ ਤਿਆਰ ਹੋ ਜਾਵੇ ਫਿਰ ਅਜ਼ਾਦੀ ਉਸ ਸਮਾਜ ਦੇ ਹਰ ਬੰਦੇ ਨੂੰ ਇਹ ਅਹਿਸਾਸ ਕਰਵਾ ਦਿੰਦੀ ਹੈ ਕਿ ਅਜ਼ਾਦੀ ਉਸ ਦਾ ਜੰਮਾਂਦਰੂ ਹੱਕ ਹੈ।ਇਸ ਲਈ ਸਿੱਖ ਮਾਨਸਿਕ ਗੁਲਾਮੀ ਵਿੱਚ ਕਦੇ ਰਹਿ

ਨਹੀਂ ਸਕਦਾ, ਉਹ ਹਮੇਸ਼ਾ ਮਾਨਸਿਕ ਅਜ਼ਾਦੀ ਦੀ ਅਵਸਥਾ ਵਿੱਚ ਜਿਉਂਦਾ ਹੈ। ਜਦੋਂ ਨੋ ਸਾਲ ਦੀ ਉਮਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਔਰੰਗਜੇਬ ਵਲੋਂ ਧਾਰਮਿਕ ਅਜ਼ਾਦੀ ਲਈ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦ ਕਰ ਦਿੱਤਾ ਗਿਆ ਤਾਂ ਉਸ ਵੇਲੇ ਉਹਨਾਂ ਤੋਂ ਪਹਿਲਾਂ ਉਹਨਾਂ ਦੇ ਪਿਆਰੇ ਗੁਰ ਸਿੱਖਾਂ ਨੂੰ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਫਿਰ ਗੁਰੂ ਸਾਹਿਬ ਜੀ ਦਾ ਸੀਸ ਧੜ ਤੋਂ ਵੱਖ ਕਰਕੇ ਸ਼ਹੀਦ ਕਰ ਦਿੱਤਾ ਗਿਆ ਸੀ।ਉਹਨਾਂ ਦਾ ਸੀਸ ਲੈ ਕੇ ਭਾਈ ਜੈਤਾ ਜੀ ਅਨੰਦਪੁਰ ਸਾਹਿਬ ਪਹੁੰਚੇ, ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਮਾਤਾ ਗੁਜਰੀ ਜੀ ਦੀ ਝੋਲੀ ਵਿੱਚ ਪਾਇਆ ਗਿਆ।ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਆਪਣੇ ਗਲ ਨਾਲ ਲਾਇਆ "ਰੰਘਰੇਟਾ ਗੁਰੂ ਕਾ ਬੇਟਾ" ਕਹਿ ਕੇ ਸਤਿਕਾਰ ਦਿੱਤਾ। ਅੱਜ ਖਾਲਸਾ ਪੰਥ ਦੇ ਇਤਿਹਾਸਕ ਪੰਨਿਆ 'ਤੇ ਬੇਟੇ ਦਾ ਮਾਣ ਕੇਵਲ ਤੇ ਕੇਵਲ ਰੰਘਰੇਟੇ ਸਮਾਜ ਨੂੰ ਮਿਲਿਆ ਹੈ। ਲੱਗਦਾ ਹੈ ਅੱਜ ਅਸੀਂ ਗੁਰੂ ਸਾਹਿਬ ਦੇ ਹੁਕਮ ਨੂੰ ਜਾਂ ਤਾਂ ਭੁੱਲ ਗਏ ਹਾਂ, ਜਾਂ ਫਿਰ ਭੁੱਲਣ ਵਾਲੇ ਪਾਸੇ ਜਾ ਰਹੇ ਹਾਂ। ਅਸੀਂ ਰੰਘਰੇਟਿਆਂ ਨੂੰ ਭੁੱਲਾ ਦਿੱਤਾ ਹੈ, ਉਹਨਾਂ ਦੀ ਸਾਰ ਲੈਣੀ ਛੱਡ ਦਿੱਤੀ ਹੈ। ਅਜੇ ਵੀ ਕੁਝ ਨਹੀਂ ਵਿਗੜਿਆ, ਡੁੱਲੇ ਬੇਰ ਕਦੇ ਵੀ ਇਕੱਠੇ ਕੀਤੇ ਜਾ ਸਕਦੇ ਹਨ। ਕਿਹਾ ਜਾਂਦਾ ਹੈ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਪੁੱਛਿਆ ਸੀ ਕਿ, "ਭਾਈ ਜੈਤਾ ਜੀ ਜਦੋਂ ਗੁਰੂ ਪਿਤਾ ਜੀ ਨੂੰ ਸ਼ਹੀਦ ਕੀਤਾ ਗਿਆ ਸੀ, ਕੀ ਉਸ ਵੇਲੇ ਕੋਈ ਸਿੱਖ ਨੇੜੇ ਨਹੀਂ ਸੀ?" ਤਾਂ ਭਾਈ ਜੈਤਾ ਜੀ ਨੇ ਜਵਾਬ ਦਿੱਤਾ ਸੀ ਕਿ, "ਗੁਰੂ ਜੀ ਸਿੱਖ ਤਾਂ ਕਈ ਸਨ ਪਰ ਪਛਾਣ ਵਾਲਾ ਕੋਈ ਨਹੀਂ ਸੀ।" ਜਾਪਦਾ ਹੈ ਕਿ ਉਸ ਵੇਲੇ ਇਸ ਭਾਵਨਾ ਨੇ ਗੁਰੂ ਸਾਹਿਬ ਦੇ ਮਨ ਵਿੱਚ ਉਬਾਲਾ ਮਾਰਿਆ ਹੋਵੇ ਕਿ ਉਹ ਐਸਾ ਨਿਰਾਲੇ ਖਾਲਸੇ ਦੀ ਸਾਜਨਾ ਕਰਨਗੇ ਜੋ ਲੱਖਾਂ ਹਜਾਰਾਂ ਵਿੱਚ ਖਲੋਤਾ ਨਜ਼ਰ ਆਇਆ ਕਰੇਗਾ। ਜਿਸ ਸਿੱਖ ਜਾਂ ਸਮਾਜ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ, ਉਸ ਸਿੱਖ ਜਾਂ ਸਮਾਜ ਦੇ ਸਰੂਪ ਦੀ ਸਿਰਜਣਾ ਦਾ ਵੇਲਾ ਆ ਗਿਆ ਸੀ। ਜਿਸ ਦਾ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ 33 ਵਰ੍ਹਿਆਂ ਦੀ ਉਮਰ ਵਿੱਚ ਪੂਰਾ ਕੀਤਾ। ਇਤਿਹਾਸਕਾਰ ਲਿਖਦੇ ਹਨ ਕਿ 1699 ਈ. ਦੀ ਵਿਸਾਖੀ ਵਾਲੇ ਦਿਨ ਹਜਾਰਾਂ ਦੀ ਗਿਣਤੀ ਵਿੱਚ ਸੰਗਤ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਪਹੁੰਚੀ ਜਿੱਥੇ ਅੱਜਕਲ੍ਹ ਤਖਤ ਸ੍ਰੀ ਕੇਸਗੜ ਸਾਹਿਬ ਸਥਿੱਤ ਹੈ। ਹਜਾਰਾਂ ਸੰਗਤਾਂ ਦੀ ਹਾਜਰੀ ਵਿੱਚ ਗੁਰੂ ਸਾਹਿਬ ਜੀ ਨੰਗੀ ਸ਼ਮਸ਼ੀਰ ਲੈ ਕੇ ਉੱਚੀ ਥਾਂ 'ਤੇ ਆਓਦੇ ਹਨ ਅਤੇ ਮੰਗ ਕਰਦੇ ਹਨ ਕਿ ਮੈਨੂੰ ਇੱਕ ਸੀਸ ਦੀ ਲੋੜ ਹੈ। ਕੌਣ ਗੁਰੂ ਦਾ ਸਿੱਖ ਸੀਸ ਭੇਟ ਕਰ ਸਕਦਾ ਹੈ? ਪੂਰੇ ਪੰਡਾਲ ਵਿੱਚ ਸੰਨਾਟਾ ਛਾ ਗਿਆ।ਉਸ ਇਕੱਠ ਵਿੱਚੋਂ ਭਾਈ ਦਇਆ ਸਿੰਘ ਜੀ ਖੜੇ ਹੋਏ ਤੇ ਉਹਨਾਂ ਨੇ ਆਪਣਾ ਸੀਸ ਗੁਰੂ ਜੀ ਨੂੰ ਭੇਟ ਕਰ ਦਿੱਤਾ ਫਿਰ ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਜੀ ਸੀਸ ਭੇਟ ਕਰਨ ਲਈ ਅੱਗੇ ਆਏ। ਗੁਰੂ ਜੀ ਨੇ ਸਰਬ ਲੋਹ ਦੇ ਬਾਟੇ ਵਿੱਚ ਖੰਡੇ ਦੀ ਪਹੁਲ ਤਿਆਰ ਕੀਤੀ ਅਤੇ ਮਾਤਾ ਸਾਹਿਬ ਕੌਰ ਨੇ ਉਸ ਵਿੱਚ ਪਤਾਸੇ ਪਾ ਕੇ ਖਾਲਸੇ ਲਈ ਨਿਰਮਲ ਰੂਹ ਪਾ ਦਿੱਤੀ।

ਜੋ ਮਰਨ ਲਈ ਤਿਆਰ ਹੋ ਜਾਂਦਾ ਹੈ ਸੱਚ ਜਾਣਿਓ ਉਹ ਹੀ ਗੈਰਤ ਵਾਲਾ ਜੀਵਨ ਜੀ ਸਕਦਾ ਹੈ ਨਹੀਂ ਤਾਂ ਜਿਉਂਦੇ ਤਾਂ ਅਸੀ ਸਾਰੇ ਹਾਂ ਪਰ ਗੈਰਤ ਨਾਲ ਜੀਣਾ ਹੀ ਅਸਲੀ ਜਿਉਣਾ ਹੈ। ਸਿਰ ਤਲੀ 'ਤੇ ਰੱਖਣਾ ਪੈਂਦਾ ਹੈ।

18ਵੀਂ ਸਦੀ ਵਿੱਚ ਸਿੱਖਾਂ ਨੇ ਇਹੀ ਨਾਹਰਾ ਲਾਇਆ, 'ਸਿਰ ਤਲੀ 'ਤੇ ਰੱਖਕੇ ਆ ਜਾ ਜੇ ਮਿਲਣਾ ਕਲਗੀਆਂ ਵਾਲੇ ਨੂੰ 'ਤੇ ਕੌਮ ਵਿੱਚ ਨਵੀਂ ਰੂਹ ਫੂਕ ਦਿੱਤੀ ਸੀ। ਵਾਰੀ–ਵਾਰੀ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ।ਅੰਮ੍ਰਿਤ ਸ਼ਬਦ ਦਾ ਜੇ ਅਸੀਂ ਸੰਧੀ ਵਿਛੇਦ ਕਰੀਏ ਤਾਂ ਅਰਥ ਬਣਦੇ ਹਨ ਅੰ + ਮ੍ਰਿਤ 'ਕਦੇ ਨਾ ਮਰਨ ਵਾਲਾ'।ਇਹ ਨਹੀਂ ਕਿ ਇਸ ਨੂੰ ਛਕਣ ਵਾਲੇ ਨੂੰ ਕਦੀ ਸਰੀਰਕ ਮੌਤ ਨਹੀਂ ਆਉਣੀ, ਇੱਥੇ ਇਸ ਦਾ ਭਾਵ ਹੈ ਕਿ ਇਸਦੀ ਪ੍ਰਾਪਤੀ ਤੋਂ ਬਾਅਦ ਉਸ ਜੀਵ ਦੀ ਆਤਮਾ ਕਦੇ ਮਰੇਗੀ ਨਹੀਂ, ਉਹ ਕਿਸੇ ਦੀ ਗੁਲਾਮੀ ਪ੍ਰਵਾਨ ਨਹੀਂ ਕਰੇਗਾ ਜਾਂ ਕਰੇਗੀ।

ਅੰਮ੍ਰਿਤ ਦੀ ਦਾਤ ਪੰਜ ਪਿਆਰਿਆਂ ਨੂੰ ਦੇਣ ਤੋਂ ਬਾਅਦ ਗੁਰੂ ਜੀ ਨੇ ਇੱਕ ਹੋਰ ਕੌਤਕ ਕੀਤਾ, ਜਿਸ ਦੀ ਮਿਸਾਲ ਦੁਨਿਆਂ ਦੇ ਹੋਰ ਧਰਮਾਂ ਦੇ ਇਤਿਹਾਸ ਵਿੱਚ ਕਿਤੇ ਵੀ ਨਹੀਂ ਮਿਲਦੀ, 'ਆਪੇ ਗੁਰ ਚੇਲਾ' ਦਾ ਸਿਧਾਂਤ ਗੁਰੂ ਸਾਹਿਬ ਨੇ ਖਾਲਸੇ ਨੂੰ ਬਖਸ਼ਿਆ। ਬਾਕੀ ਧਰਮਾਂ ਵਿੱਚ 'ਧਰਮ ਗੁਰੂ' ਹੀ ਗੁਰੂ ਹੈ, ਪਰ ਸਿੱਖ ਧਰਮ ਵਿੱਚ ਇੱਕ ਨਵਾਂ ਇਤਿਹਾਸ ਰਚਿਆ ਗਿਆ ਸੀ। ਜਿਸ ਵਿੱਚ ਗੁਰੂ ਸਾਹਿਬ ਨੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਮੰਗੀ। ਇਹ ਇੱਕ ਨਵਾਂ ਸਿਧਾਂਤ ਸੀ। ਪਹਿਲੇ ਗੁਰੂ ਸਾਹਿਬ ਤੱਕ ਤਾਂ ਭਗਤੀ ਦੇ ਅਧਾਰ 'ਤੇ ਸਿੱਖ ਦੀ ਚੋਣ ਹੁੰਦੀ ਸੀ, ਪਰ ਇਸ ਵੇਲੇ ਭਗਤੀ ਤੇ ਸ਼ਕਤੀ ਦੇ ਅਨੋਖੇ ਸਮੇਲ 'ਤੇ ਚੋਣ ਹੋ ਰਹੀ ਸੀ ਅਤੇ ਪੰਜ ਪਿਆਰਿਆਂ ਵਾਲੀ ਸੰਸਥਾ ਨੂੰ ਪੰਥ ਸਮਰਪਿਤ ਹੋ ਰਿਹਾ ਸੀ।ਪਹਿਲੇ ਸਿੱਖ ਤਾਂ ਗੁਰੂ ਸਾਹਿਬਾਨ ਦੇ ਸਲਾਹਕਾਰ ਸਨ, ਪਰ ਹੁਣ ਸਿੱਖ ਨੂੰ ਸਿੱਖ ਪੰਥ ਦਾ ਵਾਰਿਸ ਬਣਾਇਆ ਜਾ ਰਿਹਾ ਸੀ।ਪੰਥ ਵਿੱਚ ਪੰਜ ਪਿਆਰਿਆਂ ਵਾਲੀ ਸੰਸਥਾ ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਅੰਮ੍ਰਿਤ ਦੀ ਦਾਤ ਦਿੱਤੀ ਸੀ, ਉਸਨੂੰ ਸਮਰਪਿਤ ਕਰ ਦਿੱਤਾ ਸੀ ਅਤੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਲੈ ਕੇ 'ਆਪੇ ਗੁਰ ਚੇਲਾ' ਦਾ ਸਿਧਾਂਤ ਸਥਾਪਿਤ ਕਰ ਦਿੱਤਾ।

ਮੈਕਲਿਫ ਸਿੱਖ–ਰਿਲੀਜਨ ਵਿੱਚ 228 ਪੰਨੇ 'ਤੇ ਲਿਖਦਾ ਹੈ ਕਿ ਜੇ ਸਿੱਖ ਸਿਧਾਂਤ ਤੋਂ ਬਾਹਰ ਜਾ ਕੇ ਗੁਰੂ ਸਾਹਿਬ ਨੇ ਦਾਦੂ ਦੀ ਸਮਾਧ 'ਤੇ ਤੀਰ ਮਾਰਿਆ ਤਾਂ ਉਹਨਾਂ ਨੂੰ ਵੀ ਧਾਰਮਿਕ ਸਜਾ ਲਗਾਈ ਗਈ ਜੋ ਗੁਰੂ ਸਾਹਿਬ ਨੇ ਪ੍ਰਵਾਨ ਵੀ ਕੀਤੀ ਸੀ।

ਸਿੱਖ ਪੰਥ ਸਮੂਹਿਕ ਜਾਂ ਵਿਅਕਤੀਗਤ ਅਰਦਾਸ ਕਰਦੇ ਹਨ ਤਾਂ ਪਹਿਲਾਂ ਦੇਗ਼ ਪੰਜ ਪਿਆਰਿਆਂ ਨੂੰ ਦਿੱਤੀ ਜਾਂਦੀ ਹੈ ਜਾਂ ਕੱਢੀ ਜਾਂਦੀ ਹੈ। ਫਿਰ ਸੰਗਤ ਵਿੱਚ ਵੰਡੀ ਜਾਂਦੀ ਹੈ ਇਸੇ ਤਰ੍ਹਾਂ ਜਦੋਂ ਵੀ ਨਗਰ ਕੀਰਤਨ ਹੁੰਦਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰੇ ਹੀ ਨਗਰ ਕੀਰਤਨ ਦੀ ਅਗਵਾਹੀ ਕਰਦੇ ਹਨ। ਸਿੱਖੀ ਵਿੱਚ ਪੰਥ ਪੰਜ ਪਿਆਰਿਆਂ ਦੀ ਅਗਵਾਈ ਨੂੰ ਸਮਰਪਿਤ ਹੋ ਗਿਆ ਹੈ।ਇਸੇ ਲਈ ਅਰਦਾਸ ਵਿੱਚ ਗੁਰੂ ਸਾਹਿਬ ਤੋਂ ਪਹਿਲਾਂ ਪੰਜ ਪਿਆਰਿਆਂ ਦਾ ਸਿਮਰਨ ਕੀਤਾ ਜਾਂਦਾ ਹੈ, ਇਹ ਉਹ ਮਹਾਨ ਸਿਧਾਂਤ ਹੈ ਜਿਸ ਅੱਗੇ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਸਮਰਪਿਤ ਹੋ ਕੇ 'ਆਪੇ ਗੁਰ ਚੇਲਾ' ਹੋਏ। (ਅਤੇ ਖਾਲਸੇ ਦੀ ਸਿਰਜਣਾ ਕੀਤੀ ਅਤੇ ਮਾਤਾ ਸਾਹਿਬ ਕੌਰ ਜੀ ਨੂੰ ਖਾਲਸਾ ਦੀ ਮਾਂ ਹੋਣ ਦਾ ਮਾਣ ਮਿਲਿਆ।) ਖਾਲਸੇ ਦਾ ਪਿਤਾ ਗੁਰੂ ਗੋਬਿੰਦ ਸਿੰਘ ਜੀ, ਮਾਤਾ ਸਾਹਿਬ ਕੌਰ ਜੀ ਤੇ ਵਸਨੀਕ ਅਨੰਦਪੁਰ ਸਾਹਿਬ ਦਾ ਹੋ ਗਿਆ ਹੈ।

**ਚਾਰ ਸਾਹਿਬਜ਼ਾਦੇ**

ਸਹਿਬਜ਼ਾਦੇ ਦੋ ਸ਼ਬਦਾਂ ਨਾਲ ਮਿਲਕੇ ਬਣਿਆ ਸ਼ਬਦ ਹੈ ਸਾਹਿਬ + ਜ਼ਾਦੇ 'ਸਾਹਿਬ' ਤੋਂ ਭਾਵ ਮਾਲਕ ਅਤੇ 'ਜ਼ਾਦੇ' ਉਸ ਮਾਲਕ ਦੇ ਸਪੁੱਤਰ ਜਾਂ ਰੱਬ ਦੀ ਸੌਗਾਤ ਵੀ ਕਿਹਾ ਜਾਂਦਾ ਹੈ। ਇਹ ਆਮ ਤੌਰ 'ਤੇ ਭਾਸ਼ਾ ਦੇ ਵਿਗਿਆਨੀ ਵਰਤਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਆਪਣੀ ਪੁਸਤਕ ਗੁਰਮਤਿ ਪ੍ਰਭਾਕਰ ਵਿੱਚ ਲਿਖਦੇ ਹਨ ਕਿ ਸਾਹਿਬਜ਼ਾਦੇ ਗੁਰੂ ਨਾਨਕ ਦੇਵ ਜੀ ਦੀ ਵੰਸ਼ ਬੇਦੀ, ਗੁਰੂ ਅੰਗਦ ਦੇਵ ਜੀ ਦੇ ਵੰਸ਼ ਤ੍ਰਹੇਣ, ਗੁਰੂ ਅਮਰਦਾਸ ਜੀ ਦੀ ਵੰਸ਼ ਭੱਲੇ ਅਤੇ ਗੁਰੂ ਰਾਮਦਾਸ ਜੀ ਦੀ ਵੰਸ਼ ਸੋਢੀ, ਵੰਸ਼ ਕਹੇ ਜਾਂਦੇ ਹਨ।ਪਰ ਇਹਨਾਂ ਵਿੱਚੋਂ ਕੋਈ ਗੁਰੂ ਦੀ ਪਦਵੀ ਦਾ ਹੱਕਦਾਰ ਨਹੀਂ, ਇਹ ਅਧਿਕਾਰ ਸਤਿਗੁਰੂ ਦੀ ਅਗਿਆ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਥ ਨੂੰ ਪ੍ਰਾਪਤ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਾਰ ਸਾਹਿਬਜ਼ਾਦੇ ਸਨ, ਜਿਨ੍ਹਾਂ ਦਾ ਸਿਮਰਨ ਸਿੱਖ ਅਰਦਾਸ ਵਿੱਚ ਪੰਜ ਪਿਆਰੇ ਸਾਹਿਬਾਨ ਤੋਂ ਬਾਅਦ ਕੀਤਾ ਜਾਂਦਾ ਹੈ। ਜਿਨ੍ਹਾਂ ਗੁਰੂ ਪੁੱਤਰਾਂ ਨੇ ਗੁਰੂ ਪਿਤਾ ਦਾ ਹੁਕਮ ਸਤਿ–ਸਤਿ ਕਰ ਕੇ ਮੰਨ ਲਿਆ ਹੈ। ਉਹ ਸਾਹਿਬਜ਼ਾਦੇ ਪਦ ਦੇ ਹੱਕਦਾਰ ਹੋ ਗਏ। ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ।ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨੇ 12 ਅਤੇ 08 ਸਾਲ ਦੀ ਉਮਰ ਵਿੱਚ ਅੰਮ੍ਰਿਤ ਦੀ ਦਾਤ ਲੈ ਲਈ ਸੀ।ਮਾਤਾ ਗੁਜਰੀ ਜੀ ਦੀ ਸਿੱਖਿਆ ਸਦਕਾ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਨੇ ਵੀ ਅੰਮ੍ਰਿਤ ਦੀ ਪ੍ਰਾਪਤ ਕੀਤੀ। ਭਾਈ ਕਾਨ੍ਹ ਸਿੰਘ ਨਾਭਾ ਨੂੰ ਮਹਾਨ ਕੋਸ਼ ਵਿੱਚ ਵਰਨਣ ਕੀਤਾ ਕਿ ਇੱਕ ਵਾਰ ਤਿੰਨੋਂ ਸਾਹਿਬਜ਼ਾਦੇ ਸਸ਼ਤਰਾਂ ਨਾਲ ਖੇਡ ਰਹੇ ਸਨ ਤਾਂ ਬਾਬਾ ਫਤਹਿ ਸਿੰਘ ਜੀ ਨੇ ਵੀ ਉਹਨਾਂ ਨਾਲ ਖੇਡਣ ਲਈ ਕਿਹਾ ਤੇ ਬਾਬਾ ਜੁਝਾਰ ਸਿੰਘ ਜੀ ਨੇ ਕਿਹਾ ਆਪ ਅਜੇ ਛੋਟੇ ਹੋ, ਇਸ ਲਈ ਆਪ ਨਹੀਂ ਖੇਡ ਸਕਦੇ, ਇਹ ਸੁਣ ਕੇ ਬਾਬਾ ਫਤਹਿ ਸਿੰਘ ਜੀ ਅੰਦਰ ਗਏ ਅਤੇ ਉੱਚਾ ਦੁਮਾਲਾ ਸਜਾ ਕੇ ਬਾਹਰ ਆ ਗਏ ਤੇ ਕਿਹਾ ਹੁਣ ਤਾਂ ਮੈਂ ਵੱਡਾ ਹੋ ਗਿਆ ਹਾਂ, ਤੇ ਹੁਣ ਮੈਂ ਖੇਡ ਸਕਦਾ ਹਾਂ। ਗੁਰੂ ਗੋਬਿੰਦ ਸਿੰਘ ਜੀ ਸਭ ਵੇਖ ਰਹੇ ਸਨ ਤੇ ਖੁਸ਼ ਹੋ ਕੇ ਬਾਬਾ ਫਤਹਿ ਸਿੰਘ ਜੀ ਨੂੰ ਗੋਦ ਵਿੱਚ ਚੁੱਕ ਲਿਆ ਤੇ ਹੁਕਮ ਕੀਤਾ "ਬਾਬਾ ਫਤਹਿ ਸਿੰਘ ਤਾਂ ਇਸ ਬਾਣੇ ਵਾਲਾ ਨਿਹੰਗ ਸਿੰਘ ਹੋਵੇਗਾ, ਇਹ ਅਕਾਲੀ ਜੱਥਾ ਹੋਵੇਗਾ ਜੋ ਕਿਸੇ ਅੱਗੇ ਨਹੀਂ ਝੁਕੇਗਾ" ਫਿਰ ਸੰਗਤ ਵਿੱਚੋਂ ਪੰਜ ਸਿੰਘ ਭਾਈ ਊਦੈ ਸਿੰਘ, ਭਾਈ ਟਹਿਲ ਸਿੰਘ, ਭਾਈ ਈਸ਼ਰ ਸਿੰਘ, ਭਾਈ ਦੇਵਾ ਸਿੰਘ, ਭਾਈ ਸੁਲੱਖਣ ਸਿੰਘ ਨੂੰ ਨੀਲੇ ਬਾਣੇ ਵਿੱਚ ਸਜਾ ਕੇ ਬਾਬਾ ਫਤਹਿ ਸਿੰਘ ਦਾ ਨਿਹੰਗ ਜੱਥਾ ਕਾਇਮ ਕੀਤਾ। ਇਹ ਜੱਥਾ 1704 ਈ. ਨੂੰ ਸਥਾਪਿਤ ਹੋਇਆ ਸੀ।

ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦਾ ਸਰਸਾ ਨਦੀ ਪਾਰ ਕਰਦੇ ਵੇਲੇ ਸਾਰਾ ਪਰਿਵਾਰ ਖਿੰਡ ਗਿਆ। ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਗੁਰੂ ਸਾਹਿਬ ਨਾਲ ਚਮਕੌਰ ਪੁੱਜੇ ਅਤੇ ਉਹਨਾਂ ਨਾਲ ਚਾਲੀ ਸਿੰਘ ਹੋਰ ਵੀ ਸਨ। ਦੋ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਮਾਤਾ ਗੁਜਰੀ ਜੀ ਨਾਲ ਗੰਗੂ ਰਸੋਈਏ ਦੇ ਘਰ ਉਸ ਪਿੰਡ ਸਹੇੜੀ ਪੁੱਜ ਗਏ। ਇੱਕ ਪਾਸੇ ਚਮਕੌਰ ਵਿਖੇ ਦੁਸ਼ਮਣਾਂ ਦੀਆਂ ਫੌਜਾਂ ਨੇ ਘੇਰਾ ਪਾ ਲਿਆ ਅਤੇ ਉਹਨਾਂ ਦੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਵਾਰੀ–ਵਾਰੀ ਆਪਣੇ ਪਿਤਾ ਤੋਂ

ਆਗਿਆ ਲੈ ਕੇ ਸ਼ਹੀਦੀ ਦਾ ਜਾਮ ਪੀ ਗਏ ਅਤੇ ਦੂਜੇ ਪਾਸੇ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਜਿਨ੍ਹਾਂ ਨੂੰ ਉਹਨਾਂ ਦਾ ਨੌਕਰ ਆਪਣੇ ਪਿੰਡ ਲੈ ਗਿਆ ਸੀ। ਉਸ ਨੇ ਲਾਲਚ ਵੱਸ ਹੋ ਕੇ ਵਜ਼ੀਰ ਖਾਨ ਨੂੰ ਇਤਲਾਹ ਕਰ ਦਿੱਤੀ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਤੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਉਸ ਪਾਸ ਹਨ ਅਤੇ ਉਹਨਾਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਉਹਨਾਂ ਨੂੰ ਵਜ਼ੀਰ ਖਾਨ ਨੇ ਸਰਹੰਦ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ। ਮਾਤਾ ਗੁਜਰੀ ਜੀ ਦੀ ਦਿੱਤੀ ਹੋਈ ਸਿੱਖਿਆ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਡੋਲਣ ਨਹੀਂ ਦਿੱਤਾ ਹਲਾਂਕਿ ਵੇਲੇ ਦੇ ਹਾਕਮਾਂ ਵੱਲੋਂ ਸਾਹਿਬਜ਼ਾਦਿਆਂ ਨੂੰ ਬਹੁਤ ਸਾਰੇ ਲਾਲਚ ਦਿੱਤੇ ਗਏ ਕਿ ਜੇ ਤੁਸੀਂ ਇਸਲਾਮ ਕਬੂਲ ਕਰ ਲਵੋ ਤੁਹਾਨੂੰ ਛੱਡਿਆ ਜਾ ਸਕਦਾ ਹੈ ਤੇ ਜਗੀਰਾਂ ਦਿੱਤੀਆਂ ਜਾਣਗੀਆਂ, ਪਰ ਸਾਹਿਬਜ਼ਾਦਿਆਂ ਨੂੰ ਸਿੱਖੀ ਦਾ ਮੂਲ ਮੰਤਰ ਜਿਸ ਵਿੱਚ ਉਹਨਾਂ ਨੇ 'ਨਿਰਭਉ' ਸ਼ਬਦ ਦਾ ਅਮਲੀ ਭਾਵ ਸਮਝ ਲਿਆ ਸੀ। ਸਚ ਹੈ ਆਤਮ ਬਲ ਲਈ ਵੱਡੇ ਮਜਬੂਤ ਸਰੀਰ ਜਾਂ ਉਮਰ ਦਾ ਕੋਈ ਸੰਬੰਧ ਨਹੀਂ ਹੁੰਦਾ। ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਨੇ ਜਿਉਂਦਿਆਂ ਦੀਵਾਰ ਵਿੱਚ ਚਿਣਵਾ ਦਿੱਤਾ।

ਨਿੱਕੀਆਂ–ਨਿੱਕੀਆਂ ਜਿੰਦਾਂ ਸਿੱਖੀ ਸਿਦਕ ਦੀ ਪਾਲਣਾ ਕਰਦਿਆਂ ਸ਼ਹੀਦੀ ਦਾ ਜਾਮ ਪੀ ਗਈਆਂ, ਤੇ ਮਾਤਾ ਗੁਜਰੀ ਜੀ ਵੀ ਸ਼ਹੀਦੀ ਪਾ ਗਏ। ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਮਨੁੱਖੀ ਇਤਿਹਾਸ ਵਿੱਚ ਬੇਮਿਸਾਲ ਹੈ, ਜਿਸਦੀ ਦੂਸਰੀ ਮਿਸਾਲ ਨਹੀਂ ਮਿਲਦੀ, ਉਹ ਸਿੱਖ ਇਤਿਹਾਸ ਵਿੱਚ ਇੱਕ ਬਹਾਦਰੀ, ਦ੍ਰਿੜਤਾ ਤੇ ਬੇਖੌਫੀ ਦਾ ਬੇਸ਼ਕੀਮਤੀ ਵਰਕਾ ਜੋੜ ਗਈ ਹੈ। ਜੁਗਾਂ–ਜੁਗਾਂ ਤਕ ਉਸਨਾਂ ਦੀ ਯਾਦ ਅਮਰ ਰਹੇਗੀ । ਸੰਸਾਰ ਭਰ ਵਿੱਚ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਜਦੋਂ ਉਹਨਾਂ ਦੀ ਕੁਰਬਾਨੀ ਭਰਿਆ ਇਤਿਹਾਸ ਪੜ੍ਹਨਗੇ ਜਾਂ ਲਿਖਣਗੇ ਤਾਂ ਅੱਖਾਂ ਜਰੂਰ ਭਰਨਗੇ। ਇਸਨੂੰ ਕਦੇ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਜਿਵੇਂ ਇਤਿਹਾਸ ਕਦੇ ਵੀ ਮਰਦਾ ਨਹੀਂ ਭਾਵੇਂ ਉਸਦੀ ਕੋਈ ਵੀ ਅਵਸਥਾ ਹੋਵੇ। ਉਹਨਾਂ ਦਾ ਸਿਦਕ ਹੀ ਸੀ ਜਿਸ ਲਈ ਅਸੀਂ ਅਰਦਾਸ ਵਿੱਚ ਚਾਰ ਸਾਹਿਬਜ਼ਾਦਿਆਂ ਨੂੰ ਯਾਦ ਕਰ ਸਤਿਕਾਰ ਭੇਂਟ ਕਰਦੇ ਹਾਂ, ਸਾਹਿਬਜ਼ਾਦੇ ਕੌਮ ਲਈ ਪ੍ਰੇਰਣਾ ਸ੍ਰੋਤ ਹਨ ਅਤੇ ਸਦਾ ਰਹਿਣਗੇ।

**ਚਾਲੀ ਮੁਕਤੇ**

ਚਾਰ ਸਾਹਿਜ਼ਾਦਿਆਂ ਤੋਂ ਬਾਅਦ ਅੱਗੇ ਅਰਦਾਸ ਵਿੱਚ ਚਾਲੀ ਮੁਕਤਿਆਂ ਦਾ ਜ਼ਿਕਰ ਆਉਂਦਾ ਹੈ। ਅਰਦਾਸ ਵਿੱਚ ਜਿਨ੍ਹਾਂ ਚਾਲੀ ਮੁਕਤਿਆਂ ਨੂੰ ਸ਼ਰਧਾਂਜਲੀ ਦਿੱਤੀ ਗਈ ਹੈ, ਉਹ ਚਾਲੀ ਮੁਕਤੇ ਆਤਮ ਸਮਰਪਣ ਦੀਆਂ ਸਿੱਖਰਾਂ ਨੂੰ ਛੂਹਦਿਆਂ ਮੁਕਤੀ ਦੇ ਦਾਤੇ ਸਤਿਗੁਰੂ ਤੋਂ ਆਪਣੀਆਂ ਜਾਨਾਂ ਵਾਰ ਗਏ। ਭਾਈ ਕਾਨ੍ਹ ਸਿੰਘ ਨਾਭਾ ਰਚਿਤ ਗੁਰਮਤਿ ਪ੍ਰਭਾਕਰ ਮੁਤਾਬਿਕ ਜਿਨ੍ਹਾਂ ਨੇ ਅਗਿਆਨ ਬੰਧਨ ਤੋਂ ਛੁਟਕਾਰਾ ਪਾਇਆ ਹੈ ਉਹ ਹੀ ਮੁਕਤ ਹਨ। ਜਿਸ ਦੀ ਪ੍ਰਾਪਤੀ ਗੁਰੂ ਸ਼ਬਦ ਦੇ ਵਿਚਾਰ ਦੁਆਰਾ, ਆਤਮ ਗਿਆਨ ਦੁਆਰਾ ਹੁੰਦੀ ਹੈ। ਭਾਈ ਵੀਰ ਸਿੰਘ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਮੁਤਾਬਿਕ ਜਿਸ ਦੀ ਲਿਵ ਇੱਕ ਵਾਹਿਗੁਰੂ ਨਾਲ ਲੱਗੀ ਹੈ, ਜੋ ਸਦਾ ਉਸਦੀ ਯਾਦ ਵਿੱਚ ਲੀਨ ਰਹਿੰਦਾ ਹੈ, ਸੋਈ ਮੁਕਤ ਹੈ। ਇਸ ਅਵਸਥਾ ਤੱਕ ਪੁੱਜਣ ਵਾਲੇ ਮੁਕਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ

ਵਾਹਿਗੁਰੂ ਨੂੰ ਕਰਤਾ ਤੇ ਕਾਦਰ ਦੱਸਿਆ ਹੈ। ਸ੍ਰਿਸ਼ਟੀ ਉਸ ਦੀ ਕਿਰਤ ਦੱਸੀ ਹੈ। ਜੀਵ ਉਸੇ ਤੋਂ ਰਚੇ ਦੱਸੇ ਹਨ। ਉਸ ਕਾਦਰ ਨਾਲ ਆਪਣੀ ਲਿਵ ਜੋੜਨ ਨਾਲ ਹੋਏ ਮਿਲਾਪ ਵਿੱਚ ਹੀ ਮੁਕਤੀ ਪੱਦ ਹੈ।

**ਸੋ ਜਨੁ ਮੁਕਤ ਜਿਸੁ ਏਕ ਲਿਵ ਲਾਗੀ ਸਦਾ ਰਹੈ ਹਰਿ ਨਾਲੇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 796)

ਵੱਖ–ਵੱਖ ਧਰਮਾਂ ਵਿੱਚ ਮੁਕਤੀ ਦੇ ਭਾਵ ਵੱਖਰੇ–ਵੱਖਰੇ ਹਨ। ਵੈਸ਼ਨਵ ਮਤ ਵਾਲੇ ਆਪਣੇ ਗਿਣੇ ਦੁੱਖਾਂ ਤੋਂ ਛੁਟ ਜਾਣ ਨੂੰ ਮੁਕਤੀ ਦੱਸਦੇ ਹਨ। ਜੈਨ ਮੱਤ ਵਿੱਚ ਉੱਚੇ ਲੋਕਾਂ ਵਿੱਚ ਜਾਣਾ ਮੁਕਤੀ ਹੈ। ਬੋਧੀ ਆਪਣੀ ਮੁਕਤੀ ਨੂੰ ਨਿਰਬਾਣ ਦੱਸਦੇ ਹਨ। ਯਹੂਦੀ, ਇਸਾਈ ਤੇ ਮੁਸਲਮਾਨ ਆਦਿ ਪੱਛਮੀ ਲੋਕਾਂ ਦੀ ਮੁਕਤੀ, ਸਵਰਗਾਂ ਦੀ ਪ੍ਰਾਪਤੀ ਹੈ। ਇੱਕ ਦਿਨ ਜਿਸ ਨੂੰ ਉਹ ਕਿਆਮਤ ਕਹਿੰਦੇ ਹਨ, ਆਵੇਗਾ, ਉਸ ਦਿਨ ਮੁਰਦੇ ਕਬਰਾਂ ਵਿੱਚੋਂ ਫਿਰ ਜੀਅ ਉੱਠਣਗੇ ਤੇ ਫਿਰ ਸਦਾ ਜਿਉਂਦੇ ਰਹਿਣਗੇ, ਮਾੜੇ ਨਰਕਾਂ ਵਿੱਚ ਤੇ ਚੰਗੇ ਸਵਰਗਾਂ ਵਿੱਚ। ਜਾਪਦਾ ਹੈ ਇਸ ਪ੍ਰਕਾਰ ਦੀਆਂ ਮੁਕਤੀਆਂ ਦੇ ਖਿਆਲ ਵਿੱਚ ਸਤਿਗੁਰੂ ਨੇ ਲਿਖਿਆ ਹੈ:–

**ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 1078)

**ਰਾਜ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.534)

ਪੰਥ ਦੇ ਮਹਾਨ ਵਿਦਵਾਨ ਭਾਈ ਪਿੰਦਰਪਾਲ ਸਿੰਘ ਜੀ ਆਪਣੀ ਪੁਸਤਕ 'ਸਿੱਖ ਇਤਿਹਾਸ' ਵਿੱਚ ਪੰਨਾ ਨੰ. 51 'ਤੇ ਲਿਖਦੇ ਹਨ ਕਿ ਇੱਥੇ ਚਾਲੀ ਮੁਕਤੇ ਅਸੀਂ ਸ਼ਬਦ ਵਰਤਦੇ ਹਾਂ। ਪਹਿਲੇ ਮੁਕਤੇ ਉਹ ਹਨ ਜਿਨ੍ਹਾਂ ਨੇ ਪੰਜ ਪਿਆਰਿਆਂ ਤੋਂ ਬਾਅਦ ਅੰਮ੍ਰਿਤ ਛਕਿਆ ਸੀ। ਉਹ ਪੰਜ ਸਿੰਘ ਹਨ, ਪਹਿਲਾਂ ਉਹਨਾਂ ਲਈ ਮੁਕਤੇ ਸ਼ਬਦ ਵਰਤਿਆ ਗਿਆ ਹੈ। ਦੂਜੇ, ਜਿਨ੍ਹਾਂ ਨੇ ਚਮਕੌਰ ਦੀ ਗੜ੍ਹੀ ਵਿੱਚ ਸ਼ਹਾਦਤ ਦਾ ਜਾਮ ਪੀਤਾ ਸੀ ਉਹਨਾਂ ਵੱਲ ਵੀ ਇਸ਼ਾਰਾ ਮੁਕਤਿਆਂ ਦਾ ਹੈ। ਤੀਸਰਾ, ਜਿਨ੍ਹਾਂ ਨੂੰ ਖਾਸ ਕਰ ਅਸੀਂ ਚੇਤੇ ਕਰਦੇ ਹਾਂ ਉਹ ਖਿਦਰਾਣੇ ਦੀ ਢਾਬ 'ਤੇ ਚਾਲੀ ਗੁਰੂ ਕੇ ਲਾਲ ਮਝੈਲ ਸਿੱਖ ਹਨ ਜਿਨ੍ਹਾਂ ਨੇ ਸ਼ਹਾਦਤ ਦਾ ਜਾਮ ਪੀਤਾ ਸੀ।

ਇੱਥੇ ਕਈ ਵਾਰ ਪ੍ਰਸ਼ਨ ਉੱਠਦਾ ਹੈ ਕਿ ਅਸੀਂ ਕਿਹੜੇ ਚਾਲੀ ਮੁਕਤਿਆਂ ਨੂੰ ਅਰਦਾਸ ਵਿੱਚ ਯਾਦ ਕਰਦੇ ਹਾਂ?

ਡਾ.ਜਸਵੰਤ ਸਿੰਘ ਨੇਕੀ ਪੰਥਕ ਵਿਦਵਾਨ ਨੇ ਬਹੁਤ ਵਧੀਆ ਗੱਲ੍ਹ ਕੀਤੀ ਹੈ ਕਹਿੰਦੇ ਹਨ ਕਿ ਜੇ ਤੈਨੂੰ ਪੰਜ ਚੇਤੇ ਆਉਂਦੇ ਹਨ ਤੇ ਚੇਤੇ ਰੱਖੀਂ ਉਹ ਵੀ ਮੁਕਤ ਹਨ। ਜੇ ਚਮਕੌਰ ਵਾਲਿਆਂ ਨੂੰ ਚੇਤੇ ਕਰਦਾ ਹੈ ਤਾਂ ਉਹ ਵੀ ਮੁਕਤ ਹਨ ਤੂੰ ਦੁਬਿਧਾ ਵਿੱਚ ਨਾ ਪੈ, ਜੇ ਤੈਨੂੰ ਮੁਕਤਸਰ ਭਾਈ ਮਹਾਂ ਸਿੰਘ ਚੇਤੇ ਆਉਂਦੇ ਹਨ ਜਿਨ੍ਹਾਂ ਨੇ ਗੁਰੂ ਦੇ ਚਰਨ ਫੜ ਲਏ ਸਨ, ਉਹ ਵੀ ਮੁਕਤ ਹਨ।

ਜੇ ਅਸੀਂ ਵਿਸਥਾਰ ਵਿੱਚ ਇਹਨਾਂ ਮੁਕਤਿਆਂ ਬਾਰੇ ਜਾਣਕਾਰੀ ਲੈਂਦੇ ਹਾਂ ਤਾਂ ਭਾਈ ਕਾਹਨ ਸਿੰਘ ਨਾਭਾ ਅਨੁਸਾਰ ਪੰਜ ਮੁਕਤੇ ਉਹ ਸਨ, ਜਿਨ੍ਹਾਂ ਨੇ ਪੰਜ ਪਿਆਰਿਆਂ ਮਗਰੋਂ 1699 ਈ. ਦੇ ਦਿਨ ਅੰਮ੍ਰਿਤਪਾਨ ਕੀਤਾ ਸੀ। ਉਹਨਾਂ ਨੂੰ ਵੀ ਗੁਰੂ ਸਾਹਿਬ ਨੇ ਮੁਕਤਿਆਂ ਦਾ ਖਿਤਾਬ ਦੇ ਕੇ ਨਿਵਾਜਿਆ, ਉਹਨਾਂ ਨੂੰ ਰਹਿਤ ਦਾ ਬਚਨ ਕੀਤਾ ਤੇ ਫੁਰਮਾਇਆ:–

**ਮੁਕਤੇ ਮੇਰੇ ਪ੍ਰਾਨ**

**ਇਹ ਕਰਨ ਸੋ ਪ੍ਰਵਾਨ**

(ਰਹਿਤਨਾਮਾ: ਭਾਈ ਚਉਪਾ ਸਿੰਘ)

ਇਹਨਾਂ ਪੰਜਾਂ ਦੀ ਪੰਜ ਮੰਡਲੀ (ਪੰਚਾਇਤ) ਜੋ ਫੈਸਲਾ ਕਰਦੀ ਸੀ ਸਭ ਨੂੰ ਪ੍ਰਵਾਨ ਹੁੰਦਾ ਸੀ। ਇਹਨਾਂ ਦੇ ਨਾਮ ਸਨ, ਦੇਵਾ ਸਿੰਘ, ਰਾਮ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ ਅਤੇ ਫਤਹਿ ਸਿੰਘ।

(ਭਾਈ ਸੰਤੋਖ ਸਿੰਘ: ਗੁਰਪ੍ਰਤਾਪ ਸੂਰਜ ਗ੍ਰੰਥ:3, ਪੰਨਾ.20)

ਚਾਲੀ ਮੁਕਤੇ ਉਹ ਸਨ ਜੋ ਚਮਕੌਰ ਦੀ ਗੜ੍ਹੀ ਵਿੱਚ 10 ਲੱਖ ਮੁਗ਼ਲਾਂ ਨਾਲ ਟਾਕਰਾ ਕਰਦਿਆਂ ਸ਼ਹੀਦ ਹੋ ਗਏ ਸਨ। ਇਹ ਸਿੱਖ ਕਈ ਦਿਨ ਢਿੱਡੋਂ ਭੁੱਖੇ ਕੇਵਲ ਸਿਦਕ ਤੇ ਸਿਰੜ ਦੇ ਸਿਰ ’ਤੇ ਹੀ ਲੜਦੇ ਰਹੇ। ਅਥਾਹ ਮੁਗ਼ਲ ਫੌਜ ਨੇ ਇਸ ਗੜ੍ਹੀ ਨੂੰ ਬੁਰੀ ਤਰ੍ਹਾਂ ਘੇਰਿਆ ਹੋਇਆ ਸੀ, ਸਮੁੰਦਰ ਦੀਆਂ ਛੱਲਾਂ ਵਾਂਗ ਉਹ ਬਾਰ–ਬਾਰ ਗੜ੍ਹੀ ’ਤੇ ਹਮਲਾ ਕਰਦੇ ਸਨ। ਪਰ ਸਿੱਖ ਵੀ ਵੀਰਤਾ ਨਾਲ ਤੀਰਾਂ ਤੇ ਤਲਵਾਰਾਂ ਨਾਲ ਉਹਨਾਂ ਦਾ ਮੁਕਾਬਲਾ ਕਰਦੇ, ਉਹਨਾਂ ਮੁਗ਼ਲ ਫੌਜਾਂ ਦੇ ਦੰਦ ਖੱਟੇ ਕਰਦੇ ਸਨ ਅਤੇ ਲੜਦੇ–ਲੜਦੇ ਸ਼ਹੀਦੀ ਪਾ ਜਾਂਦੇ ਸਨ। ਵੱਡੇ ਦੋਵੇਂ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਜੀ ਨੂੰ ਪੰਜ ਸਿੰਘਾਂ ਨੇ ਹੁਕਮ ਦਿੱਤਾ ਕਿ ਉਹ ਗੜ੍ਹੀ ਛੱਡ ਜਾਣ। ਗੁਰੂ ਜੀ ਪੰਜ ਸਿੰਘਾਂ ਦੇ ਹੁਕਮ ਦੀ ਪਾਲਣਾ ਕਰਦੇ, ਦੁਸ਼ਮਣਾਂ ਨੂੰ ਵੰਗਾਰਦੇ ਹੋਏ ਉੱਥੋਂ ਨਿਕਲੇ ਸਨ। ਪਿੱਛੇ ਸਿੰਘ ਵਾਰੀ–ਵਾਰੀ ਉਸ ਭਾਰੀ ਫੌਜ਼ ਨੂੰ ਵੰਗਾਰਦੇ ਤੇ ਜੰਗ ਕਰਦੇ–ਕਰਦੇ ਸ਼ਹੀਦੀ ਦਾ ਜਾਮ ਪੀ ਗਏ ਸਨ।

ਇਤਿਹਾਸ ਗਵਾਹ ਹੈ ਕਿ 40 ਮੁਕਤੇ ਹੋਰ ਵੀ ਸਨ। ਇਹ ਮਾਝੇ ਦੇ ਉਹ ਸਿੰਘ ਸਨ ਜੋ ਅਨੰਦਪੁਰ ਸਾਹਿਬ ਵਿਖੇ ਬਹੁਤੀ ਦੇਰ ਕਿਲ੍ਹੇ ਵਿੱਚ ਟਿਕ ਨਾ ਸਕੇ ਤੇ ਗੁਰੂ ਸਾਹਿਬ ਜੀ ਨੂੰ ਬੇਦਾਵਾ ਲਿਖ ਕੇ ਦੇ ਗਏ ਸਨ, ਕਿ ਤੂੰ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ। ਪਰ ਜਦੋਂ ਘਰ ਪੁੱਜੇ ਤਾਂ ਘਰਦਿਆਂ ਨੇ ਬੂਹੇ ਨਾ ਟੱਪਣ ਦਿੱਤੇ ਤੇ ਕਿਹਾ, ‘ਆ ਗਏ ਹੋ ਆਪਣੇ ਗੁਰੂ ਨੂੰ ਪਿੱਠ ਵਿਖਾ ਕੇ?’ ਉਹਨਾਂ ਦੀਆਂ ਘਰਵਾਲੀਆਂ ਨੇ ਲਾਹਨਤਾਂ ਪਾਉਂਦਿਆਂ ਆਖਿਆ, ‘ਤੁਸੀਂ ਘਰੇ ਚੂੜੀਆਂ ਪਾ ਕੇ ਬੈਠੋ ਅਸੀਂ ਜਾਂਦੀਆਂ ਹਾਂ ਸਤਿਗੁਰੂ ਨੂੰ ਸੀਸ ਦੇਣ। ਇਹ ਜਾਨਾਂ ਜਿਹੜੀਆਂ ਤੁਸੀਂ ਬਚਾ ਕੇ ਲਿਆਏ ਹੋ ਕਦੋਂ ਤਕ ਤੁਹਾਡੇ ਨਾਲ ਰਹਿਣਗੀਆਂ?’ ਘਰਾਂ ਤੋਂ ਫਿਟਕਾਰਿਆਂ ਇਹਨਾਂ ਸਿੰਘਾਂ ਨੂੰ ਮਾਤਾ ਭਾਗ ਕੌਰ ਵਾਪਸ ਗੁਰੂ ਚਰਨਾਂ ਵੱਲ ਲੈ ਤੁਰੀ।

ਗੁਰੂ ਜੀ ਉਸ ਵੇਲੇ ਮਾਛੀਵਾੜੇ ਦੇ ਜੰਗਲਾਂ ਵਿੱਚ ਫਿਰੋਜ਼ਪੁਰ ਵਾਲੇ ਪਾਸੇ ਨੂੰ ਲੈ ਤੁਰੇ ਸਨ। ਸ਼ਾਹੀ ਫੌਜਾਂ ਉਹਨਾਂ ਦੇ ਪਿੱਛੇ–ਪਿੱਛੇ ਸਨ। ਦੂਸਰੇ ਰਸਤੇ ਵਿੱਚ ਬੇਦਾਵੀਏ ਸਿੱਖਾਂ ਨੂੰ ਭਣਕ ਪੈ ਗਈ ਕਿ ਸ਼ਾਹੀ ਫੌਜਾਂ ਪਿੱਛੇ ਹਨ ਤਾਂ ਉਹਨਾਂ ਖਿਦਰਾਣੇ ਦੀ ਢਾਬ 'ਤੇ ਉਹਨਾਂ ਨੂੰ ਰੋਕਣ ਦਾ ਫੈਸਲਾ ਕਰ ਲਿਆ ਅਤੇ ਫੌਜਾਂ ਨੇ ਉਹਨਾਂ 'ਹਮਲਾ ਕਰ ਦਿੱਤਾ। ਉਹਨਾਂ ਫੌਜੀਆਂ ਦੀ ਗਿਣਤੀ ਬਹੁਤ ਜਿਆਦਾ ਸੀ। ਇਹ ਚਾਲੀ ਸਿੰਘ ਵਾਰੀ–ਵਾਰੀ ਸ਼ਹੀਦੀ ਦਾ ਜਾਮ ਪੀ ਗਏ। ਗੁਰੂ ਜੀ ਨੂੰ ਇਸ ਜੰਗ ਬਾਰੇ ਪਤਾ ਲੱਗਾ ਤਾਂ ਉਹ ਵੀ ਉੱਥੇ ਆਣ ਪੁੱਜੇ ਅਤੇ ਸ਼ਹੀਦ ਤੇ ਜਖ਼ਮੀ ਸਿੰਘਾਂ ਨੂੰ ਮਿਲੇ। ਮਹਾਂ ਸਿੰਘ ਜੋ ਉਹਨਾਂ ਸਿੰਘਾਂ ਦਾ ਮੋਹਰੀ ਸੀ, ਉਸਦੇ ਸਵਾਸ ਅਜੇ ਚਲ ਰਹੇ ਸਨ। ਗੁਰੂ ਜੀ ਨੇ ਭਾਈ ਮਹਾਂ ਸਿੰਘ ਜੀ ਦਾ ਸੀਸ ਆਪਣੀ ਗੋਦ ਵਿੱਚ ਲੈ ਕੇ ਪਿਆਰ ਨਾਲ ਪੁੱਛਿਆ, "ਦੱਸ ਭਾਈ!" ਤਾਂ ਭਾਈ ਮਹਾਂ ਸਿੰਘ ਨੇ ਔਖੇ ਸਵਾਸ ਲੈਂਦੇ ਹੋਏ ਕਿਹਾ, "ਸਤਿਗੁਰੂ ਜੀ! ਬੇਨਤੀ ਹੈ ਕਿ ਜੋ ਬੇਦਾਵਾ ਆਪ ਜੀ ਨੂੰ ਦਿੱਤਾ ਸੀ ਉਸਨੂੰ ਪਾੜ ਦੇਣਾ ਅਸੀਂ ਤਾਂ ਸ਼ਹੀਦੀ ਪਾ ਚੱਲੇ ਹਾਂ।" ਗੁਰੂ ਜੀ ਨੇ ਕਿਹਾ, "ਸਿੰਘੇ! ਹੋਰ ਕੁਝ ਵੀ ਮੰਗ ਲਵੋ" ਭਾਈ ਮਹਾਂ ਸਿੰਘ ਨੇ ਕਿਹਾ, "'ਸਤਿਗੁਰੂ ਜੀ! ਬਸ ਟੁੱਟੀ ਗੰਢ ਦਿਓ" ਗੁਰੂ ਜੀ ਨੇ ਆਪਣੇ ਕਮਰਕੱਸੇ ਵਿੱਚੋਂ ਬੇਦਾਵਾ ਕੱਢਿਆ ਤੇ ਉਸਦੇ ਟੁੱਕੜੇ ਕਰ ਦਿੱਤੇ ਤੇ ਭਾਈ ਮਹਾਂ ਸਿੰਘ ਗੁਰੂ ਸਾਹਿਬ ਦੀ ਗੋਦ ਵਿੱਚ ਹੀ ਸ਼ਹੀਦੀ ਪਾ ਗਏ।ਸਤਿਗੁਰੂ ਜੀ ਨੇ ਭਾਈ ਮਹਾਂ ਸਿੰਘ ਦੇ ਪੂਰੇ ਜੱਥੇ ਨੂੰ ਮੁਕਤਿਆਂ ਦਾ ਖਿਤਾਬ ਦਿੱਤਾ। ਮਾਤਾ ਭਾਗ ਕੌਰ ਜੀ (ਮਾਈ ਭਾਗੋ) ਬਚ ਗਏ ਸਨ ਤੇ ਗੁਰੂ ਸਾਹਿਬ ਜੀ ਦੀਆਂ ਫੌਜਾਂ ਨਾਲ ਹਜੂਰ ਸਾਹਿਬ ਚਲੇ ਗਏ।

ਸਿੱਖ ਅਰਦਾਸ ਦੇ ਅਗਲੇ ਪੜਾਅ ਵਿੱਚ ਜ਼ਿਕਰ ਆਉਂਦਾ ਹੈ ਹਠੀਆਂ, ਜਪੀਆਂ, ਤਪੀਆਂ ਦਾ, ਨਾਮ ਜਪਣ ਵਾਲੇ ਗਰਸਿਖਾਂ ਦਾ, ਦੇਗ਼ ਚਲਾਉਣ ਵਾਲਿਆਂ ਦਾ, ਤੇਗ਼ ਵਹਾਉਣ ਵਾਲਿਆਂ ਦਾ ਅਤੇ ਦੇਖ ਕੇ ਅਣਡਿੱਠ ਕਰਨ ਵਾਲੇ ਗੁਰਸਿੱਖ ਪਿਆਰਿਆਂ ਦਾ।

# ਅਧਿਆਇ-3

ਹਠੀਆਂ,

ਜਪੀਆਂ, ਤਪੀਆਂ,

ਜਿਨ੍ਹਾਂ ਨਾਮ ਜਪਿਆ,

ਵੰਡ ਛਕਿਆ,

ਦੇਗ਼ ਚਲਾਈ, ਤੇਗ਼ ਵਾਹੀ,

ਦੇਖ ਕੇ ਅਣਡਿੱਠ ਕੀਤਾ!

ਜਪ, ਤਪ ਅਤੇ ਹਠ ਕੇਵਲ ਧਾਰਮਿਕ ਜੀਵਨ ਵਿੱਚ ਓਪਰੇ ਸ਼ਬਦ ਹਨ, ਜਿਨ੍ਹਾਂ ਦੀ ਸਿੱਖੀ ਸਿਧਾਂਤਾਂ ਨਾਲ ਕਿਤੇ ਵੀ ਨੇੜਤਾ ਨਹੀਂ। ਇਹਨਾਂ ਰਾਹੀਂ ਜੇ ਮਨੁੱਖ ਉਸ ਪ੍ਰਮਾਤਮਾ ਨਾਲ ਮਿਲਾਪ ਦਾ ਸਾਧਨ ਸਮਝੇ ਤਾਂ ਇਹ ਉਸਦੀ ਨਾ ਕੇਵਲ ਭੁੱਲ ਹੈ ਬਲਕਿ ਉਹ ਹੋਰ ਮਾਇਆ ਜਾਲ ਵੱਲ ਵੱਧ ਰਿਹਾ ਹੁੰਦਾ ਹੈ। ਰਿੱਧੀਆਂ ਅਤੇ ਸਿੱਧੀਆਂ ਦੀ ਪ੍ਰਾਪਤੀ ਉਸੇ ਸ਼ਕਤੀ ਮਾਇਆ ਦਾ ਦੂਸਰਾ ਰੂਪ ਹੈ, ਸਿੱਖੀ ਸਿਧਾਂਤ ਵਿੱਚ ਇਸ ਨੂੰ ਬਹੁਤ ਗਹਿਰਾਈ ਨਾਲ ਸਮਝਾਇਆ ਗਿਆ ਹੈ।

**ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥**

**ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥1॥**

**ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥**

**ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥**

(ਸ੍ਰੀ ਗੁਰੂ ਗ੍ਰੰਥ ਸਹਿਬ, ਅੰਗ.669)

ਭਾਈ ਕਾਨ੍ਹ ਸਿੰਘ ਨਾਭਾ ਗੁਰਮਤਿ ਪ੍ਰਭਾਕਰ ਵਿੱਚ ਲਿਖਦੇ ਹਨ, ਮੰਤ੍ਰ ਸ਼ਾਸ਼ਤਰਾਂ ਵਿੱਚ ਅਨੰਤ ਜਾਪ ਕਾਮਨਾ ਪੂਰਕ ਲਿਖੇ ਹਨ। ਸੰਪਟ ਅਨੁਲੋਮ–ਵਿਲੋਮ ਆਦਿਕ ਭੇਦਾਂ ਕਰਕੇ ਜਾਪ ਦੇ ਬਹੁਤ ਪ੍ਰਕਾਰ ਹਨ ਅਤੇ ਉਹਨਾਂ ਦੇ

ਭਿੰਨ–ਭਿੰਨ ਫਲ ਵਰਨਣ ਕੀਤੇ ਹਨ। ਭੈਰਵ ਕਾਲੀ, ਲਛਮੀ ਆਦਿਕ ਦੇਵੀ ਦੇਵਤਿਆਂ ਦੇ ਮੰਤਰ ਜਾਪ ਨਾਲ ਅਨੇਕ ਸ਼ਕਤੀਆਂ ਦੀ ਪ੍ਰਾਪਤੀ ਹੋਣੀ ਦੱਸੀ ਹੈ। ਗੁਰੂ ਸਾਹਿਬ ਇਹਨਾਂ ਜਾਪਾਂ ਨੂੰ ਅਵਿਦਯਾ ਕਲਪਿਤ ਜਾਣ ਕੇ ਨਿਸਫਲ ਕਥਨ ਕਰਦੇ ਹਨ।

**ਮ.3**

**ਜਿਨ੍ਹੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ॥**

**ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ॥**

**ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 1247)

ਭਾਈ ਵੀਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਵਿੱਚ ਲਿਖਦੇ ਹਨ ਕਿ, ਜਪੀ, ਜਪੁ ਦੀ ਕਿਰਿਆ ਹੈ, ਇਸਨੂੰ ਪੰਜਾਬੀ ਵਿੱਚ ਜਪਨਾ ਵੀ ਕਹਿੰਦੇ ਹਨ। ਜਪੀ– ਜਪਦਾ ਹਾਂ, ਜਪੀ ਨਾਉ ਤੇਰਾ।

ਜਦੋ ਆਤਮਾ ਇੱਕ ਮਨ ਇੱਕ ਚਿੱਤ ਹੋ ਕੇ ਉਸ ਵਾਹਿਗੁਰੂ ਨੂੰ ਬਾਰ–ਬਾਰ ਸਿਮਰਦੀ ਹੈ ਤੇ ਉਸ ਆਤਮਾ ਵਿੱਚ ਵਿਸਮਾਦ ਪੈਦਾ ਹੁੰਦਾ ਹੈ। ਫਿਰ ਇਹ ਆਤਮਾ ਤੇਰਾ–ਤੇਰਾ ਵੀ ਪੁਕਾਰਦੀ ਹੈ। ਇਸ ਜਾਪ ਨਾਲ ਮਨ ਉਸ ਅਕਾਲ ਪੁਰਖ ਦੀ ਸਾਧਨਾ ਵਿੱਚ ਲੀਨ ਹੁੰਦਾ ਹੈ ਤੇ ਨਾਲ ਹੀ ਮਨ ਦੀ ਮੈਲ ਵੀ ਸਾਫ ਹੋ ਜਾਂਦੀ ਹੈ, ਫਿਰ ਮਨੁੱਖ ਉਸ ਮਾਲਕ ਦੇ ਨੇੜੇ ਹੋਣਾ ਸ਼ੁਰੂ ਹੋ ਜਾਂਦਾ ਹੈ। ਨਾਮ ਜਪਦੇ–ਜਪਦੇ ਉਹ ਆਤਮਾਵਾਂ ਤੋਂ ਮੁਕਤ ਹੋ ਜਾਂਦਾ ਹੈ, ਭਵਸਾਗਰ ਤੋਂ ਪਾਰ ਹੁੰਦੇ ਹੋਏ ਉਸ ਮਾਲਕ ਵਿੱਚ ਅਭੇਦ ਹੋ ਜਾਂਦਾ ਹੈ। ਇਸ ਜਪ ਵਾਲੀਆਂ ਆਤਮਾਵਾਂ ਨੂੰ ਗੁਰਮਤਿ ਵਿੱਚ ਜਪੀ ਕਿਹਾ ਗਿਆ ਹੈ। ਅਰਦਾਸ ਵਿੱਚ ਅਸੀਂ ਨਿਤਾਪ੍ਰਤੀ ਐਸੇ ਜਪੀਆਂ ਦਾ ਵੀ ਸਿਮਰਨ ਵੀ ਕਰਦੇ ਹਾਂ।

**ਜਿਨਿ ਜਪਿਆ ਤੇ ਪਾਰਿ ਪਰਾਨ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 1337)

ਤਪੀ

ਡਾ.ਜਸਵੰਤ ਸਿੰਘ ਨੇਕੀ ਅਨੁਸਾਰ 'ਤਪ' ਦੇ ਅਰਥ ਹਨ, ਅੱਗ ਦੇ ਵਿੱਚ ਤਪਾਉਣਾ। ਸੰਕੇਤਕ ਅਰਥ ਹਨ ਸਰੀਰ ਨੂੰ ਕਸ਼ਟਾਂ ਦੀ ਅੱਗ ਵਿੱਚ ਸਾੜਨਾ, ਸੂਫੀ ਸ਼ਬਦਾਂ ਵਿੱਚ ਇਸਨੂੰ ਰਿਆਜ਼ਤ ਆਖਦੇ ਹਨ। ਤਪ ਕਰਮਾਂ ਦੀ ਸਾਧਨਾ ਇਸ ਆਸ ਨਾਲ ਕੀਤੀ ਜਾਂਦੀ ਹੈ ਕਿ ਇਸ ਰਾਹੀਂ ਆਪੇ ਦਾ ਨਿਵਾਰਨ ਹੁੰਦਾ ਹੈ ਤੇ ਮਨ ਪਵਿੱਤਰ ਹੁੰਦਾ ਹੈ।

ਕਰਮਕਾਂਡੀ ਧਰਮਾਂ ਵਿੱਚ ਇਹ ਤਪ ਕਈ ਤਰ੍ਹਾਂ ਦੇ ਹੁੰਦੇ ਹਨ ਜਿਨ੍ਹਾਂ ਵਿੱਚ ਬ੍ਰਹਮਚਰਯ ਤੇ ਜਾਗੇ ਕਰਨਾ, ਇੱਕ ਲੱਤ 'ਤੇ ਖਲੋਤੇ ਰਹਿਣਾ, ਪੁੱਠੇ ਲਟਕਣਾ, ਚੁੱਪ ਧਾਰ ਲੈਣੀ, ਅੰਨ ਨੂੰ ਗ੍ਰਹਿਣ ਨਾ ਕਰਨਾ,ਸਰੀਰ ਨੂੰ ਕਿਸੇ ਨਾ ਕਿਸੇ ਤਰ੍ਹਾਂ ਦਾ ਕਸ਼ਟ ਦੇਕੇ ਆਪਣੇ ਅੰਦਰੋਂ ਕਾਮ–ਵਾਸ਼ਨਾ, ਲੋਭ, ਮੋਹ, ਹੰਕਾਰ ਅਤੇ ਕ੍ਰੋਧ ਨੂੰ ਮਾਰਨ ਦਾ ਉਪਰਾਲਾ ਕਰਨਾ। ਪਰ ਇਹਨਾਂ ਪੰਜ ਚੋਰਾਂ ਨੂੰ ਨਾਲ ਬਚਾ ਕੇ ਵੀ ਰੱਖਣਾ ਜੋ ਕਦੇ ਵੀ ਦੂਰ ਨਹੀਂ ਹੁੰਦੇ। ਇਸ ਲਈ ਇਹੋ ਜਿਹਾ ਤਪ ਕਦੇ ਵੀ ਪ੍ਰਵਾਨ ਨਹੀਂ ਹੁੰਦਾ ਅਤੇ ਕੇਵਲ ਕਰਮ–ਕਾਂਡ ਬਣਕੇ ਰਹਿ ਜਾਂਦਾ ਹੈ, ਸਤਿਗੁਰੂ ਫੁਰਮਾਉਂਦੇ ਹਨ:–

**ਸਲੋਕ ਮ:3॥**

**ਮਨ ਕਾ ਝੂਠਾ ਝੂਠੁ ਕਮਾਵੈ॥**

**ਮਾਇਆ ਨੋ ਫਿਰੈ ਤਪਾ ਸਦਾਵੈ॥**

**ਭਰਮੇ ਭੂਲਾ ਸਭਿ ਤੀਰਥ ਗਹੈ॥**

**ਓਹੁ ਤਪਾ ਕੈਸੇ ਪਰਮ ਗਤਿ ਲਹੈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 948)

ਗੁਰਮਤਿ ਵਿੱਚ ਸਰੀਰ ਨੂੰ ਕਸ਼ਟ ਦੇਣ ਵਾਲੇ ਤਪਾਂ ਦੀ ਮਹਿਮਾ ਨਹੀਂ ਹੁੰਦੀ।

**ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥**

**ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.1384)

ਸਿੱਖ ਇਤਿਹਾਸ ਨੂੰ ਪੜ੍ਹੀਏ ਤਾਂ ਤਪ ਦੀਆਂ ਅਵਸਥਾਵਾਂ ਵੀ ਸਾਨੂੰ ਤਪ ਦੇ ਸਹੀ ਭਾਵ ਨਾਲ ਜੋੜਦੀਆਂ ਹਨ। ਪੰਜਵੀਂ ਨਾਨਕ ਜੋਤਿ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਬਿਠਾ ਕੇ ਜਦੋਂ ਸਿਰ ਉੱਪਰ ਗਰਮ–ਗਰਮ ਰੇਤਾ ਪਾਈ ਜਾ ਰਹੀ ਸੀ ਤਾਂ ਕੋਲ ਖੜੇ ਸਾਈਂ ਮੀਆਂ ਮੀਰ ਕਹਿ ਰਹੇ ਸਨ, 'ਦਾਤਾ! ਜ਼ੁਲਮ ਹੈ, ਮੈਂ ਹਕੂਮਤ ਦੀ ਇੱਟ ਨਾਲ ਇੱਟ ਖੜਕਾ ਦਿਆਂ' ਤਾਂ ਉਸ ਵੇਲੇ ਗੁਰੂ ਸਾਹਿਬ ਬਾਣੀ ਵਿੱਚ ਲੀਨ ਤੇਰਾ ਕੀਆ ਮੀਠਾ ਲਾਗੇ ਦਾ ਜਾਪ ਕਰਦੇ ਦੁਨੀਆ ਨੂੰ ਨਾਮ ਦੀ ਸ਼ਕਤੀ ਦਾ ਭੇਦ ਦੇ ਗਏ ਸਨ। ਗੁਰੂ ਅਮਰਦਾਸ ਜੀ ਨੇ ਸੇਵਾ ਭਗਤੀ ਨਾਲ ਹੀ ਪਰਮਗਤਿ ਪ੍ਰਾਪਤ ਕੀਤੀ ਸੀ। ਭਾਈ ਕਨ੍ਹਈਆ ਜੀ ਤਾਂ ਸੇਵਾ ਨਾਲ ਮੁਕਤ ਹੀ ਨਹੀਂ ਹੋਏ ਬਲਕਿ ਸੇਵਾ ਪੰਥੀ ਸੰਪ੍ਰਦਾਇ ਦੇ ਮੋਢੀ ਹੋ ਗਏ ਸਨ। ਭਾਈ ਮਰਦਾਨਾ ਜੀ ਨੇ ਇੱਕ ਵਾਰ ਗੁਰੂ ਨਾਨਕ ਦੇਵ ਜੀ ਤੋਂ ਪੁਛਿਆ ਕਿ, 'ਤੁਹਾਨੂੰ ਸਿਮਰਨ ਦੀ ਕੀ ਲੋੜ ਹੈ?' ਤਦ ਗੁਰੂ ਸਾਹਿਬ ਨੇ ਫੁਰਮਾਇਆ, 'ਮਰਦਾਨਿਆ! ਅਸੀਂ ਜੋਗੀਆਂ ਵਾਲਾ ਤਪ ਨਹੀਂ ਕਰਦੇ। ਸਾਡਾ ਤਪ ਤਾਂ ਪ੍ਰਭੂ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨ ਲਈ ਹੈ। ਜਦੋਂ ਤਕ ਉਸਦੀਆਂ ਬਖਸ਼ਿਸ਼ਾਂ ਨਹੀਂ ਮੁਕਦੀਆਂ ਮੇਰੀ ਤਪੱਸਿਆ ਕਿਵੇਂ ਖਲੋ ਸਕਦੀ ਹੈ?' ਇਸ ਲਈ ਜਿਨ੍ਹਾਂ ਨੇ ਉਸ ਅਕਾਲ ਪੁਰਖ ਦੇ ਭਾਣੇ

ਵਿੱਚ ਵਿਚਰਦੇ ਹੋਏ ਸੇਵਾ ਤੇ ਸੰਤੋਖ ਨਾਲ ਤਪ ਕੀਤਾ, ਉਨ੍ਹਾਂ ਨੂੰ ਅਰਦਾਸ ਵਿੱਚ ਯਾਦ ਕਰਕੇ ਸਤਿਕਾਰ ਦਿੱਤਾ ਜਾਂਦਾ ਹੈ।

ਹਠੀ

ਯੋਗ ਨੂੰ ਗੁਰਮਤਿ ਵਿੱਚ ਇੱਕ ਰੋਗ ਮੰਨਿਆ ਗਿਆ ਹੈ।

**ਰੋਗੀ ਖਟ ਦਰਸਨ ਭੇਖਧਾਰੀ ਨਾਨਾ ਹਠੀ ਅਨੇਕਾ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.1153)

ਜੋਗੀ ਭੇਖਾਂ ਦੇ ਧਾਰਨੀ ਅਨੇਕਾਂ ਕਿਸਮਾਂ ਦੇ ਹੱਠ–ਸਾਧਨਾ ਕਰਨ ਵਾਲੇ ਭੀ ਹਉਮੈ ਵਿੱਚ ਫਸੇ ਹੋਏ ਹਨ। ਆਮ ਭਾਸ਼ਾ ਵਿੱਚ ਹੱਠ ਸ਼ਬਦ ਦਾ ਭਾਵ ਜਿੱਦ ਹੈ।

**ਹਠਿ ਨ ਪਤੀਜੈ ਨਾ ਬਹੁ ਭੇਖੈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 686)

ਅਕਾਲ ਪੁਰਖ ਇਸ ਹੱਠ ਕਰਮ ਨਾਲ ਕਦੇ ਵੀ ਪ੍ਰਸੰਨ ਨਹੀਂ ਹੁੰਦਾ, ਉਸਨੂੰ ਸੱਚੇ ਪ੍ਰੇਮ ਦੀ ਲੋੜ ਹੁੰਦੀ ਹੈ। ਉਹ ਕਿਰਤ ਕਰਦੇ, ਨਾਮ ਜਪਦੇ ਜੀਵਨ ਸਾਧਨਾ ਵਿੱਚ ਹੀ ਪ੍ਰਾਪਤ ਹੋ ਸਕਦਾ ਹੈ। ਕਈ ਇਸ ਤਰ੍ਹਾਂ ਦੇ ਹਠੀ ਵੀ ਹੁੰਦੇ ਹਨ ਜਿਨ੍ਹਾਂ ਨੂੰ ਇਸ ਗਲ੍ਹ ਦਾ ਅਹਿਸਾਸ ਹੋ ਜਾਂਦਾ ਹੈ ਕਿ ਉਸ ਇਸ ਕਾਰਜ ਵਿੱਚ ਸਫਲ ਨਹੀ ਹੋ ਪਾਉਣਗੇ। ਪਰ ਫਿਰ ਵੀ ਉਸਨਾਂ ਦਾ ਹੰਕਾਰ ਬਣ ਕੇ ਉਹਨਾਂ ਨੂੰ ਵਾਪਸ ਮੁੜਨ ਨਹੀਂ ਦਿੰਦਾ, ਰਾਵਣ ਇਸ ਗਲ੍ਹ ਦੀ ਇੱਕ ਮਿਸਾਲ ਹੈ। ਵੱਡਾ ਬੁੱਧੀਮਾਨ ਹੁੰਦਿਆਂ ਹੋਇਆਂ ਵੀ ਉਸਨੇ ਸੀਤਾ ਦਾ ਹਰਨ ਕੀਤਾ ਤੇ ਲੜਾਈ ਵਿੱਚ ਸਾਰਾ ਪਰਿਵਾਰ ਮਰਵਾ ਲਿਆ, ਪਰ ਹੱਠ ਨਹੀਂ ਛੱਡਿਆ ਤੇ ਆਪਾ ਵੀ ਦੇਣਾ ਪਿਆ:–

**ਇਕੁ ਲਖੁ ਪੂਤ ਸਵਾ ਲਖੁ ਨਾਤੀ॥**

**ਤਿਹ ਰਾਵਨ ਘਰ ਦੀਆ ਨ ਬਾਤੀ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.481)

ਇੱਕ ਪਾਸੇ ਹੱਠ ਧਰਮੀ ਹਨ ਦੂਜੇ ਪਾਸੇ ਧਰਮੀ ਹੱਠੀ ਹਨ। ਜੋ ਸਿਦਕ, ਸਿਰੜ ਅਤੇ ਆਦਰਸ਼ਾਂ ਦੇ ਹੱਠੀ ਹਨ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ। ਜਿਨ੍ਹਾਂ

ਨੂੰ ਪਤਾ ਸੀ ਕਿ ਉਹਨਾਂ ਨੂੰ ਸ਼ਹੀਦ ਕਰ ਦਿੱਤਾ ਜਾਣਾ ਹੈ, ਫਿਰ ਵੀ ਗੁਰੂ ਕੇ ਸਿਦਕ ਵਾਲੇ ਸਿੱਖ ਆਪਣੀ ਆਖਰੀ ਇੱਛਾ ਪਰਗਟ ਕਰਦੇ ਹਨ ਕਿ ਜਿਸ ਵੇਲੇ ਉਹਨਾਂ ਨੂੰ ਸ਼ਹੀਦ ਕੀਤਾ ਜਾਵੇ ਉਹਨਾਂ ਦਾ ਮੂੰਹ ਗੁਰੂ ਵਾਲੇ ਪਾਸੇ ਹੋਵੇ। ਉਹਨਾਂ ਨੇ ਬਿਰਦ ਬਾਣੇ ਦੀ ਲਾਜ ਰਖਦਿਆਂ ਸ਼ਹੀਦੀ ਜਾਮ ਪੀਤਾ। ਕਿਸੇ ਲਾਲਚ ਅੱਗੇ ਡੋਲੇ ਨਹੀਂ, ਅਰਦਾਸ ਵਿੱਚ ਉਹਨਾਂ ਨੂੰ ਯਾਦ ਕਰ ਅਭਿਨੰਦਨ ਕੀਤਾ ਜਾਂਦਾ ਹੈ। ਇਹ ਹੱਠ ਧਰਮੀ ਨਹੀਂ ਬਲਕਿ ਧਰਮੀ ਹੱਠ ਹੋ ਜਾਂਦਾ ਹੈ।

**ਜਿਨ੍ਹਾਂ ਨਾਮ ਜਪਿਆ**

ਭਾਈ ਕਾਨ੍ਹ ਸਿੰਘ ਨਾਭਾ ਆਪਣੀ ਪੁਸਤਕ 'ਗੁਰਮਤਿ ਪ੍ਰਭਾਕਰ' ਵਿੱਚ ਨਾਮ ਬਾਰੇ ਲਿਖਦੇ ਹਨ ਕਿ ਕਰਤਾਰ ਨਾਮ ਅਤੇ ਰੂਪ ਤੋਂ ਰਹਿਤ ਹੈ। ਪਰ ਮਹਾਨ ਵਿਦਵਾਨਾਂ ਨੇ ਅਸ੍ਵਿ ਭਾਵ ਪ੍ਰਿਯ ਸੱਤਾ ਅਨੁਸਾਰ ਉਸਨੂੰ ਸਤਯ ਚੈਤਨਯ ਅਤੇ ਅਨੰਦ ਰੂਪ ਅਰਥਾਤ (ਸਦਾ ਸਚਿਦਾਨੰਦ) ਜਾਪ ਦਾ ਵਰਨਣ ਕੀਤਾ ਹੈ। ਗੁਣ ਕਰਮ ਨੂੰ ਪਰਗਟ ਕਰਨ ਵਾਲੇ ਅਨੰਤ ਨਾਮ ਕਲਪਨਾ ਕੀਤੇ ਹਨ। ਜਿਨ੍ਹਾਂ ਦਾ ਸੰਖੇਪ ਕਰਕੇ "ਮੂਲ ਮੰਤਰ" ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਿਆਨ ਕਰਵਾਇਆ ਹੈ। ਸੂਖਮ ਵਿਚਾਰ ਬਿਨ੍ਹਾਂ ਉਸ ਸ਼ਬਦ ਤਾਈਂ ਪੁੱਜਣਾ ਬਹੁਤ ਔਖਾ ਹੈ ਅਤੇ ਇਸਦੇ ਜਾਣੇ ਬਿਨ੍ਹਾਂ ਦਸ਼ਮੇਸ਼ ਪਿਤਾ ਦੇ ਕਥਨ ਅਨੁਸਾਰ ਗੂੜ ਭੇਦ ਦੀ ਪ੍ਰਾਪਤੀ ਦੁਰਲੱਭ ਹੈ।

ਗੁਰਮਤਿ ਵਿੱਚ ਸਤਿਨਾਮ ਆਦਿਕ ਵਿਸ਼ੇਸ਼ਣਾ ਰਾਹੀਂ 'ਵਾਹਿਗੁਰੂ' ਸਰਵ ਉੱਤਮ ਨਾਮ ਹੈ। ਜਿਸਦਾ ਚਿਤਵ੍ਰਿਤੀ ਦੀ ਇਕਾਗਰਤਾ ਨਾਲ ਅਰਥ ਚਿੰਤਨ ਰੂਪ ਨਾਮ ਸਿਮਰਨ ਅਥਵਾ ਨਾਮ ਅਭਿਆਸ ਸਤਿਗੁਰਾਂ ਨੇ ਦੱਸਿਆ ਹੈ। ਜਦੋਂ ਤਕ ਨਾਮ ਦੇ ਉਦੇਸ਼ ਨੂੰ ਨਾ ਜਾਣਿਆ ਜਾਵੇ ਉਦੋਂ ਤਕ ਨਾਮ ਦਾ ਰਟਣ ਪ੍ਰਯੋਜਨ ਰਹਿਤ ਹੈ:–

**ਮੂੜ੍ਹ ਰੂੜ੍ਹ ਪੀਟਤ ਨ ਗੂੜ੍ਹਤਾ ਕੋ ਭੇਦ ਪਾਵੈ ਪੂਜਤ ਨ ਤਾਹਿ ਜਾ ਕੇ ਰਾਖੇ ਰਹੀਅਤੁ ਹੈਂ॥**

(ਅਕਾਲ ਉਸਤਤਿ)

ਸਿਧਾਂਤ ਇਹ ਹੈ ਕਿ ਸਭ ਨਾਵਾਂ ਦਾ ਲਖਾਇਕ ਵਾਹਿਗੁਰੂ ਨਾ ਸਿਰਫ ਜਾਨਣਾ ਹੈ ਸਗੋਂ ਬਾਣੀ ਰਾਹੀਂ ਮਨ ਅਤੇ ਸਰੀਰ ਨੂੰ ਸਫਲ ਕਰਨ ਵਾਸਤੇ ਅਰਥ ਵਿਚਾਰ ਸਹਿਤ ਨਾਮ ਦਾ ਸਿਮਰਨ ਕਰਨਾ ਸਾਡਾ ਪਰਮ ਧਰਮ ਹੈ।

ਇਹ ਨਾਮ ਕਿੱਥੇ ਵੱਸਦਾ ਹੈ? ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:–

**ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥**

**ਦੇਹੀ ਮਹਿ ਇਸ ਕਾ ਬਿਸ੍ਰਾਮੁ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.293)

ਸਤਿਗੁਰੂ ਜੀ ਫੁਰਮਾਉਂਦੇ ਹਨ:–

**ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.318)

**ਜੇਤਾ ਕੀਤਾ ਤੇਤਾ ਨਾਉ॥**

**ਵਿਣੁ ਨਾਵੈ ਨਾਹੀ ਕੋ ਥਾਉ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.04)

ਸਿੱਖ ਮੱਤ ਵਿੱਚ ਸ਼ੁਰੂ ਤੋਂ ਲੈ ਕੇ ਅਖੀਰ ਤਕ ਨਾਮ ਦਾ ਹੀ ਜਾਪ ਤੇ ਆਹਵਾਲ ਚਲਦਾ ਹੈ। ਮੁੱਢ ਤੋਂ ਲੈ ਕੇ ਅੰਤ ਤਕ ਸਭ ਰੂਹਾਨੀ ਮੰਜਿਲਾਂ ਦੀਆਂ ਅਵਸਥਾਵਾਂ ਵਿੱਚ ਵਿਚਰਦੇ ਲਗਦੇ ਹਨ। ਇਹਨਾਂ ਦੀਆਂ ਪੰਜ ਸ਼੍ਰੇਣੀਆਂ ਹਨ:–

ਜਪ, ਸਿਮਰਨ, ਧਿਆਨ, ਸਹਿਜ–ਵਿਸਮਾਦ, ਸਮਾਧ ਤੇ ਸੁੰਨ–ਸਮਾਧ।

ਇਤਿਹਾਸਕਾਰ ਲਿਖਦੇ ਹਨ ਕਿ ਵਾਹਿਗੁਰੂ ਜੀ ਦਾ ਨਾਮ ਅਭਿਆਸ ਤਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੇਲੇ ਤੋਂ ਹੀ ਸ਼ੁਰੂ ਹੋ ਗਿਆ ਸੀ ਤੇ ਦਸਮ ਪਾਤਸ਼ਾਹ ਨੇ ਵਾਹਿਗੁਰੂ ਨਾਮ ਜਪਣ ਨੂੰ ਲਾਜ਼ਮੀ ਕਰ ਦਿੱਤਾ ਸੀ।

**ਅੰਤਰਿ ਨਾਮੁ ਕਮਲੁ ਪਰਗਾਸਾ॥**

**ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 412)

ਗੁਰੂ ਸਾਹਿਬ ਜੀ ਫੁਰਮਾਉਂਦੇ ਹਨ:

**ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 989)

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥**

**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 8)

ਇਹ ਉਹ ਅਵਸਥਾ ਹੈ ਜਿਸ ਵਿੱਚੋਂ ਨਾਮ ਦੀ ਦਾਤ ਨੂੰ ਆਪਣੇ ਜੀਵਨ ਦਾ ਅਧਾਰ ਬਣਾ ਕੇ ਜੋ ਅੱਗੇ ਤੁਰੇ ਅਤੇ ਉਸ ਮਾਲਕ ਦੀ ਦਰਗਾਹ ਵਿੱਚ ਪਰਮਗਤਿ ਪ੍ਰਾਪਤ ਕਰ ਗਏ, ਉਹਨਾਂ ਨੂੰ ਅਰਦਾਸ ਵਿੱਚ ਯਾਦ ਕੀਤਾ ਜਾਂਦਾ ਹੈ।

**ਵੰਡ ਕੇ ਛਕਿਆ**

ਗੁਰੂ ਸਾਹਿਬ ਜੀ ਚਾਹੁੰਦੇ ਸਨ ਕਿ ਸਿੱਖ ਵਿਸ਼ੇਸ਼ ਸਿਫਤ ਦੀ ਪਾਲਣਾ ਨਿਆਰੇ ਰੂਪ ਵਿੱਚ ਕਰੇ। ਉਹ ਸਿਫਤ ਇਹ ਹੈ ਕਿ ਉਹ ਖ਼ੂਨ ਦੇ ਰਿਸ਼ਤੇ ਨਾਲੋਂ ਰੂਹਾਨੀ ਅਤੇ ਇਖਲਾਕੀ ਸਿਫਤਾਂ ਨੂੰ ਹਮੇਸ਼ਾ ਪਹਿਲ ਦੇਵੇਗਾ। ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦੇ ਸਿਧਾਂਤਾਂ ਦਾ ਪਾਲਣ ਕਰੇਗਾ। ਨਾਮ ਜਪੋ ਦੇ ਜੀਵਨ ਨਜ਼ਾਮ ਵਿੱਚ ਖਾਲਸਾ ਆਪਣੀ ਸਾਰੀ ਰੂਹਾਨੀਅਤ ਨੂੰ ਸਮੋ ਲਵੇਗਾ ਤੇ ਕਰਮ ਕਾਂਡਾਂ ਦੇ ਸਭ ਰੂਪ ਇਸ ਤੋਂ ਬਾਹਰ ਰਹਿਣਗੇ। ਕਿਰਤ ਕਰਕੇ, ਵੰਡ ਛਕਣ ਅਤੇ ਨਾਮ ਜਪਣ ਵਾਲਾ ਕਿਤੇ ਵੀ ਚਲਾ ਜਾਵੇ ਅਖੀਰ ਘਰ ਦੀ ਅਪਣੱਤ ਉਸਨੂੰ ਘਰ ਤੋਂ ਦੂਰ ਨਹੀਂ ਹੋਣ ਦੇਵੇਗੀ। ਇਸੇ ਅਪਣੱਤ ਤੇ ਸਦਕੇ ਉਹ ਜਿੰਦਗੀ ਨੂੰ ਤੌਰ 'ਤੇ ਹਰੀ ਭਰੀ ਰੱਖੇਗਾ।

ਗੁਰੂ ਨਾਨਕ ਦੇਵ ਜੀ ਨੇ ਇਹੀ ਤਿੰਨ ਸਿਧਾਂਤ ਸਿੱਖ ਸੰਗਤ ਦੀ ਝੋਲੀ ਪਾਏ ਅਤੇ ਸਿੱਖ ਨੇ ਇਹਨਾਂ ਤਿੰਨਾਂ ਸਿਧਾਂਤਾਂ ਨੂੰ ਇਨ੍ਹਾਂ ਉੱਪਰ ਉਠਾਇਆ ਕਿ ਅੱਜ ਸਾਰਾ ਜਗਤ ਇਹਨਾਂ ਤਿੰਨਾਂ ਸਿਧਾਂਤਾਂ ਨੂੰ ਸਲਾਹੁੰਦਾ ਹੈ। ਦਾਨ ਅਤੇ ਵੰਡ ਦੋ ਵੱਖ–ਵੱਖ ਸ਼ਬਦ ਹਨ। ਪਰ ਅਸੀਂ ਕਈ ਵਾਰ ਇਹਨਾਂ ਨੂੰ ਇੱਕ ਦੂਜੇ ਨਾਲ ਰਲਾ ਦਿੰਦੇ ਹਾਂ। ਦਾਨ ਦੀ ਭਾਵਨਾ ਤਾਂ ਕਿਸੇ ਨੂੰ ਕਿਸੇ ਵਸਤੂ ਦਾ ਦਾਨ ਕਰਨਾ, ਉਸ ਲਈ ਕਿਸੇ ਪ੍ਰਯੋਜਨ ਦੀ ਆਸ ਵਿੱਚ, ਪਰ ਵੰਡ ਛਕਣ ਦੀ ਇੱਕ ਐਸੀ ਅਵਸਥਾ ਹੈ ਜਿਸ ਵਿੱਚ ਮਨੁੱਖ ਆਪਣੀ ਵਸਤੂ ਦੂਜੇ ਨੂੰ ਦੇ ਕੇ ਜਾਂ ਤਿਆਗ ਕੇ ਆਪ ਸੰਤੁਸ਼ਟ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਕਿਸੇ ਮਨੁੱਖ ਦੇ ਪਾਸ ਚਾਰ ਪ੍ਰਸ਼ਾਦੇ ਹਨ ਅਤੇ ਦੂਸਰੇ ਪ੍ਰਾਣੀ ਨੂੰ ਭੁੱਖ ਲੱਗੀ ਹੈ ਤੇ ਚਾਰ ਪ੍ਰਸ਼ਾਦਿਆਂ ਵਿੱਚੋਂ ਦੋ ਪ੍ਰਸ਼ਾਦੇ ਭੁੱਖੇ ਆਦਮੀ ਨੂੰ ਦੇ ਕੇ ਸੰਤੁਸ਼ਟ ਹੁੰਦਾ ਹੈ। ਉਹ ਸੰਤੁਸ਼ਟੀ ਜੋ ਵੰਡ ਛਕਿਆਂ ਦਾ ਅਧਾਰ ਬਣਦੀ ਹੈ, ਇਤਿਹਾਸ ਵਿੱਚ ਐਸੀਆਂ ਕਈ ਮਿਸਾਲਾਂ ਹਨ।

ਵੰਡ ਕੇ ਛਕਣ ਵਾਲੇ ਦੈਵੀ ਪਿਆਰ ਤੇ ਸਾਧਕ ਹੁੰਦੇ ਹਨ। ਰੱਬ ਦੇ ਜੀਆਂ ਨੂੰ ਪਿਆਰ ਕੀਤੇ ਬਿਨ੍ਹਾਂ ਅਸੀਂ ਰੱਬ ਨੂੰ ਕਿਵੇਂ ਪਿਆਰ ਕਰ ਸਕਦੇ ਹਾਂ? ਉਸ ਮਾਲਕ ਨੂੰ ਕਿਵੇਂ ਪਿਆਰੇ ਲਗ ਸਕਦੇ ਹਾਂ? ਆਪਣੀ ਘਾਲ ਕਮਾਈ ਨੂੰ ਹੋਰਨਾਂ ਨਾਲ ਵੰਡਣਾ ਰੱਬ ਨਾਲ ਪਿਆਰ ਕਰਨ ਦੀ ਗਵਾਹੀ ਦਿੰਦਾ ਹੈ। ਬਾਬੇ ਨਾਨਕ ਨੇ ਮੋਦੀ ਖਾਨੇ ਵਿੱਚੋਂ ਮਿਲੀ ਕਮਾਈ ਨੂੰ ਸੰਗਤਾਂ ਨਾਲ ਲੰਗਰ ਦੀ ਸਾਂਝ ਪਾ, ਵੰਡ ਕੇ ਛਕਿਆ। ਇਸੇ ਨੇਮ ਵਿੱਚੋਂ ਹੀ ਗੁਰੂ ਕੇ ਲੰਗਰ ਦਾ ਮੁੱਢ ਬੱਝਿਆ ਹੈ ਅਤੇ ਸੰਗਤ ਤੇ ਪੰਗਤ ਵਰਗੀਆਂ ਮਹਾਨ ਪ੍ਰੰਪਰਾਵਾਂ ਸਥਾਪਿਤ ਹੋਈਆਂ ਹਨ। ਵੰਡ ਛਕਣ ਦੀ ਮਹਾਨ ਪ੍ਰੰਪਰਾ ਸਿੱਖ ਸਮਾਜ ਦਾ ਇੱਕ ਨਿਵੇਕਲਾ ਰੂਪ ਹੈ, ਜਿੱਥੇ ਅਮੀਰ–ਗਰੀਬ, ਛੋਟਾ–ਵੱਡਾ, ਸਹਿਯੋਗੀ ਜਾਂ ਦੁਸ਼ਮਣ ਕੋਈ ਵੀ ਬੇਗਾਨਾ ਨਹੀਂ ਦਿੱਸਦਾ, ਪਰ ਉਸਨੂੰ ਕੇਵਲ ਪ੍ਰਮਾਤਮਾ ਦੀ ਘਾੜਤਿ ਮੰਨ ਕੇ ਵੰਡ ਛਕਦਾ ਹੈ। ਜੰਗ ਵਿੱਚ ਵੀ ਜਿਸ ਵੇਲੇ ਲੰਗਰ ਤਿਆਰ ਹੋ ਜਾਂਦਾ ਸੀ ਤਾਂ ਸਿੱਖ ਦੁਸ਼ਮਣ ਨੂੰ ਵੀ ਇਸ ਤਰ੍ਹਾਂ ਅਵਾਜ ਮਾਰਦਾ ਸੀ ਜਿਵੇਂ ਮਿੱਤਰ ਨੂੰ ਬੁਲਾਈਦਾ ਹੈ:–

**ਦੇਤ ਅਵਾਜ਼ਾ ਭੂਖਾ ਹੈ ਕੋਈ।**

**ਆਓ ਦੇਗ਼ ਤਿਆਰ ਗੁਰ ਹੋਈ।**

**ਓਸ ਸਮੇਂ ਵੈਰੀ ਕਿਨ ਆਵੈ।**

**ਪਰਮ ਮੀਤ ਸਮ ਤਾਹਿ ਛਕਾਵੈ।**

**ਵੈਰੀ ਮਿਤ੍ਰਨ ਕੋ ਸਮ ਦੇ ਹੈ।**

**ਬਚੇ ਸੁ ਪਾਛੈ ਖੁਦ ਖਾ ਲੇ ਹੈ।**

**ਨਹਿ ਤੋਂ ਲੰਗਰ ਮਸਤ ਬਤੈ ਹੈ।**

(ਪੰਥ ਪ੍ਰਕਾਸ਼)

ਇਹ ਉਹ ਪਿਆਰ ਦਾ ਇੰਕਲਾਬ ਸੀ ਜਿਸਨੇ ਅਮੀਰ ਤੇ ਗਰੀਬ ਦੀ ਦੂਰੀ ਕਿਸੇ ਖ਼ੂਨੀ ਖੇਡ ਨਾਲ ਨਹੀ ਬਲਕਿ ਪਿਆਰ ਨਾਲ ਮਿਟਾਇਆ। ਸਾਰੀ ਦੀ ਸਾਰੀ ਮਨੁੱਖਤਾ ਨੂੰ ਆਪਣੇ ਕਲਾਵੈ ਵਿੱਚ ਲੈਣ ਦੀ ਸ਼ਕਤੀ ਪ੍ਰਦਾਨ ਕੀਤੀ।

ਅਜਿਹੀਆਂ ਮਹਾਨ ਪ੍ਰੰਪਰਾਵਾਂ ਨੂੰ ਤੋਰਨ ਅਤੇ ਉਹਨਾਂ ਪ੍ਰੰਪਰਾਵਾਂ ਨੂੰ ਅੱਗੇ ਵਧਾਉਣ ਵਾਲੀਆਂ ਰੂਹਾਂ ਪਹਿਲਾਂ ਵੀ ਸਨ ਤੇ ਅੱਜ ਵੀ ਹਨ, ਉਹਨਾਂ ਨੂੰ ਅਰਦਾਸ ਵਿੱਚ ਯਾਦ ਕਰ ਸਿੱਖੀ ਵਿੱਚ ਪ੍ਰੇਮ ਦੀ ਲਹਿਰ ਨਿਰੰਤਰ ਤੁਰੀ ਆ ਰਹੀ ਹੈ। ਜਿਨ੍ਹਾਂ ਨੇ ਵੰਡ ਕੇ ਛਕਿਆ ਉਹਨਾਂ ਦੀ ਕਮਾਈ ਨੂੰ ਸਦਾ–ਸਦਾ ਯਾਦ ਕੀਤਾ ਜਾਂਦਾ ਹੈ।

**ਦੇਗ ਚਲਾਈ**

ਸਿੱਖ ਸਾਂਝੀਵਾਲਤਾ ਦਾ ਪ੍ਰਤੀਕ ਦੇਗ਼ ਜੋ ਨਾ ਕੇਵਲ ਵੱਡੇ ਅਕਾਰ ਵਾਲਾ ਬਰਤਨ ਹੀ ਸੀ ਬਲਕਿ ਸਿੱਖੀ ਦੀ ਏਕਤਾ ਦਾ ਸੂਚਕ ਵੀ ਸੀ। ਆਮ ਤੌਰ 'ਤੇ ਅਸੀਂ ਕੜਾਹ ਪ੍ਰਸ਼ਾਦ ਨੂੰ ਵੀ ਦੇਗ ਕਹਿ ਦਿੰਦੇ ਹਾਂ। ਦੇਗ ਦੀ ਬਖਸ਼ਿਸ਼ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਸ਼ੁਰੂ ਹੋ ਗਈ ਸੀ। ਹੌਲੀ–ਹੌਲੀ ਇਹ ਦੇਗ ਲੰਗਰ ਦਾ ਰੂਪ ਲੈ ਗਈ। ਜੋ ਨਿਰੰਤਰ ਸਾਰੇ ਗੁਰੂ ਸਾਹਿਬਾਨਾਂ ਦੇ ਵੇਲੇ ਚਲਦਾ ਰਿਹਾ। ਗੁਰੂ ਸਾਹਿਬਾਨਾਂ ਤੋ ਬਾਅਦ ਵੀ ਇਹ ਪ੍ਰੰਪਰਾ ਨਿਰੰਤਰ ਚਲ ਰਹੀ ਹੈ। ਜਦੋਂ ਸਿੱਖ ਜੰਗਲਾਂ ਵਿੱਚ ਆਪਣੇ ਸਰੂਪ ਲਈ ਜੂਝ ਰਹੇ ਸਨ, ਉਸ ਵੇਲੇ ਵੀ ਉਹਨਾਂ ਨੂੰ ਅਨਾਜ ਜਾਂ ਖਾਣ ਪੀਣ ਵਾਲੇ ਪਦਾਰਥਾਂ ਦਾ ਖਦਸ਼ਾ ਸੀ, ਸਾਰੇ ਹੀ ਸਿੰਘ ਵਾਹਿਗੁਰੂ ਅੱਗੇ ਇੱਕ ਦੂਜੇ ਲਈ ਅਰਦਾਸ ਕਰਦੇ ਸਨ। ਸਿੰਘ ਜਿੱਥੇ ਵੀ ਹੋਣ ਉਹਨਾਂ ਦੀਆਂ ਲੰਗਰ ਦੀਆਂ ਦੇਗਾਂ ਭਰੀਆਂ ਕੋਈ ਭੱਖਾ ਨਾ ਰਹੇ। ਭੁੱਖ ਦੀ ਬਹਿਬਲਤਾ ਮਨੁੱਖ ਨੂੰ ਕਦੀ–ਕਦੀ ਕਮਜ਼ੋਰ ਵੀ ਕਰ ਦਿੰਦੀ ਹੈ। ਜਿੰਨ੍ਹਾਂ ਨੇ ਸਿਰ ਤਲੀ 'ਤੇ ਧਰ ਦਿੱਤਾ ਹੋਵੇ, ਉਨ੍ਹਾਂ ਲਈ ਭੁੱਖ ਕਦੇ ਵੀ ਕਮਜ਼ੋਰੀ ਨਹੀਂ ਬਣੀ। ਇਹ ਭੋਜਨ ਦੀ ਸ਼ਕਤੀ ਮਨੁੱਖੀ ਜੀਵਨ ਦੀ ਲੋੜ ਵੀ ਹੈ। ਜਦੋਂ ਸਿੱਖ ਪੰਗਤ ਵਿੱਚ ਸੱਜ ਕੇ ਲੰਗਰ ਛੱਕ ਰਿਹਾ ਹੁੰਦਾ ਹੈ ਉਸਨੂੰ ਕੇਵਲ ਇਹ ਪਤਾ ਹੁੰਦਾ ਹੈ ਕਿ ਇਹ ਭੋਜਨ ਮੇਰੇ ਗੁਰੂ ਦੀ ਬਖਸ਼ਿਸ਼ ਦੇ

ਸਦਕੇ ਹੈ। ਉਹ ਰੱਤੀ ਜਿੰਨੀ ਝਿਜਕ ਕੀਤੇ ਬਿਨ੍ਹਾਂ ਲੋੜ ਮੁਤਾਬਿਕ ਭੋਜਨ ਪ੍ਰਾਪਤ ਕਰਦਾ ਹੈ। ਦੇਗ਼ ਚਲਾਉਣ ਵਾਲਿਆਂ ਨੇ ਕਦੇ ਵੀ ਉਚ–ਨੀਚ, ਜਾਤ–ਪਾਤ, ਚੰਗੇ–ਮਾੜੇ ਅਤੇ ਵੈਰੀ ਮਿੱਤਰ ਦਾ ਕਦੇ ਵਿਤਕਰਾ ਨਹੀਂ ਕੀਤਾ। ਅੱਜ ਦੁਨੀਆ ਭਰ ਵਿੱਚ ਲੱਖਾਂ ਪ੍ਰਾਣੀ ਗੁਰਦੁਆਰੇ ਸਾਹਿਬਾਨਾਂ ਵਿੱਚ ਲੰਗਰ ਛੱਕਦੇ ਹਨ। ਇਸ ਪ੍ਰੰਪਰਾ ਨੂੰ ਜਿਨ੍ਹਾਂ ਨੇ ਸੁਰਜੀਤ ਰੱਖਿਆ ਹੈ ਉਹਨਾਂ ਨੇ ਆਪਣਾ ਨਾਮ ਕਿਤੇ ਵੀ ਅੱਗੇ ਨਹੀਂ ਆਉਣ ਦਿੱਤਾ। ਕੇਵਲ ਇਹੀ ਕਿਹਾ ਹੈ ਕਿ ਇਹ ਸਭ ਗੁਰੂ ਦਾ ਹੈ। ਅਜਿਹੇ ਮਹਾਨ ਸਿੱਖਾਂ ਨੂੰ ਹਮੇਸ਼ਾ ਅਰਦਾਸ ਵਿੱਚ ਪਿਆਰ ਅਤੇ ਸਤਿਕਾਰ ਭੇਂਟ ਕੀਤਾ ਜਾਂਦਾ ਹੈ ਤੇ ਕੀਤਾ ਜਾਂਦਾ ਰਹੇਗਾ।

**ਤੇਗ ਵਾਹੀ**

ਤੇਗ਼ ਇੱਕ ਸ਼ਸ਼ਤਰ ਅਤੇ ਸ਼ਕਤੀ ਦਾ ਪ੍ਰਤੀਕ ਹੈ ਜਿਸ ਰਾਹੀਂ ਸਿੱਖ ਆਪਣੇ ਆਲੇ ਦੁਆਲੇ ਵਾਪਰ ਰਹੀਆਂ ਮਾੜੀਆਂ ਘਟਨਾਵਾਂ, ਵਿਤਕਰਿਆਂ, ਹੋ ਰਹੇ ਜ਼ੁਲਮ ਦਾ ਖਾਤਮਾ ਅਤੇ ਆਤਮ ਰੱਖਿਆ ਕਰਦਾ ਹੈ। ਤੇਗ਼ ਕਦੇ ਵੀ ਸ਼ਕਤੀ ਪ੍ਰਦਰਸ਼ਨ ਦਾ ਸਾਧਨ ਨਹੀਂ ਬਣਦੀ। ਸਮਾਂ ਆਵੇ ਤਾਂ ਕਾਇਰਾਂ ਵਾਂਗ ਨਹੀਂ ਸਗੋ ਸੂਰਮਿਆਂ ਵਾਂਗ ਤੇਗਾਂ (ਕਿਰਪਾਨਾਂ) ਚਲਾ ਕੇ ਮੁਕਾਬਲਾ ਕਰਕੇ ਫਤਹਿ ਹਾਸਲ ਕਰਨਾ ਸਿੱਖ ਦੀ ਪਛਾਣ ਹੈ। ਫਤਹਿ ਦੇ ਦੋ ਪੱਖ ਹਨ, ਇੱਕ ਹੈ ਸਮਾਪਤੀ ਜਦੋਂ ਸਿੱਖ ਦਾ ਲੰਗਰ ਸਮਾਪਤ ਹੋ ਜਾਂਦਾ ਹੈ ਤਾਂ ਉਹ ਕਦੇ ਵੀ ਇਹ ਨਹੀਂ ਕਹਿੰਦਾ ਕਿ ਲੰਗਰ ਖਤਮ ਜਾਂ ਸਮਾਪਤ ਹੋ ਗਿਆ ਹੈ, ਉਹ ਇਹੀ ਕਹਿਣਗੇ ਕਿ ਲੰਗਰ ਫਤਹਿ ਹੋ ਗਿਆ ਹੈ ਅਤੇ ਦੂਜਾ ਭਾਵ ਹੈ ਜਿੱਤ, ਸਿੰਘਾਂ ਲਈ ਹਰ ਹਾਲ ਵਿੱਚ ਫਤਹਿ ਦੀ ਅਰਦਾਸ ਕੀਤੀ ਜਾਂਦੀ ਹੈ, ਫਤਹਿ ਦਰਅਸਲ ਮਾਨਸਿਕ ਅਵਸਥਾ ਨਾਲ ਸਬੰਧਿਤ ਹੈ। ਕਿਤਨੀ ਕਮਾਲ ਦੀ ਗੱਲ੍ਹ ਹੈ ਕਿ ਸਿੱਖ ਨੇ ਕਦੇ ਵੀ ਸੰਕਟ ਦੇ ਕੱਟੇ ਜਾਣ ਦੀ ਮੰਗ ਨਹੀਂ ਕੀਤੀ ਬਲਕਿ ਉਸ ਮਾਲਕ ਦੇ ਭਾਣੇ ਜਾਂ ਰਜ਼ਾ ਵਿੱਚ ਰਹਿਕੇ ਉਸ ਸੰਕਟ ਨੂੰ ਫਤਹਿ ਕਰਨ ਦਾ ਬਲ ਮੰਗਿਆ ਹੈ। ਇਸ ਬਲ ਦੀ ਮੰਗ ਹੀ ਫਤਹਿ ਦੀ ਸੂਚਕ ਹੈ। ਫਤਹਿ ਦੀ ਮੰਗ ਲਚਾਰੀ ਵਿੱਚ ਨਹੀਂ ਬਲਕਿ ਚੜ੍ਹਦੀਕਲਾ ਵਿੱਚ ਰਹਿਕੇ ਕੀਤੀ ਜਾਂਦੀ ਹੈ। ਸਿੱਖ ਤੇਗ਼ ਦੀ ਫਤਹਿ ਖੁਸ਼ੀ ਜਾਂ ਉਚੇਰੇ ਮਨੋਬਲ ਨੂੰ ਬਰਕਰਾਰ ਰੱਖ ਕੇ ਮੰਗਦਾ ਹੈ। ਇਹ ਅਕਾਲੀ ਤੇਗ ਹੀ ਮਨੁੱਖੀ ਆਤਮਾ ਦੇ ਸਰਬ ਲੋਹ ਨੂੰ ਸਾਨ੍ਹ ਤੇ ਚਾੜ੍ਹ ਉਸਨੂੰ ਤੇਗ਼ ਦਾ ਧੁਨੀ ਬਣਾਉਂਦੀ ਹੈ।

ਇਤਿਹਾਸ ਗਵਾਹ ਹੈ ਕਿ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਹਿਲਾ ਨਾਮ ਤਿਆਗ ਮਲ੍ਹ ਸੀ, ਇਹ ਉਹਨਾਂ ਦੇ ਸੁਭਾਅ ਨਾਲ ਰਲਦਾ ਵੀ ਸੀ, ਪਰ ਜਦੋਂ ਆਪ ਨੇ ਮੁਗ਼ਲਾਂ ਦੇ ਵਿਰੁੱਧ ਯੁੱਧ ਵਿੱਚ ਤੇਗ ਦੇ ਜੌਹਰ ਵਿਖਾਏ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪੁੱਤਰ ਨੂੰ ਤੇਗ ਬਹਾਦਰ ਦਾ ਖਿਤਾਬ ਦਿੱਤਾ। ਬਾਅਦ ਵਿੱਚ ਉਹਨਾਂ ਦਾ ਨਾਮ ਹੀ ਗੁਰੂ ਤੇਗ ਬਹਾਦਰ ਜੀ ਹੋ ਗਿਆ।

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਜਿਹੜਾ ਮਾਨਸਿਕ ਫੌਲਾਦ, ਜੁਰਅਤ ਤੇ ਬਲ ਦਿੱਤਾ ਉਸੇ ਨੂੰ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਅੱਗੇ ਤੋਰਿਆ। ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਤੇਗ਼ ਦੀ ਧਾਰ ਵਿੱਚੋਂ ਖ਼ਾਲਸਾ ਪ੍ਰਗਟ ਕੀਤਾ। ਜੋ ਸਦਾ–ਸਦਾ ਇਸ ਸ੍ਰਿਸ਼ਟੀ ਵਿੱਚ ਜੁਲਮ ਦੇ ਖਿਲਾਫ

ਆਪਣੀ ਅਵਾਜ ਬੁਲੰਦ ਕਰਦਾ ਰਹੇਗਾ ਅਤੇ ਆਤਮ ਰੱਖਿਆ ਲਈ ਤੇਗ਼ ਚਲਾਉਂਦਾ ਰਹੇਗਾ। ਗੁਰੂ ਗੋਬਿੰਦ ਸਿੰਘ ਜੀ ਨੂੰ ਬਹਾਦਰ ਸ਼ਾਹ ਨੇ ਪੁੱਛਿਆ ਕਿ ਤੁਹਾਡੀ ਤਲਵਾਰ ਤੇ ਮੇਰੀ ਤਲਵਾਰ ਵਿੱਚ ਕੀ ਫਰਕ ਹੈ? ਗੁਰੂ ਜੀ ਨੇ ਫੁਰਮਾਇਆ, 'ਤੇਰੀ ਤਲਵਾਰ ਨਾਲ ਮੌਤ ਮਿਲਦੀ ਹੈ ਤੇ ਮੇਰੀ ਤਲਵਾਰ ਨਾਲ ਜੀਵਨ, ਤੇਰੀ ਤਲਵਾਰ ਇੱਜ਼ਤ ਲੁੱਟਦੀ ਹੈ ਤੇ ਮੇਰੀ ਇੱਜ਼ਤ ਰੱਖਦੀ ਹੈ, ਯਾਦ ਰੱਖੀਂ ਇਹ ਪ੍ਰਮਾਤਮਾ ਦੀ ਦੈਵੀ ਸ਼ਕਤੀ ਦੀ ਸੂਚਕ ਵੀ ਹੈ।'

ਕੁਰਬਾਨੀ ਬੜੀ ਵੱਡੀ ਵੀਰਤਾ ਹੈ ਪਰ ਜਦੋਂ ਜ਼ਿੰਦਗੀ ਮੌਤ ਨਾਲੋਂ ਵੀ ਵੱਧ ਭਿਆਨਕ ਹੋ ਜਾਵੇ ਤਦ ਆਤਮਾ ਵਿੱਚ ਫੌਲਾਦ ਉਗਾ ਕੇ ਜੀਣਾ, ਸਿਰ ਦੇਣ ਨਾਲੋਂ ਵਡੇਰੀ ਬਹਾਦਰੀ ਦੀ ਮੰਗ ਕਰਦਾ ਹੈ। ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਬਹਾਦਰੀ ਨਾਲ ਅਨਿਆਂ ਨੂੰ ਦੂਰ ਕਰਨ ਲਈ ਤੇਗ਼ਾ ਵਾਹੀਆਂ ਉਹਨਾਂ ਦੀਆਂ ਕੀਤੀਆਂ ਪੰਥ ਪ੍ਰਤੀ ਸੇਵਾਵਾਂ ਨੂੰ ਚੇਤੇ ਕਰ ਅਰਦਾਸ ਵਿੱਚ ਯਾਦ ਕੀਤਾ ਜਾਂਦਾ ਹੈ। ਇਸ ਪ੍ਰੰਪਰਾ ਵਿੱਚ ਕਿਤੇ ਖੜੋਤ ਆ ਜਾਵੇ।

**ਦੇਖ ਕੇ ਅਣਡਿੱਠ ਕੀਤਾ**

ਇਹ ਬੋਲ ਉਹਨਾਂ ਪਿਆਰਿਆਂ ਸਚਿਆਰਿਆਂ ਦੇ ਚਰਿੱਤਰ–ਸਾਥੀ ਹਨ, ਜਿਨ੍ਹਾਂ ਨੇ ਅੰਮ੍ਰਿਤ ਵੇਲੇ ਨਾਮ ਬਾਣੀ ਦਾ ਅਭਿਆਸ ਕੀਤਾ, ਕਿਰਤ ਕਮਾਈ ਕਰ ਜੋ ਕੁਝ ਵੀ ਪਾਸ ਸੀ ਉਹ ਦੂਜਿਆ ਨਾਲ ਸਾਂਝਾ ਕੀਤਾ। ਤੇਗ਼ ਵੇਲੇ ਤੇਗ਼ ਅਤੇ ਦੇਗ਼ ਵੇਲੇ ਦੇਗ਼ ਛਕਾਈ। ਲੋੜ ਪੈਣ ਤੇ ਜੋ ਠੀਕ ਨਹੀਂ ਸੀ ਉਸਨੂੰ ਅਣਡਿੱਠ ਕੀਤਾ। ਸਿੱਖਾਂ ਨੇ ਜੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਾਹਿਗੁਰੂ ਮੇਰੇ ਗੁਣ ਨਾ ਚਿਤਾਰਿਓ, ਮੇਰੀ ਵਾਹਿਗੁਰੂ ਉਦੋਂ ਹੀ ਸੁਣੇਗਾ ਜੇ ਮੈਂ ਵੀ ਦੂਜਿਆਂ ਦੇ ਅਉਗੁਣਾਂ ਨੂੰ ਨਾ ਚਿਤਾਰਾਂਗਾ। ਸਾਡੇ ਪਰਦੇ ਕੇਵਲ ਉਹ ਹੀ ਕੱਜ ਸਕਦਾ ਹੈ ਜਿਸਨੇ ਅਕਾਲ ਪੁਰਖ ਦੇ ਅੱਗੇ ਪੂਰਣ ਸਮਰਪਣ ਕੀਤਾ ਹੋਵੇ, ਮਨੁੱਖ ਅੰਦਰ ਉਹ ਪ੍ਰਮਾਤਮਾ ਹੀ ਸ਼ਕਤੀ ਦਿੰਦਾ ਹੈ। ਸਿੱਖੀ ਵਿੱਚ ਮੁਆਫ ਕਰ ਅਗਾਂਹ ਵਧਣ ਦਾ ਸੰਕਲਪ ਹੈ। ਗੁਰੂ ਅਮਰਦਾਸ ਜੀ ਨੂੰ ਜਦੋਂ ਗੁਰਤਾਗੱਦੀ ਮਿਲੀ ਤਾਂ ਸੰਗਤ ਵਿੱਚ ਦਾਤੂ ਜੀ ਨੇ ਉਹਨਾਂ ਨੂੰ ਲੱਤ ਮਾਰੀ ਤਾਂ ਗੁਰੂ ਜੀ ਉਹਨਾਂ ਦੇ ਪੈਰ ਇਹ ਕਹਿ ਕੇ ਘੁਟਣੇ ਸ਼ੁਰੂ ਕਰ ਦਿੱਤੇ ਕਿ ਆਪ ਜੀ ਨੂੰ ਬੁੱਢਿਆਂ ਹੱਡਾਂ ਤੋਂ ਕਿਤੇ ਸੱਟ ਤਾਂ ਨਹੀ ਲੱਗੀ? ਐਸੀਆਂ ਕਈ ਮਿਸਾਲਾਂ ਹਨ ਸਿੱਖ ਇਤਿਹਾਸ ਵਿੱਚ ਜਦੋਂ ਗੁਰੂ ਸਾਹਿਬ ਜੀ ਨੇ ਸਿੱਖ ਨੂੰ ਸਿਦਕ ਵਿੱਚ ਰਹਿਕੇ ਦੂਜਿਆਂ ਦੇ ਔਗੁਣਾਂ ਨੂੰ ਨਾ ਚਿਤਾਰਦੇ ਹੋਏ ਦੇਖ ਕੇ ਅਣਡਿੱਠ ਕੀਤਾ। ਦੇਖ ਕੇ ਅਣਡਿੱਠ ਕਰਨਾ ਇੱਕ ਸਿਧਾਂਤ ਬਣਾ ਦੇਣਾ ਹੀ ਸਿੱਖ ਦੀ ਅਰਦਾਸ ਦਾ ਵਿਸ਼ੇਸ਼ ਅੰਗ ਬਣ ਗਿਆ ਜੋ ਸਿੱਖ ਦੇ ਕਿਰਦਾਰ ਨੂੰ ਹੋਰ ਨਿਖਾਰਦਾ ਹੈ।

ਸਿੱਖ ਅਰਦਾਸ ਦੇ ਅਗਲਾ ਪੜਾਅ ਵਿੱਚ ਧਰਮ ਦੇ ਲਈ ਸੀਸ ਦੇਣ ਵਾਲੇ ਸਿੰਘਾਂ ਸਿੰਘਣੀਆਂ ਦੀ ਮਹਾਨ ਕੁਰਬਾਨੀ ਬਾਰੇ ਚਰਚਾ ਕੀਤੀ ਗਈ ਹੈ।ਜਿਨ੍ਹਾਂ ਨੇ ਸਿੱਖੀ ਨੂੰ ਕੇਸਾਂ ਸੁਆਸਾਂ ਸੰਗ ਨਿਭਾਉਂਦਿਆਂ ਅਨੇਕਾਂ ਤਸੀਹੇ ਸਹਿੰਦੇ ਹੋਏ ਸ਼ਹੀਦੀਆਂ ਪ੍ਰਾਪਤ ਕੀਤੀਆਂ।

## ਅਧਿਆਇ-4

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ,

ਬੰਦ–ਬੰਦ ਕਟਵਾਏ, ਖੋਪਰੀਆਂ ਲੁਹਾਈਆਂ,

ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ,

ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ,

ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ,

ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ,

ਖ਼ਾਲਸਾ ਜੀ! ਬੋਲੋ ਵਾਹਿਗੁਰੂ!

ਸਿੱਖ ਧਰਮ ਅਤੇ ਸਿੱਖ ਇਤਿਹਾਸ ਵਿੱਚ ਕੇਵਲ ਉਹਨਾਂ ਸਿੰਘਾਂ ਸਿੰਘਣੀਆਂ ਦੀਆਂ ਸ਼ਹਾਦਤਾਂ ਨੂੰ ਪ੍ਰਵਾਨਗੀ ਤੇ ਮਾਣ ਪ੍ਰਾਪਤ ਹੈ ਜਿਨ੍ਹਾਂ ਨੇ ਧਰਮ ਹੇਤ ਸੀਸ ਦਿੱਤੇ ਪਰ ਧਰਮ ਦੀਆਂ ਕੀਮਤਾਂ ਨੂੰ ਨੀਵਾਂ ਹੋਣ ਦਿੱਤੇ ਬਿਨ੍ਹਾਂ ਧਰਮ ਯੁੱਧ ਦੇ ਨਿਰੰਤਰ ਸੰਘਰਸ਼ ਨੂੰ ਜਾਰੀ ਰੱਖਿਆ। ਗੁਰੂ ਦੀਆਂ ਸਿੱਖਿਆਵਾਂ, ਸਿਧਾਂਤਾ, ਸਿੱਖੀ ਸਦਾਚਾਰ ਤੇ ਆਦਰਸ਼ ਸਾਰੇ ਹੀ ਧਰਮ 'ਤੇ ਕੇਂਦਰਿਤ ਹਨ। ਧਰਮ ਕਰਕੇ ਹੀ ਸਿੱਖ ਜਾਂ ਖ਼ਾਲਸਾ ਆਪਣੇ–ਆਪ ਨੂੰ ਬਲਵਾਨ ਬਣਾਉਂਦਾ ਹੈ।

ਸਰਕਾਰ ਭਾਵੇਂ ਕਿਸੇ ਦੇ ਵੀ ਰਹੀ ਹੋਵੇ ਸਿੱਖ ਸ਼ਹੀਦਾਂ ਦੀ ਕੜੀ ਕਿਤੇ ਵੀ ਰੁਕਦੀ ਨਹੀਂ, ਅੱਜ ਵੀ ਸਮੂਹ ਜਗਤ ਵਿੱਚ ਕਿਤੇ ਨਾ ਕਿਤੇ ਸਿੱਖ ਆਪਣੇ ਸਰੂਪ ਨੂੰ, ਜੋ ਗੁਰੂ ਦੀ ਦੇਣ ਜਾਂ ਮੋਹਰ ਹੈ, ਦੀ ਰਾਖੀ ਲਈ ਆਪਣੀ ਕੁਰਬਾਨੀ ਦੇ ਰਿਹਾ ਹੈ। ਇਸੇ ਲਈ ਇਹਨਾਂ ਸਾਰੇ ਸ਼ਹੀਦਾਂ ਦੀ ਸ਼ਹੀਦੀ ਗਾਥਾ ਰੰਗ–ਢੰਗ ਨਾਲ ਸ਼ਿੰਗਾਰਿਆ ਹੀ ਨਹੀਂ ਗਿਆ ਬਲਕਿ ਨਾਲ–ਨਾਲ ਉਸ 'ਤੇ ਪਹਿਰਾ ਵੀ ਦਿੱਤਾ ਗਿਆ ਹੈ। ਅਰਦਾਸ ਕਰਦੇ ਹੋਏ ਜਦੋਂ ਵੀ ਅਸੀਂ ਇਹਨਾਂ ਪੰਕਤੀਆਂ ਦਾ ਸਿਮਰਨ ਕਰਦੇ ਹਾਂ ਤਾਂ ਆਪ ਮੁਹਾਰੇ ਉਹ ਸਾਰੇ ਸ਼ਹੀਦ ਗੁਰੂ ਸਾਹਿਬਾਨ ਅਤੇ ਉਹਨਾਂ ਤੋਂ ਬਾਅਦ ਦੇ ਸ਼ਹੀਦ ਸਾਡੇ ਆਤਮ–ਬਲ ਨੂੰ ਹੋਰ ਮਜ਼ਬੂਤ ਕਰ ਰਹੇ ਹੁੰਦੇ ਹਨ। ਇਸ ਨਾਲ ਇਹ ਵੀ ਹੁੰਦਾ ਹੈ ਕਿ ਸਿੱਖ ਅੰਦਰ ਕੁਰਬਾਨੀ ਦਾ ਜ਼ਜਬਾ ਉਬਾਲੇ ਖਾਣ ਲਗ ਪੈਂਦਾ ਹੈ।

ਜੋ ਇਸ ਸੰਸਾਰ ਵਿੱਚ ਆਇਆ ਹੈ ਉਸਨੇ ਜਾਣਾ ਹੀ ਹੈ। ਇਹ ਇੱਕ ਅਟੱਲ ਸੱਚਾਈ ਹੈ ਪਰ ਜਿਨ੍ਹਾਂ ਨੇ ਧਰਮ ਹੇਤ ਸੀਸ ਦਿੱਤਾ ਜਾਂ ਸ਼ਹੀਦੀ ਦਾ ਜਾਮ ਪੀਤਾ ਉਹਨਾਂ ਨੂੰ ਹੀ ਮਰਜੀਵੜਿਆਂ ਦਾ ਮਾਣ ਪ੍ਰਾਪਤ ਹੁੰਦਾ ਹੈ। ਉਹਨਾਂ ਮਹਾਨ ਸ਼ਹੀਦਾਂ ਨੂੰ ਜਿਨ੍ਹਾਂ ਨੇ ਧਰਮ ਹੇਤ ਸੀਸ ਦਿੱਤੇ ਉਹਨਾਂ ਦੀ ਮਹਾਨ ਸ਼ਹਾਦਤ ਨੂੰ ਯਾਦ ਕੀਤਾ ਜਾਂਦਾ ਹੈ ਅਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਂਦੇ ਹਨ।

**ਬੰਦ-ਬੰਦ ਕਟਵਾਏ**

ਧਰਮ ਨਾ ਹਾਰਨ ਵਾਲੇ ਸਿੰਘਾਂ–ਸਿੰਘਣੀਆਂ ਦੀਆਂ ਸ਼ਹਾਦਤਾਂ ਦੇ ਰੰਗ–ਰੂਪ ਅਤੇ ਢੰਗ ਇੰਨੇ ਵਚਿਤ੍ਰ, ਦਰਦਨਾਕ ਅਤੇ ਗੌਰਵਸ਼ਾਲੀ ਹਨ, ਜਿਨ੍ਹਾਂ ਨੂੰ ਅਰਦਾਸ ਵਿੱਚ ਉਸ ਸ਼ਹੀਦੀ ਵਿਰਸੇ ਦੀ ਸੰਭਾਲ, ਪ੍ਰਵਾਨਗੀ ਅਤੇ ਮਾਣ ਮਹਿਸੂਸ ਕਰਦਿਆਂ ਬੜੇ ਹੀ ਆਦਰ ਨਾਲ ਉਹਨਾਂ ਦੀ ਸ਼ਹੀਦੀ ਨੂੰ ਸ਼ਿੰਗਾਰਿਆ ਅਤੇ ਸਦੀਵੀ ਯਾਦਗਾਰ ਬਣਾ ਦਿੱਤਾ ਗਿਆ। ਇਹਨਾਂ ਪੰਕਤੀਆਂ ਨੂੰ ਪੜ੍ਹਨ ਨਾਲ ਮਨੁੱਖੀ ਜੀਵਨ ਜਿੱਥੇ ਉਹਨਾਂ ਨੂੰ ਯਾਦ ਕਰਦਾ ਹੈ ਉੱਥੇ ਉਹ ਆਪ ਵੀ ਉਸ ਸ਼ਹੀਦੀ ਲਈ ਆਪਣੇ ਅੰਦਰ ਤਾਕਤ ਪੈਦਾ ਕਰ ਰਿਹਾ ਹੁੰਦਾ ਹੈ। ਅਰਦਾਸ ਵਿੱਚ ਜਿਨ੍ਹਾਂ ਵਿਧੀਆਂ ਨਾਲ ਸ਼ਹੀਦ ਹੋਣ ਸ਼ਹੀਦਾਂ ਨੂੰ ਯਾਦ ਕੀਤਾ ਗਿਆ ਹੈ, ਉਤਨਾ ਉਹਨਾਂ ਨੂੰ ਉਹਨਾਂ ਦੇ ਨਾਮ ਨਾਲ ਯਾਦ ਨਹੀਂ ਕੀਤਾ ਜਾਂਦਾ।

ਸਿੱਖੀ ਵਿੱਚ ਨਾਮ ਨਾਲੋਂ ਸ਼ਹੀਦੀ ਵਰਗੀ ਮਹਾਨ ਪ੍ਰੰਪਰਾ ਨੂੰ ਜਿਆਦਾ ਮਹੱਤਵ ਦਿੱਤਾ ਗਿਆ ਹੈ। ਡਾ.ਜਸਵੰਤ ਸਿੰਘ ਨੇਕੀ ਲਿਖਦੇ ਹਨ, "ਅਰਦਾਸ ਵਿੱਚ ਬੇਅੰਤ ਸ਼ਹੀਦਾਂ ਦਾ ਜ਼ਿਕਰ ਹੈ ਪਰ ਨਾਮ ਕਿਸੇ ਦਾ ਵੀ ਨਹੀਂ ਲਿਆ ਗਿਆ। ਇਸ ਪਿੱਛੇ ਰਹੱਸ ਹੈ ਕਿ ਹਰ ਕੁਰਬਾਨੀ ਸਮੁੱਚੇ ਸਿੱਖ ਜਗਤ ਦੀ ਪ੍ਰਾਪਤੀ ਸਮਝੀ ਗਈ ਹੈ। ਇਸੇ ਲਈ ਉਹ ਪੰਥ ਗੌਰਵ ਦਾ ਹਿੱਸਾ ਬਣ ਗਈ ਹੈ ਤੇ ਅਰਦਾਸ ਵਿੱਚ ਸ਼ਾਮਿਲ ਕੀਤੀ ਗਈ ਹੈ।"

ਇੱਥੇ ਜਦੋਂ ਅਸੀਂ ਉਹਨਾਂ ਸ਼ਹੀਦਾਂ ਨੂੰ ਮਿਲਣ ਵਾਲੀ ਸ਼ਹੀਦੀ ਦੀ ਵਿਧੀ ਵੱਲ ਜਾਂਦੇ ਹਾਂ ਸਾਡਾ ਧਿਆਨ ਉਹਨਾਂ ਤਸੀਹਿਆਂ ਵੱਲ ਜਾਂਦਾ ਹੈ ਜੋ ਉਹਨਾਂ ਨੂੰ ਦਿੱਤੇ ਗਏ ਜਾਂ ਉਹਨਾਂ ਮਹਾਨ ਸ਼ਹੀਦਾਂ ਨੇ ਸਹਿਣ ਕੀਤੇ। ਇੱਥੇ ਇਹ ਗੱਲ ਬਹੁਤ ਵੱਡੀ ਹੈ ਕਿ ਇੰਨੇ ਤਸੀਹੇ ਮਿਲਣ ਤੋਂ ਬਾਅਦ ਵੀ ਉਹ ਮਹਾਨ ਸ਼ਹੀਦ ਡੋਲੇ ਨਹੀਂ ਤੇ ਸ਼ਹੀਦੀ ਦਾ ਜਾਮ ਪੀ ਗਏ।

ਸ਼ਹੀਦ ਭਾਈ ਮਨੀ ਸਿੰਘ ਜੀ ਜੋ ਅਠ੍ਹਾਰਵੀਂ ਸਦੀ ਦੇ ਉਹ ਮਹਾਨ ਸ਼ਹੀਦ ਹੋਏ ਹਨ ਜਿਨ੍ਹਾਂ ਦਾ ਬੰਦ–ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ ਸੀ ਤੇ ਉਹ ਬਿਨ੍ਹਾਂ ਡੋਲੇ ਗੁਰੂ ਦੀ ਬਾਣੀ ਦਾ ਸਿਮਰਨ ਕਰਦੇ–ਕਰਦੇ ਸ਼ਹੀਦੀ ਪ੍ਰਾਪਤ ਕਰ ਗਏ। ਭਾਈ ਮਨੀ ਸਿੰਘ ਜੀ ਦਾ ਜਨਮ 1644 ਈ. ਵਿੱਚ ਮੁਲਤਾਨ ਜਿਲ੍ਹੇ ਦੇ ਅਲੀਪੁਰ ਪਿੰਡ ਵਿੱਚ ਹੋਇਆ ਸੀ। ਉਹਨਾਂ ਦਾ ਪਰਿਵਾਰ ਛੇਵੀਂ ਪਾਤਸ਼ਾਹੀ ਦੇ ਸਮੇਂ ਤੋਂ ਹੀ ਗੁਰੂ ਘਰ ਨਾਲ ਜੁੜ ਚੁੱਕਾ ਸੀ। ਭਾਈ ਮਨੀ ਸਿੰਘ ਜੀ ਦੇ ਦੱਸ ਭਰਾ ਤੇ ਦੱਸ ਪੁੱਤਰ ਸਾਰੇ ਦੇ ਸਾਰੇ ਪੰਥ ਲਈ ਸ਼ਹੀਦੀ ਪ੍ਰਾਪਤ ਕਰ ਗਏ। ਆਪ ਜੀ ਨੇ ਗੁਰੂ ਹਰਿ ਰਾਏ ਸਾਹਿਬ ਜੀ ਦੇ ਵੀ ਦਰਸ਼ਨ ਕੀਤੇ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿੱਚ ਵੀ ਰਹੇ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਮਾਤਾ ਸੁੰਦਰੀ ਜੀ ਨੇ ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਦੇ ਵਿਵਾਦ ਨੂੰ ਹੱਲ ਕਰਵਾਉਣ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਭੇਜਿਆ ਸੀ। ਭਾਈ ਮਨੀ ਸਿੰਘ 1733 ਈ. ਵਿੱਚ ਦੀਵਾਲੀ 'ਤੇ ਸਿੱਖਾਂ ਦਾ ਇਕੱਠ ਕਰਨ ਲਈ ਸਮੇਂ ਦੀ ਸਰਕਾਰ ਦੇ ਸੂਬੇਦਾਰ ਜ਼ਕਰੀਆ ਖਾਨ ਪਾਸੋਂ ਆਗਿਆ ਲੈਣ ਲਈ ਲਾਹੌਰ ਗਏ ਤਾਂ ਆਪ ਜੀ ਪਾਸੋਂ ਜਜੀਆ (ਧਾਰਮਿਕ ਟੈਕਸ) ਦੀ ਮੰਗ ਕੀਤੀ ਗਈ। ਜੋ ਭਾਈ ਮਨੀ ਸਿੰਘ ਜੀ ਨੇ ਦੀਵਾਲੀ ਮੇਲੇ ਮਗਰੋਂ ਜਮ੍ਹਾਂ ਕਰਵਾਉਣਾ ਮੰਨ ਲਿਆ। ਜਿਸ ਵੇਲੇ ਭਾਈ ਮਨੀ ਸਿੰਘ ਨੂੰ ਆਪਣੇ ਹਲਕਿਆਂ ਤੋਂ ਪਤਾ ਲੱਗਾ ਕਿ ਜ਼ਕਰੀਆ ਖਾਨ ਨੇ ਸਿੱਖਾਂ ਨੂੰ ਇਕੱਠਿਆਂ ਕਰਕੇ ਮਾਰ ਮੁਕਾਉਣ ਦੀ ਸਾਜਿਸ਼ ਬਣਾਈ ਹੈ ਤਾਂ ਉਹਨਾਂ ਨੇ ਸਿੱਖਾਂ ਨੂੰ ਨਾ ਆਉਣ ਦੀ ਸੂਚਨਾ ਭੇਜ ਦਿੱਤੀ। ਫਿਰ ਵਿਸਾਖੀ ਵੇਲੇ ਦੁਬਾਰਾ ਉਸੇ ਤਰ੍ਹਾਂ ਹੋਇਆ। ਜ਼ਕਰੀਆ ਖਾਨ ਨੇ ਅੰਮ੍ਰਿਤਸਰ ਨੂੰ ਘੇਰਾ ਪਾ ਲਿਆ ਤੇ ਸਿੱਖ ਦਰਬਾਰ ਸਾਹਿਬ ਨਾ ਪਹੁੰਚ ਸਕੇ। ਭਾਈ ਮਨੀ ਸਿੰਘ ਨੂੰ ਲਾਹੌਰ ਵਿਖੇ ਕੈਦ ਕਰ ਉਹਨਾਂ ਦਾ ਬੰਦ–ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਮਨੀ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਕਵੀਆਂ ਵਿੱਚੋਂ ਇੱਕ ਸਨ ਤੇ ਉਹਨਾਂ ਨੇ ਹੀ ਦਸਮ ਪਿਤਾ ਦੀਆਂ ਲਿਖਤਾਂ ਨੂੰ ਇਕੱਤਰ ਕੀਤਾ ਤੇ ਦਸਮ ਗ੍ਰੰਥ ਤਾ ਰੂਪ ਦਿੱਤਾ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਸੰਪੂਰਨਤਾ ਵੇਲੇ ਲਿਖਾਰੀ ਦੀ ਸੇਵਾ ਆਪ ਜੀ ਪਾਸੋਂ ਹੀ ਲਈ।

ਅਰਦਾਸ ਦੀ ਮਾਲਾ ਵਿੱਚ ਸ਼ਹੀਦਾਂ ਦਾ ਮੋਤੀ ਜੋੜ ਸਿੱਖ ਪੰਥ ਨੇ ਸ਼ਹੀਦੀ ਨੂੰ ਸਦੀਵੀ ਕਾਲ ਲਈ ਇਤਿਹਾਸ ਵਿੱਚ ਜੋੜ ਦਿੱਤਾ, ਨਿੱਤਾਪ੍ਰਤੀ ਉਹਨਾਂ ਸ਼ਹੀਦਾਂ ਨੂੰ ਅਸੀਂ ਯਾਦ ਕਰਦੇ ਹਾਂ।

**ਖੋਪਰੀਆਂ ਲੁਹਾਈਆਂ**

ਅਠ੍ਹਰਵੀਂ ਸਦੀ ਦੇ ਇਤਿਹਾਸ ਨੇ ਸਿੱਖੀ ਜੀਵਨ ਜਾਚ ਵਿੱਚ ਸ਼ਹੀਦੀ ਦਾ ਇੱਕ ਅਨਮੋਲ ਵਿਰਸਾ ਉਭਾਰਿਆ। "ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ" ਸਿੱਖ ਆਪਣੇ ਹਰ ਇੱਕ ਇਕੱਠ ਵਿੱਚ ਇਹਨਾਂ ਸਤਰਾਂ ਨਾਲ ਇੱਕ ਦੂਜੇ ਵਿੱਚ ਜਜਬਾ ਭਰਿਆ ਕਰਦੇ ਸਨ। ਸਮੇਂ ਦੀਆਂ ਹਕੂਮਤਾਂ ਵੱਲੋਂ ਸਿੱਖਾਂ ਨੂੰ ਡਰਾਉਣ ਲਈ ਹਰ ਉਸ ਤਰੀਕੇ ਦੀ ਵਰਤੋਂ ਕੀਤੀ ਗਈ ਜਿਸ ਨੂੰ ਵੇਖਣ ਵਾਲਾ ਭੈਭੀਤ ਹੋ ਜਾਵੇ।

ਅਰਦਾਸ ਵਿੱਚ ਜ਼ਾਲਮ ਸਰਕਾਰ ਵੱਲੋਂ ਸਿੱਖਾਂ ਨੂੰ ਸ਼ਹੀਦ ਕਰਨ ਲਈ ਵਰਤੀ ਗਈ ਹਰ ਇੱਕ ਵਿਧੀ ਦੇ ਨਾਲ ਸ਼ਹੀਦ ਹੋਏ ਸਿੰਘ ਦਾ ਨਾਮ ਜੁੜਿਆ ਹੈ, ਭਾਵੇਂ ਲਿਖਿਆ ਨਹੀਂ ਹੈ ਪਰ ਸੁਭਾਵਿਕ ਹੀ ਉਸ ਸ਼ਹੀਦ ਸਿੰਘ ਦੀ ਤਸਵੀਰ ਸਾਡੀਆਂ ਅੱਖਾਂ ਸਾਹਮਣੇ ਆ ਜਾਂਦੀ ਹੈ। ਦੁਸ਼ਮਣ ਵੱਲੋਂ ਜਿਸ ਤਰ੍ਹਾਂ ਭਾਈ ਮਨੀ ਸਿੰਘ ਜੀ ਦਾ ਬੰਦ–ਬੰਦ ਕੱਟਿਆ ਗਿਆ, ਉਸੇ ਤਰ੍ਹਾਂ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਹਨ, ਜਿਨ੍ਹਾਂ ਨੇ ਕੇਸਾਂ ਸਮੇਤ ਖੋਪਰੀ ਉਤਰਵਾ ਲਈ ਪਰ ਕੇਸ ਨਹੀਂ ਕੱਟਣ ਦਿੱਤੇ। ਜਦੋਂ ਜ਼ਕਰੀਆ ਖਾਨ ਦੇ ਸਮੇਂ ਜੰਗਲਾਂ ਵਿੱਖ ਰਹਿ ਰਹੇ ਸਿੱਖਾਂ ਦੀ ਅੰਨ੍ਹ ਪਾਣੀ ਨਾਲ ਸੇਵਾ ਕਰਦੇ ਸਨ ਤਾਂ ਇੱਕ ਮਹੰਤ ਨਿਰੰਜਨੀਆ ਦੀ ਮੁਖਬਰੀ ਤੇ ਆਪ ਜੀ ਨੂੰ ਕੈਦ ਕਰ ਆਪ ਜੀ ਦੀ ਕੇਸਾਂ ਸਾਹਿਤ ਖੋਪਰੀ ਉਤਾਰ ਦਿੱਤੀ ਗਈ। ਸ਼ਹੀਦ ਹੋਣ ਵੇੇਲੇ ਭਾਈ ਤਾਰੂ ਸਿੰਘ ਜੀ ਬਾਣੀ ਪੜ੍ਹਦੇ ਰਹੇ। ਕਹਿੰਦੇ ਹਨ, ਜ਼ਕਰੀਆ ਖਾਨ ਦੇ ਜੱਲਾਦਾਂ ਨੇ ਜਦੋਂ ਭਾਈ ਸਾਹਿਬ ਦੀ ਖੋਪਰੀ ਉਤਾਰੀ ਤਾਂ ਉਸਤੋਂ ਬਾਅਦ ਹੀ ਜ਼ਕਰੀਆ

ਖਾਨ ਦਾ ਪਿਸ਼ਾਬ ਬੰਦ ਹੋਗਿਆ। ਇਤਿਹਾਸ ਗਵਾਹ ਹੈ ਕਿ ਭਾਈ ਤਾਰੂ ਸਿੰਘ ਜੀ ਖੋਪਰੀ ਉਤਰਣ ਤੋਂ ਬਾਅਦ ਵੀ 22 ਦਿਨ ਜਿਉਂਦੇ ਰਹੇ ਅਤੇ ਜ਼ਕਰੀਆ ਖਾਨ ਆਪਣੀ ਬਿਮਾਰੀ ਨਾਲ ਪਹਿਲਾਂ ਹੀ ਚੂਰ ਹੋ ਗਿਆ। ਭਾਈ ਸਾਹਿਬ ਜੀ ਨੇ ਸਿੰਘਾਂ ਨੂੰ ਬੇਨਤੀ ਕੀਤੀ ਕਿ, 'ਆਪ ਮੇਰੇ ਲਈ ਅਰਦਾਸ ਕਰੋ' ਜਦੋਂ ਅਰਦਾਸ ਸੰਪੂਰਨ ਹੋਈ ਤਾਂ, ਭਾਈ ਸਾਹਿਬ ਜੀ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

ਇਸ ਮਹਾਨ ਸ਼ਹਾਦਤ ਨੇ ਸਿੱਖਾਂ ਲਈ ਕੇਸਾਂ ਦੀ ਮਹੱਤਤਾ ਹੋਰ ਵਧਾ ਦਿੱਤੀ, ਕੇਸ ਸਿੱਖੀ ਅਤੇ ਸਿਦਕ ਦਾ ਹਿੱਸਾ ਬਣ ਗਏ। ਇਹ ਕੁਰਬਾਨੀ ਅਰਦਾਸ ਵਿੱਚ ਭਾਈ ਤਾਰੂ ਸਿੰਘ ਜੀ ਦੀ ਯਾਦ ਬਣ ਹਮੇਸ਼ਾ ਕਾਇਮ ਰਹੇਗੀ, ਨਾਲ–ਨਾਲ ਸਿੱਖੀ ਅਤੇ ਸਿੱਖਾਂ ਲਈ ਕੇਸਾਂ ਨੂੰ ਸਿੱਖ ਜੀਵਨ ਜਾਚ ਦਾ ਹਾਣੀ ਬਣਾਉਂਦੀ ਰਹੇਗੀ।

**ਚਰਖੜੀਆਂ 'ਤੇ ਚੜ੍ਹੇ**

ਅਰਦਾਸ ਦੀ ਇਹ ਪੰਕਤੀ ਗੁਰੂ ਦੇ ਪਿਆਰ ਵਾਲੇ ਉਹਨਾਂ ਅਦੁੱਤੀ ਬਲਿਦਾਨੀਆਂ ਦੇ ਸਿਦਕ ਨਾਲ ਸਬੰਧਿਤ ਹੈ ਜਿਨ੍ਹਾਂ ਨੇ ਆਪਣੇ ਧਰਮ ਦੀ ਆਨ–ਸ਼ਾਨ ਲਈ ਸੀਸ ਕੁਰਬਾਨ ਕੀਤੇ। ਚਰਖੜੀਆਂ 'ਤੇ ਚੜ੍ਹ ਕੇ ਸ਼ਹਾਦਤ ਦਾ ਜਾਮ ਪੀਣ ਦਾ ਮਾਣ ਭਾਈ ਸੁਬੇਗ ਸਿੰਘ ਅਤੇ ਉਹਨਾਂ ਦੇ ਪੁੱਤਰ ਭਾਈ ਸ਼ਾਹਬਾਜ ਸਿੰਘ ਨੂੰ ਪ੍ਰਾਪਤ ਹੋਇਆ। ਜ਼ਕਰੀਆ ਖਾਨ ਦੀ ਹਕੂਮਤ ਵੇਲੇ ਭਾਈ ਸੁਬੇਗ ਸਿੰਘ ਸਰਕਾਰ ਨਾਲ ਮਿਲਵਰਤਨ ਰੱਖਦਾ ਸੀ ਤੇ ਜ਼ਕਰੀਆ ਖਾਨ ਨੇ ਸਿੱਖਾਂ ਪ੍ਰਤੀ ਆਪਣੇ ਸੁਭਾਅ ਵਿੱਚ ਥੋੜਾ ਪਰਿਵਰਤਨ ਲਿਆਉਣ ਦਾ ਫੈਸਲਾ ਕੀਤਾ, ਇਸ ਲਈ ਉਸਨੇ ਸਿੱਖਾਂ ਨੂੰ ਨਵਾਬੀ ਦੇਣ ਲਈ ਭਾਈ ਸੁਬੇਗ ਸਿੰਘ ਨੂੰ ਸਿੱਖਾਂ ਪਾਸ ਭੇਜਿਆ। ਭਰ ਸਿੱਖਾਂ ਨੇ ਇੱਕ ਪਾਸੇ ਕੁੱਝ ਵੀ ਪ੍ਰਵਾਨ ਕਰਨ ਤੋਂ ਨਾਂਹ ਕਰ ਦਿੱਤੀ, ਦੂਜੇ ਪਾਸੇ ਭਾਈ ਸੁਬੇਗ ਸਿੰਘ ਨੂੰ ਚੰਗਾ–ਮਾੜਾ ਬੋਲਿਆ ਤੇ ਕਿਹਾ ਕਿ ਉਹ ਸਰਕਾਰੇ–ਦਰਬਾਰੇ ਰਿਸ਼ਤਾ ਕਿਉਂ ਰੱਖਦਾ ਹੈ? ਜਦ ਪਤਾ ਹੈ ਕਿ ਸਰਕਾਰ ਸਿੱਖਾਂ ਨੂੰ ਖਤਮ ਕਰਨਾ ਚਾਹੁੰਦੀ ਹੈ। ਭਾਈ ਸੁਬੇਗ ਸਿੰਘ ਦੇ ਬਹੁਤ ਕਹਿਣ 'ਤੇ ਸਿੰਘਾਂ ਵੱਲੋਂ ਭਾਈ ਸਾਹਿਬ ਨੂੰ ਸੇਵਾ ਲਗਾਈ ਗਈ, ਫਿਰ ਉਹਨਾਂ ਨੇ ਕਿਹਾ ਅਸੀਂ ਕੋਈ ਵੀ ਪੇਸ਼ਕਸ਼ ਪ੍ਰਵਾਨ ਨਹੀਂ ਕਰਨੀ। ਭਾਈ ਸਾਹਿਬ ਜੀ ਦੇ ਜ਼ੋਰ ਪਾਉਣ ਤੇ (ਨਵਾਬ) ਕਪੂਰ ਸਿੰਘ ਨੂੰ ਇਹ ਨਵਾਬੀ ਪ੍ਰਵਾਨ ਕਰਨ ਲਈ ਆਦੇਸ਼ ਦਿੱਤਾ ਗਿਆ। ਪਤ੍ਰਿਕਾ ਲੈਣ ਤੋਂ ਭਾਈ ਕਪੂਰ ਸਿੰਘ ਨੇ ਨਾਂਹ ਕਰ ਦਿੱਤੀ, ਫਿਰ ਸਿੱਖਾਂ ਦੇ ਹੁਕਮ ਨੂੰ ਮੰਨਦੇ ਹੋਏ ਪੰਜ ਸਿੰਘਾਂ ਦੇ ਚਰਨਾਂ ਨੂੰ ਛੁਹਾ ਕੇ ਉਸਨੂੰ ਪ੍ਰਵਾਨ ਕਰਲਿਆ। ਜ਼ਕਰੀਆ ਖਾਨ ਤੋਂ ਬਾਅਦ ਉਸਦਾ ਪੁੱਤਰ ਯਹੀਆ ਖਾਨ ਇੱਕ ਕਾਜ਼ੀ ਪਾਸੋਂ ਤਾਲੀਮ ਹਾਸਲ ਕਰ ਰਹੇ ਭਾਈ ਸੁਬੇਗ ਸਿੰਘ ਦੇ ਪੁੱਤਰ ਭਾਈ ਸ਼ਾਹਬਾਜ ਸਿੰਘ ਨੂੰ ਇਸਲਾਮ ਕਬੂਲ ਕਰਾ ਉਸ ਨਾਲ ਆਪਣੀ ਬੇਟੀ ਦਾ ਨਿਕਾਹ ਕਰਵਾਉਣਾ ਚਾਹੁੰਦਾ ਸੀ। ਭਾਈ ਸ਼ਾਹਬਾਜ ਸਿੰਘ ਸਿੱਖੀ ਛੱਡਣ ਲਈ ਤਿਆਰ ਨਹੀ ਹੋਏ ਤਾਂ ਜ਼ਕਰੀਆ ਖਾਨ ਤੇ ਉਸਦੇ ਪੁੱਤਰ ਨੇ ਭਾਈ ਸੁਬੇਗ ਸਿੰਘ ਅਤੇ ਉਹਨਾਂ ਦੇ ਪੁੱਤਰ ਭਾਈ ਸ਼ਾਹਬਾਜ ਸਿੰਘ ਨੂੰ ਚਰਖੜੀਆਂ 'ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤਾ। ਇਹ ਵੀ ਇੱਕ ਅਜਿਹੀ ਦਰਦਨਾਕ ਵਿਧੀ ਸੀ, ਜਿਸ ਨਾਲ ਕਠੋਰ ਤੋਂ ਕਠੋਰ ਦਿਲ ਪਸੀਚ ਜਾਂਦਾ ਹੈ। ਸਿੱਖੀ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਸਿੱਖ ਸ਼ਹੀਦ ਤਾਂ ਹੋ ਗਏ ਪਰ ਉਹ ਡੋਲੇ ਨਹੀਂ।

ਇੱਥੇ ਇਹ ਗੱਲ੍ਹ ਵੀ ਧਿਆਨ ਦੇਣਯੋਗ ਹੈ ਭਾਵੇਂ ਸਰਕਾਰੇ–ਦਰਬਾਰੇ ਸਿੱਖ ਦੀ ਕਿੰਨੀ ਵੀ ਪਹੁੰਚ ਜਾਂ ਨੇਤ੍ਰਤਾ ਕਿਉਂ ਨਾ ਹੋਵੇ ਜਦੋਂ ਸਿੱਖੀ ਲਈ ਜਾਨਾਂ ਵਾਰਨ ਦਾ ਸਮਾਂ ਆਉਂਦਾ ਹੈ ਤਾਂ ਉਹ ਡੋਲਦਾ ਨਹੀਂ।

**ਆਰਿਆਂ ਨਾਲ ਚਿਰਾਏ ਗਏ**

ਵੇਲੇ ਦੀਆਂ ਸਰਕਾਰਾਂ ਵੱਲੋਂ ਬਹੁਤ ਭਿਆਨਕ ਵਿਧੀਆਂ ਸਿੱਖਾਂ ਨੂੰ ਸ਼ਹੀਦ ਕਰਨ ਲਈ ਵਰਤੀਆਂ ਜਾਂਦੀਆਂ ਰਹੀਆਂ ਹਨ। ਆਰਿਆਂ ਨਾਲ ਚੀਰਨਾ ਵੀ ਇੱਕ ਵਿਧੀ ਸੀ। ਸਿੱਖ ਇਤਿਹਾਸ ਗਵਾਹ ਹੈ ਕਿ ਹਰ ਵਰਤੀ ਗਈ ਵਿਧੀ ਨਾਲ ਕਿਸੇ ਨਾ ਕਿਸੇ ਸਿੰਘ ਦੀ ਸ਼ਹੀਦੀ ਦੀ ਦਾਸਤਾਨ ਜੁੜੀ ਹੈ। ਸ਼ਹੀਦ ਸਿੰਘਾਂ ਦੀ ਪ੍ਰਤਿਭਾ ਇੱਕ ਮਜ਼ਬੂਤ 'ਸਤੰਭ' ਵਾਂਗ ਸਿੱਖ ਇਤਿਹਾਸ ਵਿੱਚ ਉਜਾਗਰ ਹੈ। ਨਿੱਤਾਪ੍ਰਤੀ ਉਹਨਾਂ ਸ਼ਹੀਦਾਂ ਨੂੰ ਯਾਦ ਵੀ ਕੀਤਾ ਜਾਂਦਾ ਹੈ ਤੇ ਸਤਿਕਾਰਿਆ ਵੀ ਜਾਂਦਾ ਹੈ। ਉਹਨਾਂ ਦੀ ਯਾਦ ਗੁਰਮਤਿ ਇਤਿਹਾਸ ਨੂੰ ਪੁਨਰ–ਸੁਰਜੀਤ ਕਰਦੀ ਹੈ। ਜਿਹੜੇ ਅਣਖ ਤੇ ਸੂਰਮਗਤੀ ਤੇ ਮੁਜੱਸਮੇ ਵੀ ਸਨ।

ਆਰਿਆਂ ਨਾਲ ਚੀਰਨਾ, ਆਦਮੀ ਨੂੰ ਦੋ ਛਤੀਰੀਆਂ ਨਾਲ ਬੰਨ੍ਹ ਕੇ ਆਰੇ ਨਾਲ ਸਿਰ ਤੋਂ ਪੈਰਾਂ ਤੱਕ ਚੀਰ ਕੇ ਸਰੀਰ ਨੂੰ ਦੋ ਫਾੜ ਕਰ ਦਿੱਤਾ ਜਾਂਦਾ ਸੀ। ਭਾਈ ਮਤੀ ਦਾਸ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਾਹਮਣੇ ਆਰੇ ਨਾਲ ਚੀਰਿਆ ਗਿਆ। ਜਦੋਂ ਕਸ਼ਮੀਰੀ ਪੰਡਿਤ ਆਪਣੀ ਧਰਮ ਬਚਾਉਣ ਲਈ ਅਨੰਦਪੁਰ ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਪਾਸ ਆਏ ਛਾ ਸਤਿਗੁਰੂ ਨੇ ਬਹੁਤ ਗੰਭੀਰ ਹੋ ਕੇ ਕਿਹਾ ਸੀ ਕੇ, 'ਇਹ ਵੇਲਾ ਕਿਸੇ ਮਹਾਂਪੁਰਖ ਦੇ ਬਲਿਦਾਨ ਦੀ ਮੰਗ ਕਰਦਾ ਹੈ।' ਉਸ ਵੇਲੇ ਪਾਸ ਖੜੇ ਬਾਲ ਗੋਬਿੰਦ ਰਾਏ ਜੀ ਨੇ ਫੁਰਮਾਇਆ ਸੀ, 'ਹਜ਼ੂਰ! ਆਪ ਜੀ ਤੋ ਵੱਡਾ ਮਹਾਂਪੁਰਖ ਕੌਣ ਹੋ ਸਕਦਾ ਹੈ?'ਤਾਂ ਗੁਰੂ ਜੀ ਨੇ ਕਿਹਾ ਸੀ, 'ਜਾਓ ਜਾ ਕੇ ਔਰੰਗਜ਼ੇਬ ਨੂੰ ਕਹਿ ਦਿਓ ਕਿ ਪਹਿਲਾਂ ਸਾਡਾ ਧਰਮ ਬਦਲੇ ਫਿਰ ਕਿਸੇ ਵੱਲ ਝਾਤੀ ਮਾਰੇ।' ਔਰੰਗਜ਼ੇਬ ਉਸ ਵੇਲੇ ਰੋਜ਼ ਹਿੰਦੂਆਂ ਦੇ ਸਵਾ–ਸਵਾ ਮਣ ਜਨੇਊ ਲਾਹ ਕੇ ਇਸਲਾਮ ਕਬੂਲ ਕਰਵਾਉਂਦਾ ਸੀ।

ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਨੂਰ ਮੁਹੰਮਦ ਨੇ ਰੋਪੜ ਦੇ ਕੋਲੋਂ ਗ੍ਰਿਫਤਾਰ ਕੀਤਾ ਅਤੇ ਦਿੱਲੀ ਦੇ ਲਾਲ ਕਿਲ੍ਹੇ ਦੇ ਕੋਲ ਤਿੰਨ ਸਿੱਖਾਂ ਦੇ ਸਹਿਤ ਕੋਤਵਾਲੀ ਦੇ ਵਿੱਚ ਕੈਦ ਕਰ ਦਿੱਤਾ। ਉਹਨਾਂ ਦੇ ਤਿੰਨ ਸਾਥੀਆਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਨਵੰਬਰ 1675 ਵਿੱਚ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਪਹਿਲੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ, ਫਿਰ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਜਿਉਂਦੇ ਜੀਅ ਅੱਗ ਲਗਾ ਕੇ ਅਤੇ ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲ ਕੇ ਸ਼ਹੀਦ ਕਰ ਦਿੱਤਾ ਗਿਆ। ਫਿਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ। ਕਮਾਲ ਦੀ ਗੱਲ੍ਹ ਇਹ ਹੈ ਕਿ ਗੁਰੂ ਦਾ ਕੋਈ ਵੀ ਸਿੱਖ ਸਿਦਕ ਤੋਂ ਡੋਲਿਆ ਨਹੀਂ। ਧਰਮ ਦੀ ਅਜਾਦੀ ਤੇ ਰਾਖੀ ਲਈ ਗੁਰੂ ਸਾਹਿਬ ਜੀ ਅਤੇ ਗੁਰੂ ਦੇ ਸਿੱਖਾਂ ਨੇ ਕੁਰਬਾਨੀ ਦਿੱਤੀ। ਜੋ ਲੋਕ ਅੱਜ ਧਰਮ ਦੀ ਅਜਾਦੀ ਦਾ ਨਿੱਘ ਮਾਣ ਰਹੇ ਹਨ ਉਹ ਮਹਾਨ ਸਿੱਖਾਂ ਦੀ ਕੁਰਬਾਨੀ ਭੁੱਲ ਗਏ ਹਨ। ਇੱਥੇ ਇਹ ਗੱਲ੍ਹ ਯਾਦ ਰੱਖਣਯੋਗ ਹੈ ਕਿ ਜਦੋਂ ਕੋਈ ਕੌਮ ਜਾਂ ਸਮਾਜ ਕੁਰਬਾਨੀ ਦੇਣ ਵਾਲਿਆਂ ਦੇ ਇਤਿਹਾਸ ਨੂੰ ਭੁਲਾ ਦਿੰਦਾ ਹੈ ਤਾਂ ਉਹ ਧਰਮ ਗੁਲਾਮੀ ਦੇ

ਸੰਕੇਤ ਵੱਲ੍ਹ ਵੱਧਦਾ ਜਾਂਦਾ ਹੈ। ਸਿੱਖ ਨਿੱਤਾਪ੍ਰਤੀ ਆਪਣੇ ਸ਼ਹੀਦਾਂ ਦੀ ਯਾਦ ਆਪਣੀ ਚੇਤਨਾ ਵਿੱਚ ਸਮਾਈ ਰੱਖਦਾ ਹੈ।

ਭਾਣੇ ਨੂੰ ਮਿੱਠਾ ਕਰਕੇ ਮੰਨਿਆ

ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ –

**ਤੇਰਾ ਕੀਤਾ ਜਿਸੁ ਲਾਗੈ ਮੀਠਾ॥**

**ਘਟਿ ਘਟਿ ਪਾਰਬ੍ਰਹਮ ਤਿਨਿ ਜਨਿ ਡੀਠਾ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 131)

ਕਰਤਾਰ ਦੇ ਭਾਣੇ ਅੰਦਰ ਪ੍ਰਸੰਨ ਰਹਿਣਾ, ਗੁਰਬਾਣੀ ਅਭਿਆਸ ਅਤੇ ਮਨ ਸ਼ਾਂਤ ਰੱਖਣਾ ਗੁਰਸਿੱਖਾਂ ਦਾ ਮੁੱਖ ਕਰਮ ਹੈ–

**ਬੰਦਿ ਖਲਾਸੀ ਭਾਣੈ ਹੋਇ ॥**

**ਹੋਰੁ ਆਖਿ ਨ ਸਕੈ ਕੋਇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 5)

ਧਰਮੀ ਮਨੁੱਖ ਲਈ ਇਸ ਦੁਨਿਆਵੀ ਸਰੀਰ ਦੀ ਕੈਦ ਤੋਂ ਰਿਹਾਈ ਉਸ ਹਰੀ ਦੇ ਹੁਕਮ ਨਾਲ ਹੁੰਦੀ ਹੈ ਹੋਰ ਕਿਸੇ ਦਾ ਇਸ ਵਿੱਚ ਕੋਈ ਦਖ਼ਲ ਨਹੀਂ ਹੁੰਦਾ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਕੋਸ਼ ਵਿੱਚ 'ਭਾਣਾ' ਸ਼ਬਦ ਦਾ ਅਰਥ ਕਰਦੇ ਹੋਏ ਲਿਖਦੇ ਹਨ– ਅਕਾਲ ਪੁਰਖ ਦੀ ਇੱਛਾ, ਸਾਈਂ ਦਾ ਹੁਕਮ, ਮਾਲਕ ਦੀ ਰਜ਼ਾ, ਜੋ ਅਕਾਲ ਪੁਰਖ ਨੂੰ ਭਾਵੇ ਸੋ ਭਾਣਾ ਕਿਹਾ ਜਾਂਦਾ ਹੈ।

ਮਨੁੱਖ ਦੇ ਅੰਦਰ ਦੀ ਕਮਜੋਰੀ ਨੂੰ ਜੇ ਕੋਈ ਚੀਜ ਸ਼ਕਤੀ ਦੇ ਸਕਦੀ ਹੈ ਤਾਂ ਉਹ ਹੈ ਉਸਦਾ ਰੱਬ ਅੱਗ ਪੂਰਣ ਸਮਰਪਣ, ਜਿਸ ਨਾਲ ਉਸ ਅੰਦਰ ਇੱਕ ਤਰ੍ਹਾਂ ਦਾ ਵਿਸ਼ਵਾਸ਼ ਤੇ ਭਰੋਸਾ ਪੈਦਾ ਹੁੰਦਾ ਹੈ। ਜਿਸ ਨੂੰ ਗੁਰੂ ਦੇ ਸਿੱਖ ਭਾਣਾ ਵੀ ਕਹਿੰਦੇ ਹਨ, ਜੋ ਕੁਝ ਉਸ ਮਾਲਕ ਨੇ ਕਰ ਦਿੱਤਾ ਉਹ ਉਸ ਨੂੰ ਮਨਜੂਰ ਸੀ। ਮੇਰੇ ਅੰਦਰ ਸ਼ਕਤੀ ਜਾਂ ਸਮਝ ਨਹੀਂ ਹੈ ਕਿ ਮੈ ਉਸ ਵੱਲੋਂ ਦਿੱਤੀਆਂ ਗਈਆਂ ਰਹਿਮਤਾਂ ਤੇ ਭੀੜਾਂ ਦੀ ਬੋਲੀ ਨੂੰ ਸਮਝ ਸਕਾਂ, ਇਸ ਲਈ ਉਸਦੇ ਹੁਕਮ ਨੂੰ ਸਤਿ–ਸਤਿ ਕਰ ਮਨ ਉਸ ਮਾਲਕ ਵਿੱਚ ਭਰੋਸਾ ਹੋਰ ਵੱਧ ਜਾਵੇ, ਉਹ ਭਰੋਸਾ ਕੇਵਲ ਉਸੇ ਵਿੱਚ ਹੀ ਨਹੀਂ ਸਗੋਂ ਦੂਸਰਿਆਂ ਵਿੱਚ ਵੀ ਵੱਧਦਾ ਹੈ। ਕਿਸੇ ਵੀ ਸੰਕਟ ਵੇਲੇ ਮਨੁੱਖ ਜਦੋਂ ਆਪਣਾ–ਆਪ ਗੁਰੂ ਅੱਗੇ ਸੌਂਪ ਦਿੰਦਾ ਹੈ ਤਾਂ ਉਸ ਨੂੰ ਭਾਣੇ ਦੇ ਭਾਵ ਸਮਝ ਆਉਂਦੇ ਹਨ। ਇਹ ਉਹ ਅਵੱਸਥਾ ਹੈ ਜਿਸ ਨੂੰ ਮਨੁੱਖੀ ਜੀਵਨ ਵਿੱਚ ਸੱਚੀ–ਸਰਵਉੱਤਮ ਅਵਸਥਾ ਕਿਹਾ ਜਾਂਦਾ ਹੈ। ਜੇ ਇਹ ਅਵਸਥਾ ਹੈ ਤਾਂ ਫਿਰ ਕੋਈ ਡਰ ਨਹੀਂ ਲਗਦਾ। ਇਸ ਅਵਸਥਾ ਵਿੱਚ ਮਨੁੱਖ ਆਪਣੇ ਪਰਮ–ਮਿੱਤਰ ਦੇ ਚੋਜ਼ ਵੇਖ ਕੇ ਰੋਂਦੇ ਨਹੀਂ, ਉਹ ਸਭ ਕੁਝ ਸਹਿਣ ਦੀ ਸ਼ਕਤੀ ਰੱਖਦੇ ਹਨ। ਸਿੱਖਾਂ ਦੀ ਅਰਦਾਸ ਉਹਨਾਂ ਮਹਾਨ ਸ਼ਹੀਦਾਂ ਦੇ ਪਰਿਵਾਰਾਂ ਦੀ ਮਿਸਾਲ ਪੇਸ਼ ਕਰਦੀ ਹੈ,

ਜਿਨ੍ਹਾਂ ਨੇ ਗੁਰੂ ਦੇ ਭਾਣੇ ਨੂੰ ਸਤਿ–ਸਤਿ ਕਰ ਮੰਨਿਆ ਤੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਵਾਹਿਗੁਰੂ ਜੀ ਆਪ ਜੀ ਦੇ ਦਿੱਤੇ ਚਾਰ ਪਹਿਰ ਸੁੱਖ ਦੇ ਬਤੀਤ ਹੋਏ ਹਨ ਤੇ ਅਗਲੇ ਚਾਰ ਪਹਿਰ ਵੀ ਸੁੱਖਾਂ ਨਾਲ ਬਤੀਤ ਕਰਵਾਉਣੇ ਤੇ ਆਪਣਾ ਭਾਣਾ ਮੰਨਣ ਦਾ ਬਲ ਦੇ ਹਿੰਮਤ ਬਖਸ਼ਣਾ। ਪਰਿਵਾਰਾਂ ਵੱਲੋਂ ਉਹਨਾਂ ਦਿਆਂ ਸ਼ਹੀਦਾਂ ਦੀਆਂ ਸ਼ਹੀਦੀਆਂ ਤੇ ਦੁਖ ਦਾ ਪ੍ਰਗਟਾਵਾ ਨਹੀਂ ਕੀਤਾ ਗਿਆ ਬਲਕਿ ਸਿੱਖੀ ਨੂੰ ਪ੍ਰਵਾਨ ਹੋ ਜਾਣ ਦੀ ਸ਼ਰਧਾਂਜਲੀ ਦਿੱਤੀ। ਸਿੱਖ ਮਾਲਕ ਦੇ ਹੁਕਮਾਂ ਨੂੰ ਕਦੇ ਵੀ ਉਲਾਹਮਾਂ ਨਹੀਂ ਦਿੰਦੇ ਸਗੋਂ ਉਸਦੀ ਰਜ਼ਾ ਨੂੰ ਵਾਹ! ਵਾਹ! ਹੀ ਕਹਿੰਦੇ ਹਨ। ਮਨੁੱਖ ਦੁੱਖ ਵੇਲੇ ਬਹੁਤ ਹੀ ਲਾਚਾਰ ਤੇ ਕਮਜੋਰ ਹੋ ਜਾਂਦਾ ਹੈ ਤੇ ਰੋ ਪਿੱਟ ਕੇ ਭਾਣੇ ਦੀ ਗੱਲ੍ਹ ਕਰਦਾ ਹੈ। ਸਾਡਾ ਇਤਿਹਾਸ ਗਵਾਹ ਹੈ ਕਿ ਜਿਨ੍ਹਾਂ ਕਰਨੀ ਵਾਲੇ ਸਿੱਖਾਂ ਨੇ ਭਾਣਾ ਮਿੱਠਾ ਕਰਕੇ ਮੰਨਿਆ ਹੈ ਉਹਨਾਂ ਮਹਾਂਪੁਰਖਾਂ ਨੂੰ ਸ਼ਰਧਾ ਤੇ ਸਤਿਕਾਰ ਦੇ ਫੁੱਲ ਭੇਂਟ ਕੀਤੇ ਜਾਂਦੇ ਹਨ। ਤਾਂਕਿ ਮਨੁੱਖੀ ਜੀਵਨ ਵਿੱਚ ਅਰਦਾਸ ਕਰਨ ਤੇ ਸੁਣਨ ਵਾਲੇ ਅੰਦਰ ਵੀ ਭਾਣਾ ਮੰਨਣ ਦੀ ਸ਼ਕਤੀ ਆ ਸਕੇ।

**ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਹੀ...**

ਸਿਦਕ ਜਿੱਥੇ ਸਿੱਖੀ ਸਿਧਾਂਤਾਂ ਵਿੱਚ ਵਿਸ਼ਵਾਸ਼ ਤੇ ਭਰੋਸੇ ਦੇ ਭਾਵ ਨਾਲ ਪੜ੍ਹਿਆ ਤੇ ਮੰਨਿਆ ਜਾਂਦਾ ਹੈ ਉੱਥੇ ਇਹ ਮਨਮਤ ਤੋਂ ਦੂਰ ਰੱਖ, ਗੁਰਮਤਿ ਦੀ ਕੁੰਜੀ ਬਣ ਕੇ ਸਿੱਖੀ ਦੀ ਅਧਾਰ ਸ਼ਿਲਾ ਬਣ ਜਾਂਦਾ ਹੈ। ਜਦੋਂ ਪ੍ਰਭੂ ’ਤੇ ਭਰੋਸਾ ਹੋ ਜਾਂਦਾ ਹੈ ਤਾਂ ਫਿਰ ਮਨੁੱਖ ਕਿਸੇ ਪ੍ਰਕਾਰ ਦੇ ਡਰ ਨੂੰ ਆਪਣੇ ਨੇੜੇ ਨਹੀਂ ਲੱਗਣ ਦਿੰਦਾ। ਉਸਨੂੰ ਇਸ ਤਰ੍ਹਾਂ ਜਾਪਦਾ ਹੈ ਕਿ ਮੈਨੂੰ ਇਹ ਮਹਾਨ ਸ਼ਕਤੀ ਬਚਾ ਲਊ।ਜਿਵੇਂ ਇੱਕ ਬੱਚੇ ਨੂੰ ਉਸਦਾ ਪਿਤਾ ਸਭ ਤੋਂ ਤਾਕਤਵਾਰ ਜਾਪਦਾ ਹੈ ਕਿਉਂਕਿ ਉਸਨੇ ਆਪਣੇ ਪਿਤਾ ਨੂੰ ਉਹ ਸਭ ਕਰਦਿਆਂ ਵੇਖਿਆ ਹੈ ਜੋ ਉਹ ਆਪ ਨਹੀਂ ਕਰ ਸਕਦਾ। ਉਸਨੂੰ ਜਾਪਦਾ ਹੈ ਕਿ ਮੇਰੇ ਪਿਤਾ ਹੀ ਸਭ ਤੋਂਤਾਕਤਵਾਰ ਹਨ। ਉਹਨਾਂ ਦੇ ਮੁਕਾਬਲੇ ਹੋਰ ਕੋਈ ਨਹੀਂ। ਇਸ ਤਰ੍ਹਾਂ ਸਾਨੂੰ ਆਪਣੇ ਗੁਰੂ ’ਤੇ ਭਰੋਸਾ ਹੁੰਦਾ ਹੈ ਤਾਂ ਸਾਡਾ ਸਿਦਕ ਹੋਰ ਵੀ ਮਜਬੂਤ ਹੁੰਦਾ ਹੈ।

ਇਸ ਸਿਦਕ ਰਾਹੀਂ ਇਤਿਹਾਸ ਦੀਆਂ ਘਟਨਾਵਾਂ ਨੂੰ ਨੇਪਰੇ ਚਾੜ੍ਹਿਆ ਜਾਂਦਾ ਹੈ। ਸਿਦਕੀ ਆਪਣੇ ਅੰਦਰ ਹਮੇਸ਼ਾ ਮਜਬੂਤੀ ਦੀ ਮਿਸ਼ਾਲ ਜਗਾਈ ਰੱਖਦਾ ਹੈ ਤਾਂ ਹੀ ਉਸਨੂੰ ਕਿਸੇ ਵੀ ਪੀੜਾ ਤੋਂ ਡਰ ਨਹੀਂ ਲੱਗਦਾ। ਜੇ ਡਰ ਨਹੀਂ ਤਾਂ ਉਸ ਲਈ ਕੋਈ ਹੋਰ ਪਾਉਣਾ ਔਖਾ ਨਹੀਂ। ਹਰ ਟੀਚੇ ਦੀ ਪ੍ਰਾਪਤੀ ਦਾ ਅਧਾਰ ਕੇਵਲ ਤੇ ਕੇਵਲ ਸਿਦਕ, ਭਰੋਸੇ ਤੇ ਵਿਸ਼ਵਾਸ਼ ਹੀ ਹੁੰਦਾ ਹੈ। ਜਿਨ੍ਹਾਂ ਨੇ ਗੁਰੂ ਸ਼ਬਦ ਦਾ ਆਸਰਾ ਲਿਆ ਹੈ ਉਹਨਾਂ ਨੇ ਜੀਵਨ ਦੀ ਕਿਸੇ ਵੀ ਪੀੜਾ ਦਾ ਸਿਦਕ ਨਾਲ ਸਾਹਮਣਾ ਹੀ ਨਹੀਂ ਕੀਤਾ ਬਲਕਿ ਉਸ ਉੱਪਰ ਜਿੱਤ ਵੀ ਪ੍ਰਾਪਤ ਕੀਤੀ ਹੈ। ਸਿਦਕ ਵਾਲਾ ਸੀਸ ਤਾਂ ਲੁਹਾ ਲਊ, ਪਰ ਸਿੱਖੀ ਤੋਂ ਨਹੀਂ ਡੋਲੇਗਾ।

ਇਤਿਹਾਸ ਦੀ ਘਟਨਾ ਹੈ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਗ੍ਰਿਫਤਾਰ ਕਰ ਦਿੱਲੀ ਲਿਆਂਦਾ ਗਿਆ ਤਾਂ ਉਹਨਾਂ ਨਾਲ 700 ਸਿੱਖਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਪਹਿਲਾਂ 700 ਸਿੰਘਾਂ ਨੂੰ ਵਾਰੀ–ਵਾਰੀ ਸਿਰ ਧੜ ਤੋਂ ਅਲੱਗ ਕਰਕੇ ਸ਼ਹੀਦ ਕੀਤਾ ਗਿਆ ਸੀ।ਧੰਨ ਗੁਰੂ ਕੇ ਸਿੱਖ ਜਿਨ੍ਹਾਂ ਵਿੱਚੋਂ ਇੱਕ ਨੇ ਵੀ ਮੂੰਹੋਂ ਸੀ ਨਹੀਂ ਕੀਤੀ। ਨਾ ਇਸਲਾਮ ਕਬੂਲ ਕੀਤੀ ਅਤੇ ਨ ਡੋਲੇ। ਬਾਬਾ ਬੰਦਾ ਸਿੰਘ ਬਹਾਦਰ ਦੇ 4

ਸਾਲ ਦੇ ਪੁੱਤਰ ਅਜੈ ਸਿੰਘ ਦਾ ਕਲੇਜਾ ਕੱਢ ਕੇ ਉਹਨਾਂ ਦੇ ਮੂੰਹ ਵਿੱਚ ਪਾਇਆ ਗਿਆ, ਪਰ ਫਿਰ ਵੀ ਡੋਲੇ ਨਹੀਂ। ਫਿਰ ਬਾਬਾ ਬੰਦਾ ਸਿੰਘ ਬਹਾਦਰ ਦਾ ਮਾਸ ਜਮੂਰਾਂ ਨਾਲ ਨੋਚਿਆ ਗਿਆ ਤੇ ਉਹ ਸ਼ਹੀਦੀ ਪਾ ਗਏ।

ਸਿਦਕੀ ਸਿੱਖ ਜਿਹੜੇ ਕੇਸਾਂ ਸੁਆਸਾਂ ਨਾਲ ਨਿਭਾਉਂਦੇ–ਨਿਭਾਉਂਦੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਪਰ ਡੋਲੇ ਨਹੀਂ। ਅਜਿਹੇ ਸ਼ਹੀਦਾਂ ਦੀ ਸਿੱਖ ਇਤਿਹਾਸ ਵਿੱਚ ਇੱਕ ਲੰਮੀ ਲੜੀ ਹੈ। (ਜਦੋਂ ਇਹ ਲਾਈਨਾਂ ਲਿਖੀਆਂ ਜਾ ਰਹੀਆਂ ਸਨ, ਉਦੋਂ ਵੀ ਦੁਨਿਆਂ ਵਿੱਚ ਕੋਈ ਨਾ ਕੋਈ ਸਿੱਖ ਸਿਦਕ ਨਿਭਾਉਂਦੇ–ਨਿਭਾਉਂਦੇ ਸ਼ਹੀਦੀ ਪ੍ਰਾਪਤ ਕਰ ਰਿਹਾ ਹੋਵੇਗਾ।) ਅਰਦਾਸ ਵਿੱਚ ਉਹਨਾਂ ਸਾਰੇ ਸ਼ਹੀਦਾਂ ਦੀ ਸ਼ਹੀਦੀ ਨੂੰ ਪ੍ਰਣਾਮ ਕੀਤਾ ਜਾਂਦਾ ਹੈ ਤੇ ਕੀਤਾ ਜਾਂਦਾ ਰਹੇਗਾ।

ਸਿੱਖੀ ਨੂੰ ਕੇਸਾਂ ਸੁਆਸਾਂ ਨਾਲ ਨਿਭਾਉਣ ਲਈ ਸ਼ਹੀਦੀਆਂ ਦੇਣ ਵਾਲੇ ਗੁਰੂ ਪਿਆਰੇ ਸਿੰਘਾਂ ਸਿੰਘਣੀਆਂ ਤੋਂ ਬਾਅਦ ਅਰਦਾਸ ਦੇ ਅਗਲੇ ਪੜਾਅ ਵਿੱਚ ਜ਼ਿਕਰ ਆਉਂਦਾ ਹੈ, ਪੰਜਾਂ ਤੱਖਤਾਂ ਅਤੇ ਸਰਬੱਤ ਗੁਰਦੁਆਰਿਆਂ ਦਾ।

## ਅਧਿਆਇ-5

ਪੰਜਾਂ ਤਖ਼ਤਾਂ,

ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ

ਬੋਲੋ ਜੀ ਵਾਹਿਗੁਰੂ!

ਚੰਗੀਆਂ ਸੰਸਥਾਵਾਂ ਹੋਣਹਾਰ ਲੋਕ ਤਿਆਰ ਕਰਦੀਆਂ ਹਨ ਅਤੇ ਹੋਣਹਾਰ ਲੋਕ ਹੀ ਚੰਗੀਆਂ ਸੰਸਥਾਵਾਂ ਨੂੰ ਹੋਂਦ ਵਿੱਚ ਲਿਆਉਂਦੇ ਹਨ।ਮਜਬੂਤ ਸਿਧਾਂਤਾਂ ਵਾਲੀਆਂ ਸੰਸਥਾਵਾਂ ਹੀ ਨਵੇਂ ਸਮਾਜ ਨੂੰ ਨਿਰੰਤਰ ਨਾਲ ਜੋੜੀ ਰੱਖ ਸਕਦੀਆਂ ਹਨ।ਸਿੱਖਾਂ ਦੇ ਪੰਜ ਤਖ਼ਤ ਹਨ। ਤਖ਼ਤ ਦਾ ਸ਼ਾਬਦਿਕ ਅਰਥ ਹੈ 'ਰਾਜ ਸਿੰਘਾਸਨ' ਸਿੱਖ ਸ਼ਬਦਾਵਲੀ ਵਿੱਚ ਇਹ ਉਹ ਅਸਥਾਨ ਹਨ ਜਿੱਥੇ ਬੈਠ ਕੇ ਗੁਰੂ ਸਾਹਿਬਾਨ ਸਿੱਖ ਪੰਥ ਦੇ ਦੁਨਿਆਵੀ ਕਾਰਜਾਂ ਦੀ ਨਾ ਕੇਵਲ ਨਿਗਰਾਨੀ ਕਰਦੇ ਸਨ ਸਗੋਂ ਇੱਥੋਂ ਹੁਕਮਨਾਮੇ ਵੀ ਜਾਰੀ ਕਰਦੇ ਸਨ। ਇਹਨਾਂ ਪੰਜਾਂ ਤਖ਼ਤਾਂ ਵਿੱਚ ਪਹਿਲਾ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਹੈ। ਇਸ ਤਖ਼ਤ ਦਾ ਪਹਿਲਾ ਨਾਮ ਅਕਾਲ ਬੁੰਗਾ ਸੀ। ਸਿੱਖ ਇਤਿਹਾਸ ਦੀ ਪਹਿਲੀ ਸ਼ਹੀਦੀ ਗੁਰੂ ਅਰਜਨ ਦੇਵ ਜੀ ਦੁਆਰਾ ਹੋਈ। ਜਿਨ੍ਹਾਂ ਨੂੰ ਲਾਹੌਰ ਵਿਖੇ ਜਹਾਂਗੀਰ ਦੇ ਹੁਕਮ ਨਾਲ ਤੱਤੀ ਤਵੀ 'ਤੇ ਬਿਠਾ ਕੇ ਸਿਰ ਉੱਤੇ ਗਰਮ ਰੇਤ ਪਾ ਕੇ ਸ਼ਹੀਦ ਕੀਤਾ ਗਿਆ ਸੀ। ਜਿਸ ਧਰਮ ਦੀ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ। ਉਸਦੀ ਇਮਾਰਤ ਨੂੰ ਸੰਪੂਰਨਤਾ ਵੱਲ ਲਿਜਾਉਣ ਲਈ, ਇੱਕ ਧਰਮ ਦੀਆਂ ਮੁੱਢਲੀਆਂ ਲੋੜਾਂ ਨੂੰਅਗਾਂਹ ਤੋਰਨ ਲਈ ਜੋ ਚੀਜਾਂ ਸਹਾਈ ਹੁੰਦੀਆਂ ਸਨ ਉਹ ਸਨ, ਧਰਮ ਗ੍ਰੰਥ ਤੇ ਉਸ ਧਰਮ ਦਾ ਧਾਰਮਿਕ ਕੇਂਦਰ। ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਅਤੇ ਹਰਿਮੰਦਰ ਸਾਹਿਬ ਜੀ ਦੀ ਦੇਣ ਸਿੱਖਾਂ ਨੂੰ ਦਿੱਤੀ। ਜਹਾਂਗੀਰ ਨੂੰ ਇਸਲਾਮ ਲਈ ਖਤਰਾ ਜਾਪਿਆ ਤਾਂ ਉਸਨੇ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ।ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਤਾਗੱਦੀ 'ਤੇ ਬਿਰਾਜਮਾਨ ਹੋਏ। ਆਪ ਜੀ ਨੇ ਸਿੱਖ ਕੌਮ ਨੂੰ ਇੱਕ ਨਵੇਂ ਸਿਧਾਂਤ ਨਾਲ ਜੋੜ ਦਿੱਤਾ, ਉਹ ਸੀ, ਮੀਰੀ ਪੀਰੀ ਦਾ ਸਿਧਾਂਤ।

ਆਪ ਜੀ ਨੇ ਫੁਰਮਾਇਆ ਸਾਧ ਸੰਗਤ ਜੀ ਸਮੇਂ ਦੀ ਮੰਗ ਹੈ ਹੁਣ ਧਰਮ ਦੀ ਰਾਖੀ ਲਈ ਸਸ਼ਤਰ ਚੁੱਕਣ ਦੀ ਲੋੜ ਹੈ। ਇਹ ਤਖ਼ਤ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 1606 ਈਸਵੀ ਨੂੰ ਅੰਮ੍ਰਿਤਸਰ ਸਾਹਿਬ ਵਿੱਚ ਹਰਿਮੰਦਰ ਸਾਹਿਬ ਦੇ ਸਾਹਮਣੇ ਇੱਕ ਉੱਚੀ ਥਾਂ 'ਤੇ ਤਿਆਰ ਕਰਵਾਇਆ। ਇੱਥੇ ਇਹ ਵੀ ਜਿਕਰ ਆਉਂਦਾ ਹੈ ਕਿ ਗੁਰੂ ਰਾਮਦਾਸ ਜੀ ਨੇ ਹਰਿਮੰਦਰ ਸਾਹਿਬ ਕੋਲ ਬੈਠਣ ਲਈ ਇੱਕ ਮਿੱਟੀ ਦਾ ਚਬੂਤਰਾ ਬਣਵਾਇਆ ਸੀ। ਇਸ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਇਸ ਅਸਥਾਨ 'ਤੇ ਕੋਠਾ ਬਣਵਾਇਆ। ਜਿਸਨੂੰ ਕੋਠਾ ਸਾਹਿਬ ਕਿਹਾ ਜਾਂਦਾ ਹੈ। ਅਕਾਲ ਤਖ਼ਤ ਦੀ ਨੀਂਹ ਬਾਬਾ ਬੁੱਢਾ ਸਾਹਿਬ, ਭਾਈ ਗੁਰਦਾਸ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਰੱਖੀ

ਅਤੇ ਆਪ ਗੁਰੂ ਸਾਹਿਬ ਨੇ ਇਸ ’ਤੇ ਬੈਠ ਕੇ ਸਿੱਖ ਸੰਗਤਾਂ ਸਿੱਖ ਸੰਗਤਾਂ ਨੂੰ ਹੁਕਮਨਾਮੇ ਵੀ ਜਾਰੀ ਕੀਤੇ। ਇਹ ਸਿੱਖ ਇਤਿਹਾਸ ਵਿੱਚ ਇੱਕ ਵੱਡੀ ਕ੍ਰਾਂਤੀਕਾਰੀ ਘਟਨਾ ਸੀ। ਦੁਸ਼ਮਣ ਵੱਲੋਂ ਅਕਾਲ ਤਖ਼ਤ ਸਾਹਿਬ ਉੱਤੇ ਅਨੇਕਾਂ ਹਮਲੇ ਕੀਤੇ ਗਏ। ਆਖਰੀ ਹਮਲਾ ਸੰਨ 1984 ਵਿੱਚ ਹੋਇਆ ਸੀ। ਸ੍ਰੀ ਅਕਾਲ ਤਖ਼ਤ ਦੀ ਇਮਾਰਤ ਨੂੰ ਢਹਿ–ਢੇਰੀ ਕਰ ਦਿੱਤਾ ਗਿਆ, ਪਰ ਸਿਧਾਂਤਾਂ ’ਤੇ ਅੱਜ ਤੱਕ ਭਾਵੇਂ ਕਿੰਨੇ ਵੀ ਹਮਲੇ ਹੋਏ, ਉਹ ਅੱਜ ਵੀ ਨਿਡਰਤਾ ਨਾਲ ਅਸਮਾਨ ਨੂੰ ਛੂੰਹਦੇ ਉੱਥੇ ਹੀ ਖੜੇ ਹਨ ਅਤੇ ਖੜੇ ਰਹਿਣਗੇ। ਭਾਵੇਂ ਕਿੰਨੀਆਂ ਵੀ ਸਖ਼ਤੀਆਂ ਕਿਉਂ ਨਾ ਕੀਤੀਆਂ ਗਈਆਂ ਹੋਣ। ਛੇਵੇਂ ਗੁਰੂ ਸਾਹਿਬ ਦੇ ਵੇਲੇ ਤੋਂ ਹੀ ਸੰਗਤਾਂ ਇੱਥੇ ਇਕੱਤਰ ਹੋਣ ਲਗ ਪਈਆਂ ਸਨ ਤੇ ਹੌਲੀ–ਹੌਲੀ ਇਹ ਅਕਾਲ ਬੁੰਗਾ ਮੀਰੀ ਦਾ ਕੇਂਦਰ ਬਣਗਿਆ ਤੇ ਹਰਿਮੰਦਰ ਪੀਰੀ ਦਾ। ਇਸਦੇ ਪਹਿਲੇ ਜਥੇਦਾਰ ਬਾਬਾ ਅਕਾਲੀ ਫੂਲਾ ਸਿੰਘ ਜੀ ਸਨ। ਡਾ.ਨੇਕੀ ਅਨਸਾਰ ਸਿੱਖ ਰਾਜ ਦੇ ਵੇਲੇ ਅਕਾਲੀ ਬਾਬਾ ਫੂਲਾ ਸਿੰਘ ਦੀ ਜੱਥੇਦਾਰੀ ਵਿੱਚ ਫੌਜ ਦੀ ਇੱਕ ਟੁਕੜੀ ਵੀ ਸਥਾਪਿਤ ਸੀ, ਜਿਸਨੂੰ ਅਕਾਲ ਰੈਜੀਮੈਂਟ ਕਹਿੰਦੇ ਸਨ। ਇਹ ਰੈਜੀਮੈਂਟ ਮਹਾਰਾਜਾ ਰਣਜੀਤ ਸਿੰਘ ਵੇਲੇ ਸ਼ਾਹੀ ਖਜਾਨੇ ਵਿੱਚੋਂ ਤਨਖਾਹ ਨਹੀਂ ਸੀ ਲੈਂਦੀ ਸਗੋਂ ਖਾਲਸਾ ਕੌਮ ਅਤੇ ਉਸਦੇ ਆਦਰਸ਼ਾਂ ਦੀ ਰਾਖੀ ਲਈ ਕੌਮ ਵੱਲੋਂ ਸਥਾਪਿਤ ਸੀ। ਇਹ ਰੈਜੀਮੈਂਟ ਕੇਵਲ ਜਥੇਦਾਰ ਅਕਾਲ ਤਖ਼ਤ ਦੀ ਹੁਕਮਦਾਰੀ ਵਿੱਚ ਰਹਿੰਦੀ ਸੀ।

ਇਤਿਹਾਸਕ ਘਟਨਾ ਹੈ ਕਿ ਇੱਕ ਵਾਰ ਮਹਾਰਾਜਾ ਰਣਜੀਤ ਸਿੰਘ ਪਾਸੋਂ ਧਾਰਮਿਕ ਅਣਗਹਿਲੀ ਹੋ ਗਈ ਸੀ ਤਾਂ ਉਸ ਨੇ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸਜ਼ਾ ਪ੍ਰਵਾਨ ਕੀਤੀ। ਇਹ ਸਿੱਖੀ ਸਿਧਾਂਤਾਂ ’ਤੇ ਪਹਿਰਾ ਦੇਣ ਦੀ ਸ਼ਿਖਰ ਸੀ।

### ਤਖ਼ਤ ਸ੍ਰੀ ਕੇਸਗੜ ਸਾਹਿਬ

ਇਹ ਉਹ ਸਥਾਨ ਹੈ ਜਿੱਥੇ 1699 ਈਸਵੀ ਦੀ ਵਿਸਾਖੀ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਹਜਾਰਾਂ ਦੇ ਇਕੱਠ ਵਿੱਚ ਸਤਿਗੁਰੂ ਨੇ ਸਿੱਖ ਦੇ ਖ਼ਾਲਸਾ ਸਰੂਪ ਦੀ ਸਿਰਜਣਾ ਕੀਤੀ। ਜਿਸ ਤਸਵੀਰ ਦੀ ਰੂਪ ਰੇਖਾ ਗੁਰੂ ਨਾਨਕ ਦੇਵ ਜੀ ਨੇ ਸਿਰਜੀ ਸੀ, ਉਸਨੂੰ ਖ਼ਾਲਸੇ ਦੇ ਰੂਪ ਵਿੱਚ ਤਿਆਰ ਕਰ ਦਿੱਤਾ ਸੀ। ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਕਰਵਾਈ ਸੀ। ਜੋ ਧਰਮ ਦੀ ਪਰਿਭਾਸ਼ਾ ਨੂੰ ਪੂਰਾ ਕਰਨ ਲਈ ਜਰੂਰੀ ਸੀ। ਉਸੇ ਸਿਧਾਂਤ ਦੀ ਰਾਖੀ ਅਤੇ ਉਸਨੂੰ ਅਗਾਂਹ ਤੋਰਨ ਲਈ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸੇ ਦੀ ਸਿਰਜਣਾ ਕੀਤੀ ਗਈ। ਪੂਰੇ ਭਾਰਤ ਵਿੱਚੋਂ ਪੰਜ ਸਿੰਘ ਲੈਕੇ, ਪੰਜ ਪਿਆਰੇ ਸਾਜ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖ਼ਾਲਸੇ ਦੀ ਸਿਰਜਣਾ ਕੀਤੀ। ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਖ਼ਾਲਸੇ ਦਾ ਜਨਮ ਅਸਥਾਨ ਹੈ। ਬੀਤਿਆਂ ਸਮਿਆਂ ਵਿੱਚ ਜਦੋਂ ਵੀ ਸਿੱਖਾਂ ਦੇ ਮੋਰਚੇ ਲਗਦੇ ਸਨ ਤਾਂ ਗ੍ਰਿਫ਼ਤਾਰੀ ਵੇਲੇ ਸਿੱਖਾਂ ਵੱਲੋਂ ਇਹੀ ਲਿਖਵਾਇਆ ਜਾਂਦਾ ਸੀ...

ਨਾਮ......

ਪਿਤਾ ਦਾ ਨਾਮ– ਗੁਰੂ ਗੋਬਿੰਦ ਸਿੰਘ ਜੀ,

ਮਾਤਾ ਦਾ ਨਾਮ– ਮਾਤਾ ਸਾਹਿਬ ਕੌਰ ਜੀ,

ਜਨਮ ਸਥਾਨ ਜਾਂ ਪਤਾ– ਸ੍ਰੀ ਅਨੰਦਪੁਰ ਸਾਹਿਬ।

ਇਹ ਸਿੱਖ ਪੰਥ ਦੀ ਏਕਤਾ ਦਾ ਸਬੂਤ ਸੀ ਤੇ ਹਮੇਸ਼ਾ ਰਹੇਗਾ।

**ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ**

ਤਖ਼ਤ ਪਟਨਾ ਸਾਹਿਬ ਜੋਭਾਰਤ ਦੇ ਬਿਹਾਰ ਪ੍ਰਦੇਸ਼ ਵਿੱਚ ਹੈ। ਇੱਥੇ ਮਾਤਾ ਗੁਜਰੀ ਜੀ ਦੀ ਕੁੱਖੋਂ 1666 ਈਸਵੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ। ਇਹ ਸਾਲਸ ਰਾਏ ਜੋਹਰੀ ਦਾ ਘਰ ਸੀ। ਇਸ ਜਗ੍ਹਾ ’ਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਜੀ ਨੇ ਕਰਵਾਈ ਸੀ। ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਦੇ ਮੌਕੇ ’ਤੇ 2016 ਵਿੱਚ ਇਸ ਤਖ਼ਤ ਸਾਹਿਬ ਦੀ ਇਮਾਰਤ ਦਾ ਸੁੰਦਰੀਕਰਨ ਕੀਤਾ ਗਿਆ। ਦਾਸ ਨੂੰ ਵੀ ਇਸ ਸਥਾਨ ਦੀ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਵਜੋਂ ਸੇਵਾ ਕਰਨ ਦਾ ਮੌਕਾ ਮਿਲਿਆ ਸੀ।

**ਤਖ਼ਤ ਸ੍ਰੀ ਦਮਦਮਾ ਸਾਹਿਬ**

ਇਹ ਤਖ਼ਤ ਸਾਬੋ ਕੀ ਤਲਵੰਡੀ ਜਿਲ੍ਹਾ ਬਠਿੰਡਾ, ਪੰਜਾਬ ਵਿੱਚ ਹੈ। ਇਹ ਖ਼ਾਲਸਾ ਪੰਥ ਦਾ ਚੌਥਾ ਤਖ਼ਤ ਹੈ। ਕਈ ਇਤਿਹਾਸਕਾਰ ਲਿਖਦੇ ਹਨ ਕਿ ਇਸ ਅਸਥਾਨ ਨੂੰ ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। 1706 ਈਸਵੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ 9 ਮਹੀਨੇ ਇੱਥੇ ਬਿਤਾਏ ਸਨ। ਇਸੇ ਅਸਥਾਨ ’ਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਆਦਿ ਗ੍ਰੰਥ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ਼ ਕਰਵਾ ਆਦਿ ਗ੍ਰੰਥ ਸਾਹਿਬ ਦੀ ਸੰਪੂਰਨਤਾ ਕਰਵਾਈ ਸੀ। ਇਸ ਜਗ੍ਹਾ ਨੂੰ ਗੁਰੂ ਕੀ ਕਾਸ਼ੀ ਵੀ ਕਿਹਾ ਜਾਂਦਾ ਹੈ। ਇਸ ਤਖ਼ਤ ਦੀ ਸੇਵਾ ਦੱਖਣ ਜਾਣ ਤੋਂ ਪਹਿਲਾਂ ਗੁਰੂ ਜੀ ਨੇ ਬਾਬਾ ਦੀਪ ਸਿੰਘ ਜੀ ਨੂੰ ਸੌਂਪੀ ਸੀ।

**ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ, ਅਬਚਲ ਨਗਰ**

ਇਹ ਭਾਰਤ ਦੇ ਦੱਖਣ ਵਿੱਚ ਗੋਦਾਵਰੀ ਨਦੀ ਦੇ ਤੱਟ ਨਾਂਦੇੜ ਮਹਾਂਰਾਸ਼ਟਰ ਵਿੱਚ ਸਥਿੱਤ ਹੈ। ਇਹ ਸਿੱਖ ਕੌਮ ਦਾ ਪੰਜਵਾਂ ਤਖ਼ਤ ਹੈ। ਇਸ ਜਗ੍ਹਾ ’ਤੇ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ–ਜੋਤ ਸਮਾਉਣ ਤੋਂ ਪਹਿਲਾਂ ਸੰਨ 1708 ਈ. ਵਿੱਚ ਆਦਿ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਸਿੱਖ ਸੰਗਤਾਂ ਨੂੰ ਆਦੇਸ਼ ਦਿੱਤਾ ਸੀ ਕਿ ਅੱਜ ਤੋਂ ਬਾਅਦ ਦੇਹਧਾਰੀ ਗੁਰੂ ਪ੍ਰੰਪਰਾ ਨਹੀਂ ਚੱਲੇਗੀ ਸਗੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਹੋਣਗੇ। ਇਹ ਵੀ ਪੂਰੇ ਵਿਸ਼ਵ ਵਿੱਚ ਇੱਕ ਕ੍ਰਾਂਤੀ ਸੀ। ਦੁਨਿਆਂ ਦੇ ਬਾਕੀ ਧਰਮਾਂ ਦੇ ਵੀ ਅਨੇਕਾਂ ਗ੍ਰੰਥ ਹਨ, ਪਰ ਗੁਰੂ ਦਾ ਦਰਜਾ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਹਾਸਲ ਹੋਇਆ ਹੈ।

ਇਸ ਤੋਂ ਬਾਅਦ ਗੁਰੂ ਜੀ ਭੌਤਿਕ ਸਰੀਰ ਤਿਆਗ ਕੇ ਜੋਤੀ–ਜੋਤ ਸਮਾ ਗਏ ਸਨ। ਇਸ ਤਖ਼ਤ ਦੀ ਇਮਾਰਤ ਮਹਾਰਾਜਾ ਰਣਜੀਤ ਸਿੰਘ ਜੀ ਨੇ ਬਣਵਾਈ ਸੀ। ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਗੁਰਤਾਗੱਦੀ ਦਿਵਸ ’ਤੇ ਇਸ ਇਮਾਰਤ ਦਾ ਸੁੰਦਰੀਕਰਨ ਕੀਤਾ ਗਿਆ।

ਇਹਨਾਂ ਪੰਜਾਂ ਤਖ਼ਤਾਂ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।ਸ਼ਬਦ ਗੁਰੂ ਦੀ ਸਰਵਉੱਚਤਾ ਹਮੇਸ਼ਾ ਸੱਚ ਦਾ ਸੰਦੇਸ਼ ਦੇਂਦੀ ਹੈ। ਇਹਨਾਂ 'ਤੇ ਬਿਰਾਜਮਾਨ ਹੋਣ ਵਾਲੇ ਸਿੰਘ ਸਾਹਿਬ ਕੇਵਲ ਮਨੁੱਖਾਂ ਦੇ ਦੁਨਿਆਵੀ ਮਸਲਿਆਂ ਤੱਕ ਸੀਮਿਤ ਹਨ। ਉਹ ਵੀ ਸ਼ਬਦ ਦੇ ਆਸ਼ੇ ਤੇ ਨਾ ਕਿ ਉਨ੍ਹਾਂ ਦੇ ਆਪਣੇ।

ਸਿੱਖ ਅਰਦਾਸ ਵਿੱਚ ਇਹਨਾਂ ਪੰਜਾਂ ਤਖ਼ਤਾਂ ਨੂੰ ਨਿੱਤਾ ਪ੍ਰਤੀ ਯਾਦ ਕਰ ਸ਼ਕਤੀ, ਸਾਂਝ ਅਤੇ ਏਕਤਾ ਦੀ ਪਰਪਕਤਾ ਕਰਦਾ ਹੈ।

**ਸਰਬੱਤ ਗੁਰਦੁਆਰਿਆਂ**

ਸਮੁੱਚੇ ਸੰਸਾਰ ਵਿੱਚ ਜਿੱਥੇ ਵੀ ਜਿੱਥੇ ਵੀ ਕੋਈ ਸਿੱਖ ਆਪਣੀ ਕਿਰਤ ਲਈ ਬੈਠਾ ਹੈ। ਉਸਨੇ ਆਪਣੇ ਆਪ ਨੂੰ ਗੁਰਬਾਣੀ ਨਾਲ ਜੋੜਣ ਵਾਸਤੇ ਗੁਰਦੁਆਰਿਆਂ ਦੀ ਸਿਰਜਣਾ ਕੀਤੀ ਹੈ। ਜਾਪਦਾ ਹੈ ਕਿ ਗੁਰਦੁਆਰੇ ਸਿੱਖੀ ਤੇ ਪੰਥਕ ਸ਼ਕਤੀ ਦੇ ਸਾਂਝੇ ਦੁਆਰ ਹਨ। ਗੁਰਦੁਆਰਾ ਕਦੇ ਵੀ ਇੱਕ ਆਦਮੀ ਦੀ ਮਲਕੀਅਤ ਨਹੀਂ ਰਿਹਾ ਹੈ। ਇਹ ਸਾਧ ਸੰਗਤ ਲਈ ਗੁਰੂ ਦੇ ਸਿਧਾਂਤ ਤੱਕ ਪਹੁੰਚਣ ਦਾ ਦੁਆਰ ਜਾਂ ਰਾਹ ਹੈ, ਜਿਸ ਰਾਹੀਂ ਮਨੁੱਖ ਪਰਮਾਤਮਾ ਨੂੰ ਮਿਲਣ ਦੀ ਜਗਿਆਸਾ ਨੂੰ ਪੂਰੀ ਸਕਦਾ ਹੈ। ਇੱਥੇ ਹਰ ਕਿਸੇ ਨੂੰ ਪਾਠ ਕਰਨ ਦੀ ਅਜਾਦੀ ਹੈ। ਇਹ ਗੁਰਦੁਆਰੇ ਸਾਹਿਬਾਨ ਜਿੱਥੇ ਸਿੱਖ ਪੰਥਕ ਸਾਂਝ ਦਾ ਪ੍ਰਤੀਕ ਹਨ ਉੱਥੇ ਲੋੜ ਪੈਣ 'ਤੇ ਕਿਸੇ ਸੰਕਟ ਵੇਲੇ ਪੰਥਕ ਸ਼ਕਤੀ ਬਣ ਜਾਂਦੇ ਹਨ।

ਪੰਥਕ ਸ਼ਕਤੀ ਨੂੰ ਜੇ ਅਗਾਂਹ ਵਧੂ ਫੈਸਲਿਆਂ ਦੀ ਲੋੜ ਪਈ ਤਾਂ ਅਕਾਲ ਤਖ਼ਤ ਸਾਹਿਬ ਤੋਂ ਸੇਧ ਲਈ ਗਈ, ਅਗਰ ਧਾਰਮਿਕ ਸ਼ਕਤੀ ਦੀ ਲੋੜ ਪਈ ਤਾਂ ਹਰਿਮੰਦਰ ਸਾਹਿਬ ਤੋਂ ਸੇਧ ਪ੍ਰਾਪਤ ਕੀਤੀ ਗਈ।ਸ੍ਰੀ ਅਕਾਲ ਤਖ਼ਤ ਸਾਰੇ ਤਖ਼ਤ ਸਾਹਿਬਾਨਾਂ ਤੋਂ ਪਹਿਲੇ ਸਥਾਨ 'ਤੇ ਹੈ। ਗੁਰਦੁਆਰੇ ਸਾਹਿਬਾਨਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਪਹਿਲੇ ਸਥਾਨ 'ਤੇ ਹਨ। ਤਖ਼ਤ ਸਾਹਿਬਾਨ ਅਤੇ ਗੁਰਦੁਆਰੇ ਸਾਹਿਬਾਨ ਸਿੱਖਾਂ ਲਈ ਕੇਵਲ ਸ਼ਕਤੀ ਦਾ ਪ੍ਰਤੀਕ ਨਹੀਂ ਹਨ ਬਲਕਿ ਜਾਨ ਤੋਂ ਵੀ ਵੱਧ ਪਿਆਰੇ ਹਨ। ਸਿੱਖਾਂ ਨੇ ਇਹਨਾਂ ਦੀ ਰਾਖੀ ਲਈ ਕਈ ਵਾਰ ਗੋਲੀਆਂ ਵੀ ਖਾਧੀਆਂ, ਜੰਡਾਂ ਨਾਲ ਬੰਨ ਕੇ ਸਾੜੇ ਗਏ ਅਤੇ ਤੋਪਾਂ ਅੱਗੇ ਖੜ ਕੇ ਕੁਰਬਾਨੀਆਂ ਵੀ ਦਿੱਤੀਆਂ ਪਰ ਸਿਦਕ ਨਹੀਂ ਹਾਰਿਆ।

ਸੰਗਤ ਵਿੱਚ ਮਿਲ ਬੈਠਣ ਦੀ ਸਿੱਖ ਧਰਮ ਵਿੱਚ ਬਹੁਤ ਮਹਿਮਾ ਹੈ। ਭਾਈ ਕਾਨ੍ਹ ਸਿੰਘ ਨਾਭਾ ਆਪਣੀ ਪੁਸਤਕ ਮਹਾਨ ਕੋਸ਼ ਪੰਨਾ 312 'ਤੇ ਲਿਖਦੇ ਹਨ ਕਿ ਮਿਲ ਬੈਠਣ ਨਾਲ ਭਾਈਚਾਰਾ ਵੱਧਦਾ ਹੈ। ਵਿਚਾਰਾਂ ਵਿੱਚ ਕਿਤੇ ਬਿਖਰਾ ਹੋਵੇ ਉੱਥੇ ਵੀ ਨੇੜਤਾ ਵੱਧਦੀ ਹੈ।

**ਸਾਧ ਸੰਗਤਿ ਉਪਜੈ ਬਿਸ੍ਵਾਸ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.343)

**ਸੋ ਸਤਸੰਗਤ ਜਾਨੀਐ ਜਹਾਂ ਵਿਵੇਕ ਵਿਚਾਰ॥** (ਗੁਰ ਸੋਭਾ)

ਸੰਗਤ ਤੋਂ ਗੁਰਦੁਆਰਿਆਂ ਦੀ ਹੋਂਦ ਸ਼ੁਰੂ ਹੁੰਦੀ ਹੈ। ਇਸੇ ਵਿੱਚ ਹੀ ਸਿੱਖੀ ਦੇ ਸਿਧਾਂਤ ਪੰਗਤ ਦੀ ਉਤਪੱਤੀ ਹੁੰਦੀ ਹੈ। ਸੰਗਤ ਤੇ ਪੰਗਤ ਦੋਵੇਂ ਹੀ ਗੁਰਦੁਆਰੇ ਦੀ ਮੁੱਢਲੀ ਦਿੱਖ ਹਨ।

ਡਾ.ਨੇਕੀ ਅਨੁਸਾਰ, 'ਸਿੱਖਾਂ ਦੇ ਧਰਮ ਮੰਦਰ ਨੂੰ ਗੁਰਦੁਆਰਾ ਆਖਿਆ ਜਾਂਦਾ ਹੈ। ਪਹਿਲੇ ਪੰਜ ਗੁਰੂ ਸਾਹਿਬਾਨਾਂ ਦੇ ਸਮੇਂ ਤਕ ਗੁਰਦੁਆਰਿਆਂ ਲਈ ਧਰਮਸਾਲ ਨਾਮ ਪ੍ਰਚਲਿਤ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਧਰਮਸਾਲ ਦਾ ਨਾਮ ਗੁਰਦੁਆਰਾ ਹੋ ਗਿਆ।'

ਗੁਰਦੁਆਰਾ ਉਦੋਂ ਹੀ ਗੁਰਦੁਆਰਾ ਅਖਵਾਉਂਦਾ ਹੈ ਜਦੋਂ ਉਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿੱਤਾਪ੍ਰਤੀ ਪ੍ਰਕਾਸ਼ ਹੋਵੇ, ਨਿਸ਼ਾਨ ਸਾਹਿਬ ਹੋਵੇ, ਅਤੇ ਮਰਿਯਾਦਾ ਅਨੁਸਾਰ ਕੀਰਤਨ, ਸਿਮਰਨ, ਅਰਦਾਸ, ਹੁਕਮਨਾਮਾ ਤੇ ਪ੍ਰਸ਼ਾਦਿ ਸਮੂਹਿਕ ਰੂਪ ਵਿੱਚ ਹੋਵੇ। ਉੱਥੇ ਇੱਕ ਪਾਠਸ਼ਾਲਾ, ਦਵਾਈਆਂ ਲਈ ਡਿਸਪੈਂਸਰੀ, ਯਾਤਰੀਆਂ ਲਈ ਰਾਤ ਰਹਿਣ ਦਾ ਪ੍ਰਬੰਧ ਹੋਵੇ। ਜਿਸ ਰਾਹੀਂ ਪੰਥਕ ਸ਼ਕਤੀ ਅਤੇ ਪਿਆਰ ਦੀ ਸਿਰਜਣਾ ਪੈਦਾ ਹੁੰਦੀ ਹੈ। ਅਸਲ ਵਿੱਚ ਸਿੱਖੀ ਦਾ ਮੂਲ ਤੱਤ ਵੀ ਤਾਂ ਇਹੀ ਹੈ ਜਿਸਨੂੰ ਗੁਰਦੁਆਰਾ ਪੂਰਾ ਕਰਦਾ ਹੈ। ਇਸਦੇ ਗ੍ਰੰਥੀ, ਰਾਗੀ ਸਾਹਿਬਾਨ ਗੁਰੂ ਕੇ ਵਜ਼ੀਰ ਹੁੰਦੇ ਹਨ। ਗੁਰਦੁਆਰੇ ਦੀ ਗੋਲਕ ਗਰੀਬ ਦਾ ਮੂੰਹ ਹੁੰਦੀ ਹੈ।

ਡਾ.ਜਸਵੰਤ ਸਿੰਘ ਅਨੁਸਾਰ 'ਮਹਾਰਾਜਾ ਰਣਜੀਤ ਸਿੰਘ ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਸੰਤ ਸਿੰਘ ਜੀ ਦੇ ਚਰਨ ਆਪਣੇ ਦਾੜੇ ਨਾਲ ਝਾੜਦੇ ਹੁੰਦੇ ਸਨ ਤੇ ਜਦੋਂ ਕਦੇ ਵੀ ਗ੍ਰੰਥੀ ਸਿੰਘ ਨੂੰ ਚਿੱਠੀ ਲਿਖਦੇ ਤਾਂ ਉਨ੍ਹਾਂ ਨੂੰ ਉਜਲ ਦੀਦਾਰ, ਉਜਲ ਬੁੱਧ, ਗੁਰੂ ਦੇ ਸਵਾਰੇ, ਗੁਰੂ ਦੇ ਪਿਆਰੇ ਆਦਿ ਜਿਹੇ ਸ਼ਬਦਾਂ ਨਾਲ ਸੰਬਧਿਤ ਕਰਦੇ ਸਨ।'

ਅਰਦਾਸ ਇਹਨਾਂ ਗੁਰਦੁਆਰਿਆਂ ਨੂੰ ਸਿਮਰ ਕੇ ਸਿੱਖ ਪੰਗਤ ਅਤੇ ਸੰਗਤ ਦੇ ਸਿਧਾਂਤਾਂ ਨਾਲ ਜੁੜਦਾ ਹੈ ਅਤੇ ਆਪਣੀ ਪੰਥਕ ਸ਼ਕਤੀ ਨੂੰ ਵੀ ਮੂਰਤੀਮਾਨ ਕਰਦਾ ਹੈ।

ਇਹ ਸੀ ਸਿੱਖ ਅਰਦਾਸ ਵਿੱਚ ਆਏ ਪੰਜਾਂ ਤਖ਼ਤਾਂ ਅਤੇ ਸਰਬੱਤ ਗੁਰਦੁਆਰਿਆਂ ਦੀ ਮਹਾਨਤਾ। ਇਸ ਤੋਂ ਬਾਅਦ ਸਿੱਖ ਅਰਦਾਸ ਵਿੱਚ ਅਗਲਾ ਪੜਾਅ ਆਉਂਦਾ ਹੈ 'ਸਰਬੱਤ ਖ਼ਾਲਸਾ' ਦਾ, ਦੇਗ਼ ਤੇਗ਼ ਫਤਹਿ ਦਾ, ਪੰਥ ਕੀ ਜੀਤ ਦਾ, ਬਿਰਦ ਕੀ ਪੈਜ ਦਾ, ਸ੍ਰੀ ਸਾਹਿਬ ਜੀ ਸਹਾਇ ਦਾ ਅਤੇ ਖ਼ਾਲਸੇ ਜੀ ਕੇ ਬੋਲਬਾਲੇ ਦਾ। ਆਓ ਹੁਣ ਇਹਨਾਂ ਸਭ ਵਿਸ਼ਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਾਂ।

## ਅਧਿਆਇ-6

ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ,

ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ

ਚਿਤ ਆਵੇ, ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ,

ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ,

ਦੇਗ ਤੇਗ ਫਤਹਿ, ਬਿਰਦ ਕੀ ਪੈਜ, ਪੰਥ ਕੀ ਜੀਤ,

ਸ੍ਰੀ ਸਾਹਿਬ ਜੀ ਸਹਾਇ, ਖ਼ਾਲਸਾ ਜੀ ਕੇ ਬੋਲ ਬਾਲੇ,

ਬੋਲੋ ਜੀ ਵਾਹਿਗੁਰੂ!

**ਖ਼ਾਲਸਾ ਅਕਾਲ ਪੁਰਖ ਕਾ ਫੌਜ॥**

**ਪ੍ਰਗਟਿਓ ਖ਼ਾਲਸਾ ਪਰਮਾਤਮਿ ਮੌਜ॥**

ਕਈ ਵਿਦਵਾਨ ਮੰਨਦੇ ਹਨ ਕਿ ਖ਼ਾਲਸਾ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਜਿਸਦਾ ਸ਼ਾਬਦਿਕ ਅਰਥ ਹੈ ਧਰਤੀ ਦਾ ਉਹ ਟੁਕੜਾ ਜਿਸ ਦਾ ਮਾਲਕ ਉਸ ਮੁਲਕ ਦਾ ਬਾਦਸ਼ਾਹ ਖੁਦ ਹੋਵੇ ਉਸ ਵਿੱਚ ਕੋਈ ਵੀ ਵਿਚੋਲਾ ਨਾ ਹੋਵੇ। ਗੁਰੂ ਕਾ ਸਿੱਖ ਜਿਸਦਾ ਸੰਬੰਧ ਸਿਰਫ ਅਕਾਲ ਪੁਰਖ ਨਾਲ ਹੋਵੇ, ਵਿਚੋਲਾ ਕੋਈ ਨਾ ਹੋਵੇ, ਖ਼ਾਲਸਾ ਹੈ। ਉਹ ਖ਼ਾਲਸਾ ਜੋ ਇੱਕ ਵੀ ਹੈ ਤੇ ਸਮੂਹ ਵੀ ਹੈ। ਜੋ ਸਮੁੱਚਾ ਪੰਥ ਵੀ ਹੈ, ਖ਼ਾਲਸਾ ਇੱਕ ਜਮਾਤ ਵੀ ਹੈ, ਤੇ ਉਸ ਜਮਾਤ ਨੇ ਜਦੋਂ ਵੀ ਅਰਦਾਸ ਕੀਤੀ ਜਾਂ ਅਰਦਾਸ ਹੁੰਦੀ ਹੈ ਤੇ ਉਹ ਅਰਦਾਸ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਦਾ ਰੂਪ ਧਾਰਣ ਕਰ ਲੈਂਦੀ ਹੈ। ਕਿਉਂਕਿ ਖ਼ਾਲਸੇ ਦਾ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਕੌਰ ਜੀ ਤੇ ਇੱਕ ਗਲ੍ਹ ਪੱਕੀ ਹੈ ਕਿ ਖ਼ਾਲਸਾ ਕਦੇ ਵੀ ਇਕੱਲਾ ਨਹੀਂ ਹੋ ਸਕਦਾ। ਜਿਸ ਵੇਲੇ ਖੰਡੇ ਬਾਟੇ ਤੋਂ ਅੰਮ੍ਰਿਤ ਦੀ ਦਾਤ ਦਿੱਤੀ ਜਾਂਦੀ ਹੈ ਤਾਂ ਇਕੱਠੇ ਜਿਉਣ ਅਤੇ ਮਰਨ ਦੀ ਪ੍ਰੇਰਣਾ ਵੀ ਦਿੱਤੀ ਜਾਂਦੀ ਹੈ। ਜੋ ਵਿਅਕਤੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲੈਂਦਾ ਹੈ ਉਸ ਦੀ ਪਹਿਲਾਂ ਆਪਣੀ ਕੋਈ ਕੁਲ, ਕੌਮ, ਧਰਮ, ਕਿਰਤ ਆਦਿ ਰਹੇ ਹੋਣ ਪਰ ਅੰਮ੍ਰਿਤ ਦੀ

ਦਾਤ ਲੈਣ ਤੋਂ ਬਾਅਦ ਉਸਨੂੰ ਨਵਾਂ ਰੂਪ ਮਿਲ ਜਾਂਦਾ ਹੈ। ਜਿਸ ਦੀ ਪੰਥਕ ਏਕਤਾ ਦੇ ਰੂਪ ਵਿੱਚ ਖ਼ਾਲਸੇ ਦੇ ਤੌਰ 'ਤੇ ਹੁੰਦੀ ਹੈ। ਜੋ ਸਿਰਫ ਇੱਕ ਅਕਾਲ ਪੁਰਖ ਦਾ ਉਪਾਸਕ ਹੋਵੇ ਤੇ ਸਿੱਖ ਨੂੰ ਇਕੱਲਾ ਨਾ ਜਾਣੇ, ਸਗੋਂ ਇੱਕ ਦੇ ਰੂਪ ਵਿੱਚ ਵੇਖੇ ਤਾਂ ਹੀ ਸਿੱਖ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਤੋਂ ਬੇਨਤੀਆਂ ਅਰੰਭਦਾ ਹੈ। ਸਿੱਖੀ ਦੇ ਗੁਣਾਂ ਵਿੱਚ ਸਾਡਾ ਅਮੀਰ ਵਿਰਸਾ ਜਿਸ 'ਤੇ ਸਾਨੂੰ ਮਾਣ ਹੈ, ਉਹ ਹੈ ਇਕੱਠੇ ਜਿਉਣ ਦੀ ਲਾਲਸਾ। ਇਹ ਦੋਨੋਂ ਗੁਣ ਸਿੱਖ ਅੰਦਰ ਇੱਕ ਦੂਜੇ ਪ੍ਰਤੀ ਪਿਆਰ ਭਾਵਨਾ ਜਾਂ ਪ੍ਰੀਤ ਪੈਦਾ ਕਰਦੇ ਹਨ। ਜਿਸ ਵਿੱਚ ਭਾਵਨਾ ਅਤੇ ਪ੍ਰੀਤ ਸਾਂਝੀ ਹੋਵੇ ਤਾਂ ਕਿਵੇਂ ਉਹ ਅਰਦਾਸ ਫਿਰ ਕੇਵਲ ਆਪਣੀ ਹੋ ਸਕਦੀ ਹੈ? ਸਾਡਾ ਧਾਰਮਿਕ ਕੇਂਦਰ ਵੀ ਇੱਕ, ਸਾਡਾ ਗੁਰੂ ਗ੍ਰੰਥ ਵੀ ਇੱਕ, ਸਾਡਾ ਭਾਈਚਾਰਾ ਵੀ ਇੱਕ, ਜਦੋਂ ਸਾਡਾ ਸਾਰਾ ਕੁਝ ਹੀ ਇੱਕ ਹੈ ਤੇ ਅਸੀਂ ਜਦੋਂ ਵੀ ਅਰਦਾਸ ਕਰਦੇ ਹਾਂ ਤਾਂ ਉਹ ਸੁਭਾਵਿਕ ਹੀ ਸਮੂਹ ਦੀ ਅਰਦਾਸ ਬਣ ਜਾਂਦੀ ਹੈ। ਇਹ ਆਪਸੀ ਪਿਆਰ ਦਾ ਭੰਡਾਰਾ ਬਣ ਜਾਂਦਾ ਹੈ। ਖ਼ਾਲਸਾ ਇੱਕ ਇਕਾਈ ਹੀ ਨਹੀਂ, ਸਮੂਹ ਵੀ ਹੈ ਤੇ ਮੰਗਣ ਲੱਗਿਆਂ ਉਹ ਇਸ ਭਾਵਨਾ ਤੋਂ ਅਵੇਸਲਾ ਨਹੀਂ ਹੋ ਸਕਦਾ। ਇਸੇ ਲਈ ਅਰਦਾਸ ਵਿੱਚ ਇੱਕ ਸਮੂਹ ਦੀ ਭਾਵਨਾ ਉਜਾਗਰ ਕਰਦਿਆਂ ਹੀ ਸਿੱਖ ਅਰਦਾਸ ਕਰਦਾ ਹੈ।

**ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ।**

ਹਾਲਾਂਕਿ ਅਸੀਂ ਸਾਰੇ ਹੀ ਵਾਹਿਗੁਰੂ ਦੀ ਜੋਤ ਕਰਕੇ ਹੋਂਦ ਵਿੱਚ ਹਾਂ ਇਸ ਲਈ ਕੋਈ ਵੀ ਮਾਨਵ ਹਿਰਦਾ ਵਾਹਿਗੁਰੂ ਤੋਂ ਸੱਖਣਾ ਨਹੀਂ ਹੈ। ਜਦੋਂ ਸਭ ਦੇ ਅੰਦਰ ਵਾਹਿਗੁਰੂ ਦੀ ਜੋਤ ਹੈ ਤਾਂ ਫਿਰ ਕਿਸੇ ਨਾਲ ਵੈਰ ਵੀ ਕਿਵੇਂ ਕੀਤਾ ਜਾ ਸਕਦਾ ਹੈ। ਇਸ ਲਈ ਖ਼ਾਲਸਾ ਕਿਸੇ ਦਾ ਵੈਰੀ ਨਹੀਂ। ਉਹ ਰੂਪ ਵਿੱਚ ਗਿਆਨ ਦਾ ਪੁਜਾਰੀ ਹੈ। ਆਪਣੇ ਵਾਹਿਗੁਰੂ ਵਾਂਗ ਕਿਸੇ ਵੀ ਵਿਤਕਰੇ ਨੂੰ ਨਹੀਂ ਮੰਨਦਾ ਤੇ ਸਭ ਦਾ ਸੁੱਖ ਮੰਗਦਾ ਹੈ ਤੇ ਸਭ ਦੇ ਭਲੇ ਲਈ ਰੋਜ਼ ਅਰਦਾਸ ਵੀ ਕਰਦਾ ਹੈ। ਖ਼ਾਲਸਾ ਜੀ ਨੂੰ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ। ਉਸ ਵਿੱਚ ਕੋਈ ਵੀ ਵਿਤਕਰਾ, ਦਵੈਸ਼ ਨਾ ਆਵੇ ਤੇ ਸਭ ਦੀ ਸੁੱਖ ਸ਼ਾਂਤੀ ਮੰਗ ਸਕੇ। ਜਦੋਂ ਭਾਵਨਾ ਵਿੱਚ ਦਵੈਸ਼ ਆਉਂਦਾ ਹੈ ਤਾਂ ਨਫ਼ਰਤ ਹੁੰਦੀ ਹੈ ਫਿਰ ਕਿਸੇ ਦੇ ਵੀ ਭਲੇ ਦੀ ਅਰਦਾਸ ਨਹੀਂ ਕੀਤੀ ਜਾ ਸਕਦੀ।

ਇਸ ਲਈ ਇਹ ਜਰੂਰੀ ਹੈ ਕਿ ਮਨ ਵਿੱਚ, ਚਿੱਤ ਵਿੱਚ ਉਸ ਵਾਹਿਗੁਰੂ ਦਾ ਸਿਮਰਨ ਹੋਵੇ। ਬਿਨ੍ਹਾਂ ਸਿਮਰਨ ਉਸ ਅਵਸਥਾ ਤੱਕ ਨਹੀਂ ਪਹੁੰਚਿਆ ਜਾ ਸਕਦਾ। ਪੂਰੀ ਦੀ ਪੂਰੀ ਅਰਦਾਸ ਵਿੱਚ ਚਾਹੇ ਉਹ ਆਪਣੇ ਲਈ ਹੋਵੇ ਜਾਂ ਸਮੂਹਿਕ, ਅਰਦਾਸ ਕਰਨ ਵਾਲਾ ਸਿੰਘ ਸਾਨੂੰ ਹਰ ਭਾਗ 'ਤੇ ਸਾਵਧਾਨ ਹੋਣ ਲਈ, ਬੋਲਣਾ ਜੀ ਵਾਹਿਗੁਰੂ ਅਤੇ ਤਿੰਨ ਵਾਰੀ ਵਾਹਿਗੁਰੂ ਜੀ ਦੇ ਸਿਮਰਨ ਦੀ ਚੇਤਨਾ ਤੇ ਹੁੰਗਾਰਾ ਦੇਣ ਲਈ ਕਹਿੰਦਾ ਹੈ। ਹੁੰਗਾਰਾ ਇਸ ਕਰਕੇ ਕਿ ਅਸੀਂ ਅਰਦਾਸ ਵਿੱਚ ਸਾਵਧਾਨ ਰਹਿ ਕੇ ਜੁੜੇ ਰਹੀਏ। ਦੂਜਾ ਜਿਸ ਵੇਲੇ ਵਾਹਿਗੁਰੂ ਚਿੱਤ ਆਵੇ ਦੀ ਅਵਾਜ ਤਾਂ ਇੰਝ ਜਾਪਣਾ ਚਾਹੀਦਾ ਹੈ ਕਿ ਸਾਡੀ ਅੰਤਰ ਆਤਮਾ ਵਿੱਚ ਜਿੱਥੇ ਚਿੱਤ ਵੱਸਦਾ ਹੈ ਉੱਥੇ ਅੰਤਰਕਾਲ ਤੋਂ, ਬਿਨ੍ਹਾਂ ਭਾਵ, ਬਿਨ੍ਹਾਂ ਅਵਾਜ ਦੇ ਵਾਹਿਗੁਰੂ ਦੇ ਸਿਮਰਨ ਦੀ ਝੜੀ ਲਗ ਜਾਣੀ ਚਾਹੀਦੀ ਹੈ। ਆਮ ਤੌਰ 'ਤੇ ਵੇਖਣ ਵਿੱਚ ਆਉਂਦਾ ਹੈ ਕਿ ਜਦੋਂ ਅਰਦਾਸੀਏ ਸਿੰਘ ਬੋਲੋ ਜੀ ਵਾਹਿਗੁਰੂ ਜੀ ਬੋਲਦੇ ਹਨ ਤਾਂ ਅਸੀਂ ਚੁੱਪ ਰਹਿ ਜਾਂਦੇ ਹਾਂ ਤੇ ਜਦੋਂ ਉਹ ਬੋਲਦੇ ਹਨ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਚਿੱਤ ਆਵੇ ਉਦੋਂ ਜਾਂ ਤਾਂ ਅਸੀਂ ਪੂਰੀ ਤਰ੍ਹਾਂ ਚੁੱਪ ਕਰ ਜਾਂਦੇ ਹਾਂ ਜਾਂ

ਉੱਚੀ ਉੱਚੀ ਬੋਲਣ ਲਗ ਜਾਂਦੇ ਹਾਂ। ਜਦਕਿ ਸਾਡੀ ਅਰਦਾਸ ਸਾਨੂੰ ਚਿੱਤ ਵਿੱਚ ਵਾਹਿਗੁਰੂ ਜੀ ਦਾ ਸਿਮਰਨ ਕਰਨ ਲਈ ਪ੍ਰੇਰਣਾ ਦੇ ਰਹੀ ਹੁੰਦੀ ਹੈ। ਇਹ ਸਿਮਰਨ ਦਾ ਅਭਿਆਸ ਵੀ ਹੈ। ਉਹ ਸਿਮਰਨ ਕਿਸਦਾ ਹੋਵੇ, ਉਸ ਲਈ ਵੀ ਨਾਮ ਚਿੱਤ ਆਵੇ।

ਵਾਹਿਗੁਰੂ ਸ਼ਬਦ ਹੀ ਗੁਰਮੰਤ੍ਰ ਹੈ। ਇਸਨੂੰ ਸਿਮਰ ਕੇ ਹੀ ਇਸ ਭਵਸਾਗਰ ਤੋਂ ਪਾਰ ਹੋ ਸਕਦੇ ਹਾਂ ਤਾਂ ਹੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਖ਼ਾਲਸੇ ਨੂੰ ਸਿਰਜ ਕੇ ਅੰਮ੍ਰਿਤ ਦੀ ਦਾਤ ਦੇਕੇ, ਕਈ ਵਾਰੀ "ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ" ਗਜਾ ਕੇ ਦ੍ਰਿੜ ਕਰਵਾ ਦਿੱਤਾ ਅਤੇ ਗੁਰਮੰਤ੍ਰ ਪ੍ਰਬਲ ਰੂਪ ਵਿੱਚ ਪ੍ਰਬਲ ਹੋ ਗਿਆ ਸੀ।

**ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 515)

ਅਰਦਾਸ ਦੀਆਂ ਇਨ੍ਹਾਂ ਪੰਕਤੀਆਂ ਵਿੱਚ ਸਿੱਖ ਨੂੰ ਸਿਮਰਨ ਦੇ ਲੜ ਲਗਾਈ ਰੱਖਣ ਲਈ ਉਸ ਵਿੱਚ ਅਭਿਆਸ ਵੀ ਬਣਿਆ ਰਹੇ ਉਸ ਦੀ ਵਿਧੀ ਦਾ ਅਰੰਭ ਕੀਤਾ ਗਿਆ ਹੈ। ਜਿਸਨੂੰ ਨਿੱਤਾਪ੍ਰਤੀ ਸਿਮਰਨ ਕਰ ਆਪਣੇ ਚਿੱਤ ਵਿੱਚ ਬਿਠਾਈ ਰੱਖਦਾ ਹੈ। ਜਿਵੇਂ ਪਪੀਹਾ ਅੰਮ੍ਰਿਤ ਵੇਲੇ ਉਸ ਅੰਮ੍ਰਿਤ ਬੂੰਦ ਨੂੰ ਪਾ ਕੇ ਸੰਤੁਸ਼ਟ ਹੋ ਰਿਹਾ ਹੁੰਦਾ ਹੈ। ਸਿੰਘ ਵੀ ਆਪਣੇ ਸਿਮਰਨ ਵਿੱਚ ਵਾਹਿਗੁਰੂ ਉਚਾਰ ਕੇ ਸਰੀਰਕ ਤੇ ਮਾਨਸਿਕ ਠੰਡ ਪ੍ਰਾਪਤ ਕਰ ਰਿਹਾ ਹੁੰਦਾ ਹੈ।

**ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ**

ਸਿੱਖ ਅਰਦਾਸ ਦਾ ਮਨੋਰਥ ਜਾਤੀ ਪੱਧਰ ਤੋਂ ਉੱਪਰ ਉੱਠ ਕੇ ਕੌਮਾਂਤਰੀ ਹੱਦਾਂ ਟੱਪ ਕੇ ਵਿਸ਼ਵ ਵਿਆਪੀ ਪੱਧਰ 'ਤੇ ਸਰੱਬਤ ਦੇ ਭਲੇ ਦੀ ਕਾਮਨਾ ਨਾਲ ਜੁੜਿਆ ਹੋਇਆ ਹੈ। ਸਾਡੀ ਅਰਦਾਸ ਨੇ ਜੀਵਨ ਦੇ ਬੁਨਿਆਦੀ ਸਿਧਾਂਤਾਂ ਨੂੰ ਅਮਲੀ ਰੂਪ ਵਿੱਚ ਲਿਆਉਣ ਦਾ ਯਤਨ ਕੀਤਾ ਹੈ। "ਅਰਦਾਸ ਮਨ ਨੂੰ ਸੁਰਜੀਤ ਕਰਨ ਵਾਲੀ ਸ਼ਕਤੀ ਹੈ, ਚੜ੍ਹਦੀਕਲਾ ਦਾ ਇੱਕ ਸਾਧਨ ਹੈ, ਆਪਣੇ ਆਪ ਨੂੰ ਛੋਟੇ ਤੋਂ ਵੱਡਾ ਕਰਨ ਦੀ ਪ੍ਰਕਿਰਿਆ ਦਾ ਭਾਗ ਹੈ। ਇਹ ਸਰਬੱਤ ਤੇ ਭਲੇ ਦੀ ਅਰਦਾਸ ਸਾਰੇ ਜਗਤ ਨੂੰ ਇੱਕ ਪਰਿਵਾਰ ਬਣਾ ਦਿੰਦੀ ਹੈ।"

(ਡਾ.ਅਮਰੀਕ ਸਿੰਘ ਚੀਮਾ, ਨਾਮਯੋਗ, ਪੰਨਾ.87)

ਡਾ.ਨਰੈਣ ਸਿੰਘ ਆਪਣੀ ਪੁਸਤਕ 'ਸਿੱਖ ਧਰਮ ਦੀਆਂ ਬੁਨਿਆਦਾਂ' ਵਿੱਚ ਲਿਖਦੇ ਹਨ ਕਿ ਸਿੱਖ ਧਰਮ ਵਿਅਕਤੀਗਤ ਪੱਧਰ ਤੋਂ ਸ਼ੁਰੂ ਹੋ ਕੇ ਸੰਗਤ ਪੱਧਰ ਤਕ ਪਹੁੰਚ ਗਿਆ ਹੈ। ਇਵੇਂ ਹੀ ਸਿੱਖ ਅਰਦਾਸ ਜਾਤੀ ਪੱਧਰ ਤੋਂ ਸ਼ੁਰੂ ਹੋ ਕੇ ਸਰਬੱਤ ਦੇ ਭਲੇ ਤਕ ਪਹੁੰਚ ਕੇ ਸਮਾਪਤ ਹੁੰਦੀ ਹੈ। ਜਿਸਨੇ ਇਸਦੇ ਮੂਲ ਰੂਪ ਨੂੰ ਅੰਤਰ–ਰਾਸ਼ਟਰੀ ਜਾਂ ਪੂਰੇ ਸੰਸਾਰ ਵਿੱਚ ਏਕਤਾ ਦੇ ਤੱਤਾਂ ਨੂੰ ਜਾਹਿਰ ਕੀਤਾ ਹੈ। ਇਸੇ ਸਿਧਾਂਤ ਦੀ ਪੁਸ਼ਟੀ ਕਰਦੇ ਹੋਏ ਡਾ.ਰਾਧਾ ਕ੍ਰਿਸ਼ਨਨ ਨੇ ਆਪਣੀ ਪੁਸਤਕ 'ਧਰਮ ਤੇ ਸਮਾਜ' ਵਿੱਚ ਪੰਨਾ 67 'ਤੇ ਲਿਖਿਆ ਹੈ ਕਿ

'ਜਦੋ ਅਸੀਂ ਸਿਧਾਂਤਾਂ ਦੀ ਪਰਿਭਾਸ਼ਾ ਉੱਤੇ ਬਹਿਸ ਕਰਦੇ ਹਾਂ ਤਾਂ ਅਸੀਂ ਵੰਡੇ ਜਾਂਦੇ ਹਾਂ ਪਰ ਜਦੋਂ ਅਸੀਂ ਪ੍ਰਾਰਥਨਾ (ਅਰਦਾਸ) ਅਤੇ ਨਿਜਅਮਲ ਦੇ ਜੀਵਨ ਨੂੰ ਸਹੀ ਅਰਥਾਂ ਵਿੱਚ ਅਪਨਾਉਂਦੇ ਹਾਂ ਤਾਂ ਅਸੀਂ ਇਕੱਠੇ ਹੋ ਜਾਂਦੇ ਹਾਂ।' ਇੰਝ ਜਾਪਦਾ ਹੈ ਕਿ ਸਿੱਖ ਦੀ ਵਿਅਕਤੀਗਤ ਅਰਦਾਸ ਸਿੱਖ ਧਰਮ ਦੇ ਅਰੰਭ ਤੋਂ ਹੀ ਸ਼ੁਰੂ ਗਈ ਹੋਵੇਗੀ। ਇਹ ਸਿੱਖ ਧਰਮ ਦੀ ਵਿਲੱਖਣਤਾ ਹੈ ਕਿ ਜਿੱਥੇ ਖ਼ਾਲਸੇ ਵੱਲੋਂ ਵਾਹਿਗੁਰੂ ਨੂੰ ਚਿੱਤ ਵਿੱਚ ਰੱਖਿਆ ਜਾਂਦਾ ਹੈ, ਉੱਥੇ ਜਾਪਦਾ ਹੈ ਕਿ ਜਦੋਂ ਸਿੱਖ ਜੰਗਲਾਂ ਵਿੱਚ ਆਪਣੇ ਸਰੂਪ ਦੀ ਰਾਖੀ ਲਈ ਜੱਦੋ– ਜਹਿਦ ਕਰ ਰਹੇ ਹੋਣਗੇ ਤਾਂ ਉਹਨਾਂ ਦੇ ਹੌਸਲੇ ਨੂੰ ਬੁਲੰਦ ਰੱਖਣ ਦੀ ਭਾਵਨਾ ਨੂੰ ਪ੍ਰੇਰਦਾ ਹੋਵੇ। ਅਰਦਾਸ ਦੀਆਂ ਅਗਲੀਆਂ ਪੰਕਤੀਆਂ ਇਸ ਗਲ੍ਹ ਵੱਲ ਧਿਆਨ ਖਿੱਚਦੀਆਂ ਹਨ।

ਅਰਦਾਸ ਦੀਆਂ ਇਹਨਾਂ ਪੰਕਤੀਆਂ ਵਿੱਚ ਸਿੱਖ ਜਦੋਂ ਇਹ ਅਰਦਾਸ ਕਰ ਰਿਹਾ ਹੁੰਦਾ ਹੈ ਕਿ 'ਜਹਾਂ ਜਹਾਂ ਖ਼ਾਲਸਾ ਜੀ ਸਾਹਿਬ ਤਹਾਂ ਤਹਾਂ ਰੱਛਿਆ ਰਿਆਇਤ' ਤਾਂ ਪੂਰੇ ਸੰਸਾਰ ਵਿੱਚ ਹਰ ਉਹ ਸਿੱਖ ਜਿਸਨੇ ਆਪਣੇ–ਆਪ ਨੂੰਸਿੱਖੀ ਅਤੇ ਸਿੱਖੀ ਸਿਧਾਂਤਾਂ ਪ੍ਰਤੀ ਸਮਰਪਿਤ ਕੀਤਾ ਹੁੰਦਾ ਹੈ। ਉਹ ਦੇਸ ਦੀਆਂ ਹੱਦਾਂ ਤੋਂ ਓੱਪਰ ਉੱਠ ਕੇ ਉਸਦੀ ਰੱਖਿਆ ਲਈ ਅਰਜ਼ੋਈ ਕਰ ਰਿਹਾ ਹੁੰਦਾ ਹੈ। ਇਵੇਂ ਹੀ ਤੇ ਨਹੀਂ ਭਾਰਤ ਜਾਂ ਭਾਰਤ ਤੋਂ ਬਾਹਰ ਸਿੱਖ ਜਦੋਂ ਕਿਸੇ ਪੀੜਾ ਵਿੱਚੋਂ ਵਿਚਰ ਰਿਹਾ ਹੋਵੇ ਤਾਂ ਉਸ ਵੇਲੇ ਇਹ ਅਰਦਾਸ ਉਸਦਾ ਸਹਾਰਾ ਬਣ ਰਹੀ ਹੁੰਦੀ ਹੈ। ਜਦੋਂ ਵੇਲੇ ਦੀ ਸਰਕਾਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹਮਲਾ ਕਰ ਢਹਿ–ਢੇਰੀ ਕਰ ਦਿੱਤਾ ਗਿਆ ਸੀ ਤਾਂ ਸੱਚ ਮੰਨਿਓ ਸਾਰੇ ਸੰਸਾਰ ਦੇ ਸਿੱਖਾਂ ਦਾ ਹਿਰਦਾ ਵਲੂੰਧਰਿਆ ਗਿਆ ਸੀ। ਉਸ ਹਮਲੇ ਦੇ ਜ਼ਖਮ ਅਜੇ ਵੀ ਉਸੇ ਤਰ੍ਹਾਂ ਹੀ ਹਰੇ ਹਨ। ਇਹ ਇੱਕ ਮਿਸਾਲ ਹੀ ਕਾਫੀ ਹੈ, ਸਾਡੀ ਕੌਮੀ ਸਾਂਝ ਨੂੰ ਪ੍ਰਗਟ ਕਰਨ ਲਈ। ਇਹ ਅਰਦਾਸ ਦਾ ਰੂਪ ਇਸਨੂੰ ਸਰਬ ਵਿਆਪੀ ਬਣਾ ਦਿੰਦਾ ਹੈ। ਸਿੱਖ ਹਰ ਵੇਲੇ ਕੀਤੀ ਜਾਣ ਵਾਲੀ ਅਰਦਾਸ ਵਿੱਚ ਸੰਸਾਰ ਭਰ ਵਿੱਚ ਵਸਦੇ ਸਿੱਖਾਂ ਦੀ ਸ਼ਕਤੀਸ਼ਾਲੀ ਰੱਛਿਆ ਦੀ ਮੰਗ ਕਰਦੇ ਹਨ। ਜਿਸ ਸਦਕਾ ਉਹਨਾਂ ਦੀ ਚੜ੍ਹਦੀਕਲਾ ਨਿਰੰਤਰ ਬਣੀ ਰਹੇਗੀ।

**ਦੇਗ ਤੇਗ ਫਤਹਿ**

ਦੇਗ ਉਹ ਸਾਧਨ ਹੈ ਜੋ ਮਨੁੱਖੀ ਭੁੱਖ ਨੂੰ ਪੂਰਾ ਕਰਦੀ ਹੈ ਤੇ ਤੇਗ ਉਹ ਜਿਸਨੂੰ ਸਿੱਖ ਆਪਣੀ ਅਤੇ ਮਜਲੂਮ ਦੀ ਰਾਖੀ ਲਈ ਚੁੱਕਦਾ ਹੈ। ਅਰਦਾਸ ਵਿੱਚ ਪਹਿਲੇ ਵੀ ਦੇਗ ਚਲਾਈ ਅਤੇ ਤੇਗ ਵਾਹੀ ਵਾਲੇ ਮਹਾਨ ਗੁਰਸਿਖਾਂ ਦੇ ਯੋਗਦਾਨ ਨੂੰ ਯਾਦ ਕੀਤਾ ਜਾਂਦਾ ਹੈ। ਦੇਖ–ਤੇਗ ਫਤਹਿ ਦੇ ਸਿਧਾਂਤ ਨੂੰ ਉਜਾਗਰ ਕਰਦਾ ਹੈ। ਦੇਗ ਤੋਂ ਵੱਸਦੇ ਘਰ ਦਾ ਸੰਕੇਤ ਮਿਲਦਾ ਹੈ, ਜਿਸ ਘਰ ਵਿੱਚ ਦੇਗ ਤਿਆਰ ਹੁੰਦੀ ਹੈ, ਉਸਨੂੰ ਗ੍ਰਹਿਸਥ ਆਸ਼ਰਮ ਦਾ ਚਿੰਨ੍ਹ ਵੀ ਮੰਨਦੇ ਹਨ, ਜਿੱਥੋਂ ਲੋੜਵੰਦਾਂ ਨੂੰ ਆਸਰਾ ਮਿਲਦਾ ਹੈ। ਦੇਗ ਕਿਰਤ ਤੇ ਗੌਰਵ ਦਾ ਪ੍ਰਤੀਕ ਹੁੰਦੀ ਹੈ, ਦੇਗ ਸਾਂਝੀਵਾਲਤਾ ਦਾ ਵੀ ਪ੍ਰਤੀਕ ਹੈ। ਜੇ ਕੋਈ ਦੇਗ ਪਾਪ ਦੀ ਕਮਾਈ ਨਾਲ ਤਿਆਰ ਹੋਵੇ ਤਾਂ ਉਸਨੂੰ ਕਦੇ ਵੀ ਦੇਗ ਨਹੀ ਕਿਹਾ ਜਾ ਸਕਦਾ। ਉਹ ਭੋਜਨ ਤਾਂ ਹੋ ਸਕਦਾ ਹੈ ਪਰ ਕਦੇ ਵੀ ਦੇਗ ਦੀ ਤਰਾਂ ਪਵਿੱਤਰਤਾ ਨਹੀ ਪਾ ਸਕਦਾ। ਦੇਗ ਤਾਂ ਦਸਾਂ ਨਹੁੰਆਂ ਦੀ ਨੇਕ ਕਮਾਈ ਤੋਂ ਹੀ ਤਿਆਰ ਹੋ ਸਕਦੀ ਹੈ। ਇੱਥੇ ਇਹ ਵੀ ਜਰੂਰੀ ਹੈ ਕਿ ਅਸੀਂ ਦੇਗ ਨੂੰ ਮਨੁੱਖੀ ਭੁੱਖ ਨੂੰ ਦੂਰ ਕਰਨ ਦੇ ਸਾਧਨ ਦਾ ਰੂਪ ਸਮਝ ਰਹੇ ਹਾਂ ਪਰ ਮਨੁੱਖੀ ਭੁੱਖ ਦੋ ਤਰਾਂ ਦੀ ਹੈ, ਇੱਕ ਉਸਦੇ

ਤਨ ਦੀ ਅਤੇ ਦੂਜੀ ਉਸਦੀ ਆਤਮਾ ਦੀ ਜੋ ਕਿ ਇੱਕ ਰੂਹਾਨੀ ਭੋਜਨ ਦੀ ਉਡੀਕ ਕਰ ਰਹੀ ਹੁੰਦੀ ਹੈ। ਜੋ ਨਾਮ ਦੇ ਭੋਜਨ ਨੂੰ ਲੋਚਦੀ ਹੈ। ਜੇ ਨਾਮ ਦੇ ਭੋਜਨ ਦੀ ਦੇਗ ਆਤਮਾ ਦੀ ਭੁੱਖ ਨੂੰ ਲਾਹ ਦੇਵੇ ਤਾਂ ਸੱਚ ਮੰਨਿਓ ਸਰੀਰ ਜਾਂ ਤਨ ਦੀ ਭੁੱਖ ਤਾਂ ਉਸਨੂੰ ਬਹੁਤ ਛੋਟੀ ਲੱਗਣ ਲਗ ਜਾਂਦੀ ਹੈ।

ਜਿਸ ਤਰਾਂ ਅਸੀਂ ਪਹਿਲਾਂ ਵੀ ਵੇਖ ਚੁੱਕੇ ਹਾਂ ਕਿ ਦੇਗ ਗੁਰੂ ਕੇ ਲੰਗਰ ਜਾਂ ਪ੍ਰਸ਼ਾਦਿ ਦਾ ਦੂਜਾ ਨਾਮ ਵੀ ਹੈ ਅਤੇ ਸਿੱਖ ਹਮੇਸ਼ਾ ਇਸਦੀ ਫਤਹਿ ਦੀ ਅਰਦਾਸ ਕਰਦਾ ਹੈ। ਜਿਸ ਵਿੱਚ ਪੰਗਤ, ਸੰਗਤ, ਸੇਵਾ ਅਤੇ ਗ੍ਰਿਹਿਸਥ ਦੀ ਪ੍ਰਧਾਨਗੀ ਕਿਰਤ ਦਾ ਗੌਰਵ, ਸਾਂਝੀਵਾਲਤਾ ਦਾ ਸੰਦੇਸ਼ ਪ੍ਰਗਟ ਹੁੰਦਾ ਹੈ। ਅਰਦਾਸ ਰਾਹੀਂ ਦੇਗ ਦੀ ਮਹਾਨ ਪ੍ਰੰਪਰਾ ਨੂੰ ਸਿਮਰ ਕੇ ਉਸਦੀ ਫਤਹਿ ਦੀ ਜਾਚਨਾ ਵੀ ਕਰਦਾ ਹੈ। ਦੇਗ ਕਦੇ ਵੀ ਖ਼ਤਮ ਨਹੀਂ ਹੁੰਦੀ, ਇਹ ਮਸਤ ਹੁੰਦੀ ਹੈ। ਸਿੱਖ ਪ੍ਰੰਪਰਾਵਾਂ ਵਿੱਚ ਢਹਿੰਦੀ ਕਲਾ ਦੀ ਕਦੇ ਵੀ ਸੋਚ ਨਹੀਂ ਰੱਖੀ ਜਾਂਦੀ। ਖ਼ਾਲਸਾ ਜਦੋਂ ਕਦੇ ਵੀ ਕਿਸੇ ਸੰਘਰਸ਼ ਲਈ ਜੂਝਿਆ ਹੈ ਤਾਂ ਉਸਨੇ ਹਮੇਸ਼ਾ ਦੇਗ–ਤੇਗ ਫਤਹਿ ਦੀ ਮੰਗ ਕੀਤੀ ਹੈ। ਦੇਗ ਦੀ ਤਰ੍ਹਾਂ ਦੂਜਾ ਮੂਲ ਸੂਚਕ ਤੇਗ ਹੈ। ਤੇਗ ਭਾਵੇਂ ਇੱਕ ਧਾਤੂ ਦੀ ਵਸਤੂ ਹੈ ਪਰ ਇਹ ਇੱਕ ਹਥਿਆਰ ਵੀ ਹੈ। ਇਹ ਕੇਵਲ ਤੇ ਕੇਵਲ ਆਤਮ ਰੱਖਿਆ ਲਈ ਜਾਂ ਕਿਸੇ ਮਜ਼ਲੂਮ ਦੀ ਰਾਖੀ ਲਈ ਹੀ ਵਰਤੀ ਜਾਂਦੀ ਹੈ।

ਦੁਨੀਆ ਅਜੇ ਤਕ ਇਹੀ ਸਮਝਦੀ ਹੈ ਕਿ ਤੇਗ ਜਾਂ ਕਿਰਪਾਨ (ਤਲਵਾਰ) ਸਿੱਖਾਂ ਦਾ ਹਥਿਆਰ ਹੈ ਜੋ ਕਿਸੇ ਨੂੰ ਵੀ ਨੁਕਸਾਨ ਪਹੁੰਚਾ ਸਕਦਾ ਹੈ, ਪਰ ਅਸੀਂ ਅਜੇ ਤਕ ਦੁਨੀਆਂ ਨੂੰ ਦਸ ਨਹੀਂ ਪਾਏ ਕਿ ਸਿੱਖਾਂ ਦੀ ਤੇਗ ਕੇਵਲ ਉਸਦੀ ਰਾਖੀ ਜਾਂ ਕਿਸੇ ਲੋੜਵੰਦ ਦਾ ਸਹਾਰਾ ਹੈ। ਜਿਸ ਵੇਲੇ ਸਿੱਖ ਰਾਤ ਦੇ ਬਾਰ੍ਹਾਂ ਵਜੇ ਅਬਦਾਲੀ ਦੀ ਕੈਦ ਵਿੱਚੋਂ ਉਹਨਾਂ ਔਰਤਾਂ ਨੂੰ ਜਿਨ੍ਹਾਂ ਨੂੰ ਗਜਨਵੀ ਦੇ ਬਜ਼ਾਰਾਂ ਵਿੱਚ ਵੇਚ ਦਿੱਤਾ ਜਾਂਦਾ ਸੀ, ਛੁਡਾ ਕੇ ਲਿਆਉਂਦੇ ਸਨ ਤਾਂ ਸਿਰਫ ਇਸੇ ਤੇਗ ਦੇ ਜ਼ੋਰ ’ਤੇ ਉਹ ਫਤਹਿ ਹਾਸਲ ਕਰਦੇ ਸਨ। ਪਰ ਭਾਰਤ ਦੇ ਲੋਕ ਇਤਿਹਾਸ ਨੂੰ ਯਾਦ ਹੀ ਨਹੀ ਕਰਨਾ ਚਾਹੁੰਦੇ ਕਿਉਂਕਿ ਇਸ ਨਾਲ ਉਹਨਾਂ ਦੇ ਇਮਾਨ ਨੂੰ ਸੱਟ ਵੱਜਦੀ ਹੈ। ਸਿੱਖ ਜੇ ਸ਼ਸ਼ਤਰਧਾਰੀ ਹੋਵੇ ਤਾਂ ਉਸਨੂੰ ਗੈਰ ਜਰੂਰੀ ਸਮਝਦੇ ਹਨ।

ਸਿਧਾਂਤਾਂ ਦੀ ਪਰਪੱਕਤਾ ਤਾਂ ਇੱਕ ਮੂਲ ਸਾਧਨਾ ਹੈ, ਦੇਗ–ਤੇਗ ਦੀ ਫਤਹਿ। ਸਿੱਖ ਇਹਨਾਂ ਦੀ ਫਤਹਿ ਵਿੱਚੋਂ ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ ਦੇ ਨਾਲ ਜੋੜ ਕੇ ਲੈਂਦਾ ਹੈ। ਜਿੱਥੇ ਤੇਗ ਅਕਾਲ ਪੁਰਖ ਦਾ ਦੂਸਰਾ ਰੂਪ, ਜੋ ਆਪਣੇ ਗੁਣਾਂ ਕਰਕੇ ਹੈ, ਜਿਵੇਂ ਅਕਾਲ ਪੁਰਖ ਸਰਬੱਤ ਦੇ ਭਲੇ ਲਈ ਵਰਤਦਾ ਹੈ, ਉਸੇ ਤਰ੍ਹਾਂ ਸਿੱਖ ਦੀ ਦੇਗ ਵੀ ਮਨੁੱਖ ਦੇ ਭਲੇ ਲਈ ਸਭ ਦੀ ਸਾਥੀ ਬਣਦੀ ਹੈ। ਜਦੋਂ ਇਹੀ ਕਿਰਪਾਨ ਕੜਾਹ ਪ੍ਰਸ਼ਾਦਿ ਵਿੱਚ ਅਰਦਾਸ ਵੇਲੇ ਫੇਰੀ ਜਾਂਦੀ ਹੈ ਤਾਂ ਇਹ ਉਸ ਦੇਗ ਨੂੰ ਰੱਬੀ ਬਖਸ਼ਿਸ਼ਾਂ ਵਾਲਾ ਅਕਾਲ ਪੁਰਖ ਦਾ ਪ੍ਰਸ਼ਾਦਿ ਬਣਾ ਦਿੰਦੀ ਹੈ। ਗੁਰੂ ਦਾ ਪ੍ਰਸ਼ਾਦਿ ਉਦੋਂ ਤਕ ਪ੍ਰਵਾਨ ਨਹੀਂ ਹੁੰਦਾ, ਜਦੋ ਤਕ ਤੇਗ ਦਾ ਪ੍ਰਤਾਪ ਨਾ ਹੋਵੇ। ਸਿੱਖ ਅਰਦਾਸ ਵਿੱਚ ਜਿੱਥੇ ਇਹਨਾਂ ਦੋਨਾਂ ਦੇਗ ਅਤੇ ਤੇਗ ਦੀ ਫਤਹਿ ਦੀ ਜਾਚਨਾ ਕਰਦਾ ਹੈ ਇਸਦੇ ਨਾਲ–ਨਾਲ ਦੋਨੋਂ ਮਹਾਨ ਪ੍ਰੰਪਰਿਕ (ਮੂਲ ਸੂਚਕਾਂ ਦੀ) ਨਿਰੰਤਰਤਾ ਦੀ ਜਾਚਨਾ ਵੀ ਕਰਦਾ ਹੈ।

**ਬਿਰਦ ਕੀ ਪੈਜ**

ਬਿਰਦ ਕੀ ਪੈਜ ਦਾ ਅਰਥ ਹੈ ਸੁਭਾਅ, ਪ੍ਰਕਿਰਤੀ, ਵਤੀਰਾ ਜਾਂ ਪ੍ਰਤਿਗਿਆ (ਦਲ ਨਿਭੈ ਬਚਨ ਪੂਰਾ ਹੋਵੇ ਜਾਂ ਪ੍ਰਤਿਗਿਆ ਪੂਰੀ ਹੋਵੇ) ਇਸਨੂੰ ਜਸ ਕੀਰਤੀ ਵੀ ਕਿਹਾ ਜਾਂਦਾ ਹੈ (ਰਾਜਿਆਂ ਮਹਾਰਾਜਿਆਂ ਦੀ ਆਮਦ 'ਤੇ ਉਹਨਾਂ ਦੇ ਪਹਿਰੇਦਾਰ ਵਿਸ਼ੇਸ਼ ਸ਼ਬਦਾਂ ਦਾ ਇਸਤੇਮਾਲ ਵੀ ਕਰਦੇ ਹਨ) ਇੱਥੇ ਅਰਦਾਸ ਅਕਾਲ ਪੁਰਖ ਅੱਗੇ ਜੋਦੜੀ ਬੇਨਤੀ ਹੈ ਕਿ ਉਹ ਆਪਣੇ ਬਿਰਦ ਦੀ ਲਾਜ ਰੱਖਦਾ ਹੋਇਆ ਹਰ ਸੰਕਟ ਦੀ ਘੜੀ ਤੋਂ ਸਾਨੂੰ ਬਚਾਵੇ। ਅਕਾਲ ਪੁਰਖ ਦਾ ਬਿਰਦ ਹੈ ਹੀ ਆਪਣੇ ਪਿਆਰਿਆਂ ਦੀ ਪੈਜ ਤੇ ਇੱਜ਼ਤ ਰੱਖਣ ਲਈ। ਜਦੋਂ ਤਕ ਅਸੀਂ ਆਪਣੇ ਆਪ ਨੂੰ ਉਸ ਅਕਾਲ ਪੁਰਖ ਅੱਗੇ ਪੂਰੀ ਤਰ੍ਹਾਂ ਸਮਰਪਿਤ ਨਹੀ ਕਰਦੇ, ਤਦ ਤਕ ਸਾਡੀ ਅਰਦਾਸ ਪੂਰੀ ਨਹੀਂ ਹੁੰਦੀ। ਜਦੋਂ ਸਾਨੂੰ ਇਹ ਜਾਪੇ ਕਿ ਸਾਡੀ ਅਰਦਾਸ ਪ੍ਰਵਾਨ ਹੋਵੇਗੀ ਜਾਂ ਨਹੀਂ ਤਾਂ ਸੱਚ ਜਾਣਿਓ ਉਹ ਅਰਦਾਸ ਬਿਰਦ ਦੀ ਪੈਜ ਕਦੇ ਨਹੀ ਰੱਖਦੀ।

ਸੱਚੇ ਦਿਲ ਨਾਲ ਕੀਤੀ ਅਰਦਾਸ ਨੂੰ ਹੀ ਫਲ ਲਗਦੇ ਹਨ। ਅਨੇਕਾਂ ਹੀ ਇਤਿਹਾਸਕ ਪ੍ਰਮਾਣ ਮਿਲਦੇ ਹਨ। ਉਦੋਂ ਹੀ ਅਕਾਲ ਪੁਰਖ ਨੇ ਆਪਣੇ ਬਿਰਦ ਦੀ ਪੈਜ ਰੱਖੀ ਜਦੋਂ ਉਸ ਉੱਤੇ ਭਰੋਸਾ ਕਰਨ ਵਾਲੇ ਨੇ ਪੂਰਨ ਸਮਰਪਿਤ ਹੋ ਕੇ ਪੁਕਾਰ ਜਾਂ ਅਰਦਾਸ ਕੀਤੀ। ਜਿਵੇਂ ਮੱਖਣ ਸ਼ਾਹ ਲੁਬਾਣਾ ਦੇ ਬੇੜੇ ਪਾਰ ਕੀਤੇ, ਬਿੱਧੀ ਚੰਦ ਨੂੰ ਭੱਠੀ ਵਿੱਚ ਵੀ ਸੇਕ ਨਾ ਲੱਗਣ ਦਿੱਤਾ, ਪ੍ਰਹਿਲਾਦ ਨੂੰ ਉਬਾਰਿਆ, ਦੁਸ਼ਟ ਹਰਣਾਖਸ਼ ਨੂੰ ਮਾਰਿਆ, ਰਾਜੇ ਸ਼ਿਵਨਾਭ ਨੂੰ ਤਾਰਿਆ, ਧੰਨੇ ਦੇ ਡੰਗਰ ਚਾਰੇ, ਬੁੱਧੂ ਦੇ ਆਵੇ ਪਕਾਏ, ਨਾਮਦੇਵ ਦੀ ਛੱਪਰੀ ਬਣਾਈ, ਦਰੋਪਤੀ ਦਾ ਸਰੀਰ ਢੱਕਿਆ, ਸੁਲੱਖਣੀ ਨੂੰ ਪੁੱਤਰ ਬਖਸ਼ੇ ਆਦਿਕ ਕਈ ਇਸੇ ਤਰਾਂ ਦੀਆਂ ਮਿਸਾਲਾਂ ਹਨ। ਜਿਨ੍ਹਾਂ ਵਿੱਚ ਅਕਾਲ ਪੁਰਖ ਆਪਣੇ ਬਿਰਦ ਦੀ ਪੈਜ ਰੱਖਦੇ ਹਨ। ਅਰਦਾਸ ਜੀਵਨ ਦੀ ਸੰਜੀਵਨੀ ਬੂਟੀ ਹੈ, ਟੇਕ ਹੈ, ਟਾਹਣੀ ਹੈ ਅਤੇ ਸਹਾਰਾ ਹੈ।ਜਿੱਥੇ ਸਾਨੂੰ ਇਸ ਚੀਜ ਦਾ ਵਿਸ਼ਵਾਸ਼ ਹੋਵੇ ਕਿ ਪ੍ਰਮਾਤਮਾ ਸਾਡੀ ਬਾਂਹ ਫੜੇਗਾ ਹੀ ਫੜੇਗਾ ਕਿਸੇ ਇੱਕ ਦੇ ਹੋ ਜਾਓ ਤਾਂ ਅਗਲੇ ਨੂੰ ਵੀ ਲਾਜ ਹੁੰਦੀ ਹੈ। ਦੋ ਬੇੜੀਆਂ ਵਿੱਚ ਪੈਰ ਰੱਖਣ ਵਾਲਾ ਕਦੇ ਵੀ ਪਾਰ ਨਹੀਂ ਪਹੁੰਚਿਆ। ਜਦੋਂ ਅਕਾਲ ਪੁਰਖ ਦੀਆਂ ਬਖਸ਼ਿਸ਼ਾਂ ਰਾਹੀਂ ਪ੍ਰਾਪਤ ਹੋਇਆ ਅਸੀਸ ਰੂਪੀ ਮਾਣ ਜਾਂ ਗਿਆਨ ਮਿਲ ਜਾਵੇ ਤਾਂ ਉਸ ਗਿਆਨ ਦੀ ਪੈਜ ਰੱਖਣ ਲਈ ਮਨੁੱਖ ਬੇਨਤੀਆਂ ਕਰਦਾ ਹੈ। 'ਅਕਾਲ ਪੁਰਖ ਆਪਣੇ ਬਿਰਦ ਦੀ ਪੈਜ ਰੱਖੀਂ, ਇਹ ਮੇਰੇ ਹੰਕਾਰ ਕਰਕੇ ਕਿਤੇ ਮੇਰੇ ਤੋਂ ਖੁੰਝ ਨਾ ਜਾਵੇ।'

ਡਾ.ਜਸਵੰਤ ਸਿੰਘ ਨੇਕੀ ਲਿਖਦੇ ਹਨ ਕਿ ਬਿਰਦ ਦਾ ਹੋਰ ਦੂਜਾ ਰੂਪ 'ਧਰਮ ਦੇ ਚਿੰਨ੍ਹ' ਹਨ। ਜੇ ਇਸ ਅਰਥ ਵੱਲ ਜਾਈਏ ਤਾਂ ਹੇ ਵਾਹਿਗੁਰੂ! ਸਾਡੇ ਧਾਰਮਿਕ ਚਿੰਨ੍ਹਾਂ ਦੀ ਲਾਜ ਰੱਖਣੀ ਜੀ। ਅੱਗੇ ਲਿਖਦੇ ਹਨ ਕਿ ਜੇਕਰ ਬਿਰਦ ਕੀ ਪੈਜ ਨੂੰ ਫ਼ਾਰਸੀ ਦੇ ਅਰਥ (ਨਿੱਤ ਦਾ ਭਜਨ, ਜਾਪ ਆਦਿ) ਲਈਏ ਤਾਂ ਬਿਰਦ ਦੀ ਪੈਜ ਦਾ ਅਰਥ ਹੋਵੇਗਾ, ਜਿਸ ਨੇ ਨਿਤਨੇਮ ਦਾ ਭਜਨ ਕੀਤਾ ਹੈ, ਉਹ ਨਿਭੇ। ਅਰਦਾਸ ਵਿੱਚ ਅਸੀਂ ਬਿਰਦ ਦੇ ਵੱਖ–ਵੱਖ ਭਾਵਾਂ ਨਾਲ ਜੁੜੇ ਹਾਂ। ਜਾਪਦਾ ਹੈ ਕਿ ਅਕਾਲ ਪੁਰਖ ਪ੍ਰਮਾਤਮਾ ਨਾਲ ਸਾਡੀ ਜੋ ਵੀ ਪ੍ਰਤੀਬੱਧਤਾ ਹੈ, ਉਹ ਵਾਹਿਗੁਰੂ ਜੀ ਉਸਦੀ ਲਾਜ ਅਤੇ ਉਸਦੀ ਪੈਜ ਰੱਖ ਲੈਂਦੇ ਹਨ। ਸਾਡਾ ਪੂਰਣ ਵਿਸ਼ਵਾਸ਼ ਇਹ ਹੀ ਹੈ ਕਿ ਹੇ ਪ੍ਰਭੂ! ਤੂੰ ਹੀ ਸਾਡੇ ਬਿਰਦ ਦੀ ਪੈਜ ਰੱਖਣੀ ਹੈ।

**ਪੰਥ ਕੀ ਜੀਤ**

ਆਮ ਭਾਸ਼ਾ ਦੀ ਵਰਤੋਂ ਵਿੱਚ ਪੰਥ ਦਾ ਅਰਥ ਰਸਤਾ ਕਿਹਾ ਜਾਂਦਾ ਹੈ, ਉਸ ਅਕਾਲ ਪੁਰਖ ਪਰਮ ਪਿਤਾ ਪ੍ਰਮਾਤਮਾ ਤਕ ਪਹੁੰਚਣ ਦਾ ਰਾਹ। ਸਿੱਖ ਸਿਧਾਂਤਾਂ 'ਤੇ ਅਧਾਰਿਤ ਸੰਗਠਿਤ ਧਰਮ ਨੂੰ ਵੀ ਪੰਥ ਜਾਂ ਖ਼ਾਲਸਾ ਪੰਥ ਕਿਹਾ ਜਾਂਦਾ ਹੈ। ਸਾਡੇ ਲਈ ਇਕੱਲਾ ਸ਼ਬਦ ਪੰਥ ਸੰਪੂਰਨ ਨਹੀਂ ਹੈ, ਇਹ ਖ਼ਾਲਸਾ ਪੰਥ ਦਾ ਦੂਸਰਾ ਸਵਰੂਪ ਹੀ ਹੈ ਤੇ ਸਿੱਖ ਅਰਦਾਸ ਵਿੱਚ ਉਸ ਖ਼ਾਲਸਾ ਪੰਥ ਦੀ ਜਿੱਤ ਦੀ ਹੀ ਮੰਗ ਕੀਤੀ ਗਈ ਹੈ, ਕਿਉਂਕਿ ਖ਼ਾਲਸਾ ਇਕਾਈ ਵੀ। ਪੰਥ ਕੀ ਜੀਤ ਦਾ ਮਤਲਬ ਸਿੰਘਾਂ ਦੀ ਕਦੇ ਵੀ ਹਾਰ ਨਾ ਹੋਵੇ ਉਹ ਹਾਲਤ ਵਿੱਚ ਜਿੱਤ ਹਾਸਲ ਕਰਨ।

ਅਰਦਾਸ ਦਾ ਜੋ ਦਾਰਸ਼ਨਿਕ ਪੱਖ ਹੈ ਉਸਨੂੰ ਸਮਝਣ ਦੀ ਜੋ ਖਾਸ ਜਰੂਰਤ ਹੈ, ਉਹ ਇਹ ਹੈ ਕਿ ਅਰਦਾਸ ਸਰਬੱਤ ਖ਼ਾਲਸਾ ਜੀ ਵੱਲੋਂ ਕੀਤੀ ਜਾਂਦੀ ਹੈ। ਜਦੋਂ ਅਰਦਾਸ ਹੀ ਸਰਬੱਤ ਦੀ ਹੈ ਤੇ ਉਹ ਖ਼ਾਲਸੇ ਦੇ ਪ੍ਰੰਪਰਾਗਤ ਢਾਂਚੇ ਨੂੰ ਪ੍ਰਗਟ ਕਰਦੀ ਹੈ। ਅਰਦਾਸ ਮਨੁੱਖ ਦਾ ਸਹਾਰਾ ਬਣ ਉਸਨੂੰ ਹਰ ਪੀੜਾ ਵਿੱਚੋਂ ਬਾਹਰ ਕੱਢ ਦਿੰਦੀ ਹੈ। ਇਸਦੇ ਨਾਲ–ਨਾਲ ਮਨੁੱਖ ਵੱਲੋਂ ਪੰਥ ਕੀ ਜੀਤ ਦੀ ਮੰਗ ਉਸਨੂੰ ਇਸ ਗਲ੍ਹ ਦਾ ਵੀ ਅਹਿਸਾਸ ਕਰਵਾਉਂਦੀ ਹੈ ਕਿ ਵਾਹਿਗੁਰੂ ਦੀ ਕਿਰਪਾ ਨਾਲ ਮੈਂ ਇਕੱਲਾ ਨਹੀ ਹਾਂ ਪੂਰਾ ਪੰਥ ਵੀ ਨਾਲ ਖੜਾ ਹੈ। ਇਹ ਪੰਥ ਚਿਰ ਸਥਾਈ ਰਹੇ। ਉਸਦੀ ਚੜਦੀਕਲਾ ਦੀ ਵੀ ਅਰਦਾਸ ਹੁੰਦੀ ਹੈ।

ਗੁਰਮੁਖ ਚੜ੍ਹਦੀਕਲਾ ਦਾ ਨਾਮ ਰੂਪੀ ਬੀਜ ਅਰਦਾਸ ਤੋਂ ਹੀ ਪ੍ਰਾਪਤ ਕਰਦਾ ਹੈ। ਅਸਲ ਸਾਰਾ ਸਿੱਖ ਜਗਤ ਅਰਦਾਸ ਰਾਹੀਂ ਗੁਰੂ ਨਾਨਕ ਸਾਹਿਬ ਜੀ ਦੀ ਦੱਸੀ ਹੋਈ ਜੁਗਤੀ ਨਾਲ ਅਕਾਲ ਪੁਰਖ ਪਾਸੋਂ ਨਾਮ, ਚੜਦੀਕਲਾ, ਭਾਣੇ ਵਿੱਚ ਰਹਿਣ, ਸਰਬੱਤ ਦੇ ਭਲੇ ਅਤੇ ਪੰਥ ਦੇ ਭਲੇ ਦੀ ਮੰਗ ਵੀ ਕਰਦਾ ਹੈ। ਹਰ ਇੱਕ ਨਿਸ਼ਚੈ ਦਾ ਅਧਾਰ ਜਿੱਤ ਹੀ ਹੁੰਦਾ ਹੈ। ਜਦੋਂ ਕੋਈ ਸ਼ਾਹੀਦੀ ਲਈ ਨਿਸ਼ਚਾ ਕਰ ਲੈਂਦਾ ਹੈ ਤਾਂ ਸਰੀਰਕ ਤੌਰ 'ਤੇ ਉਹ ਜੰਗ ਵਿੱਚ ਸ਼ਹੀਦ ਹੁੰਦਾ ਹੈ ਪਰ ਮਾਨਸਿਕ ਤੌਰ 'ਤੇ ਵਿਚਾਰਾਂ ਦੀ ਦ੍ਰਿਹੜਤਾ ਉਸਨੂੰ ਉਸੇ ਵੇਲੇ ਤੋਂ ਸ਼ਹੀਦ ਦਾ ਦਰਜ਼ਾ ਦੇ ਦਿੰਦੀ ਹੈ।

ਜੋ ਨਿਸ਼ਚਾ ਉਸ ਪੰਥ 'ਤੇ ਚਲ ਕੇ ਉਸਨੇ ਪ੍ਰਾਪਤ ਕੀਤਾ ਹੈ ਉਸਦੀ ਜਿੱਤ ਤਾਂ ਉਸੇ ਵੇਲੇ ਹੀ ਹੋ ਜਾਂਦੀ ਹੈ। ਇਹ ਉਹ ਮਾਰਗ ਹੈ ਜਿਸ 'ਤੇ ਚਲਦਿਆਂ ਅਰਦਾਸੀਆ ਮੰਗ ਕਰਦਾ ਹੈ ਕਿ ਉਸ ਮਾਰਗ ਦੀ ਮਜਬੂਤੀ ਲਈ ਜੋ ਵੀ ਕੁਰਬਾਨੀ ਕਰਨੀ ਪਈ ਜਾਂ ਕੀਤੀ ਜਾਣੀ ਹੈ, ਉਸਦੀ ਹਮੇਸ਼ਾ ਜਿੱਤ ਹੋਵੇ। ਜਿੱਤ ਤਾਂ ਮਨੁੱਖ ਦੀ ਦਸ਼ਾ ਹੈ ਜਿੱਥੇ ਮਨ ਨਹੀਂ ਹਾਰਦਾ ਉੱਥੇ ਹਮੇਸ਼ਾ ਜਿੱਤ ਹੀ ਹਾਸਲ ਕਰਦਾ ਹੈ। ਸੱਚ ਜਾਣਿਓ ਜੇ ਕਿਸੇ ਪਹਿਲਵਾਨ ਦਾ ਅੰਦਰ ਡੋਲ ਜਾਵੇ ਤਾਂ ਉਹ ਪਹਿਲਵਾਨ ਕਿਸੇ ਕਮਜੋਰ ਵਿਅਕਤੀ ਤੋਂ ਵੀ ਹਾਰ ਸਕਦਾ ਹੈ। ਜੇ ਮਨ ਦੀ ਦ੍ਰਿੜਤਾ ਹੈ ਕੋਈ ਕਮਜੋਰ ਵੀ ਕਦੇ–ਕਦੇ ਪਹਿਲਵਾਨ ਨੂੰ ਹਰਾ ਸਕਦਾ ਹੈ। ਇਸ ਲਈ ਜਦੋਂ ਤਕ ਸਾਡੇ ਅੰਦਰ ਪੰਥਕ ਭਾਵਨਾ ਉਜਾਗਰ ਨਹੀ ਹੁੰਦੀ ਤਦ ਤਕ ਅਸੀਂ ਕਦੇ ਵੀ ਪੰਥ ਦੀ ਜਿੱਤ ਦੀ ਸਫਲ ਅਰਦਾਸ ਦਾ ਫਲ ਪ੍ਰਾਪਤ ਨਹੀਂ ਕਰ ਸਕਦੇ, ਇਸ ਲਈ ਪੰਥਕ ਜਜਬਾ ਤੇ ਪੰਥ ਦੀਆਂ ਪ੍ਰੰਪਰਾਵਾਂ ਹੀ ਪੰਥ ਦੀ ਜਿੱਤ ਵੱਲ ਸਾਨੂੰ ਪਹੁੰਚਾ ਸਕਣਗੀਆਂ।

**ਸ੍ਰੀ ਸਾਹਿਬ ਜੀ ਸਹਾਇ**

ਗੁਰਮਤਿ ਇਤਿਹਾਸ ਦੀ ਇਹ ਨਿਵੇਕਲੀ ਪ੍ਰਾਪਤੀ ਹੈ ਜੋ ਗੁਰੂ ਸਾਹਿਬਾਨਾਂ ਦੇ ਅਮਲੀ ਜੀਵਨ ਦੀ ਸੰਗਤ ਵਿੱਚੋਂ ਭਗਤੀ ਤੇ ਸ਼ਕਤੀ ਤੇ ਸੰਗਮ ਵਿੱਚੋਂ ਉਪਜੀ ਹੈ। ਪੰਜ ਪਿਆਰੇ ਉਹ ਪੂਰਨ ਹਸਤੀਆਂ ਹਨ, ਜਿਹੜੇ ਨਿਰਭੈ ਅਤੇ ਨਿਰਵੈਰ ਬਿਰਤੀ ਵਾਲੇ ਬਣ ਚੁੱਕੇ ਸਨ। ਜਿਨ੍ਹਾਂ ਵਿੱਚ ਮਾਨਵਤਾ ਜਾਗ ਚੁੱਕੀ ਸੀ, ਜੋ 'ਭੈ ਕਾਹੂ ਕੋ ਦੇਤ ਨਹ, ਨਹ ਭੈ ਮਾਨਤ ਆਨ' ਦੀ ਅਵਸਥਾ ਵਿੱਚ ਪੁੱਜ ਕੇ ਖ਼ਾਲਸ ਹੋ ਚੁੱਕੇ ਹਨ। ਉਹਨਾਂ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਸਾਹਿਬ (ਤਲਵਾਰ) ਦੀ ਧਾਰ 'ਤੇ ਪਰਖ ਕੇ ਖੰਡੇ ਦੀ ਪਾਹੁਲ ਛਕਾ ਸਿੰਘ ਸਜਾਇਆ। ਇਹ ਕ੍ਰਾਂਤੀਕਾਰੀ ਘਟਨਾ ਸਾਡੀ ਅਰਦਾਸ ਦਾ ਭਾਗ ਹੈ ਇਸਦੇ ਹੋਰ ਵੀ ਅੰਗ "ਚਾਰ ਸਾਹਿਬਜ਼ਾਦੇ, ਚਾਲੀ ਮੁਕਤੇ, ਹੱਠੀ ਜਪੀ, ਜਿਨ੍ਹਾਂ ਨਾਮ ਜਪਿਆ, ਵੰਡ ਕੇ ਛਕਿਆ, ਦੇਗ਼ ਚਲਾਈ, ਤੇਗ਼ ਵਾਹੀ" ਮਹਾਨ ਸ਼ਖਸ਼ੀਅਤਾਂ ਗੁਰਮਤਿ ਵਿਰਸੇ ਤੇ ਇਤਿਹਾਸ ਆ ਅਨਮੋਲ ਖਜਾਨਾ ਹਨ। ਉਹਨਾਂ ਗੁਰਮਤਿ ਇਤਿਹਾਸ ਵਿੱਚ ਨਾ ਕੇਵਲ ਅਰਦਾਸ ਰਾਹੀਂ ਨਿੱਤਾਪ੍ਰਤੀ ਯਾਦ ਕੀਤਾ ਜਾਂਦਾ ਹੈ ਬਲਕਿ ਪੂਰਨ ਸੁਰਜੀਤ ਵੀ ਕੀਤਾ ਜਾਂਦਾ ਹੈ। ਜਿਹੜੇ ਕੁਰਬਾਨੀ, ਅਣਖ ਤੇ ਬਹਾਦਰੀ ਦੇ ਮੁਜੱਸਮੇ ਸਨ।

ਪੰਥ ਕੀ ਜੀਤ ਦੀ ਕੜੀ ਜਦੋਂ ਅਰਦਾਸ ਵਿੱਚ ਅੱਗੇ ਵੱਧਦੀ ਹੈ ਤਾਂ ਇਹਨਾਂ ਬੋਲਾਂ ਰਾਹੀਂ ਸਿੰਘਾਂ ਨੂੰ ਕਦੇ ਵੀ ਹਾਰਕੇ ਨਾ ਆਉਣ ਦੀ ਜਾਚਨਾ ਕੀਤੀ ਜਾਂਦੀ ਹੈ। ਸ੍ਰੀ ਸਾਹਿਬ ਸਹਾਇ ਦੀ ਅਰਦਾਸ ਦੇ ਬੋਲ ਦੋਹਰੇ ਅਰਥਾਂ ਵਿੱਚ ਪ੍ਰਗਟ ਹੁੰਦੇ ਹਨ। ਇੱਕ ਪਾਸੇ ਸ੍ਰੀ ਸਾਹਿਬ ਸ਼ਕਤੀ ਦਾ ਪ੍ਰਤੀਕ ਹੈ ਦੂਜੇ ਪਾਸੇ ਇਹ ਜ਼ਾਹਰਾ ਰੂਪ, ਇਹ ਫਤਹਿ ਦਾ ਸਾਧਨ ਬਣਦੀ ਹੈ। ਇਸੇ ਲਈ ਇਸਦੇ ਸਹਾਈ ਹੋਣ ਦੀ ਮੰਗ ਕੀਤੀ ਜਾਂਦੀ ਹੈ। ਸ੍ਰੀ ਸਾਹਿਬ ਜੀ ਦੇ ਸ਼ਕਤੀ ਰੂਪ ਦਾ ਪ੍ਰਗਟਾਵਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬੜੇ ਸ਼ਪੱਸ਼ਟ ਸ਼ਬਦਾਂ ਵਿੱਚ ਕੀਤਾ ਹੈ। ਜਦ ਉਹ ਚੰਡੀ ਦੀ ਵਾਰ ਦੇ ਮੰਗਲਾਚਰਣ ਵਿੱਚ "ਪ੍ਰਥਮ ਭਗੌਤੀ ਸਿਮਰ ਕੇ" ਤੇ ਫਿਰ ਵਾਰ ਦੇ ਅਰੰਭਕ ਸ਼ਬਦਾਂ ਵਿੱਚ "ਪ੍ਰਿਥਮੈ ਖੰਡਾ ਸਾਜ ਕੈ ਸਭ ਸੈਸਾਰ ਉਪਾਇਆ" ਕਹਿੰਦੇ ਹਨ। ਕਿਸੇ ਸਿੱਖ ਦਾ ਇਸ ਸ਼ਕਤੀ ਦੀ ਉਪਾਸਨਾ ਤੋਂ ਮੁਨਕਰ ਹੋਣਾ ਕਿਵੇਂ ਸੰਭਵ ਹੋ ਸਕਦਾ ਹੈ? ਇਸ ਤਰ੍ਹਾਂ ਸਿਖਾਂ ਵੱਲੋਂ ਇਕੱਲਿਆਂ ਜਾਂ ਸੰਗਤੀ ਰੂਪ ਵਿੱਚ ਸ੍ਰੀ ਸਾਹਿਬ ਜੀ ਸਹਾਇ ਦੀ ਅਰਦਾਸ ਵਾਹਿਗੁਰੂ ਜੀ ਅੱਗੇ ਕੀਤੀ ਜਾਂਦੀ ਹੈ।

ਸ੍ਰੀ ਸਾਹਿਬ ਜੀ ਸਹਾਇ ਜਿੱਥੇ ਸ਼ਕਤੀ ਤੇ ਬਲ ਦਾ ਪ੍ਰਤੀਕ ਹੈ, ਉੱਥੇ ਇਹ ਗੁਲਾਮੀ ਦੇ ਬੰਧਨਾਂ ਤੋਂ ਅਜ਼ਾਦੀ ਦੇਣ ਵਾਲੀ ਸੋਚ ਦਾ ਅਧਾਰ ਵੀ ਹੈ। ਜਦੋਂ ਮਨੁੱਖੀ ਸਰੀਰ ਵਿੱਖ ਗੁਲਾਮੀ ਘਰ ਕਰ ਜਾਂਦੀ ਹੈ ਤੇ ਉਸਨੂੰ ਕਿਸੇ ਨਾ ਕਿਸੇ ਸਹਾਰੇ ਦੀ ਲੋੜ ਵੀ ਪੈਂਦੀ ਹੈ, ਉਹ ਸਹਾਰਾ ਅਰਦਾਸ ਹੀ ਹੈ। ਅਰਦਾਸ

ਸਰੀਰਕ ਸ਼ਕਤੀ ਦਾ ਪ੍ਰਤੀਕ ਹੈ ਜੋ ਮਨ ਦੀ ਮਜ਼ਬੂਤੀ ਤੋਂ ਸ਼ੁਰੂ ਹੁੰਦੀ ਹੈ ਤੇ ਸ੍ਰੀ ਸਾਹਿਬ ਤਕ ਪਹੁੰਚਦੀ ਹੈ।

**ਬਲ ਛੁਟਕਿਓ ਬੰਧਨ ਪਰੇ ਕਛੂ ਨਾ ਹੋਤ ਉਪਾਇ॥**

**ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥**

**ਬਲ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ॥**

**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.1429)

"ਜਿੱਥੇ ਕਾਇਰਤਾ ਤੇ ਹਿੰਸਾ ਵਿੱਚੋਂ ਇੱਕ ਨੂੰ ਚੁਣਨਾ ਪਵੇ, ਉੱਥੇ ਮੈਂ ਹਿੰਸਾ ਨੂੰ ਚੁਣਨ ਦੀ ਸਲਾਹ ਦੇਵਾਂਗਾ। ਬਿਨ੍ਹਾਂ ਮਾਰਨ ਦੇ ਮੈਂ ਮਰਨ ਦਾ ਸ਼ਾਂਤੀ ਭਰਪੂਰ ਹੌਂਸਲਾ ਪੈਦਾ ਕਰਨਾ ਚਾਹੁੰਦਾ ਹਾਂ। ਜਿਸ ਵਿੱਚ ਇਹ ਹੌਂਸਲਾ ਨਹੀਂ ਉਹਨੂੰ ਮੈਂ ਮਰਨ ਮਾਰਨ ਦੀ ਸਲਾਹ ਦੇਣ ਤੋਂ ਸੰਕੋਚ ਨਹੀਂ ਕਰਾਂਗਾ ਤਾਂ ਜੋ ਉਹ ਨਿਪੁੰਸਕ ਨਾ ਹੋ ਜਾਵੇ। ਬੁਜਦਿਲੀ ਦੇ ਬੇਵਸੀ ਦਾ ਸ਼ਿਕਾਰ ਬਣੇ ਰਹਿਣ ਨਾਲੋਂ ਹਿੰਦੁਸਤਾਨ ਨੂੰ ਮੈਂ ਆਪਣੀ ਅਣਖ ਦੀ ਰਾਖੀ ਲਈ ਹਥਿਆਰ ਚੁੱਕਣ ਦੀ ਸਲਾਹ ਦੇਵਾਂਗਾ।"

(ਮਹਾਤਮਾ ਗਾਂਧੀ)

ਆਤਮਿਕ ਤੇ ਸਰੀਰਕ ਬਲ ਦੇ ਅਧਾਰ 'ਤੇ ਹੀ ਸਿੱਖ ਨਿਆਂ ਦੇ ਸ਼ਿਖਰ 'ਤੇ ਪਹੁੰਚਦਾ ਹੈ। ਜੋ ਉਸਨੂੰ ਇਸ ਗੱਲ ਲਈ ਹਮੇਸ਼ਾ ਪ੍ਰੇਰਦੀ ਹੈ ਕਿ ਤੇਰੀ ਸ਼ਮਸ਼ੀਰ ਨਿਆਂ ਲਈ ਹੈ ਤੇ ਇਹ ਨਿਆਂ ਕਿਸੇ ਦੀ ਉਡੀਕ ਨਹੀ ਕਰਦਾ ਇਸ ਲਈ ਇਹ ਤੇਰੇ ਸਹਾਈ ਹੋਵੇ। ਸਿੱਖ ਰਹਿਤ ਦੀ ਪ੍ਰਤੀਕ ਸ੍ਰੀ ਸਾਹਿਬ ਜੀ ਦੇ ਸਹਾਇ ਹੋਣ ਦੀ ਅਰਦਾਸ ਸਿੱਖ ਦੀ ਬੀਰ ਰਸ, ਆਤਮਿਕ ਅਜਾਦੀ ਦਾ ਸਿਧਾਂਤ ਤੇ ਅਣਖ ਨਾਲ ਜਿਉਣ ਦਾ ਰਾਹ ਦਿੰਦੀ ਹੈ। ਜਿਸ ਦੀ ਜੋਦੜੀ ਅਸੀਂ ਰੋਜ਼ ਕਈ ਵਾਰ ਕਰਦੇ ਹਾਂ।

(ਡਾ.ਰਾਧਾ ਕ੍ਰਿਸ਼ਨਨ, ਧਰਮ ਤੇ ਸਮਾਜ, ਪੰਨਾ. 236)

**ਖ਼ਾਲਸੇ ਜੀ ਕੇ ਬੋਲ ਬਾਲੇ**

ਜੇ ਅਸੀਂ ਸਧਾਰਣ ਸ਼ਬਦਾਵਲੀ ਵੱਲ ਵੇਖਦੇ ਹਾਂ ਤਾਂ ਬੋਲ ਦਾ ਅਰਥ ਹੈ ਬਚਨ ਜਾਂ ਅਵਾਜ ਅਤੇ ਬਾਲਾ ਜੋ ਕਿ ਫ਼ਾਰਸੀ ਦਾ ਸ਼ਬਦ ਹੈ ਜਿਸਨੂੰ ਉੱਤਮ, ਉੱਚਾ, ਸ਼੍ਰੋਮਣੀ ਤੋਂ ਵੀ ਅਰਥ ਲਏ ਜਾ ਸਕਦੇ ਹਨ। ਜੇ ਦੋਨੋਂ ਸ਼ਬਦਾਂ ਦਾ ਸੁਮੇਲ ਕਰਕੇ ਵੇਖੀਏ ਤਾਂ ਉੱਚੀ ਅਤੇ ਸੁੱਚੀ ਅਵਾਜ਼ ਜਾਂ ਉਸ ਦੇ ਉੱਚੇ ਜਾਂ ਸੁੱਚੇ ਬੋਲ ਜੋ ਕਦੇ ਵੀ ਉਸਦੇ ਆਤਮ ਵਿਸ਼ਵਾਸ਼ ਨੂੰ ਡੋਲਣ ਨਾ ਦੇਵੇ। ਸਿੱਖ ਨੂੰ ਜੀਵਨ ਦੀ ਸੇਧ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰਾਪਤ ਹੁੰਦੀ ਹੈ। ਉਸਦੇ ਜਿਉਣ ਦਾ ਰਾਹ ਵੀ ਉਸਨੂੰ ਉੱਥੋਂ ਹੀ ਮਿਲਦਾ ਹੈ। ਇਸ ਲਈ ਉਸਦੀ ਬੋਲ ਬਾਣੀ ਹਮੇਸ਼ਾ ਉਸਨੂੰ ਸਹਜਿ, ਨਿਮਰਤਾ, ਪਿਆਰ ਤੇ ਸਤਿਕਾਰ ਲਈ ਪ੍ਰੇਰਦੀ ਰਹਿੰਦੀ ਹੈ। ਇਸ ਨਾਲ ਉਸਦਾ ਜੀਵਨ ਉੱਚਾ ਤੇ ਸੁੱਚਾ ਹੁੰਦਾ ਹੈ। ਕਈ ਵਾਰੀ ਮਾੜੇ ਬੋਲ ਜਿੱਥੇ ਮਨੁੱਖ ਦੇ ਕਿਰਦਾਰ ਨੂੰ ਦਰਸਾਉਂਦੇ ਹਨ ਉੱਥੇ ਇਹ ਗਲ ਵੀ ਯਾਦ ਰੱਖਣ ਵਾਲੀ ਹੈ ਕਿ ਹਥਿਆਰ ਦਾ ਫੱਟ ਤਾਂ ਭਰ ਜਾਂਦਾ ਹੈ ਪਰ ਜੁਬਾਨ ਦਾ ਫੱਟ ਭਾਵ ਜੁਬਾਨ ਤੋਂ ਗਈ ਕੌੜੀ ਗਲ੍ਹ ਦੂਜੇ ਦੇ ਮਨ 'ਤੇ ਇਨ੍ਹਾਂ ਮਾੜਾ ਅਸਰ ਪਾਉਂਦੀ ਹੈ ਜਾਂ ਫੱਟ ਲਾਉਂਦੀ ਹੈ ਜੋ ਸਾਰੀ ਉਮਰ ਨਹੀਂ ਭਰਿਆ ਜਾ ਸਕਦਾ। ਸ਼ਹਾਦਤ ਦਾ ਮੁੱਢਲਾ ਸਿਧਾਂਤ ਇਹ ਵੀ ਹੈ ਕਿ ਸ਼ਹੀਦੀ ਪ੍ਰਾਪਤ ਕਰਨ ਵਾਲਾ ਕਦੇ ਵੀ ਝੂਠ ਨਹੀਂ ਬੋਲਦਾ, ਸ਼ਹੀਦੀ ਪ੍ਰਾਪਤ ਕਰ ਲੈਂਦਾ ਹੈ। ਫਿਰ ਭਾਵੇਂ ਬੰਦ-ਬੰਦ ਕੱਟੇ ਜਾਣ, ਖੋਪਰੀਆਂ ਲੁਹਾਉਣੀਆਂ ਪੈਣ, ਆਰੇ

ਨਾਲ ਚੀਰੇ ਜਾਣ, ਰੂੰ ਨਾਲ ਲਪੇਟ ਸਾੜ ਦਿੱਤੇ ਜਾਣ, ਜਿਉਂਦੇ ਦੇਗਾਂ ਵਿੱਚ ਉਬਾਲੇ ਜਾਣ, ਚਰਖੜੀਆਂ 'ਤੇ ਚੜ੍ਹਨਾ ਪਵੇ ਆਪਣੇ ਬੋਲ ਬਾਲੇ ਨੂੰ ਸਿਦਕ ਨਾਲ ਪੂਰਾ ਕਰਦਿਆਂ ਸ਼ਹੀਦੀ ਪਾਈ ਜਾਂਦੀ ਹੈ। ਸਿਦਕ ਤੋਂ ਬਿਨ੍ਹਾਂ ਮਨੁੱਖੀ ਕਦਰਾਂ ਤੇ ਕੀਮਤਾਂ ਦੇ ਰੂਪ ਵਿੱਚ ਚੰਗਿਆਈ ਨਿੱਜੀ ਪ੍ਰਾਪਤੀ ਹੋ ਕੇ ਸਵੈ– ਵਿਸ਼ਵਾਸ਼ ਤੇ ਇਸ ਤੋਂ ਵਿਗੜ ਹਉਮੈ ਤੇ ਹੰਕਾਰ ਦਾ ਰੂਪ ਧਾਰਣ ਕਰ ਸਕਦੀ ਹੈ, ਜਿਸ ਤੋਂ ਬਚਣ ਦੀ ਬਹੁਤ ਲੋੜ ਹੈ।

**ਖੁਦੀ ਕੋ ਕਰ ਬੁਲੰਦ ਇਤਨਾ ਕਿ ਹਰ ਤਕਦੀਰ ਤੇ ਪਹਿਲੇ**

**ਖੁਦਾ ਬੰਦੇ ਸੇ ਪੂਛੇ ਕੇ ਬਤਾ ਤੇਰੀ ਰਜ਼ਾ ਕਿਆ ਹੈ।**

(ਸਰ ਮੁਹੰਮਦ ਇਕਬਾਲ)

ਵਿਗੜੇ ਹੋਏ ਸਵੈ–ਵਿਸ਼ਵਾਸ਼ ਦੀ ਦਸ਼ਾ 'ਬੋਲ ਵਿਗਾੜ' ਤੇ 'ਸਿਰਿ ਗਾਵਾਰਾ ਗਾਵਾਰੁ ' ਵਾਲੀ ਦਸ਼ਾ ਹੈ। ਇਸ ਪ੍ਰਵਰਤੀ ਨੂੰ ਤਿਆਗਣ ਦੀ ਲੋੜ ਹੈ, ਤਾਂ ਹੀ ਜਿਸ ਬੋਲ ਬਾਲੇ ਦੇ ਗਿਆਨ ਦੇ ਪਾਸ ਆਉਣ ਦੀ ਅਸੀਂ ਕੋਸ਼ਿਸ਼ ਕਰ ਰਹੇ ਉਸਦੀ ਪ੍ਰਾਪਤੀ ਲਈ ਅਸੀਂ ਨਿੱਤਾਪ੍ਰਤੀ ਅਰਦਾਸ ਕਰਦੇ ਹਾਂ ਕਿ ਖ਼ਾਲਸੇ ਜੀ ਕੇ ਬੋਲ ਬਾਲੇ ਜਿੱਥੇ ਉਸਦੀ ਪ੍ਰਭੂ ਸੱਤਾ ਦੀ ਪ੍ਰਤੀਕ ਹੁੰਦੀ ਹੈ ਉੱਥੇ ਹੀ ਉਸ ਵਿੱਚ ਗੁਣਾਂ ਦਾ ਭੰਡਾਰ ਬਣ ਉਸਦ ਜੀਵਨ ਦਾ ਅੰਤਰਮੁਖੀ ਲਿਸ਼ਕਾਰਾ ਬਣ ਜਾਵੇ। ਇਹ ਅਕਾਲ ਪੁਰਖ ਨਾਲ ਵਿਚਾਰੇ ਬਚਨ ਵੀ ਹਨ।

ਅਰਦਾਸ ਸਿੱਖ ਜਗਤ ਦੀ ਇੱਕ ਅਤਿ–ਸ਼ਕਤੀਸ਼ਾਲੀ ਸੰਸਥਾ ਹੈ ਇਹ ਨਾ ਕੇਵਲ ਸਿੱਖਾਂ ਦੇ ਸੰਸਾਰਿਕ ਜੀਵਨ ਨੂੰ ਨਿਯਮਿਤ ਕਰਦੀ ਹੈ ਸਗੋਂ ਅਧਿਆਤਮਕ ਤੱਥਾਂ ਅਤੇ ਮਾਨਸਿਕ ਅਵਸਥਾ ਨੂੰ ਵੀ ਅਗਾਂਹ ਤੋਰਦੀ ਹੈ। ਇਸਦੀ ਭਾਵਨਾ ਬੇੇਨਤੀਆਂ ਜਾਂ ਅਰਜੋਈਆਂ ਦੀ ਹੈ, ਜੋ ਹੁਕਮ ਅਤੇ ਰਜ਼ਾ ਵਿੱਚ ਕੀਤੀ ਜਾਂਦੀ ਹੈ। ਇਹ ਰੱਬੀ ਮਿਹਰ ਦਾ ਫਲ ਮੰਨੀ ਜਾਂਦੀ ਹੈ। ਇਹ ਮਨੁੱਖ ਇਹ ਮਨੁੱਖ ਨੂੰ ਨਾ ਕੇਵਲ ਨਿਮਰਤਾ ਨਾਲ ਜਿਉਣਾ ਸਿਖਾਉਂਦੀ ਹੈ ਬਲਕਿ ਇੱਕ ਸੁਚੱਜੀ ਜੀਵਨ ਜਾਚ ਵੀ ਪ੍ਰਦਾਨ ਕਰਦੀ ਹੈ। ਸਿੱਖ ਜੀਵਨ ਜਾਚ ਵਿੱਚ ਇਸਦੀ ਪ੍ਰਭਾਵਸ਼ੀਲਤਾ ਨੂੰ ਵੇਖਦਿਆਂ ਹੋਇਆਂ ਕਈ ਮਨਮਤੀਆਂ ਨੇ ਵੀ ਆਪੋ–ਆਪਣੀਆਂ ਅਰਦਾਸਾਂ ਘੜ ਲਿਆਂਦੀਆਂ ਹਨ। ਉਹਨਾਂ ਦੇ ਬੀਤੇ ਇਤਿਹਾਸ ਵਿੱਚ ਨਾ ਕੋਈ ਕੁਰਬਾਨੀ, ਨਾ ਸ਼ਹੀਦੀ, ਨਾ ਗੁਰੂ ਪ੍ਰੰਪਰਾ ਜਿਸ ਵਿੱਚ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਗੋਸ਼ਟੀ ਵਿਖਾਈ ਦਿੰਦੀ ਹੈ। ਸਿੱਖ ਦੀ ਅਰਦਾਸ ਦੀ ਖ਼ੂਨ ਨਾਲ ਭਿੱਜੀ ਧਰਤੀ ਵਿੱਚੋਂ ਉਬਰੀ ਹੋਈ ਅਰਦਾਸ ਹੈ। ਸਚਮੁੱਚ ਸਿੱਖੀ ਇੱਕ ਬੜੀ ਸ਼ਕਤੀਸ਼ਾਲੀ ਸੰਸਥਾ ਹੈ ਤੇ ਇਸ ਸੰਸਥਾ ਨੂੰ ਨਿਭਾਉਣ ਵਿੱਚ ਹੀ ਸਿੱਖੀ ਦੀ ਸ਼ਾਨ ਹੈ।

ਅਰਦਾਸ ਦੀ ਅਗਲੇਰੀ ਇਕਾਈ ਸਿੱਖ ਦੇ ਸਮੂਹਿਕ ਗੁਣਾਂ ਨੂੰ ਗ੍ਰਹਿਣ ਕਰਨ ਲਈ ਬੇਨਤੀਆਂ ਨਾਲ ਸੰਪੂਰਨ ਹੈ। ਇਹ ਗੁਣ ਕੋਈ ਸਧਾਰਣ ਗੁਣ ਨਹੀਂ ਸਨ, ਇਹਨਾਂ 'ਤੇ ਕੋਈ ਵਿਰਲਾ ਮਨੁੱਖ ਹੀ ਪੂਰਾ ਉਤਰ ਸਕਦਾ ਹੈ, ਕੇ ਉਸ 'ਤੇ ਅਕਾਲ ਪੁਰਖ ਦੀ ਬਖਸ਼ਿਸ਼ ਨਾ ਹੋਈ ਹੋਵੇ। ਦੂਜੇ ਸ਼ਬਦਾਂ ਵਿੱਚ ਗੁਰੂ ਦੀ ਬਖਸ਼ਿਸ਼ ਤੋਂ ਬਿਨ੍ਹਾਂ ਕੋਈ ਵੀ ਮਨੁਖ ਪੂਰਾ ਨਹੀਂ ਉਤਰ ਸਕਦਾ। ਇਹੋ ਕਾਰਨ ਹੈ ਕਿ ਗੁਣ ਦਾਨ ਵਾਂਗ ਮੰਗੇ ਗਏ ਹਨ। ਦਾਨ ਵਿਸ਼ੇਸ਼ ਕਰਕੇ ਦਿੱਤਾ ਜਾਂਦਾ ਹੈ। ਵੈਸੇ ਤਾਂ ਅਕਾਲ ਪੁਰਖ ਨੇ ਮਨੁੱਖ ਨੂੰ ਅਨੇਕਾਂ ਪਦਾਰਥ ਸਹਿਜ ਰੂਪ ਵਿੱਚ ਦਿੱਤੇ ਹੋਏ ਹਨ ਪਰ ਉਹਨਾਂ ਤੋਂ

ਇਲਾਵਾ ਗੁਰੂ ਘਰ ਦੇ ਕੁਝ ਅਜਿਹੇ ਵਿਸ਼ੇਸ਼ ਗੁਣ ਹਨ ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ, ਆਪਣੇ ਜੀਵਨ ਵਿੱਚ ਵਸਾਉਣ ਲਈ, ਜੀਵਨ ਦਾ ਅੰਗ ਬਣਾਉਣ ਲਈ ਵਿਸ਼ੇਸ਼ ਰੂਪ ਵਿੱਚ ਬੇਨਤੀ, ਜੋਦੜੀ ਕੀਤੀ ਗਈ ਹੈ। ਅਰਦਾਸ ਵਿੱਚ ਇਹਨਾਂ ਗੁਣਾਂ ਦੀ ਗਿਣਤੀ ਸੱਤ (7) ਹੈ, ਜਿਨ੍ਹਾਂ ਵਿੱਚ 'ਨਾਮ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਸ੍ਰੀ ਅੰਮ੍ਰਿਤਸਰ ਜੀ ਕੇ ਦਰਸ਼ਨ ਇਸ਼ਨਾਨ' ਦੇ ਗੁਣਾਂ ਦੀ ਮੰਗ ਕੀਤੀ ਗਈ ਹੈ। ਆਓ ਇਹਨਾਂ ਸੱਤ ਗੁਣਾਂ ਬਾਰੇ ਵਿਸਤਾਰ–ਪੂਰਵਕ ਜਾਣਦੇ ਹਾਂ।

## ਅਧਿਆਇ-7

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ,

ਰਹਿਤ ਦਾਨ, ਬਿਬੇਕ ਦਾਨ,

ਵਿਸਾਹ ਦਾਨ, ਭਰੋਸਾ ਦਾਨ,

ਦਾਨਾਂ ਸਿਰ ਦਾਨ ਨਾਮ ਦਾਨ,

ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ,

ਚੌਂਕੀਆਂ ਝੰਡੇ, ਬੁੰਗੇ, ਜੁੱਗੋ–ਜੁੱਗ ਅਟੱਲ,

ਧਰਮ ਕਾ ਜੈਕਾਰ,

ਬੋਲੋ ਜੀ ਵਾਹਿਗੁਰੂ!

ਮਨੁੱਖੀ ਇਤਿਹਾਸ ਵਿੱਚ ਮਨੁੱਖੀ ਸ਼ਕਤੀ ਤੇ ਅਧਿਕਾਰ ਦੇ ਖਾਤਮੇ ਲਈ ਗਿਆਨ ਦੇ ਸੂਰਜ ਦੀਆਂ ਕਿਰਨਾਂ ਦੀ ਰੋਸ਼ਨੀ ਤੋਂ ਸਦੀਆਂ ਦੀ ਸੁੱਤੀ ਮਨੁੱਖਤਾ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨਾਲ ਜਦੋਂ ਰੋਸ਼ਨ ਹੋ ਗਏ ਤਾਂ ਸੱਚ ਮੰਨੋ ਸੰਸਾਰ ਵਿੱਚ ਇੱਕ ਆਸ ਬੱਝੀ ਕਿ ਜੀਵਨ ਮੁਕਤ ਦਾ ਸਿਧਾਂਤ ਹੀ ਸਾਨੂੰ ਮੁਕਤੀ ਦਿਵਾ ਸਕਦਾ ਹੈ। ਸਿੱਖੀ ਦੇ ਗੁਣਾਂ ਨੇ ਸਿੱਖੀ ਦੇ ਇੱਕ ਨਵੇਂ ਪੰਥ ਦਾ ਨਿਰਮਾਣ ਕੀਤਾ। ਖ਼ਾਲਸੇ ਦੀ ਸਿਰਜਣਾ ਤਕ ਅਮਲ ਨੇ ਦਸ ਪਾਤਸ਼ਾਹੀਆਂ ਦਾ ਰੂਹਾਨੀ ਸਫਰ ਤੈਅ ਕੀਤਾ ਹੈ। ਇਸ ਸਫਰ ਵਿੱਚ ਵੀ ਸਿੱਖ ਪੰਥ ਨੇ ਆਪਣੀ ਵਿਲੱਖਣ ਪਛਾਣ ਦੀ ਬਣਤਰ ਅਤੇ ਇਸਦੇ ਕਾਰਜਾਂ ਨੂੰ ਨਿਖਾਰਿਆ ਤੇ ਪਰਖਿਆ ਹੈ। ਸਿੱਖੀ ਇਤਿਹਾਸ ਲਈ ਜਦੋਂ ਵੀ ਪਰਖ ਦੀ ਘੜੀ ਆਈ ਤਾਂ ਗੁਰੂ ਸਾਹਿਬ ਆਪ ਖੁਦ ਉਸ ਪਰਖ ਲਈ ਪੇਸ਼ ਹੋਏ ਅਤੇ ਸਿੱਖ ਜੀਵਨ ਲਈ ਸ਼ਹਾਦਤ ਦੇ ਉੱਤੇ ਤੇ ਸੁੱਚੇ ਕੀਰਤੀਮਾਨ ਸਥਾਪਿਤ ਕੀਤੇ ਸਨ। ਗੁਰੂ ਅਰਜਨ ਦੇਵ ਸਾਹਿਬ ਜੀ ਤੱਤੀ ਤਵੀ ’ਤੇ ਬੈਠੇ ਤੇ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਨੌਵੀਂ ਗੁਰੂ ਨਾਨਕ ਜੋਤਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮਾਂ ਦੀ ਰਾਖੀ ਲਈ ਆਪਣਾ ਸੀਸ ਭੇਂਟ ਕਰ ਸ਼ਹੀਦੀ ਜਾਮ ਪੀ ਲਿਆ। ਉਹਨਾਂ ਤੋਂ ਪਹਿਲਾਂ ਉਹਨਾਂ ਦੇ ਪਿਆਰੇ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਵੀ ਸ਼ਹੀਦੀ ਪਾ ਗਏ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਾਰੇ ਸਾਹਿਬਜ਼ਾਦੇ, ਦੋ

ਚਮਕੌਰ ਦੀ ਗੜ੍ਹੀ ਵਿੱਚ ਦੋ ਸਰਹੰਦ ਦੀਆਂ ਨੀਹਾਂ ਵਿੱਚ ਸ਼ਹਾਦਤ ਦਾ ਜਾਮ ਪੀ ਗਏ। ਅਣਗਿਣਤ ਸ਼ਹੀਦ ਸਿੰਘ ਸਿੰਘਣੀਆਂ ਜਿਨ੍ਹਾਂ ਨੇ ਸਿੱਖੀ ਸਰੂਪ, ਸਿਧਾਂਤਾਂ ਲਈ ਸ਼ਹੀਦੀ ਪ੍ਰਾਪਤ ਕੀਤੀ ਤੇ ਜੀਵਨ ਦੇ ਮਿਆਰ ਦਾ ਸ਼ਿਖਰ ਹਾਸਿਲ ਕੀਤਾ। ਇਸ ਪਵਿੱਤਰ ਮਾਰਗ ਦੇ ਪਾਂਧੀ ਬਣੇ ਸਿੱਖਾਂ ਨੇ ਹਰ ਜ਼ੁਲਮ ਨੂੰ ਭਾਣਾ ਮੰਨ ਕੇ ਹੰਢਾਇਆ ਹੈ ਜੋ ਸਿੱਖ ਪੰਥ ਦੀ ਰੂਹਾਨੀ ਜਿੰਦਾਦਿਲੀ ਦਾ ਸੋਮਾ ਹੈ।

ਗੁਰੂ ਜੋਤ ਦੀ ਜੀਵਤ ਅਗਵਾਈ ਵਿੱਚ ਸਿੱਖਾਂ ਨੇ ਆਪਣਾ ਵਿਵਹਾਰਿਕ ਵਿਸ਼ਵਾਸ਼ ਜੀਵਨ ਵਿੱਚ ਗੁਰੂ ਦੇ ਹੁਕਮ ਅਤੇ ਉਸਦੀ ਰਜ਼ਾ ਵਿੱਚ ਰਹਿਣ ਦੀ ਜਾਚ ਸਿੱਖੀ ਹੈ। ਮਨੁੱਖੀ ਅਮਲ ਵਿੱਚ ਜਿੱਥੇ ਕਿਤੇ ਵੀ ਪੁਰਾਣੀਆਂ ਰਸਮਾਂ ਰੋਕ ਬਣੀਆਂ ਤਾਂ ਗੁਰੂ ਸਾਹਿਬਾਨਾਂ ਨੇ ਆਪ ਅਗਵਾਈ ਕੀਤੀ ਤੇ ਉਨ੍ਹਾਂ ਦਾ ਬਦਲ ਪੇਸ਼ ਕੀਤਾ। ਉਹਨਾਂ ਸਿੱਖੀ ਦੀ ਰਹਿਤ ਦੇ ਹਰ ਪੱਖ ਨੂੰ ਖੁਦ ਨਵੇਂ ਰੂਪ ਵਿੱਚ ਸਿਰਜਿਆ।

ਇਸ ਨਵੀਂ ਸਿਰਜਣਾ 'ਤੇ ਸਿੱਖੀ, ਜਿਸਦਾ ਰਹਿਤ ਵਾਲਾ, ਸਿਧਾਂਤ ਵਾਲਾ, ਪਿਆਰ ਵਾਲਾ, ਕੁਰਬਾਨੀ ਵਾਲਾ, ਇੱਕ ਰੱਬ ਦੀ ਹੋਂਦ ਵਾਲਾ, ਜੀਵਨ ਦੇ ਭਰਪੂਰ ਖ਼ਾਲਸਾਈ ਸਵਰੂਪ ਨੂੰ ਸਿਰਜ ਕੇ ਦਸਮ ਪਾਤਸ਼ਾਹ ਨੇ ਜੋ ਦਾਨ ਦਿੱਤਾ ਸੀ, ਉਸ ਸਿੱਖੀ ਦਾ ਦਾਨ ਨਿੱਤਾਪ੍ਰਤੀ ਸਿੱਖ ਅਕਾਲ ਪੁਰਖ ਅੱਗੇ ਅਰਦਾਸ ਕਰਕੇ ਮੰਗਦਾ ਹੈ। ਇਹ ਉਹ ਪਹਿਲਾ ਗੁਣ ਹੈ ਜੋ ਸਿੱਖ ਨੇ ਅਰਦਾਸ ਵਿੱਚ ਦਾਨ ਦੇ ਰੂਪ ਵਿੱਚ ਮੰਗਿਆ ਹੈ, ਜਿਸਦਾ ਮਨ ਨੀਵਾਂ ਮੱਤ ਉੱਚੀ ਹੋਵੇ।

**ਕੇਸ ਦਾਨ**

ਸਿੱਖ ਪਛਾਣ ਵਿੱਚ ਕੇਸਾਂ ਦੀ ਮਹੱਹਤਾ ਤੋਂ ਸ਼ਾਇਦ ਹੀ ਕੋਈ ਮੁਨਕਰ ਹੋਵੇ। ਸਿੱਖਾਂ ਦੇ ਜੀਵਨ ਦੀਆਂ ਗਤੀਵਿਧੀਆਂ ਵਿੱਚ ਗੁਰੂ ਪ੍ਰਤੀ ਅਥਾਹ ਸ਼ਰਧਾ, ਪਿਆਰ ਅਤੇ ਵਿਸ਼ਵਾਸ਼ ਹੈ। ਗੁਰੂ ਵਿਸ਼ਵਾਸ਼ ਦੇ ਸਹਾਰੇ ਸਿੱਖਾਂ ਨੇ ਅਤਿ–ਕਠਨ ਹਲਾਤਾਂ ਅਤੇ ਜਾਲਮ ਹਕੂਮਤਾਂ ਦਾ ਸਿਦਕਦਿਲੀ ਨਾਲ ਟਾਕਰਾ ਕੀਤਾ ਹੈ। ਗੁਰ–ਵਿਸ਼ਵਾਸ਼ ਨਾਲ ਗੁਰ ਮਰਿਯਾਦਾ ਜਾਂ ਸਿੱਖ ਰਹਿਤ ਸਬੰਧਿਤ ਹੈ, ਜਿਸਨੂੰ ਸਿੱਖੀ ਸਿਧਾਂਤ ਕਿਹਾ ਜਾਂਦਾ ਹੈ। ਸਿੱਖੀ ਗੁਰੂ ਬਚਨਾਂ (ਗੁਰਬਾਣੀ) ਅਤੇ ਗੁਰ ਮਰਿਯਾਦਾ ਦਾ ਸੁਮੇਲ ਅਤੇ ਸੰਤੁਲਨ ਹੈ। ਸਿੱਖ ਦਾ ਧਾਰਮਿਕ ਵਿਸ਼ਵਾਸ਼ ਅਤੇ ਮਰਿਯਾਦਾ ਇਹਨਾਂ ਦੀ ਵਿਲੱਖਣ ਪਛਾਣ ਦਾ ਅਧਾਰ ਹਨ। ਸਿੱਖ ਮਰਿਯਾਦਾ ਵਿਸ਼ਵਾਸ਼ ਵਿੱਚ ਉਭਰੀ ਤੇ ਉਸਰੀ ਹੈ। ਜਿਸ ਨਾਲ ਸਿੱਖ ਧਰਮ ਦੀ ਨਿਆਰੀ ਹਸਤੀ ਕਾਇਮ ਹੋਈ ਹੈ।

ਭਾਈ ਜੋਧ ਸਿੰਘ ਰਹਿਤ ਨੂੰ ਸਿੱਖਾਂ ਦੀ ਤਾਕਤ ਤੇ ਧਰਮ ਦੀ ਸਦੀਵੀਂ ਹੋਂਦ ਮੰਨਦੇ ਹੋਏ ਲਿਖਦੇ ਹਨ ਕਿ 'ਰਹਿਤ ਵਿੱਚ ਬੱਝਾ ਸਿੱਖ ਸਵਾ ਲੱਖ ਬਰਾਬਰ ਹੋ ਗਿਆ।' ਇਸ ਦਾਇਰੇ ਦੀ ਤੰਗੀ ਨਹੀਂ ਸੀ ਇਹ ਸੱਤਾ ਨੂੰ ਉਸਦੇ ਦਾਇਰੇ ਤੱਕ ਲਿਆਉਣਾ ਸੀ ਜਿੱਥੇ ਉਹ ਕਿਰਿਆ ਦੇ ਰੂਪ ਵਿੱਚ ਪਰਗਟ ਹੋ ਸਕੇ। ਖ਼ਾਲਸਾ ਕਿਸੇ ਖਾਸ ਲੋੜ ਨੂੰ ਪੂਰਾ ਕਰਨ ਲਈ ਨਹੀਂ ਸੀ ਸਿਰਜਿਆ ਗਿਆ। ਖ਼ਾਲਸਾ ਉਸ ਅਰਦਾਸ ਨੂੰ ਸਦਾ ਕਾਇਮ ਰੱਖਣ ਲਈ ਹੈ ਜੋ ਸਤਿਗੁਰਾਂ ਨੇ ਮਨੁੱਖ ਜਾਤੀ ਦੇ ਸਾਹਮਣੇ ਰੱਖੀ। ਖ਼ਾਲਸਾ ਗੁਰੂ ਦਾ ਖਾਸ ਰੂਪ ਹੈ ਤੇ ਅਟੱਲ ਹੈ।

(1990–265 'ਗੁਰਮਤਿ ਨਿਰਨਯ')

ਸਿੱਖ ਧਰਮ ਦੀ ਨਿਯਮਾਵਲੀ ਵਿੱਚ ਮੁੰਡਨ ਦੀ ਰਸਮ ਦੀ ਮਨਾਹੀ ਹੈ। ਇਸਦੇ ਉਲਟ ਜਮਾਂਦਰੂ ਕੇਸ ਰੱਖਣ ਦੀ ਰਵਾਇਤ ਪ੍ਰਚਲਿਤ ਹੈ। ਗੁਰਬਾਣੀ ਵਿੱਚ ਸਤਿਗੁਰੂ ਦੇ ਰੋਮ–ਰੋਮ ਧਿਆਉਣ ਦੇ ਅਨੇਕਾਂ ਵੇਰਵੇ ਹਨ, ਜਿਨ੍ਹਾਂ ਤੋਂ ਸਾਨੂੰ ਇਹ ਪਤਾ ਲਗਦਾ ਹੈ ਕਿ ਸਿੱਖ ਸੂਰਤ ਵਿੱਚ ਰੋਮ ਮੁੱਢ ਤੋਂ ਹੀ ਰਹੇ ਹਨ। ਜਿਹੜੇ ਲੋਕ ਆਪਣੇ–ਆਪ ਨੂੰ ਮਾਡਰਨ ਕਹਾਉਣ ਲਈ ਦਲੀਲ ਦਿੰਦੇ ਹਨ ਕਿ ਗੁਰਬਾਣੀ ਜਾਂ ਧਰਮ ਦਾ ਕੇਸ ਰੱਖਣ ਨਾਲ ਕੋਈ ਸੰਬੰਧ ਨਹੀਂ ਹੈ, ਉਹਨਾਂ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਰਚਨਾਤਮਕ ਚਿਨ੍ਹਾਂ ਦਾ ਹਕੀਕੀ ਜੀਵਨ ਨਾਲ ਸੰਬੰਧ ਹੁੰਦਾ ਹੈ। ਮਨੁੱਖ ਦੀ ਸੂਰਤ ਵੀ ਉਸੇ ਸਿਰਜਣਹਾਰ ਦੀ ਸਜਾਈ ਹੋਈ ਹੈ ਤੇ ਇਸਨੂੰ ਸਾਬਤ ਰੱਖਣਾ ਵੀ ਹਰ ਸਿੱਖ ਦਾ ਧਾਰਮਿਕ ਫ਼ਰਜ਼ ਹੈ। ਗੁਰਬਾਣੀ ਵਿੱਚ ਰੋਮਾਂ ਬਾਰੇ ਕਈ ਜਗ੍ਹਾ ਮਨੁੱਖ ਨੂੰ ਸਮਝਾਇਆ ਗਿਆ ਹੈ।

**ਰੋਮੇ ਰੋਮਿ ਰੋਮਿ ਰੋਮੇ ਮੈ ਗੁਰਮੁਖਿ ਧਿਆਏ ਰਾਮ॥**

**ਰਾਮ ਨਾਮੁ ਧਿਆਏ ਪਵਿਤੁ ਹੋਇ ਆਏ ਤਿਸੁ ਰੂਪੁ ਨ ਰੇਖਿਆ ਕਾਈ॥**

**ਰਾਮੋ ਰਾਮੁ ਰਵਿਆ ਘਟ ਅੰਤਰਿ ਸਭ ਤ੍ਰਿਸਨਾ ਭੂਖ ਗਵਾਈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 443)

ਆਧੁਨਿਕ ਜੀਵਨ ਵਿੱਚ ਫੈਸ਼ਨਪ੍ਰਸਤੀ ਕਰਕੇ ਸਿੱਖ ਸਮਝੌਤਾ ਪ੍ਰਸਤ ਹੋ ਨਵੇਂ–ਨਵੇਂ ਬਹਾਨੇ ਘੜ ਰਹੇ ਹਨ ਕਿ ਕੇਸਾਂ ਦੀ ਲੋੜ ਹੈ। ਧਾਰਮਿਕ ਸ਼੍ਰੇਣੀਆਂ ਇਸ ਵਿਚ ਆਪਣੀ ਅੱਡੀ ਚੋਟੀ ਦੀ ਵਾਹ ਲਗਾ ਰਹੀਆਂ ਹਨ ਕਿ ਲੋਕ ਕੇਸਾਂ ਦੀ ਸੰਭਾਲ ਕਰਨ। ਜਿੱਥੇ ਕਈ ਡੇਰਿਆਂ ਵਿੱਚ ਇਸ ਨੂੰ ਕਿਤੇਵੀ ਧਾਰਮਿਕ ਉਲੰਘਣਾ ਨਹੀਂ ਮੰਨਿਆਂ ਜਾਂਦਾ ਤੇ ਨਾ ਹੀ ਕਿਸੇ ਨੂੰ ਕੇਸ ਕੱਟਣ ਤੋਂ ਰੋਕੇ ਜਾਣ ਲਈ ਉਪਰਾਲਾ ਕੀਤਾ ਜਾਂਦਾ ਹੈ। ਮੈਂ ਤਾਂ ਕਹਾਂਗਾ ਕਿ ਇਹ ਬਿਮਾਰੀ ਦਿਨੋ ਦਿਨ ਵੱਧਦੀ ਜਾ ਰਹੀ ਹੈ। ਜਿਸ ਲਈ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਕਈ ਵਾਰੀ ਕਈ ਸਿੱਖ ਇਹ ਕਹਿੰਦੇ ਵੀ ਸੁਣੇ ਜਾਂਦੇ ਹਨ ਕਿ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੂਰਾ ਭਰੋਸਾ ਹੈ। ਅਸੀਂ ਸਾਰੇ ਗੁਰੂ ਸਾਹਿਬਾਨਾਂ ਦਾ ਪੂਰਾ ਸਤਿਕਾਰ ਕਰਦੇ ਹਾਂ। ਫਿਰ ਸਿਰਫ ਕੇਸਾਂ ਨਾਲ ਹੀ ਸਿੱਖੀ ਥੋੜਾਂ ਪੂਰੀ ਹੁੰਦੀ ਹੈ। ਸਿੱਖ ਚਿੰਤਨ ਵਿੱਚ ਇਹ ਗੱਲ ਬਹੁਤ ਜਰੂਰੀ ਹੈ ਕਿ ਅੰਦਰ ਤੇ ਬਾਹਰ ਦੋਨੋਂ ਰੂਪਾਂ ਵਿੱਚ ਭਾਵ ਸਿੱਖ ਦੇ ਅੰਦਰ ਤੇ ਬਾਹਰ ਸਿੱਖੀ ਦੇ ਗੁਣ ਪ੍ਰਕਾਸ਼ਮਾਨ ਹੋਣੇ ਚਾਹੀਦੇ ਹਨ। ਕੇਵਲ ਬਾਹਰ ਦੇ ਗੁਣਾਂ ਨਾਲ ਜਾਂ ਕੇਵਲ ਅੰਦਰ ਦੇ ਗੁਣਾਂ ਨਾਲ ਅਸੀਂ ਸਿੱਖੀ ਰਹਿਤ ਦੇ ਧਾਰਣੀ ਨਹੀਂ ਹੋ ਸਕਦੇ।

ਮੈਨੂੰ ਯਾਦ ਹੈ ਦਾਸ ਇੱਕ ਬੱਚਿਆਂ ਦੇ ਕੈਂਪ ਵਿੱਚ ਸਿੱਖੀ ਸਿਧਾਂਤਾਂ ’ਤੇ ਬੋਲ ਰਿਹਾ ਸੀ, ਕੇਸਾਂ ਬਾਰੇ ਹੋ ਰਹੀ ਚਰਚਾ ਦੌਰਾਨ ਇੱਕ ਬੱਚੇ ਨੇ ਸਵਾਲ ਕੀਤਾ ਕਿ ਅਸੀਂ ਕੇਸ ਕਿਉਂ ਰੱਖਦੇ ਹਾਂ? ਮੈਂ ਉਸ ਬੱਚੇ ਸਾਰਿਆਂ ਵਿੱਚ ਬੜੇ ਪਿਆਰ ਨਾਲ ਬੁਲਾਇਆ ਤੇ ਉਸਦੇ ਸਵਾਲ ਦੀ ਸ਼ਾਬਾਸ਼ੀ ਦਿੱਤੀ ਜਿਸ ਨਾਲ ਉਸਦਾ ਹੌਂਸਲਾ ਬਣਿਆ ਰਹੇ। ਦਾਸ ਨੇ ਸਾਰੇ ਬੱਚਿਆਂ ਪਾਸੋਂ ਪੁੱਛਿਆ, “ਦੱਸੋ ਬੱਚਿਓ! ਅਸੀਂ ਕੇਸ ਕਿਉਂ ਰੱਖਦੇ ਹਾਂ?” ਇਸ ’ਤੇ ਕਿਸੇ ਨੇ ਕੁਝ ਤੇ ਕਿਸੇ ਕੁਝ ਜਵਾਬ ਦਿੱਤਾ। ਇੱਕ ਹੋਰ ਬੱਚਾ ਜਿਸਨੇ ਕਿਹਾ ਸਾਡੇ ਪਾਸੋਂ ਹੋਰ ਧਰਮਾਂ ਦੇ ਬੱਚੇ ਇਹ ਸਵਾਲ ਹਮੇਸ਼ਾ ਕਰਦੇ

ਹਨ, ਅਸੀਂ ਉਹਨਾਂ ਨੂੰ ਕੋਈ ਜਵਾਬ ਨਹੀਂ ਦੇ ਪਾਉਂਦੇ ਤਾਂ ਜਦੋਂ ਅਸੀਂ ਘਰ ਜਾ ਕੇ ਮਾਤਾ ਪਿਤਾ ਤੋਂ ਪੁੱਛਦੇ ਹਾਂ ਤਾਂ ਉਹ ਵੀ ਇਹੀ ਕਹਿੰਦੇ ਹਨ ਕਿ ਸਾਡੇ ਗੁਰੂ ਸਾਹਿਬਾਨ ਨੇ ਕਿਹਾ ਸੀ ਕਿ ਕੇਸ ਰੱਖਣੇ ਹਨ। ਪਰ ਕਿਉਂ? ਇਹ ਪਤਾ ਨਹੀਂ।

ਦਾਸ ਨੇ ਬੱਚਿਆਂ ਨੂੰ ਬੇਨਤੀ ਕੀਤੀ ਕਿ ਜਦੋਂ ਵੀ ਆਪ ਜੀ ਨੂੰ ਕੋਈ ਸਵਾਲ ਕਰੇ ਤਾਂ ਉਸਨੂੰ ਪੁੱਛੋ ਬਈ ਮੈਨੂੰ ਇਹ ਦੱਸੋ ਆਪ ਕੇਸ ਕੱਟਦੇ ਕਿਉਂ ਹੋ? ਇੱਥੇ ਸਭ ਹੈਰਾਨ ਹੋ ਗਏ। ਦਾਸ ਨੇ ਉਹਨਾਂ ਨੂੰ ਦੱਸਿਆ ਕਿ ਅਸੀਂ ਕੇਸ ਰੱਖਦੇ ਇਸ ਲਈ ਹਾਂ ਕਿ ਇਹ ਅਕਾਲ ਪੁਰਖ ਪ੍ਰਮਾਤਮਾ ਦੀ ਦੇਣ ਹੈ। ਪ੍ਰਮਾਤਮਾ ਦੀ ਦੇਣ ਨੂੰ ਕਿਉਂ ਤਿਆਗਿਆ ਜਾਵੇ? ਜੇ ਪ੍ਰਮਾਤਮਾ ਨੇ ਪੁਰਸ਼ ਨੂੰ ਦਾੜ੍ਹੀ ਮੁੱਛਾਂ ਦਿੱਤੀਆਂ ਤੇ ਇਸਤਰੀਆਂ ਨੂੰ ਨਹੀਂ ਤਾਂ ਇਹ ਉਸਦੀ ਕਿਰਪਾ ਹੈ। ਇਸ ਲਈ ਸਾਨੂੰ ਉਸ ਮਾਲਕ ਦੇ ਹੁਕਮ ਦੀ ਬੇਕਦਰੀ ਨਹੀਂ ਕਰਨੀ ਚਾਹੀਦੀ। ਇਸ ’ਤੇ ਬੜਾ ਅਕਲਮੰਦੀ ਦਾ ਪ੍ਰਸ਼ਨ ਮੇਰੇ ’ਤੇ ਜੜ ਦਿੱਤਾ ਕਿ ਅਸੀਂ ਪ੍ਰਮਾਤਮਾ ਦਿੱਤੀ ਦਾਤ ਨਹੁੰ ਕਿਉਂ ਕੱਟਦੇ ਹਾਂ? ਇੱਕ ਮਿੰਟ ਲਈ ਤਾਂ ਮੈਂ ਵੀ ਸੋਚਿਆ ਕਿ ਜੇ ਇਸ ਬੱਚੇ ਦੇ ਪ੍ਰਸ਼ਨ ਦਾ ਉੱਤਰ ਨਾ ਦਿੱਤਾ ਤਾਂ ਇਹ ਮੇਰੀ ਗੱਲ੍ਹ ਤੇ ਵਿਸ਼ਵਾਸ਼ ਨਹੀਂ ਕਰੇਗਾ। ਉਸਨੂੰ ਸਮਝਾਇਆ ਬੱਚਿਓ ਸਾਡੇ ਸਰੀਰ ਵਿੱਚ ਕੇਸਾਂ ਅਤੇ ਨਹੁੰਆਂ ਦਾ ਕੁੱਝ ਹਿੱਸਾ ਪ੍ਰਾਣ ਰਹਿਤ ਹੁੰਦਾ ਹੈ ਤੇ ਕੁੱਝ ਪ੍ਰਾਣ ਸਹਿਤ। ਜੋ ਕੇਸ ਪ੍ਰਾਣ ਰਹਿਤ ਹੁੰਦੇ ਹਨ ਉਹ ਕੰਘਾ ਕਰਦੇ ਸਮੇਂ ਝੜ ਜਾਂਦੇ ਹਨ ਅਤੇ ਜੋ ਨਹੁੰ ਪ੍ਰਾਣ ਰਹਿਤ ਹੁੰਦੇ ਹਨ ਉਹੀ ਕੱਟੇ ਜਾਂਦੇ ਹਨ, ਦੂਜੇ (ਪ੍ਰਾਣ ਸਹਿਤ) ਨੂੰ ਤਾਂ ਅਸੀਂ ਕੱਟ ਹੀ ਨਹੀਂ ਸਕਦੇ।

ਅੱਜ ਅਸੀਂ ਤਰਕਸ਼ੀਲ ਸਮਾਜ ਦਾ ਹਿੱਸਾ ਬਣਦੇ ਜਾ ਰਹੇ ਹਾਂ ਤੇ ਸਾਨੂੰ ਹਰ ਪ੍ਰਸ਼ਨ ਦਾ ਉੱਤਰ ਤਰਕ ਨਾਲ ਦੇਣਾ ਚਾਹੀਦਾ ਹੈ। ਇਸ ਵਿਸ਼ੇ ’ਤੇ ਡਾ. ਸਰੂਪ ਸਿੰਘ ਅਲਗ ਨੇ ਆਪਣੀ ਪੁਸਤਕ ‘ਕੇਸ ਪ੍ਰਸੰਗ’ ਰਾਹੀਂ, ਸਿੱਖਾਂ ਦੇ ਕੇਸਾਂ ਦੀ ਅਹਿਮੀਅਤ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਸਮਝਾਇਆ ਹੈ। ਜਿਸ ਤਰ੍ਹਾਂ ਸੂਰਜੀ ਸ਼ਕਤੀ ਦਾ ਕੇਂਦਰ ਬਿੰਦੂ ਸਿਰ ਦੀ ਚੋਟੀ ਨੂੰ ਮੰਨਿਆ ਗਿਆ ਹੈ, ਉਸੇ ਤਰ੍ਹਾਂ ਚੰਦਰਮਾ ਦੀ ਸ਼ਕਤੀ ਦਾ ਕੇਂਦਰ ਬਿੰਦੂ ਠੋਡੀ ਨੂੰ ਸਮਝਿਆ ਜਾਂਦਾ ਹੈ। ਇਸੇ ਲਈ ਜਿਵੇਂ ਸਿਰ ਦੇ ਵਾਲ ਸੂਰਜ ਦੀ ਸ਼ਕਤੀ ਗ੍ਰਹਿਣ ਕਰਕੇ ਸਰੀਰ ਨੂੰ ਦਿੰਦੇ ਹਨ, ਉਸੇ ਤਰ੍ਹਾਂ ਦਾੜ੍ਹੀ ਦੇ ਰੋਮ ਚੰਦਰਮਾ ਦੀ ਸ਼ਕਤੀ ਨੂੰ ਸਰੀਰ ਵਿੱਚ ਲਿਆਉਂਦੇ ਹਨ। ਇਹਨਾਂ ਕੇਸਾਂ ਵਿੱਚ ਇੱਕ ਖੂਬੀ ਇਹ ਹੁੰਦੀ ਹੈ ਕਿ ਵਾਤਾਵਰਨ ਵਿੱਚ ਪਾਈਆਂ ਜਾਣ ਵਾਲੀਆਂ ਨੁਕਸਾਨਮੰਦ ਤਰੰਗਾਂ ਆਦਿ ਨੂੰ ਦਿਮਾਗ ਵਿੱਚ ਜਾਣ ਤੋਂ ਰੋਕਦੇ ਹਨ। ਇਸੇ ਤਰ੍ਹਾਂ ਹੀ ਉਹ ਕੇਸਾਂ ਨੂੰ ਕੱਟਣ ਨਾਲ ਹੋਣ ਵਾਲੇ ਨੁਕਸਾਨਾਂ ਦਾ ਵੇਰਵਾ ਦਿੰਦੇ ਹੋਏ ਲਿਖਦੇ ਹਨ ਕਿ ਕੇਸਾਂ ਨੂੰ ਕੱਟਣ ਨਾਲ ਸਾਡੀ ਕਈ ਗੁਣਾ ਪ੍ਰੋਟੀਨ ਖਤਮ ਹੁੰਦੀ ਹੈ ਕਿਉਂਕਿ ਇਹ ਆਮ ਕਰਕੇ ਆਮ ਕਰਕੇ ਨਵੇਂ ਵਾਲ ਉਗਾਉਣ ਵਿੱਚ ਵੀ ਨਸ਼ਟ ਹੁੰਦੀ ਰਹਿੰਦੀ ਹੈ। ਜੇਕਰ ਇੱਕ ਵਾਰੀ ਕੇਸ ਕਟਾਉਣ ਨਾਲ ਅੱਗੇ ਵੱਧਣੇ ਬੰਦ ਹੋ ਜਾਂਦੇ ਹਨ ਤਾਂ ਪ੍ਰੋਟੀਨ ਦਾ ਖਪਤ ਵਿੱਚ ਸਰਫਾ ਹੋ ਸਕਦਾ ਸੀ। ਪ੍ਰਮਾਤਮਾ ਨੇ ਕੇਸਾਂ ਦੀ ਸਰੀਰ ਪ੍ਰਤੀ ਬਹੁਪੱਖੀ ਮਹੱਤਤਾ ਨੂੰ ਵੇਖਦਿਆਂ ਹੋਇਆਂ ਇਹਨਾਂ ਦੀ ਉਪਜ ਨੂੰ ਨਿਰਵਿਘਨ ਬਣਾਏ ਰੱਖਣ ਲਈ ਸ਼ਕਤੀਸ਼ਾਲੀ ਸਿਸਟਮ ਫਿੱਟ ਕੀਤਾ ਹੈ ਜਿਹੜਾ ਮਨੁੱਖ ਦੀ ਮੌਤਤਕ ਨਿਰਵਿਘਨ ਚਲਦਾ ਰਹਿੰਦਾ ਹੈ।

ਗਿਆਨੀ ਊਧਮ ਸਿੰਘ ਜੀ ਕੇਸਾਂ ਨੂੰ ਮਨੁੱਖੀ ਸ਼ਕਤੀ ਦਾ ਪ੍ਰਤੀਕ ਮੰਨਦੇ ਹਨ। ਉਹ ਆਪਣੀ ਪੁਸਤਕ ‘ਕੇਸ ਚਮਤਕਾਰ’ ਵਿੱਚ ਲਿਖਦੇ ਹਨ ਕਿ ‘ਇਹੀ ਵਜਾ ਹੈ ਕਿ ਸੂਰਮਾ ਸੰਸਾਰ ਦੀਆਂ ਜੰਗਜੂ

ਕੌਮਾਂ ਦੀ ਮੁਹਰਲੀ ਕਤਾਰ ਵਿੱਚ ਖੜਾ ਹੈ ਜਦ ਉਹ ਜੰਗ–ਏ–ਮੈਦਾਨ ਵਿੱਚ ਜੂਝਣ ਲਈ ਅੱਗੇ ਆਉਂਦਾ ਹੈ ਤਾਂ ਉਸਦਾ ਇੱਕ–ਇੱਕ ਰੋਮ ਬਫਰਿਆ ਹੁੰਦਾ ਹੈ, ਜਿਸਨੂੰ ਲੂੰ ਕੰਡੇ ਵੀ ਕਿਹਾ ਜਾਂਦਾ ਹੈ। ਉਸ ਸਮੇਂ ਉਸਦੇ ਕੇਸ ਹੀ ਉਸਨੂੰ ਤਿੱਖਾ ਵਾਰ ਕਰਨ ਦੀ ਸ਼ਕਤੀ ਦਿੰਦੇ ਹਨ। ਆਪਣੇ 'ਤੇ ਹੋਣ ਵਾਲੇ ਖਤਰੇ ਦਾ ਅਸਰ ਇਸਦੇ ਦਿਲ 'ਤੇ ਪੈਣ ਤੋਂ ਰੋਕਦੇ ਹਨ' ਅਰਦਾਸ ਵਿੱਚ ਸਿੱਖ ਵਾਹਿਗੁਰੂ ਕੋਲੋਂ ਕੇਸ ਦਾਨ ਦੀ ਮੰਗ ਕਰਦਾ ਹੈ ਕਿਉਂਕਿ ਇਹ ਕੇਸ ਸਿੱਖਾਂ ਦੀ ਨਿਸ਼ਾਨੀ ਹਨ, ਇਸ ਕਰਕੇ ਇਹ ਸਿੱਖ ਧਰਮ ਦਾ ਅੰਗ ਹਨ ਅਤੇ ਹਮੇਸ਼ਾ ਰਹਿਣਗੇ। ਬੇਸ਼ੱਕ ਕੇਸ ਮਨੁੱਖਾਂ ਲਈ ਇੱਕ ਕੁਦਰਤੀ ਦਾਤ ਹਨ ਪਰ ਸਿੱਖਾਂ ਲਈ ਇਹ ਗੁਰੂ ਦੀ ਬਖਸ਼ਿਸ਼ ਅਤੇ ਸਿੱਖੀ ਦੀ ਮੋਹਰ ਹਨ। ਗੁਰ ਸੰਦੇਸ਼ ਤੇ ਅਮਲ ਕਰਨਾ ਸਿੱਖਾਂ ਦਾ ਧਾਰਮਿਕ ਫ਼ਰਜ਼ ਵੀ ਹੈ।

**ਰਹਿਤ ਦਾਨ**

ਰਹਿਤ ਦਾਨ ਸ਼ਬਦ ਨੂੰ ਅਸੀਂ ਆਮ ਤੌਰ 'ਤੇ ਸਿੱਖ ਦੀ ਜੀਵਨ ਲਈ ਅੰਮ੍ਰਿਤ ਛਕਣ ਜਾਂ ਖੰਡੇ ਬਾਟੇ ਦੀ ਪਾਹੁਲ ਲੈਣ ਤੋਂ ਬਾਅਦ ਇੱਕ ਵਿਸ਼ੇਸ਼ ਤਰ੍ਹਾਂ ਦੀ ਰਹਿਤ ਮਰਿਯਾਦਾ ਦੀ ਬਕਾਇਦਗੀ ਨੂੰ ਲਾਜ਼ਮੀ ਕਰਾਰ ਸਮਝਦੇ ਹਾਂ। ਇਸਦੇ ਸਮੂਹਿਕ ਦਾਨ ਦੀ ਮੰਗ ਅਰਦਾਸ ਵਿੱਚ ਸ਼ਾਮਿਲ ਹੈ। ਸਿੱਖ ਰਹਿਤ, ਸਿਧਾਂਤਾਂ ਦੇ ਰੂਪ ਵਿੱਚ ਦੋ ਤਰ੍ਹਾਂ ਦੀ ਹੁੰਦੀ ਹੈ, ਇੱਕ ਅੰਦਰ ਦੀ ਤੇ ਇੱਕ ਬਾਹਰ ਦੀ। ਇੱਕ ਗੁਰਸਿੱਖ ਲਈ ਇਹਨਾਂ ਦੋਨਾਂ ਤਰ੍ਹਾਂ ਦੀ ਰਹਿਤ ਜੀਵਨ ਵਿੱਚ ਮਨੁੱਖ ਨੂੰ ਨਿਭਾਉਣ ਲਈ ਸ਼ਕਤੀ ਦੀ ਮੰਗ ਕੀਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬ ਫੁਰਮਾਉਂਦੇ ਹਨ:–

**ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 1314)

ਸਾਧ ਸੰਗਤ ਸਿੱਖ ਜਥੇਬੰਦੀ ਦਾ ਇੱਕ ਪ੍ਰਮਾਣਿਕ ਸਰੂਪ ਹੈ ਤੇ ਸਤਿਗੁਰਾਂ ਨੇ ਸੰਗਤ ਵਿੱਚ ਹੀ ਵਾਹਿਗੁਰੂ ਦਾ ਨਿਵਾਸ ਹੋਣਾ ਮੰਨਿਆ ਹੈ। ਜੁਗਤ ਦਾ ਸੁਭਾਅ ਗੁਰ ਸੰਗਤ ਨਾਲ ਮੰਨਿਆ ਗਿਆ ਹੈ। ਇਸ ਸੰਗਤ ਨੇ ਹੀ, ਜਿਸ ਦਾ ਸਿਧਾਂਤ ਗੁਰੂ ਨਾਨਕ ਦੇਵ ਸਾਹਿਬ ਨੇ ਬਖਸ਼ਿਸ਼ ਕੀਤਾ ਹੈ ਸਮੇਂ ਦੇ ਨਾਲ ਹੀ ਖ਼ਾਲਸੇ ਦਾ ਰੂਪ ਧਾਰਣ ਕੀਤਾ। ਇਸਦਾ ਅਧਾਰ ਕੇਵਲ ਇੱਕ ਹੀ ਹੈ ਉਹ ਹੈ ਰਹਿਤ ਦਾ ਧਾਰਣੀ ਹੋਣਾ।

ਅੰਦਰਲੀ ਰਹਿਤ ਨੂੰ ਮੂਲ ਰੂਪ ਵਿੱਚ ਵਿਚਾਰਿਆ ਜਾਵੇ ਤਾਂ ਮਨੁੱਖ ਪੰਜ ਦੁਸ਼ਮਣਾਂ 'ਤੇ ਕਾਬੂ ਪਾਉਂਦਾ ਹੈ। ਉਹ ਪੰਜ ਦੁਸ਼ਮਣ ਜਿਨ੍ਹਾਂ ਦਾ ਮਨੁੱਖ ਦੇ ਅੰਦਰ ਦ੍ਵੰਦ ਚਲਦਾ ਰਹਿੰਦਾ ਹੈ। ਉਹ ਮਨੁੱਖ ਨੂੰ ਹਮੇਸ਼ਾ ਸਚਿਆਰਾ ਮਨੁੱਖ ਬਣਨ ਤੋਂ ਰੋਕਦੇ ਹਨ, ਉਹ ਹਨ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੀ ਅਧੀਨਤਾ ਨੂੰ ਬੜੀ ਜਲਦੀ ਅਪਣਾਉਂਦਾ ਹੈ। ਕਾਮਵੱਸ ਹੋ ਮਨੁੱਖ ਆਪਣਾ ਧਿਆਨ ਕਦੇ ਵੀ ਪ੍ਰਮਾਤਮਾ ਵੱਲ ਨਹੀਂ ਲਾ ਸਕਦਾ ਅਤੇ ਉਸਦੇ ਸਰੀਰ ਦੀ ਭੁੱਖ ਉਸਦੇ ਮਨ ਦੀ ਭੁੱਖ ਦਾ ਰੂਪ ਧਾਰਣ ਕਰ ਲੈਂਦੀ ਹੈ। ਕ੍ਰੋਧ ਵੀ ਇਸੇ ਤਰ੍ਹਾਂ ਮਨੁੱਖ ਨੂੰ ਉਸ ਸਥਿੱਤੀ ਵੱਲ ਲੈ ਜਾਂਦਾ ਹੈ ਜਿੱਥੇ ਮੋੜਾ ਨਹੀਂ ਪਾਇਆ ਜਾ ਸਕਦਾ। ਲੋਭ ਵੱਸ ਹੋ ਮਨੁੱਖ ਜੀਵਨ ਦੇ ਉਹਨਾਂ ਅਧਿਆਤਮਕ ਸਿਧਾਂਤਾਂ ਨੂੰ ਭੁੱਲ ਕੇ ਆਪਣਾ ਸਮਾਂ ਕੇਵਲ ਤੇ ਕੇਵਲ ਧਨ ਇਕੱਠਾ ਕਰਨ 'ਤੇ ਲੱਗਾ ਰਹਿੰਦਾ ਹੈ।

ਉਸਨੂੰ ਇਹ ਵੀ ਯਾਦ ਨਹੀਂ ਰਹਿੰਦਾ ਕਿ ਇਸ ਫ਼ਾਨੀ ਸੰਸਾਰ ਵਿੱਚ ਜੋ ਵੀ ਸੱਜਣ ਆਇਆ ਹੈ, ਉਸਨੇ ਜਾਣਾ ਜਰੂਰ ਹੈ। ਮਨ ਦਾ ਲਾਲਚ ਉਸਨੂੰ ਕੁੱਝ ਵੀ ਸੋਚਣ ਤੋਂ ਵਰਜਦਾ ਹੈ। ਉਹ ਕਈ ਵਾਰ ਤਾਂ ਇਹ ਵੀ ਸੋਚਦਾ ਹੈ ਕਿ ਧਾਰਮਿਕ ਸਥਾਨ 'ਤੇ ਲੱਖਾਂ ਰੁਪਏ ਦੇ ਕੇ ਤੇ ਵੱਡੇ–ਵੱਡੇ ਲੰਗਰ ਲਗਾ ਕੇ ਮੈਂ ਵਾਹਿਗੁਰੂ ਨੂੰ ਰਜਾ ਲਵਾਂਗਾ। ਫਿਰ ਤਾਂ ਜਿਤਨੇ ਵੀ ਅਮੀਰ ਸੱਜਣ ਹਨ ਉਹ ਹੀ ਵਾਹਿਗੁਰੂ ਦੀ ਅਸੀਸ ਦੇ ਪਾਤਰ ਹੁੰਦੇ, ਗਰੀਬ ਤਾਂ ਕਦੇ ਵੀ ਕਿਰਪਾ ਦਾ ਪਾਤਰ ਨਾ ਹੁੰਦੇ। ਮੋਹ ਵੀ ਮਨੁੱਖੀ ਜੀਵਨ ਦੀ ਬਹੁਤ ਵੱਡੀ ਕਮਜੋਰੀ ਹੈ। ਮੋਹ ਵੱਸ ਹੋ ਮਨੁੱਖ ਆਪਣੇ ਵਾਹਿਗੁਰੂ ਜੀ ਨਾਲ ਸੰਬੰਧ ਬਣਾ ਹੀ ਨਹੀਂ ਪਾਉਂਦਾ। ਜਿਸ ਮਨੁੱਖ ਵਿੱਚ ਮੋਹ ਪੈਦਾ ਹੋ ਜਾਵੇ ਕਿ ਮੈਂ ਆਪਣੇ ਪ੍ਰਮਾਤਮਾ ਨਾਲ ਮੋਹ ਪ੍ਰੇਮ ਬਣਾਉਣਾ ਹੈ ਤਾਂ ਉਸ ਪ੍ਰੀਤ ਵਿੱਚ ਉਭਰੀ ਹੋਈ ਰਹਿਤ ਮਨੁੱਖ ਦੇ ਜੀਵਨ ਦੇ ਸਾਰੇ ਬੰਧਨ ਕੱਟ ਕੇ ਜੀਵਨ ਮੁਕਤ ਦੇ ਨੇੜੇ ਲੈ ਆਉਂਦੀ ਹੈ। ਹੰਕਾਰ ਮਨੁੱਖ ਦੀ ਅੰਦਰਲੀ ਰਹਿਤ ਤਾ ਬਹੁਤ ਵੱਡਾ ਦੁਸ਼ਮਣ ਹੈ, ਮਨੁੱਖ ਇਸਨੂੰ ਬਹੁਤ ਪਿਆਰ ਕਰਦਾ ਹੈ। ਉਸਦੀ ਆਂਤਰਿਕ ਰਹਿਤ ਕਦੇ ਵੀ ਉਸਦੇ ਜੀਵਨ ਦਾ ਹਿੱਸਾ ਨਹੀਂ ਬਣ ਪਾਉਂਦੀ। ਹਰਣਾਖਸ਼ ਤੇ ਰਾਵਣ ਨੂੰ ਇਹੀ ਹੰਕਾਰ ਸੀ ਕਿ ਉਹਨਾਂ ਤੋਂ ਵੱਡਾ ਕੋਈ ਵੀ ਨਹੀਂ ਹੈ। ਰਾਵਣ ਬਹੁਤ ਬੁੱਧੀਮਾਨ ਸੀ, ਰਮਾਇਣ ਨੇ ਇਹ ਦੱਸਿਆ ਹੈ। ਉਸਦੇ ਗਿਆਨ ਦਾ ਹੰਕਾਰ ਹੀ ਉਸਦੇ ਵਿਨਾਸ਼ ਦਾ ਕਾਰਨ ਬਣਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਤਿਗੁਰੂ ਫੁਰਮਾਉਂਦੇ ਹਨ:–

**ਇਕੁ ਲਖੁ ਪੂਤ ਸਵਾ ਲਖੁ ਨਾਤੀ॥**

**ਤਿਹ ਰਾਵਨ ਘਰ ਦੀਆ ਨ ਬਾਤੀ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 481)

ਸਿੱਖ ਜਦੋਂ ਅਰਦਾਸ ਵਿੱਚ ਰਹਿਤ ਦੀ ਮੰਗ ਕਰਦਾ ਹੈ ਤਾਂ ਉਸਦੀ ਵੇਦਨਾ ਹੁੰਦੀ ਹੈ ਕਿ ਹੇ ਵਾਹਿਗੁਰੂ! ਮੈਨੂੰ ਅੰਤਰ ਰਹਿਤ ਦੀ ਬਖਸ਼ਿਸ਼ ਕਰ ਕਿ ਮੈਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਤੋਂ ਮੁਕਤ ਹੋਵਾਂ ਤੇ ਮੇਰੇ ਮਨ ਵਿੱਚ ਇਹਨਾਂ ਦਾ ਕਦੇ ਵੀ ਵਾਸਾ ਨਾ ਹੋਵੇ। ਮੇਰੀ ਅੰਤਰ ਆਤਮਾ 'ਤੇ ਇਹਨਾਂ ਪੰਜਾਂ ਦਾ ਨਿਵਾਸ ਕਦੇ ਵੀ ਨਾ ਹੋਵੇ, ਜਿਸ ਨਾਲ ਮੈਂ ਆਪਣੇ ਅੰਦਰ ਦੀ ਰਹਿਤ ਨੂੰ ਹੋਰ ਮਜ਼ਬੂਤ ਕਰ ਸਕਾਂ ਤੇ ਗੁਰੂ ਦੀ ਬਖਸ਼ੀ ਹੋਈ ਸੇਵਾ ਦਾ ਹਿੱਸਾ ਬਣ ਸਕਾਂ। ਸੇਵਾ ਹੀ ਮਨੁੱਖੀ ਜੀਵਨ ਦਾ ਇੱਕ ਅਜਿਹਾ ਸਾਧਨ ਹੈ ਜਿਸ ਰਾਹੀਂ ਆਂਤਰਿਕ ਰਹਿਤ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ ਸੇਵਾ ਸਾਧਨਾ ਨਾਲ ਹੀ ਮਨੁੱਖੀ ਆਤਮਾ ਉਸ ਪ੍ਰਭੂ ਨਾਲ ਜੁੜਦੀ ਹੈ ਜਿਸਦੀ ਚਾਕਰੀ ਲਈ ਅਸੀਂ ਇਸ ਸੰਸਾਰ ਵਿੱਚ ਆਏ ਹਾਂ:–

**ਸੇਵਾ ਕਰਤ ਹੋਇ ਨਿਹਕਾਮੀ॥**

**ਤਿਸ ਕਉ ਹੋਤ ਪਰਾਪਤਿ ਸੁਆਮੀ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 286)

ਜੋ ਸੇਵਾ ਕਰਕੇ ਆਪਣੇ ਜੀਵਨ ਨੂੰ ਸੰਵਾਰਦੇ ਹਨ ਉਹਨਾਂ ਦੀ ਰਹਿਤ ਅੰਦਰੋਂ ਬਾਹਰੋਂ ਮਜਬੂਤ ਹੁੰਦੀ ਹੈ। ਉਹਨਾਂ ਦੀ ਬਾਹਰੀ ਰਹਿਤ ਰਹਿਤ ਅੰਦਰਲੀ ਰਹਿਤ ਰੱਖਣ ਦੀ ਸ਼ਕਤੀ ਨੂੰ ਇੰਝ ਮਜਬੂਤੀ ਨਾਲ ਜੋੜ ਦਿੰਦੀ ਹੈ ਜਿਸਨੂੰ ਕੋਈ ਤੋੜ ਨਹੀਂ ਸਕਦਾ ਹੈ।

ਬਾਹਰੀ ਰਹਿਤ: ਸਿੱਖੀ ਜੀਵਨ ਵਿੱਚ ਆਂਤਰਿਕ ਰਹਿਤ ਦੇ ਨਾਲ–ਨਾਲ ਬਾਹਰੀ ਰਹਿਤ ਵੀ ਉਤਨੀ ਹੀ ਜਰੂਰੀ ਹੈ। ਅੰਮ੍ਰਿਤ ਦੀ ਦਾਤ ਦੇਣ ਵੇਲੇ ਪੰਜ ਪਿਆਰੇ ਅੰਮ੍ਰਿਤ ਲੈਣ ਵਾਲੇ ਪ੍ਰਾਣੀ ਨੂੰ ਰਹਿਤ ਬਾਰੇ ਜਾਣਕਾਰੀ ਦਿੰਦੇ ਹਨ। ਜਿਨ੍ਹਾਂ ਕੋਲੋਂ ਉਹ ਰਹਿਤਾਂ ਰੱਖਣ ਵਿੱਚ ਅਣਗਹਿਲੀ ਹੋ ਜਾਵੇ, ਉਸਨੂੰ ਪੰਜ ਪਿਆਰਿਆਂ ਪਾਸੋਂ ਭੁੱਲ ਬਖਸ਼ਾਉਣ ਦਾ ਵੀ ਮੌਕਾ ਦਿੱਤਾ ਜਾਂਦਾ ਹੈ। ਬਾਹਰੀ ਰਹਿਤ ਖ਼ਾਲਸੇ ਦੇ ਨਿਆਰੇਪਨ ਦੀ ਨਿਸ਼ਾਨੀ ਵੀ ਹੈ। ਇਹ ਪੰਜ ਕਕਾਰ ਜੋ ਸਿੱਖ ਰਹਿਤ ਮਰਿਯਾਦਾ ਦਾ ਸਰੂਪ ਵੀ ਹਨ ਤੇ ਪਛਾਣ ਵੀ: ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰਾ।

ਡਾ.ਜਸਵੰਤ ਸਿੰਘ ਨੇਕੀ ਅਨੁਸਾਰ ਕਿਹਾ ਜਾਂਦਾ ਹੈ ਕਿ ਦਸ਼ਮੇਸ਼ ਜੀ ਦੇ ਇੱਕ ਹੁਕਮਨਾਮੇ, ਜੋ ਗੁਰੂ ਜੀ ਨੇ ਖ਼ਾਲਸਾ ਸਾਜਨਾ ਉਪਰੰਤ ਕਾਬੁਲ ਦੀਆਂ ਸੰਗਤਾਂ ਨੂੰ ਲਿਖਿਆ ਸੀ, ਉਸ ਰਾਹੀਂ ਪੰਜ ਕਕਾਰਾਂ ਬਾਰੇ ਦੁਬਿਧਾ ਦੂਰ ਕੀਤੀ ਹੈ। ਇਸ ਹੁਕਮਨਾਮੇ ਦੇ ਅੱਖਰ ਇਸ ਪ੍ਰਕਾਰ ਹਨ:–

"੧ਓ ਸਤਿਗੁਰੂ ਜੀ ਸਹਾਇ। ਸਰਬੱਤ ਸੰਗਤ ਕਾਬਲ ਗੁਰ ਰੱਖੇਗਾ। ਤੁਸਾਂ ਉੱਤੇ ਸਾਡੀ ਬਹੁਤ ਖੁਸ਼ੀ ਹੈ। ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ। ਕੇਸ ਰੱਖਣੇ। ਇਹ ਸਾਡੀ ਮੋਹਰ ਹੈ। ਕੱਛ ਕਿਰਪਾਨ ਦਾ ਵਿਸਾਹ ਨਹੀਂ ਕਰਨਾ, ਸਰਬ ਲੋਹ ਦਾ ਕੜਾ ਹੱਥ ਰੱਖਣਾ। ਦੋਨੋਂ ਵਕਤ ਕੇਸਾਂ ਦੀ ਪਾਲਣਾ ਕੰਘੇ ਸੇ ਕਰਨੀ। ਸਰਬੱਤ ਸੰਗਤ ਅਭਾਖਿਆ ਦਾ ਕੁੱਠਾ ਬਕਰਾ ਖਾਵੇ ਨਾਹੀਂ। ਤੰਮਾਕੂ ਨਹੀਂ ਵਰਤਣਾ। ਭੱਟਣੀ ਤਥਾ ਕੰਨਿਆ ਮਾਰਣ ਵਾਲੇ ਤੇ ਮੇਲ ਨ ਰੱਖੇ। ਮੀਣੇ ਮਸੰਦੀਏ, ਰਾਮ ਰਾਈਏ,ਦੀ ਸੰਗਤ ਨ ਬੈਸੇ। ਵਾਹਿਗੁਰੂ ਵਾਹਿਗੁਰੂ ਜਪਣਾ। ਗੁਰੂ ਕੀ ਰਹਿਤ ਰੱਖਣੀ। ਸਰਬੱਤ ਸੰਗਤ ਉੱਪਰ ਮੇਰੀ ਖੁਸ਼ੀ ਹੈ।"(ਜੇਠ 26 ਸੰਮਤ 1756)

ਕੇਸ:– ਸਿੱਖੀ ਸਰੂਪ ਦੀ ਪਛਾਣ ਤੇ ਗੁਰੂ ਦੀ ਮੋਹਰ।

ਕੰਘਾ:– ਕੇਸਾਂ ਦੀ ਸਫਾਈ ਤੇ ਸੰਭਾਲ ਲਈ ਹਨ।

ਕਿਰਪਾਨ:– ਇੱਕ ਸ਼ਸ਼ਤਰ ਹੈ ਜੋ ਆਤਮ ਰੱਖਿਆ ਲਈ ਜਾਂ ਕਿਸੇ ਮਜਲੂਮ ਦੀ ਮਦਦ ਲਈ ਹੀ ਨਿਕਲਦਾ ਹੈ।

ਕੜਾ:– ਜਿੱਥੇ ਸੁਰੱਖਿਆ ਦਿੰਦਾ ਹੈ ਉੱਥੇ ਇਹ ਗੁਣਾਂ ਭਰਿਆ ਚਿੰਨ੍ਹ ਹੈ ਜੋ ਮਨੁੱਖ ਨੂੰ ਸਿੱਖੀ ਨਿਯਮਾਂ ਵਿੱਚ ਰਹਿਣ ਲਈ ਹਮੇਸ਼ਾ ਯਾਦ ਕਰਾਉਂਦਾ ਹੈ।

ਕੱਛ (ਕਛਿਹਰਾ):– ਇਹ ਜਤ ਤੇ ਸਤਿ ਦਾ ਚਿੰਨ੍ਹ ਹੈ। ਸਿੱਖ ਦੇ ਜੀਵਨ ਦਾ ਆਚਰਣ ਵੀ ਇਸ ਰਹਿਤ ਦਾ ਹਿੱਸਾ ਹੈ। ਜੋ ਵੀ ਸਿੱਖ ਅਰਦਾਸ ਵਿੱਚ ਰਹਿਤ ਦਾਨ ਦੀ ਜਾਚਨਾ ਕਰਦਾ ਹੈ, ਉਹ ਅੰਦਰ ਤੇ ਬਾਹਰ ਦੀ ਰਹਿਤ ਹੀ ਹੈ। ਇਹਨਾਂ ਦੋਨਾਂ ਤੋਂ ਬਿਨ੍ਹਾਂ ਸਿੱਖੀ ਜੀਵਨ ਵਿੱਚ ਗੁਰਮੁੱਖ ਗੁਣਾਂ ਦਾ ਪ੍ਰਕਾਸ਼ ਨਹੀਂ ਹੋ ਸਕਦਾ ਇਸ ਲਈ ਅਸੀਂ ਇਸ ਰਹਿਤ ਦੀ ਮੰਗ ਕਰਦੇ ਹਾਂ।

**ਰਹਿਣੀ ਰਹੇ ਸੋਈ ਸਿੱਖ ਮੇਰਾ**

**ਉਹ ਠਾਕੁਰ ਮੈ ਉਸ ਕਾ ਚੇਰਾ**

(ਰਹਿਤਨਾਮਾ, ਭਾਈ ਪਹ੍ਰਲਾਦ ਸਿੰਘ)

**ਬਿਬੇਕ ਦਾਨ**

ਅਰਦਾਸ ਵਿੱਚ ਇਹ ਸਾਰੇ ਅੰਗ ਮਨੁੱਖ ਅੰਦਰ ਸ਼ੁੱਧ ਗੁਣਾਂ, ਉੱਚੀਆਂ ਤੇ ਸੁੱਚੀਆਂ ਲਾਸਾਨੀ ਕਦਰਾਂ ਕੀਮਤਾਂ ਨੂੰ ਵਿਕਸਿਤ ਕਰਦੇ ਹਨ। ਮਨੁੱਖ ਦੇ ਜੀਵਨ ਦੇ ਵਿਕਾਸ ਨੂੰ ਪੂਰਾ ਕਰਨ ਲਈ ਸਹਿਯੋਗੀ ਬਣਦੇ ਹਨ। ਸਚਿਆਰ ਮਨ ਦੀ ਰਚਨਾ ਕਿਵੇਂ ਹੋਵੇ ਉਸ ਲਈ ਵੀ ਰਾਹ ਖੋਲਦੇ ਹਨ। ਗੁਰਸਿੱਖ ਸਰੀਰ ਨੂੰ ਨਰੋਆ, ਆਤਮਾ ਨੂੰ ਬਲਵਾਨ, ਬਿਬੇਕ ਨੂੰ ਕਾਇਮ, ਸੁਰਤਿ ਨੂੰ ਚੜ੍ਹਦੀਕਲਾ ਅਤੇ ਧਰਮ 'ਤੇ ਪਹਿਰਾ ਦੇਣ ਲਈ ਕਈ ਤਰ੍ਹਾਂ ਦੇ ਰਾਹ ਅਪਣਾਉਂਦੇ ਹਨ। ਜਿਸ ਲਈ ਬਿਬੇਕ ਦਾ ਦਾਨ ਵੀ ਗੁਰਸਿੱਖ ਝੋਲੀ ਅੱਡ ਕੇ ਮੰਗਦਾ ਹੈ, ਭਾਈ ਮਨੀ ਸਿੰਘ ਜੀ ਫੁਰਮਾਉਂਦੇ ਹਨ:–

"ਜੋ ਸਿੱਖ ਸਤਿਗੁਰਾਂ ਦਾ ਸ਼ਬਦ ਸੁਣੇ ਅਤੇ ਸਿੱਖੀ ਦੀ ਰਹਿਤ ਵੀ ਰੱਖੇ ਉਸਨੂੰ ਗਿਆਨ ਪ੍ਰਾਪਤ ਹੁੰਦਾ ਹੈ" ਬਿਬੇਕ ਸ਼ਬਦ ਦਾ ਅਰਥ ਹੈ ਬੁੱਧੀ ਦੀ ਉਹ ਕਿਰਿਆ ਜਿਸ ਰਾਹੀਂ ਮਨੁੱਖ ਸੱਚ ਤੇ ਝੂਠ ਦਾ ਨਿਆਂ ਕਰਨ ਦੀ ਸ਼ਕਤੀ, ਵਸਤੂ ਦੇ ਸਰੂਪ ਦਾ ਯਥਾਰਥ ਨਿਰਣੈ, ਜੋ ਉਸਦੀ ਜਾਹਰੀ ਸ਼ਕਲ ਤੋਂ ਨਹੀਂ ਬਲਕਿ ਉਸਦੇ ਗੁਣਾਂ ਅਤੇ ਖਾਸੀਅਤਾਂ ਤੇ ਵਿਚਾਰ ਤੋਂ ਕੀਤਾ ਜਾਵੇ। ਧਾਰਮਿਕ ਵਿਚਾਰ ਵਿੱਚ ਦ੍ਰਿਸ਼ਟੀਮਾਣ ਤਾ ਬ੍ਰਹਮ ਤੋਂ ਨਿਰਣੈ ਕਰ ਲੈਣਾ ਮਾਇਆ ਤੋਂ ਆਤਮ ਤੱਤ ਵਸਤੂ ਦਾ ਨਿਰਣੈ ਕਰ ਲੈਣਾ, ਅਸਤਿ ਤੋਂ ਸਤਿ ਦਾ ਨਿਰਣੈ ਕਰ ਲੈਣਾ ਹੀ ਬਿਬੇਕ ਹੈ। ਗੁਰੂ ਸਾਹਿਬ ਜੀ ਦੀ ਬਾਣੀ ਵਿੱਚ ਲਿਖਿਆ ਮਿਲਦਾ ਹੈ:–

**ਕਰਹੁ ਬਿਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 168)

ਭਾਈ ਵੀਰ ਸਿੰਘ ਰਚਿਤ ਗੁਰੂ ਗ੍ਰੰਥ ਸਾਹਿਬ ਕੋਸ਼ ਵਿੱਚ ਬਿਬੇਕ ਦਾਨ ਲੈਣ ਤੋਂ ਬਾਅਦ ਮਨੁੱਖ ਬਿਬੇਕ ਵਾਲਾ ਮਹਾਤਮਾ, ਪੂਰਨ–ਵਿਚਾਰਵਾਨ, ਬ੍ਰਹਮ ਵਿੱਦਿਆ ਦਾ ਜਾਣੂ, ਆਤਮ ਵਸਤੂ ਨੂੰ ਲੱਖ ਲੈਣ ਵਾਲਾ ਹੋ ਜਾਂਦਾ ਹੈ। ਜਦੋਂ ਉਹ ਦਾਨ ਦੀ ਪ੍ਰਾਪਤੀ ਕਰ ਲੈਂਦਾ ਹੈ ਤਾਂ ਉਸਨੂੰ ਕਿਸੇ ਵੀ ਤਰ੍ਹਾਂ ਦਾ ਡਰ ਨਹੀਂ ਲਗਦਾ। ਉਹ ਡਰ ਰਹਿਤ ਹੋ ਜਾਂਦਾ ਹੈ। ਜਿਸਨੇ ਉਸਦੇ ਹੁਕਮ ਨੂੰ ਪਛਾਣ ਲਿਆ ਅਤੇ ਆਪਣੇ ਜੀਵਨ ਵਿੱਚ ਸਤਿ ਅਤੇ ਅਸਤਿ ਦੀ ਸੂਝ ਹੋਣੀ ਹੀ, ਹੁਕਮ ਮੰਨਣ ਦੀ ਅਵੱਸਥਾ ਵੱਲ ਤੋਰਦੀ ਹੈ।

ਹਾਲਾਂਕਿ ਜੇ ਅਸੀਂ ਕਹੀਏ ਕਿ ਮਨੁੱਖ ਦੀਆਂ ਅੱਖਾਂ, ਕੰਨ ਅਤੇ ਮਨ ਸਤਿ ਅਤੇ ਅਸਤਿ ਦੀ ਪਛਾਣ ਕਰ ਸਕਦੇ ਹਨ ਤਾਂ ਇਸ ਵਿੱਚ ਕੋਈ ਸ਼ੱਕ ਨਹੀਂ। ਕਈ ਵਾਰੀ ਸਾਰੀ ਦੀ ਸਾਰੀ ਜੀਵਨ ਯਾਤਰਾ ਪੂਰਨ ਹੋ ਜਾਂਦੀ ਹੈ ਤਾਂ ਵੀ ਮਨੁੱਖ ਦੇ ਅੰਦਰ ਦਾ ਗਿਆਨ ਉਸਨੂੰ ਸਤਿ ਅਤੇ ਅਸਤਿ ਦੇ ਗਿਆਨ ਤੋਂ ਵਾਂਝਾ ਹੀ ਰੱਖਦਾ ਹੈ। ਸਿੱਖ ਜੀਵਨ ਜਾਚ ਵਿੱਚ ਬਿਬੇਕ ਦਾਨ ਉਸ ਕੁੰਜੀ ਵਾਂਗ ਮਾਨਸਿਕ ਜੰਦਰੇ ਨੂੰ ਖੋਲਦਾ ਹੈ ਜਿਸ ਨਾਲ ਮਨੁੱਖ ਦਾ

ਜੀਵਨ ਪ੍ਰਕਾਸ਼ਮਈ ਹੋ ਜਾਂਦਾ ਹੈ। ਉਸ ਪ੍ਰਕਾਸ਼ ਵਿੱਚੋਂ 'ਮੈਂ' ਬਾਹਰ ਹੋ ਜਾਂਦੀ ਹੈ ਤੇ 'ਤੂੰ' ਆਪਣੀ ਜਗ੍ਹਾ ਬਣਾ ਲੈਂਦੀ ਹੈ। ਫਿਰ ਜਦੋਂ ਤੂੰ ਹੀ ਤੂੰ ਹੋ ਜਾਂਦੀ ਹੈ ਤਾਂ ਧਾਰਮਿਕ ਜੀਵਨ ਵਿੱਚ ਗਿਆਨ ਦੀ ਪ੍ਰਾਪਤੀ ਦਾ ਮੁੱਖ ਸਾਧਨ ਕੇਵਲ ਬਿਬੇਕ ਹੀ ਹੈ। ਜਿਸਨੇ ਗੁਰਮਤਿ ਦੀ ਸੋਝੀ ਦੇਣੀ ਹੈ।

ਡਾ.ਜਸਵੰਤ ਸਿੰਘ ਨੇਕੀ ਅਨੁਸਾਰ ਬਿਬੇਕ ਦੇ ਚਾਰ ਅੰਗ ਮੰਨੇ ਜਾਂਦੇ ਹਨ: ਸਿਆਣਪ, ਸੱਚ, ਸਾਹਸ ਅਤੇ ਸੰਯਮ। ਸਿਆਣਪ ਸਾਰਾ ਕੁੱਝ ਸਮਝਦਾਰੀ ਨਾਲ ਕਰਨ ਵਿੱਚ, ਸੱਚ ਵਿੱਚ ਨਿਆਂ ਵੀ ਸ਼ਾਮਿਲ ਹੈ, ਸਾਹਸ ਨਾਲ ਨਿਰਭੈਤਾ ਵੀ ਜੁੜੀ ਹੋਈ ਹੈ ਅਤੇ ਸੰਯਮ ਇੱਛਾਵਾਂ ਨੂੰ ਕੰਟਰੋਲ ਕਰਦਾ ਹੈ ਅਤੇ ਜਿੰਦਗੀ ਨੂੰ ਮੋਹ ਤੋਂ ਉਠਾਲਦਾ ਹੈ। ਗੁਰਮਤਿ ਦਾ ਮਾਰਗ ਬਿਬੇਕ ਦਾ ਮਾਰਗ ਹੈ। ਬਿਬੇਕ ਦੇ ਮਾਰਗ ਦਾ ਸਿਧਾਂਤ ਗਿਆਨ ਹੈ।

ਇਸੇ ਲਈ ਸਿੱਖ ਅਰਦਾਸ ਵਿੱਚ ਉਸ ਬਿਬੇਕ ਦੀ ਮੰਗ ਜਾਂ ਜਾਚਨਾ ਕਰਦਾ ਹੈ। ਜਿਸ ਨਾਲ ਉਸਦਾ ਜੀਵਨ ਹੰਕਾਰ ਰਹਿਤ ਬਿਬੇਕ ਬੁੱਧ ਨਾਲ ਆਪਣੇ ਵਾਹਿਗੁਰੂ ਦੀਆਂ ਅਸੀਸਾਂ ਦਾ ਪਾਤਰ ਬਣ ਸਕੇ।

**ਵਿਸਾਹ ਦਾਨ**

ਵਿਸਾਹ ਦਾਨ ਜੀਵਨ ਵਿੱਚ ਅਕਾਲ ਪੁਰਖ ਦੇ ਪ੍ਰਤੀ ਮਨੁੱਖੀ ਮਨ ਦੇ ਵਿੱਚ ਵਿਸ਼ਵਾਸ਼ ਦਾ ਮੁੱਖ ਸ੍ਰੋਤ ਬਣਦਾ ਹੈ। ਜਿਸਦੇ ਅਧਾਰ 'ਤੇ ਹੀ ਮਨੁੱਖ ਪ੍ਰਮਾਤਮਾ ਦੀ ਹੋਂਦ ਤੇ ਕਿਸੇ ਤਰ੍ਹਾਂ ਦਾ ਸ਼ੰਕਾ ਨਹੀਂ ਰਹਿਣ ਦਿੰਦਾ। ਵਿਸਾਹ ਹੀ ਅਰਦਾਸ ਦੇ ਪੂਰੇ ਜਾਂ ਨਾ ਪੂਰੇ ਹੋਣ 'ਤੇ ਪ੍ਰਮਾਤਮਾ ਦਾ ਇਮਤਿਹਾਨ ਨਹੀਂ ਲੈਂਦਾ। ਵਿਸਾਹ ਹੀ ਮਨੁੱਖ ਲਈ ਅਧਿਆਤਮਕ ਮਾਰਗਾਂ ਨੂੰ ਖੋਲਦਾ ਹੈ। ਜਿਸ ਮਾਰਗ 'ਤੇ ਤੁਰ ਕੇ ਹੀ ਸਿੱਖ ਸਿਦਕੀ ਬਣਦਾ ਹੈ। ਅਰਦਾਸ ਦੀ ਇਕਾਗਰਤਾ ਲਈ ਵੀ ਇਹ ਨਿਸ਼ਚਾ ਜਰੂਰੀ ਹੈ। ਜਿਸਨੂੰ ਆਪਣੇ ਪ੍ਰਭੂ ਅਤੇ ਸਤਿਗੁਰੂ ਉੱਤੇ ਪੂਰਾ ਵਿਸਾਹ ਹੈ ਉਹ ਡੋਲਦਾ ਨਹੀਂ। ਅਰਦਾਸ ਤੋਂ ਪਹਿਲਾਂ, ਅਰਦਾਸ ਕਰਦਿਆਂ ਅਤੇ ਅਰਦਾਸ ਕਰਨ ਮਗਰੋਂ ਅਰਦਾਸ ਕਰਨ ਵਾਲੇ ਨੂੰ ਜਿਸਦੇ ਅੱਗੇ ਅਰਦਾਸ ਕੀਤੀ ਹੈ, ਉਸ ਉੱਪਰ ਪੂਰਾ ਯਕੀਨ ਰੱਖਣਾ ਬਹੁਤ ਜਰੂਰੀ ਹੈ।

ਦੁਚਿੱਤੀ ਵਿੱਚ ਕੀਤੀ ਅਰਦਾਸ ਦੌਰਾਨ ਵਿਸਾਹ ਨਾ ਹੋਣ ਕਰਕੇ ਅਸੀਂ ਡੋਲ ਜਾਂਦੇ ਹਾਂ। ਜਦੋਂ ਵਿਸਾਹ ਦਾਨ ਝੋਲੀ ਅੱਡ ਕੇ ਮੰਗ ਲਿਆ ਤਾਂ ਉਸਦਾ ਪੂਰਾ ਹੋਣਾ ਸੁਭਾਵਿਕ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਜਦੋਂ ਵੇਂਈ ਨਦੀ ਵਿੱਚ ਪ੍ਰਵੇਸ਼ ਕੀਤਾ ਤਾਂ ਸਾਖੀਆਂ ਅਨੁਸਾਰ ਤਿੰਨ ਦਿਨ ਬਾਹਰ ਨਹੀਂ ਆਏ ਤਾਂ ਉਸ ਵੇਲੇ ਪੂਰੇ ਨਗਰ ਵਿੱਚ ਰੌਲਾ ਪੈ ਗਿਆ ਕਿ ਸ਼ਾਇਦ ਗੁਰੂ ਸਾਹਿਬ ਨਦੀ ਵਿੱਚ ਡੁੱਬ ਗਏ ਹਨ। ਬੇਬੇ ਨਾਨਕੀ ਹੀ ਸੀ ਜੋ ਇਸ ਗੱਲ ਦਾ ਵਿਸਾਹ ਨਹੀਂ ਖਾਂਦੀ ਕਿ ਉਸਦਾ ਵੀਰ ਜੋ ਜਗਤ ਨੂੰ ਤਾਰਨ ਆਇਆ ਹੈ, ਉਹ ਭਲਾ ਕਿਵੇਂ ਡੁੱਬ ਸਕਦਾ ਹੈ। ਹਰ ਕੋਈ ਕਹੇ ਪਰ ਉਹ ਨਾ ਮੰਨਣ। ਸੱਚਮੁੱਚ ਤੀਸਰੇ ਦਿਨ ਗੁਰੂ ਨਾਨਕ ਦੇਵ ਪਾਤਸ਼ਾਹ ਜਦੋਂ ਨਦੀ ਵਿੱਚੋਂ ਬਾਹਰ ਆਏ ਤਾਂ ਬੇਬੇ ਨਾਨਕੀ ਜੋ ਆਪਣੇ ਵੀਰ ਦਾ ਵਿਸਾਹ ਨਹੀਂ ਖਾਂਦੇ ਕਿ ਉਹ ਡੁੱਬ ਸਕਦਾ ਹੈ, ਉਸਦੀ ਜਿੱਤ ਹੋਈ।

ਵਿਸਾਹ ਉਹ ਅਵੱਸਥਾ ਹੈ ਜਦੋਂ ਮਾਂ ਨੂੰ ਇਹ ਕਿਹਾ ਜਾਵੇ ਕਿ ਤੇਰਾ ਬੱਚਾ ਠੀਕ-ਠਾਕ ਹੈ ਤੇ ਉਸਨੇ ਰੋਟੀ ਵੀ ਸਮੇਂ ਸਿਰ ਖਾ ਲਈ ਹੈ ਤੇ ਘਰ ਵੀ ਸਮੇਂ ਸਿਰ ਆ ਜਾਵੇਗਾ, ਪਰ ਮਾਂ ਦੀਆਂ ਆਂਦਰਾਂ ਹਨ ਜਿਹੜੀਆਂ ਸਭ ਕੁਝ ਠੀਕ-ਠਾਕ ਹੋਣ ਦੀ ਜਾਣਕਾਰੀ ਲੈਣ ਤੋਂ ਬਾਅਦ ਵੀ ਜਦ ਤਕ ਆਪਣੇ ਬੱਚੇ ਨੂੰ ਵੇਖ ਨਾ ਲਵੇ ਤਦ ਤਕ ਉਸ

ਵਿਸਾਹ ਨਹੀਂ ਖਾਂਦੀ। ਇਹ ਅਵਸਥਾ ਉਸਨੂੰ ਹਮੇਸ਼ਾ ਤੌਖਲੇ ਵਿੱਚ ਰੱਖਦੀ ਹੈ ਤੇ ਤੌਖਲੇ ਭਰੇ ਜੀਵਨ ਵਿੱਚ ਕਦੇ ਵੀ ਸਬਰ–ਸੰਤੋਖ ਦੀ ਅਵਸਥਾ ਨਹੀਂ ਆਉਂਦੀ। ਸਬਰ–ਸੰਤੋਖ ਤੋਂ ਖੁੰਝਿਆ ਮਨੁੱਖ ਮੰਗ ਤਾਂ ਸਕਦਾ ਹੈ ਪਰ ਉਸਦੀ ਭਾਵਨਾ ਕਦੇ ਵੀ ਵਿਸਾਹ ਨਹੀਂ ਖਾਊਗੀ ਕਿ ਉਸਦੀ ਮੰਗ ਪੂਰੀ ਹੋਵੇਗੀ। ਇਹੀ ਕਾਰਨ ਹੈ ਕਿ ਅਕਾਲ ਪੁਰਖ ਦਾ ਇੱਕ ਪ੍ਰਸਿੱਧ ਸਰੂਪ ਦਾਤਾ ਜਾਂ ਦਾਤਾਰ ਵਾਲਾ ਵੀ ਹੈ। ਅਰਥਾਤ ਦਾਨ ਦੇਣ ਵਾਲਾ। ਜਦੋਂ ਸਿੱਖ ਦਾਨ ਤੇ ਵਰਦਾਨ ਮੰਗਦਾ ਹੈ ਤਾਂ ਉਹ ਕੇਵਲ ਦਾਤਾ, ਦਾਤਾਰ ਜਾਂ ਕਰਤਾਰ ਤੋਂ ਹੀ ਮੰਗਦਾ ਹੈ ਨਾ ਕਿ ਕਿਸੇ ਹਾਕਮ ਜਾਂ ਵਿਅਕਤੀ ਕੋਲੋਂ ਕਿਉਕਿ ਉਹ ਕਿਸੇ ਤੇ ਵੀ ਵਿਸਾਹ ਨਹੀਂ ਕਰਦਾ।

ਉਸਦਾ ਵਿਸਾਹ ਉਸ ਅਕਾਲ ਪੁਰਖ ’ਤੇ ਹੈ ਇਸੇ ਦਾ ਹੀ ਉਹ ਦਾਨ ਮੰਗਦਾ ਹੈ। ਵਿਸਾਹ ਦਾਨ ਦਾ ਸੰਬੰਧ ਸਾਡੇ ਸਮਾਜਿਕ ਵਿਹਾਰ ਨਾਲ ਵੀ ਮੰਨਿਆ ਜਾਂਦਾ ਹੈ। ਕਿਸੇ ਨੇ ਕਿਸੇ ’ਤੇ ਇਤਬਾਰ ਕਰਲਿਆ ਅਥਵਾ ਸਿੱਖ ਬਚਨ ਕਰਕੇ ਪਿੱਛੇ ਨਾ ਹਟੇ। ਦੂਜੇ ਸ਼ਬਦਾਂ ਵਿੱਚ ਆਪਣੇ ਬਚਨ ’ਤੇ ਪੂਰਾ ਉਤਰੇ, ਇਤਿਹਾਸ ਗਵਾਹ ਹੈ ਕਿ ਸਿੱਖਾਂ ਨੂੰ ਬਚਨਾਂ ਦਾ ਸੂਰਾ ਅਥਵਾ ਆਪਣੇ ਬਚਨਾਂ ਨੂੰ ਪੂਰਾ ਕਰਨ ਵਾਲਾ ਮੰਨਿਆ ਜਾਂਦਾ ਰਿਹਾ ਹੈ। ਸਿੱਖ ਇਸ ਗੁਣ ਦੀ ਜਾਚਨਾ ਵੀ ਪ੍ਰਭੂ ਪਾਸੋਂ ਕਰਦਾ ਹੈ ਕਿ ਵਾਹਿਗੁਰੂ ਜੀ! ਮੈਨੂੰ ਇਤਨਾ ਵਿਸਾਹ ਦਿਓ ਕਿ ਮੈਂ ਆਪਣੇ ਬਚਨਾਂ ਤੇ ਧਾਰਮਿਕ ਅਤੇ ਸਮਾਜਿਕ ਹੁੰਦੇ ਹੋਏ ਪੂਰਾ ਉਤਰ ਸਕਾਂ।

**ਭਰੋਸਾ ਦਾਨ**

ਵਿਸਾਹ ਤੋਂ ਬਾਅਦ ਸਿੱਖ ਅਰਦਾਸ ਵਿੱਚ ਅਕਾਲ ਪੁਰਖ ਤੋ ਭਰੋਸੇ ਦਾ ਦਾਨ ਮੰਗਦਾ ਹੈ। ਭਰੋਸਾ ਸ਼ਬਦ ਦਾ ਅਰਥ ਅਸੀਂ ਵਿਸ਼ਵਾਸ਼, ਇਤਬਾਰ ਅਤੇ ਨਿਸ਼ਚਾ ਕਰਦੇ ਹਾਂ। ਆਮ ਤੌਰ ’ਤੇ ਹੀ ਅਸੀਂ ਵਿਸਾਹ ਤੇ ਭਰੋਸਾ ਦੋਨੋਂ ਸ਼ਬਦਾਂ ਦਾ ਅਰਥ ਇੱਕ ਹੀ ਮੰਨ ਲੈਂਦੇ ਹਾਂ। ਦੋਨੋਂ ਸ਼ਬਦਾਂ ਵਿੱਚ ਭਾਵੇਂ ਭਾਵ ਦੀ ਨੇੜਤਾ ਹੋਵੇ, ਅਰਥ ਦੀ ਨੇੜਤਾ ਹੋਵੇ, ਪਰ ਇਹ ਵਿਸਾਹ ਦੀ ਅਗਲੀ ਅਵਸਥਾ ਹੈ। ਜਿਸ ਨਾਲ ਸਿੱਖ ਅਰਦਾਸ ਵਿੱਚਪੂਰਨ ਵਿਸ਼ਵਾਸ਼, ਇਤਬਾਰ, ਨਿਸ਼ਚੇਬੱਧ ਹੋ ਪੂਰਨ ਰੂਪ ਵਿੱਚ ਸਮਰਪਿਤ ਹੋ ਜਾਂਦਾ ਹੈ। ਸਿੱਖ ਇਸ ਗੁਣ ਦੀ ਜਾਚਨਾ ਵੀ ਪ੍ਰਭੂ ਪਾਸੋਂ ਕਰਦਾ ਹੈ।

ਸਿੱਖ ਅਰਦਾਸ ਕਰਦਾ ਹੈ ਕਿ ਵਾਹਿਗੁਰੂ ਮੈਨੂੰ ਭਰੋਸੇ ਦਾ ਦਾਨ ਦਿਓ, ਜਿਸ ਰਾਹੀਂ ਮੇਰਾ ਅਕਾਲ ਪੁਰਖ ਉੱਪਰ ਪੂਰਨ ਵਿਸ਼ਵਾਸ਼ ਬਣਿਆ ਰਹੇ। ਕਿਸੇ ਵੀ ਸੰਕਟ ਵਿੱਚ ਮੇਰਾ ਵਿਸ਼ਵਾਸ਼ ਕਦੇ ਡੋਲੇ ਨਾ ਮਨੁੱਖੀ ਜੀਵਨ ਦੀ ਇੱਕ ਸੰਭਾਵਨਾ ਇਹ ਵੀ ਹੈ ਕਿ ਬੰਦਾ ਦੁੱਖ ਦੇ ਸਮੇਂ ਕਿਸੇ ’ਤੇ ਵੀ ਵਿਸਾਹ ਨਾ ਖਾਵੇ ਤੇ ਉਸ ਸਮੇਂ ਰੱਬ ਤੋਂ ਵੀ ਬਾਹਰ ਨਾ ਹੋ ਜਾਵੇ। ਅਜਿਹੀ ਸੰਭਾਵਨਾ ਦੇ ਡਰੋਂ ਹੀ ਭਰੋਸੇ ਦਾਨ ਦੀ ਮੰਗ ਕੀਤੀ ਗਈ ਹੈ। ਮੇਰੇ ਇਸ ਸੰਕਟ ਦੇ ਸਮੇਂ ਜਾਂ ਮੇਰੀ ਅਰਦਾਸ ਨੂੰ ਮੇਰਾ ਅਕਾਲ ਪੁਰਖ ਹਰ ਹਾਲਤ ਵਿੱਚ ਪੂਰਾ ਕਰੇਗਾ ਹੀ ਕਰੇਗਾ। ਆਖਦੇ ਹਨ ਕਿ ਕਿਸੇ ਸ਼ਹਿਰ ਵਿੱਚ ਇੱਕ ਮੰਗਤਾ ਰਹਿੰਦਾ ਸੀ ਤੇ ਉਹ ਗੁਰਦੁਆਰੇ ਦੇ ਬਾਹਰ ਬੈਠ ਕੇ ਸਿਰਫ ਵਾਹਿਗੁਰੂ ਦਾ ਹੀ ਸਿਮਰਨ ਕਰਦਾ ਰਹਿੰਦਾ ਸੀ ਤੇ ਜੇ ਕੋਈ ਉਸਦੇ ਅੱਗੇ ਕੁੱਝ ਰੱਖ ਜਾਂਦਾ ਤਾਂ ਉਹ ਉਸੇ ਨਾਲ ਹੀ ਆਪਣੀ ਜਰੂਰਤ ਪੂਰੀ ਕਰ ਲੈਂਦਾ ਸੀ।

ਇੱਕ ਆਦਮੀ ਰੋਜ਼ ਉਸਨੂੰ ਇੱਕ ਆਨਾ (ਇੱਕ ਰੁਪਈਆ 16 ਆਨੇ ਦਾ ਹੁੰਦਾ ਸੀ) ਦੇ ਕੇ ਜਾਂਦਾ ਸੀ। ਇੱਕ ਆਨਾ ਦੇਣ ਵਾਲੇ ਨੂੰ ਕਿਸੇ ਕਾਰਨ ਆਪਣੇ ਸ਼ਹਿਰ ਤੋਂ ਬਾਹਰ ਜਾਣਾ ਪੈ ਗਿਆ। ਉਸਨੇ ਸੋਚਿਆ ਕਿ ਮੈਨੂੰ ਚਾਰ ਪੰਜ ਦਿਨ ਲਗ ਜਾਣੇ ਹਨ ਕਿਉਂ ਨਾ ਇਸ ਫਕੀਰ ਨੂੰ ਅੱਠ ਆਨੇ ਦੇ ਜਾਵਾਂ। ਉਸਨੇ ਅੱਠ ਆਨੇ ਉਸ ਅੱਗੇ ਰੱਖੇ ਤੇ ਅੱਗੇ ਤੁਰ ਪਿਆ। ਉਸ ਫਕੀਰ ਨੇ ਪਿੱਛੋਂ ਅਵਾਜ ਮਾਰੀ ਭਾਈ ਜੀ! ਇਹ ਪੈਸੇ ਆਪ ਜਿਆਦਾ ਰੱਖ ਗਏ ਹੋ ਤੇ ਆਨੇ ਰੱਖਣ ਵਾਲੇ ਨੇ ਕਿਹਾ ਫਕੀਰ ਜੀ! ਮੈਂ ਕੁਝ ਦਿਨਾਂ ਲਈ ਬਾਹਰ ਜਾ ਰਿਹਾ ਹਾਂ ਇਸ ਲਈ ਰੱਖੇ ਹਨ। ਉਸ 'ਤੇ ਫਕੀਰ ਨੇ ਕਿਹਾ ਕਿ ਤੂੰ ਸੋਚਦਾ ਹੈ ਕਿ ਜੇ ਤੂੰ ਨਹੀਂ ਹੋਵੇਂਗਾ ਤੇ ਮਾਲਕ ਮੈਨੂੰ ਭੁੱਖਾ ਰੱਖੂ? ਜਾ ਆਪਣੇ ਸੱਤ ਆਨੇ ਵਾਪਸ ਲੈ ਜਾ ਮੈਨੂੰ ਪੂਰਾ ਭਰੋਸਾ ਹੈ ਕਿ ਉਹ ਮੇਰੀ ਭੁੱਖ ਦਾ ਆਪ ਖਿਆਲ ਰੱਖੇਗਾ, ਤੂੰ ਭਾਈ ਆਪਣਾ ਖਿਆਲ ਰੱਖੀਂ ਵਾਹਿਗੁਰੂ ਤੇਰੀ ਯਾਤਰਾ ਸਫਲ ਕਰੇ। ਇਹ ਹੈ ਉਸ ਵਾਹਿਗੁਰੂ ਤੇ ਭਰੋਸਾ ਜੋ ਆਪਣਿਆਂ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਭਰੋਸਾ ਹੋਣਾ ਚਾਹੀਦਾ ਹੈ। ਕਿਉਂਕਿ ਸਾਡੇ ਨਾਲ ਜੇ ਕਿਸੇ ਨੇ ਪੂਰਾ ਨਿਭਣਾ ਹੈ ਤਾਂ ਉਹ ਅਕਾਲ ਪੁਰਖ ਆਪ ਹੀ ਹੈ। ਉਸਤੇ ਭਰੋਸਾ ਹੀ ਜੀਵਨ ਦੀ ਰੋਸ਼ਨੀ ਦਾ ਕੰਮ ਕਰਦਾ ਹੈ। ਆਮ ਤੌਰ 'ਤੇ ਇਹ ਵੀ ਕਿਹਾ ਜਾਂਦਾ ਹੈ ਕਿ ਮੰਗੋ ਤਾਂ ਉਸ ਵਾਹਿਗੁਰੂ ਪਾਸੋਂ ਜੋ ਸਭ ਨੂੰ ਦਿੰਦਾ ਹੈ ਇਨਸਾਨ ਕੋਲੋਂ ਕੀ ਮੰਗਣਾ ਜੋ ਖੁਦ ਹੀ ਪ੍ਰਮਾਤਮਾ ਪਾਸੋਂ ਮੰਗਦਾ ਹੈ, ਨਾਲੇ ਇਨਸਾਨ ਪਾਸੋਂ ਮੰਗਣ ਨਾਲ ਭਰੋਸਾ ਟੁੱਟਦਾ ਹੈ। ਉਸ ਮਾਲਕ ਕੋਲੋਂ ਮੰਗਣ ਨਾਲ ਭਰੋਸਾ ਕਾਇਮ ਰਹਿੰਦਾ ਹੈ। ਇਸੇ ਲਈ ਅਰਦਾਸ ਵਿੱਚ ਭਰੋਸਾ ਦਾਨ ਮੰਗਿਆ ਜਾਂਦਾ ਹੈ। ਵਾਹਿਗੁਰੂ ਸਾਡੀਆਂ ਭਾਵਨਾਵਾਂ, ਮਨ, ਆਤਮਾ ਵਿੱਚ ਤੇਰੇ ਪ੍ਰਤੀ ਭਰੋਸਾ ਆ ਜਾਵੇ ਤੇ ਕਿਸੇ ਹੋਰ ਦਰ 'ਤੇ ਜਾਣ ਦੀ ਹਿੰਮਤ ਨਾ ਪਵੇ। ਮੰਗੀਏ ਤਾਂ ਕੇਵਲ ਤੇਰੇ ਕੋਲੋਂ ਹੀ ਮੰਗੀਏ। ਸਾਡੀ ਝੋਲੀ ਵਿੱਚ ਭਰੋਸੇ ਦਾ ਦਾਨ ਪਾ ਦੇ। ਇਹ ਵੀ ਸਿੱਖ ਦੀ ਅਰਦਾਸ ਦੇ ਗੁਣਾਂ ਵਿੱਚੋਂ ਇੱਕ ਗੁਣ ਹੈ।

**ਦਾਨਾਂ ਸਿਰ ਦਾਨ ਨਾਮ ਦਾਨ**

ਭਰੋਸੇ ਦੇ ਦਾਨ ਤੋਂ ਬਾਅਦ, ਫਿਰ ਸਿੱਖ ਉਸ ਦਾਨ ਦੀ ਮੰਗ ਕਰਦਾ ਹੈ ਜੋ ਸਾਰੇ ਦਾਨਾਂ ਦੇ ਉੱਪਰ ਹੈ, ਮਹਾਂਦਾਨ ਹੈ ਉਹ ਹੈ ਨਾਮ ਦਾਨ। ਅਰਦਾਸ ਵਿੱਚ ਦਾਨ ਦੇ ਕਈ ਰੂਪ ਆਉਂਦੇ ਹਨ। ਹਰ ਸ਼ਬਦ ਨੂੰ ਅਰਦਾਸ ਵਿੱਚ ਉਸਦੇ ਗੁਣਾਂ ਨਾਲ ਵਿਚਾਰਿਆ ਜਾਂਦਾ ਹੈ। ਬੇਨਤੀਆਂ ਕੀਤੀਆਂ ਜਾਂਦੀਆਂ ਹਨ।ਨਾਮ ਦੇ ਦਾਨ ਨੂੰ ਦਾਨਾਂ ਸਿਰ ਦਾਨ ਕਹਿ ਕੇ ਨਾਮ ਦਾਨ ਦੀ ਮੰਗ ਕੀਤੀ ਜਾਂਦੀ ਹੈ। ਮਨੁੱਖੀ ਸਰੀਰ ਦਾ ਉੱਪਰਲਾ ਹਿੱਸਾ ਸਿਰ ਹੈ, ਨਾਮ ਨੂੰ ਸਭ ਤੋਂ ਉੱਚੀ ਥਾਂ ਦਿੱਤੀ ਗਈ ਹੈ। 'ਨਾਮ' ਜਿਸਦਾ ਅਭਿਆਸ ਕੀਤਾ ਜਾਵੇ, ਪ੍ਰਮੇਸ਼ਰ ਦਾ ਨਾਮ, ਪ੍ਰਮੇਸ਼ਰ ਦਾ ਨਾਮ ਤੋਂ ਭਾਵ ਉਸਦੇ ਨਾਮ ਦਾ, ਉਸਦੇ ਗੁਣਾਂ ਦਾ, ਧਿਆਨ ਧਰ ਕੇ ਅਭਿਆਸ ਕਰਨ ਤੋਂ ਹੈ, ਜਿਸ ਕਰਕੇ ਅੰਤਹਿ ਕਰਨ ਦੀ ਸ਼ੁੱਧੀ ਅਤੇ ਨਾਮ ਦੀ ਪ੍ਰਾਪਤੀ ਹੁੰਦੀ ਹੈ। ਜਿਹਬਾ ਦੇ ਉਚਾਰਨ ਤੋਂ ਨਾਮੀ ਅਭੇਦਤਾ ਤਕ ਸਾਰੇ ਅਭਿਆਸ ਨੂੰ ਵੀ ਨਾਮ ਕਿਹਾ ਜਾਂਦਾ ਹੈ।

**ਨਾਮ ਤਤੁ ਸਭ ਹੀ ਸਿਰਿ ਜਾਪੈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 943)

ਨਾਮ ਹੀ (ਕਲਯੁੱਗ ਵਿੱਚ ਤਾਰਣ ਲਈ) ਤੱਤ ਸਾਰ ਰੂਪ ਭਾਵ ਸਾਰਿਆਂ ਤੋਂ ਸ਼੍ਰੋਮਣੀ ਜਾਣੀਦਾ ਹੈ। ਗਿਆਨੀ ਕੁੰਦਨ ਸਿੰਘ ਪਤੰਗ ਆਪਣੇ ਲੇਖ 'ਸਿੱਖ ਧਰਮ ਚਿੰਤਨ ਵਿੱਚ ਭਗਤੀ' ਵਿੱਚ ਲਿਖਦੇ ਹਨ ਕਿ 'ਨਾਮ ਜਪਣਾ ਹੈ ਆਤਮਾ ਦੀ ਸ਼ੁੱਧੀ ਵਾਸਤੇ, ਕਿਰਤ ਕਰਨੀ ਹੈ ਸਰੀਰ ਨੂੰ ਸਵੱਸਥ ਰੱਖਣ ਲਈ, ਵੰਡ ਛਕਣ ਨਾਲ ਮਨ ਸ਼ੁੱਧ ਹੁੰਦਾ ਹੈ।' ਇਸ ਵਿੱਚ ਪਰਉਪਕਾਰ ਹੈ ਤੇ ਇਸ ਕਰਕੇ ਕਿਸੇ ਦਾ ਭਲਾ ਹੁੰਦਾ ਹੈ। ਨਾਮ ਇਸ ਲਈ ਜਪੀਦਾ ਹੈ ਕਿ ਆਤਮਾ ਪ੍ਰਮਾਤਮਾ ਨਾਲ ਜੁੜ ਸਕੇ,

**ਵਿਣੁ ਗੁਣ ਕੀਤੇ ਭਗਤੁ ਨਾ ਹੋਇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 4)

ਗੁਰਮੁਖ ਵਾਸਤੇ ਰੋਜ਼ਾਨਾ ਗੁਰਬਾਣੀ ਦਾ ਪਾਠ ਅਤੇ ਗੁਰਮੰਤ੍ਰ ਜਾਪ ਬਹੁਤ ਜਰੂਰੀ ਹੈ।

**ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥**

(ਵਾਰ 13, ਪਉੜੀ ਦੂਜੀ, ਭਾਈ ਗੁਰਦਾਸ ਜੀ)

ਗਿਆਨੀ ਕੁੰਦਨ ਸਿੰਘ ਅੱਗੇ ਲਿਖਦੇ ਹਨ ਕਿ 'ਭਗਤੀ' ਵਿਆਕਰਣ ਅਨੁਸਾਰ ਨਾਮ ਹੈ ਅਤੇ 'ਭਗਤ' ਵਿਸ਼ੇਸ਼ਣ ਹੈ। ਭਗਤੀ, ਭਗਤ, ਪ੍ਰਮੇਸ਼ਰ ਦੀ ਸੇਵਾ, ਪੂਜਾ ਧਿਆਨ, ਨਾਮ ਸਿਮਰਨ ਵਿੱਚ ਰਹਿਣ ਵਾਲੀ ਮਨ ਦੀ ਭਾਵਨਾ ਹੈ।

ਨਾਮ ਦੇ ਜੀਵਨ ਵਿੱਚ ਪ੍ਰਵੇਸ਼ ਕਰਦਿਆਂ ਹੀ ਮਨੁੱਖ ਆਸਤਿਕ ਹੋਣਾ ਸ਼ੁਰੂ ਹੋ ਜਾਂਦਾ ਹੈ। ਗਿਆਨੀ ਸੰਤ ਸਿੰਘ ਜੀ ਮਸਕੀਨ ਆਪਣੀ ਪੁਸਤਕ 'ਗੁਰ ਚਿੰਤਨ' ਵਿੱਚ ਲਿਖਦੇ ਹਨ, 'ਆਸਤਿਕ ਦੀ ਪਰਮਾਤਮਾ ਵਿੱਚ ਬੜੀ ਆਸਥਾ ਹੁੰਦੀ ਹੈ। ਉਹ ਕਹਿੰਦਾ ਹੈ ਕਿ ਮੇਰੀ ਯੋਗਤਾ ਤਾਂ ਕੁਝ ਵੀ ਨਹੀਂ, ਮੇਰੀ ਝੋਲੀ ਤਾਂ ਬਹੁਤ ਛੋਟੀ ਹੈ, ਪਰ ਤੂੰ ਬਹੁਤ ਦਿੱਤਾ ਹੈ ਅਤੇ ਜੋ ਕੁਝ ਮੈਨੂੰ ਮਿਲਿਆ ਹੈ ਉਹ ਮੇਰੀ ਯੋਗਤਾ ਤੋਂ ਕਿਤੇ ਵੱਧ ਹੈ। ਇਹ ਭਾਵ ਜਿਵੇਂ–ਜਿਵੇਂ ਵੱਧਦਾ ਹੈ, ਹਿਰਦਾ ਧੰਨਵਾਦ ਵਿੱਚੋਂ ਹੀ ਪ੍ਰਾਰਥਨਾ, ਅਰਦਾਸ ਨਿਕਲ ਸਕਦੀ ਹੈ।ਗਿਲ੍ਹੇ ਸ਼ਿਕਵਿਆਂ ਵਿੱਚੋਂ ਇਨਕਾਰ ਤੇ ਤਕਰਾਰ ਜਨਮ ਲੈਂਦੇ ਹੈ। ਗਿਲ੍ਹੇ ਹਨ ਤਾਂ ਇਨਕਾਰ ਹੈ, ਇਨਕਾਰ ਹੈ ਤਾਂ ਫਿਰ ਤਕਰਾਰ ਹੈ ਤੇ ਤਕਰਾਰ ਵਿੱਚੋਂ ਹੀ ਨਾਸਤਿਕਤਾ ਜਨਮ ਲੈਂਦੀ ਹੈ।ਸ਼ੁਕਰਾਨਾ ਹੈ ਤਾਂ ਰਜ਼ਾ ਵਿੱਚ ਰਾਜੀ ਹੈ, ਆਪਣੀ ਯੋਗਤਾ ਹੀ ਘੱਟ ਹੈ, ਝੋਲੀ ਛੋਟੀ ਹੈ ਇਹ ਭਾਵ ਹੈ ਧੰਨਵਾਦ ਦਾ। ਪ੍ਰਾਰਥਨਾ ਤਾਂ ਅਰਦਾਸ ਹੈ, ਜੋਦੜੀ ਹੈ।'

ਦਾਨ ਦੇ ਪ੍ਰਕਰਣ ਵਿੱਚ ਸਭ ਤੋਂ ਵੱਡਾ ਦਾਨ ਪ੍ਰਭੂ ਦੇ ਨਾਮ ਸਿਮਰਨ ਦਾ ਵਰਦਾਨ ਵੀ ਹੈ। ਦੁਨਿਆ ਵਿੱਚ ਬਾਕੀ ਹਰ ਕਿਸਮ ਦੀ ਵਸਤੂ ਅਖੀਰ ਮੁੱਕ ਜਾਣੀ ਜਾਂ ਖੁੱਸ ਜਾਣੀ ਹੈ ਕੇਵਲ ਪ੍ਰਭੂ ਦਾ ਨਾਮ ਹੀ ਅਜਿਹਾ ਉੱਤਮ ਪਦਾਰਥ ਹੈ ਜੋ ਸਦੀਵੀ ਹੈ। ਇਸ ਲਈ ਜਾਚਕ ਜਿੱਥੇ ਹੋਰ ਦੁਨਿਆਵੀ ਪਦਾਰਥਾ ਦੀ ਮੰਗ ਕਰਦੇ ਹਨ ਉੱਥੇ ਹੀ ਨਾਮ ਦਾਨ ਦੀ ਵੀ ਉਚੇਚੇ ਤੌਰ 'ਤੇ ਮੰਗ ਕਰਦੇ ਹਨ। ਸਿੱਖ ਕਿਸੇ ਵੀ ਥਾਂ ਕਿਸੇ ਵੀ ਹਾਲਤ ਵਿੱਚ ਹੋਵੇ ਪ੍ਰਭੂ

ਦਾ ਨਾਮ ਉਸਦੇ ਅੰਗ ਸੰਗ ਰਹੇ, ਅਰਦਾਸ ਵਿੱਚ ਇਸੇ ਨੂੰ ਦ੍ਰਿੜ ਕਰਦਾ ਹੈ, ਦਾਨਾਂ ਸਿਰ ਦਾਨ ਨਾਮ ਦਾਨ। ਹੱਥਾਂ ਜੋੜ ਕੇ ਜਾਚਨਾ ਕਰਦਾ ਹੈ। ਸੱਚ ਜਾਣਿਓ ਜਿਸਨੂੰ ਨਾਮ ਦੇ ਦਾਨ ਦੀ ਦਾਤ ਝੋਲੀ ਪੈ ਜਾਂਦੀ ਹੈ ਉਸਦੀ ਅਵਸਥਾ ਤਾਂ ਉਸਦੀ ਤਾਂ ਉਸ ਵਾਲੀ ਹੋ ਜਾਂਦੀ ਹੈ ਜਿਵੇਂ ਗੂੰਗਾ ਹੁੰਦਾ ਹੈ ਅਤੇ ਉਸਨੇ ਮਿਠਿਆਈ ਖਾ ਲਈ ਹੋਵੇ ਪਰ ਕਿਸੇ ਨੂੰ ਉਸਦਾ ਸਵਾਦ ਨਹੀਂ ਦੱਸ ਪਾਉਂਦਾ, ਜੋ ਸੁਣ ਲੈਂਦਾ ਹੈ ਉਸਨੂੰ ਕੁਝ ਹੋਰ ਚੰਗਾ ਨਹੀਂ ਲੱਗਦਾ।ਨਾਮ ਦੀ ਦਾਤ ਸਿਮਰਨ ਤੋਂ ਬਿਨ੍ਹਾਂ ਪ੍ਰਾਪਤ ਨਹੀਂ ਹੋ ਸਕਦੀ। ਇਸੇ ਲਈ ਤਾਂ '**ਸਿਮਰਉ ਸਿਮਰਿ ਸਿਮਰਿ ਸੁਖ ਪਾਵਉ'** ਇਹ ਸੁੱਖ ਹੀ ਨਾਮ ਦੇ ਸਾਧਨ ਨਾਲ ਪ੍ਰਾਪਤ ਹੁੰਦੀ ਹੈ।

### ਸ੍ਰੀ ਅੰਮ੍ਰਿਤਸਰ ਜੀ ਕੇ ਦਰਸ਼ਨ ਇਸ਼ਨਾਨ

ਅਰਦਾਸ ਦੀ ਮੰਗ ਵਿੱਚ ਜਾਚਕ ਅਕਾਲ ਪੁਰਖ ਪਾਸੋਂ ਜਾਚਨਾ ਕਰਦਾ ਹੈ, ਸ੍ਰੀ ਅੰਮ੍ਰਿਤਸਰ ਜੀ ਕੇ ਦਰਸ਼ਨ ਤੇ ਉੱਥੋਂ ਦੇ ਸਰੋਵਰ ਦੇ ਇਸ਼ਨਾਨ ਦੀ। ਸਿੱਖ ਆਪਣੇ ਜੀਵਨ ਜਾਚ ਨੂੰ ਸੱਚੇ ਦਿਲੋਂ ਅਪਨਾਉਣਾ ਚਾਹੁੰਦੇ ਹਨ। ਅਸਲ ਵਿੱਚ ਕਿਤੇ ਅੰਮ੍ਰਿਤ ਵੇਲਾ ਖੁੰਝ ਨਾ ਜਾਵੇ, ਇਸੇ ਕਰਕੇ ਹੀ ਅਰਦਾਸ ਇਸ਼ਨਾਨ ਦਾ ਦਾਨ ਮੰਗਿਆ ਕਰਦੇ ਹਨ। ਇਸ਼ਨਾਨ ਸਿੱਖ ਦੇ ਜੀਵਨ ਜਾਚ ਦਾ ਸਬਰ ਪ੍ਰਮਾਣਿਤ ਅਤੇ ਅਨਿੱਖੜਵਾਂ ਅੰਗ ਹੈ।ਇਸੇ ਲਈ ਸਿੱਖ ਗੁਰਦੁਆਰਿਆਂ ਨਾਲ ਸਰੋਵਰ ਬਣਾਉਣ ਦੀ ਪ੍ਰਥਾ ਹੈ।ਸ੍ਰੀ ਅੰਮ੍ਰਿਤਸਰ ਜੀ ਦਾ ਇਸ਼ਨਾਨ ਸਭ ਤੋਂ ਉੱਤਮ ਇਸ਼ਨਾਨ ਮੰਨਿਆ ਜਾਂਦਾ ਹੈ।

ਹਰਿਮੰਦਰ ਸਾਹਿਬ ਦੇ ਇਰਦ–ਗਿਰਦ ਸਰੋਵਰ ਹੈ, ਅੰਮ੍ਰਿਤ ਦਾ ਸਰੋਵਰ। ਇਹ ਜਿੱਥੇ ਭਵ–ਸਾਗਰ ਦਾ ਵੀ ਸਰੂਪ ਵੀ ਹੈ ਉੱਥੇ ਹੀ ਜਲ–ਥਲ ਤੇ ਅਕਾਸ਼ ਤਿੰਨਾਂ ਦੀ ਸੰਗਮ ਵੀ ਹੈ। ਅਨੇਕਾਂ ਪ੍ਰਾਣੀ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ ਤੇ ਆਪਣੇ ਸਰੀਰ ਸਵੱਛ ਕਰਦੇ ਹਨ ਆਪਣਾ ਈਮਾਨ ਹਰਿਆ ਕਰਦੇ ਹਨ। ਇੱਕ ਥਾਂ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸਰੋਵਰਾਂ ਤੇ ਧਾਰਮਿਕ ਗੁਰਦੁਆਰਿਆਂ ਦੀ ਰਚਨਾ ਕਰਕੇ ਸਿੱਖਾਂ ਦੇ ਮਨ ਵਿੱਚੋਂ ਧਾਰਮਿਕ ਯਾਤਰਾ ਦੀ ਭਟਕਣਾ ਦਾ ਖਿਆਲ ਸਦਾ ਲਈ ਸਮਾਪਤ ਕਰ ਦਿੱਤਾ। ਸਿੱਖ ਗੁਰੂ ਸਾਹਿਬਾਨਾਂ ਦੁਆਰਾ ਬਣਾਏ ਧਰਮਾਂ ਅਸਥਾਨਾਂ ਨੂੰ ਆਪਣੇ ਧਾਰਮਿਕ ਕੇਂਦਰ ਮੰਨਣ ਲੱਗੇ ਤੇ ਇਥੋਂ ਦੇ ਦਰਸ਼ਨ–ਇਸ਼ਨਾਨ, ਨਾਲ ਸੁੱਖ ਸਾਂਤੀ ਦਾ ਅਨੁਭਵ ਵੀ। ਇੱਥੇ ਇਹ ਵੀ ਸੰਕੇਤ ਕਰਨਾ ਉੱਚਿਤ ਹੈ ਕਿ ਗੁਰੂ ਅਨੁਯਾਈਆਂ ਦੀ ਅਗਾਧ ਸ਼ਰਧਾ ਕਰਕੇ ਕਈ ਵਾਰੀ ਹਕੂਮਤ ਦੇ ਮਨ ਵਿੱਚ ਭੈ ਵੀ ਜਾਗਿਆ ਤੇ ਉਹਨਾਂ ਹਾਕਮਾਂ ਨੇ ਸਿੱਖੀ ਦੀ ਕੇਂਦਰੀ ਸ਼ਕਤੀ ਨੂੰ ਤੋੜਨ ਲਈ ਅਨੇਕਾਂ ਵਾਰ ਅੰਮ੍ਰਿਤਸਰ ਸਰੋਵਰ ਦੇ ਦਰਸ਼ਨਾਂ ਉੱਤੇ ਪਾਬੰਦੀ ਲਗਾ ਦਿੱਤੀ ਤੇ ਇਸ ਨੂੰ ਪੂਰਨ ਦੇ ਨਾ ਕੇਵਲ ਯਤਨ ਕੀਤੇ ਬਲਕਿ ਪੂਰਿਆ ਵੀ।ਜਿਵੇਂ–ਜਿਵੇਂ ਸਰਕਾਰਾਂ ਜਾਂ ਹਾਕਮ ਅਜਿਹਾ ਜੁਲਮ ਕਰਦੇ ਸਨ, ਤਿਵੇਂ–ਤਿਵੇਂ ਸਿੱਖਾਂ ਅੰਦਰ ਇਸ ਅਸਥਾਨ ਦੇ ਦਰਸ਼ਨ–ਇਸ਼ਨਾਨ ਦੀ ਸ਼ਿੱਦਤ ਹੋਰ ਵੱਧਦੀ ਜਾਂਦੀ ਸੀ।

ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਮੀਰੀ ਤੇ ਪੀਰੀ ਦੇ ਕੇਂਦਰ ਹਨ। ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ ਫਕੀਰ ਸਾਂਈ ਮੀਆਂ ਮੀਰ ਜੀ ਪਾਸੋਂ ਰਖਵਾਈ। ਗੁਰੂ ਨਾਨਕ ਦੇਵ ਜੀ ਨੇ ਜਿਸ ਸਮਾਜ ਦੀ ਅਧਾਰ ਸ਼ਿਲਾ ਰੱਖੀ ਸੀ, ਉਸ ਵਿੱਚ ਗੁਰੂ ਅਰਜਨ ਦੇਵ

ਸਾਹਿਬ ਜੀ ਨੇ 'ਆਦਿ ਗ੍ਰੰਥ ਸਾਹਿਬ ਜੀ' ਦੀ ਸੰਪਾਦਨਾ ਕਰਕੇ ਜਿਸ ਵਿੱਚ ਪੰਜ ਗੁਰੂ ਸਾਹਿਬਾਨ, 15 ਭਗਤਾਂ, ਜਿਨ੍ਹਾਂ ਵਿੱਚ ਹਿੰਦੂ, ਮੁਸਲਿਮ ਸੰਤਾਂ, ਭਗਤਾਂ, ਸੂਫੀਆਂ ਦੀ ਬਾਣੀ ਜੋ ਕਿ ਇੱਕ ਅਕਾਲ ਪੁਰਖ ਦੀ ਹੋਂਦ ਨੂੰ ਪ੍ਰਵਾਣ ਕਰਦੇ ਸਨ ਅਤੇ ਭਟਾਂ ਦੀ ਬਾਣੀ, ਗੁਰੂ ਦੇ ਪਿਆਰੇ ਸਿੱਖਾਂ ਦੀ ਬਾਣੀ ਦੇ ਪਿਆਰੇ ਸਿੱਖਾਂ ਦੀ ਬਾਣੀ ਨੂੰ ਦਰਜ ਕੀਤਾ ਤੇ 30 ਰਾਗਾਂ ਵਿੱਚ ਸੰਪਾਦਿਤ ਬਾਣੀ ਭਾਈ ਗੁਰਦਾਸ ਜੀ ਪਾਸੋਂ ਕੇ ਸਰਬ ਸਾਂਝੀਵਾਲਤਾ ਦਾ ਸਭ ਤੋਂ ਪਹਿਲਾਂ ਸੰਦੇਸ਼ ਦਿੱਤਾ। ਇਹ ਭਾਰਤ ਦੇ ਨਾਲ–ਨਾਲ ਦੁਨਿਆਂ ਦੇ ਇਤਿਹਾਸ ਵਿੱਚ ਵੀ ਪਹਿਲੀ ਕ੍ਰਾਂਤੀਕਾਰੀ ਘਟਨਾ ਸੀ।

ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜੇ ਹਨ, ਜੋ ਸਭ ਜਾਤਾਂ ਤੇ ਧਰਮਾਂ ਲਈ ਖੁੱਲ੍ਹੇ ਹਨ, ਲੋੜ ਹੈ ਤਾਂ ਸ਼ਰਧਾ ਦੀ। ਇਸਦੀ ਪਰਿਕਰਮਾ ਚਾਰੇ ਪਾਸੇ ਹੈ ਉਸ ਵਿੱਚ ਸਰੋਵਰ ਅਤੇ ਦਰਸ਼ਨੀ ਡਿਉੜੀ, ਆਲੇ–ਦੁਆਲੇ ਝੂਲਦੇ ਨਿਸ਼ਾਨ ਸਾਹਿਬ ਅਤੇ ਬੁੰਗੇ ਸਿੱਖ ਸਿਧਾਂਤਾਂ ਦਾ ਪ੍ਰਤੀਕ ਬਣ ਕੇ ਮਨੁੱਖਤਾ ਦੇ ਪਿਆਰ ਕਰਨ ਵਾਲਿਆਂ ਨੂੰ ਪ੍ਰੇਮ ਦਾ ਸੰਦੇਸ਼ ਦੇ ਰਹੇ ਹਨ। ਕਈ ਵਾਰੀ ਇੰਝ ਜਾਪਦਾ ਹੈ ਕਿ, ਜਿਵੇਂ ਪਰਿਕਰਮਾ ਦਾ ਫਰਸ਼ ਉਹਨਾਂ ਸ਼ਹੀਦਾਂ ਦੇ ਖ਼ੂਨ ਨਾਲ ਮਜਬੂਤ ਹੋਇਆ ਹੈ, ਜਿਨ੍ਹਾਂ ਨੇ ਵੇਲੇ ਦੀਆਂ ਹਕੂਮਤਾਂ ਦੁਆਰਾ ਹੁੰਦੇ ਹਮਲਿਆਂ ਤੋਂ ਸ੍ਰੀ ਹਰਿਮੰਦਰ ਸਾਹਿਬ ਦੀ ਸੁਰੱਖਿਆ ਲਈ ਆਪਣੀਆਂ ਸ਼ਹੀਦੀਆਂ ਦਿੱਤੀਆਂ ਸਨ। ਜਦੋਂ ਦਰਸ਼ਨੀ ਡਿਉੜੀ ਤੋਂ ਸ੍ਰੀ ਹਰਿਮੰਦਰ ਸਾਹਿਬ ਜੀ ਵਲ ਜਾਂਦੇ ਹਾਂ ਤਾਂ ਇੰਝ ਜਾਪਦਾ ਹੈ ਕਿ ਸਤਿਗੁਰਾਂ ਨੇ ਇਸ ਦੇ ਨਿਰਮਾਣ ਵੇਲੇ ਇਹ ਵਿਚਾਰਿਆ ਹੋਵੇਗਾ ਕਿ ਇਹ ਸੰਸਾਰ ਇੱਕ ਭਵ ਸਾਗਰ ਹੈ ਤੇ ਮਨੁੱਖ ਦੇ ਅਕਾਲ ਪੁਰਖ ਨੂੰ ਮਿਲਣ ਦਾ ਇੱਕੋ–ਇੱਕ ਰਾਹ ਹੈ, ਉਸ ਰਾਹੀਂ ਹੀ ਉਸ ਸ਼ਬਦ ਦਾ ਸਹਾਰਾ ਲੈ ਕੇ ਪਾਰ ਹੋਇਆ ਜਾ ਸਕਦਾ ਹੈ। (ਇਹ ਮੇਰੀ ਅਲਪਮੱਤ ਦੀ ਸੋਚ ਹੈ।) ਸ੍ਰੀ ਅੰਮ੍ਰਿਤਸਰ ਸਾਹਿਬ, ਜਿੱਥੇ ਸਿੱਖ ਧਰਮ ਦੀਆਂ ਸਾਰੀਆਂ ਜਥੇਬੰਦੀਆਂ ਅਤੇ ਸਿੱਖ ਸੰਪਰਦਾਵਾਂ ਦੇ ਸਥਾਨ ਅਤੇ ਕਈ ਇਤਿਹਾਸਕ ਗੁਰਦੁਆਰੇ ਹਨ, ਉੱਥੇ ਅੰਮ੍ਰਿਤਸਰ ਸਾਹਿਬ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਸਥਾਨ ਵੀ ਹੈ। ਇੱਥੇ ਸਰੋਵਰ ਤੇ ਤਲਾਬ ਵੀ ਹਨ, ਜਿਨ੍ਹਾਂ ਵਿੱਚੋਂ ਸੰਤੋਖਸਰ, ਸ੍ਰੀ ਅੰਮ੍ਰਿਤਸਰ (ਸ੍ਰੀ ਦਰਬਾਰ ਸਾਹਿਬ ਸਰੋਵਰ), ਬਿਬੇਕਸਰ, ਰਾਮਸਰ, ਕੌਲਸਰ, ਲਛਮਣਸਰ, ਨਿਰਬਾਣਸਰ, ਤਲਾਬ ਸੰਤਰਾਮ, ਤਲਾਬ ਸਾਂਡਲ, ਤਲਾਬ ਭਾਈ ਕਲਿਆਣ ਸਿੰਘ, ਤਲਾਬ ਸੁਖਦਿਆਲ ਸਿੰਘ, ਤਲਾਬ ਸਮਦੂ, ਤਲਾਬ ਹਮੇਸ਼ਾ ਖੱਤਰੀ, ਬ੍ਰਹਮ ਸਰੋਵਰ, ਤਲਾਬ ਕਿਸ਼ਨ ਚੰਦ, ਤਲਾਬ ਟੰਡੇ ਦਾ, ਟੋਬਾ ਭਾਈ ਸਾਲ੍ਹੋ ਜੀ, ਢਾਬ ਭਾਈ ਬਸਤੀ ਰਾਮ, ਢਾਬ ਖਤੀਕਾਂ ਆਦਿ।

ਪਿਛਲੇ ਸਾਲਾਂ ਵਿੱਚ ਵਾਪਰੀਆਂ ਘਟਨਾਵਾਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਜਿਵੇਂ–ਜਿਵੇਂ ਵੇਲੇ ਦੇ ਹਾਕਮਾਂ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ (ਜੋ ਸਿੱਖਾਂ ਦਾ ਧਾਰਮਿਕ ਕੇਂਦਰ ਰਿਹਾ ਹੈ ਤੇ ਰਹਿਣਾ ਹੈ।) ਨੂੰ ਤਬਾਹ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ, ਉਤਨਾ ਹੀ ਸਿੱਖਾਂ ਦੇ ਨਿਸ਼ਚੇ ਮਜਬੂਤ ਹੋਏ ਹਨ। ਹਰ ਵੇਲੇ ਅਰਦਾਸ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਇਸ਼ਨਾਨ ਨੂੰ ਸਿੱਖ ਲੋਚਦਾ ਹੈ। ਇਸ ਲਈ ਕਿਸੇ ਵੀ ਤਰ੍ਹਾਂ ਦੀ ਕੁਰਬਾਨੀ ਦੀ ਜਦੋਂ ਵੀ ਲੋੜ ਪਈ ਹੈ ਤਾਂ ਸਿੱਖ ਉਸ ਕੁਰਬਾਨੀ ਲਈ ਹਮੇਸ਼ਾ ਤਿਆਰ ਰਿਹਾ ਹੈ। ਇਹ ਸਿੱਖ ਕੌਮ ਦੇ ਵਿਸ਼ਵਾਸ਼ ਦਾ ਅਨਿੱਖੜਵਾਂ ਅੰਗ ਅਤੇ ਸਿੱਖੀ ਦਾ ਮਹਾਨ ਕੇਂਦਰ ਹੈ।

**ਚੌਂਕੀਆਂ, ਝੰਡੇ-ਬੁੰਗੇ, ਜੁੱਗੋ-ਜੁੱਗ ਅਟੱਲ, ਧਰਮ ਕਾ ਜੈਕਾਰ**

ਚੌਂਕੀਆਂ ਬਹੁ ਮੁਖੀ ਅਰਥ ਰੱਖਦੀਆਂ ਹਨ। ਭਾਈ ਵੀਰ ਸਿੰਘ ਦਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਅਨਸਾਰ 'ਚੌਂਕੀ' ਗੁਰੂ ਦੇ ਸ਼ਬਦ ਦਾ ਪਹਿਰਾ। ਜੱਥਾ

**'ਚਉਕੀ ਚਉਗਿਰਦ ਹਮਾਰੇ॥'**

(ਅੰਗ. 626)

ਚੌਂਕੀਆਂ ਵਿੱਚ ਚੌਂਕੀ ਭਰਨੀ, ਚੌਂਕੀ ਖੋਲਣੀ (ਗੋਲਕ), ਚੌਂਕੀ ਜਾਣੀ ਹੈ।

ਨਿਤਨੇਮ ਦੀਆਂ ਚੌਂਕੀਆਂ:– ਇਹ ਚੌਂਕੀਆਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਅਰੰਭ ਹੋ ਚੁੱਕੀਆਂ ਸਨ।

ਪਹਿਲੀ ਆਸਾ ਦੀ ਵਾਰ ਕੀ ਚੌਂਕੀ:– ਜੋ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ।

ਬਿਲਾਵਲ ਕੀ ਚੌਂਕੀ: ਜੋ ਸੂਰਜ ਚੜਦੇ ਸਾਰ ਗਾਇਨ ਕੀਤੀ ਜਾਂਦੀ ਹੈ।

ਤੀਸਰੀ ਚਰਨ ਕੰਵਲ ਦੀ ਚੌਂਕੀ:– ਜੋ ਸਵਾ ਪਹਿਰ ਦਿਨ ਚੜ੍ਹੇ ਲਗਦੀ ਹੈ।

**ਚਰਨ ਕਮਲ ਪ੍ਰਭ ਕੇ ਨਿਤ ਧਿਆਵਉ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 806)

ਸੋਦਰੁ ਦੀ ਚੌਂਕੀ:– ਜੋ ਤ੍ਰਿਕਾਲਾਂ ਪੈਣ 'ਤੇ ਰਹਿਰਾਸ ਦੇ ਪਾਠ ਤੋਂ ਪਹਿਲਾਂ ਲਗਦੀ ਹੈ ਜਿਸ ਵਿੱਚ ਪਾਠ ਤੋਂ ਪਹਿਲਾਂ 'ਸੋ ਦਰੁ' ਸ਼ਬਦ ਗਾਇਨ ਕੀਤਾ ਜਾਂਦਾ ਹੈ।

ਕਲਿਆਣ ਦੀ ਚੌਂਕੀ:– ਚਾਰ ਘੜੀ ਰਾਤ ਬੀਤੇ ਜਾਣ 'ਤੇ ਜਿਸ ਵਿੱਚ ਕਲਿਆਣ ਦੇ ਸ਼ਬਦ ਗਾਏ ਜਾਂਦੇ ਹਨ।

**ਇਤਿਹਾਸਕ ਚੌਂਕੀ**

ਜਿਸ ਵੇਲੇ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਜੇਲ੍ਹ ਵਿੱਚ ਗਵਾਲੀਅਰ ਦੇ ਕਿਲ੍ਹੇ ਵਿਖੇ ਕੈਦ ਕੀਤਾ ਸੀ ਤਾਂ ਬਾਬਾ ਬੁੱਢਾ ਸਾਹਿਬ ਜੀ ਦੀ ਅਗਵਾਈ ਵਿੱਚ ਸ਼ਬਦ ਗਾਉਂਦਿਆਂ ਸੰਗਤਾਂ ਗਵਾਲੀਅਰ ਦੇ ਕਿਲ੍ਹੇ ਵਲ੍ਹ ਤੁਰ ਪਈਆਂ ਸਨ ਤੇ ਕਿਲ੍ਹੇ ਦੇ ਆਲੇ–ਦੁਆਲੇ ਸ਼ਬਦ ਚੌਂਕੀ ਕਰਦੀਆਂ ਸਨ। ਜਿਸ ਤੋ ਮਜਬੂਰ ਹੋ ਕੇ ਜਹਾਂਗੀਰ ਨੂੰ ਗੁਰੂ ਸਾਹਿਬ ਨੂੰ ਅਜ਼ਾਦ ਕਰਨ ਦਾ ਫੈਸਲਾ ਕਰਨਾ ਪਿਆ ਸੀ।

ਇਸ ਤੋਂ ਪਹਿਲਾਂ ਬਾਬਾ ਬੁੱਢਾ ਜੀ ਨੇ ਇੱਕ ਪੱਤਰ ਗੁਰੂ ਸਾਹਿਬ ਜੀ ਨੂੰ ਲਿਖਿਆ, ਜਿਸ ਵਿੱਚ ਲਿਖਿਆ ਸੀ ਕਿ "ਸੰਗਤਾਂ ਆਪ ਜੀ ਦੇ ਦਰਸ਼ਨਾਂ ਨੂੰ ਲੋਚਦੀਆਂ ਹਨ।" ਤੇ ਗੁਰੂ ਸਾਹਿਬ ਜੀ ਨੇ ਉੱਤਰ ਭੇਜਿਆ, "ਆਪ ਜੀ ਸੰਗਤ ਨਾਲ ਸ਼ਬਦ ਗਾਇਨ ਕਰਿਆ ਕਰੋ ਅਸੀਂ ਜਲਦੀ ਵਾਪਸ ਆਵਾਂਗੇ।" ਤਾਂ ਬਾਬਾ ਬੁੱਢਾ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ

ਦੀ ਪਰਿਕਰਮਾ ਵਿੱਚ ਸ਼ਬਦ ਚੌਂਕੀ ਅਰੰਭ ਕੀਤੀ। ਜੋ ਅੱਜ ਸੰਸਾਰ ਭਰ ਦੇ ਗੁਰਦੁਆਰੇ ਸਾਹਿਬਾਨਾਂ ਵਿੱਚ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖ ਆਸਨ ਦੇ ਸਮੇਂ ਸਿੱਖ ਸੰਗਤ ਦੇ ਦੁਆਰਾ ਕੀਤੀ ਜਾਂਦੀ ਹੈ। ਗੁਰੂ ਕੇ ਪਿਆਰ ਵਾਲੇ ਸਿੱਖ ਬੜੇ ਅਦਬ ਅਤੇ ਸਤਿਕਾਰ ਨਾਲ ਸ਼ਬਦ ਗਾਇਨ ਕਰਦੇ ਹੋਏ ਸ਼ਬਦ ਚੌਂਕੀ ਕਰਦੇ ਹਨ।

**ਚੌਂਕੀ ਜਾਣੀ**

ਅੱਜਕਲ੍ਹ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਤੋਂ ਸ੍ਰੀ ਤਰਨਤਾਰਨ ਸਾਹਿਬ ਤੱਕ ਮੱਸਿਆ ਵਾਲੇ ਦਿਨ ਚੌਂਕੀ ਜਾਂਦੀ ਹੈ। ਇਹ ਚੌਂਕੀ ਮਾਤਾ ਗੰਗਾ ਜੀ ਨੇ ਅਰੰਭ ਕੀਤੀ ਸੀ। ਜਿਸ ਵਿੱਚ ਕੇਵਲ ਬੀਬੀਆਂ ਹੀ ਨਹੀਂ ਹੁੰਦੀਆਂ ਸਗੋਂ ਸਾਰੀ ਰਲਵੀਂ ਸੰਗਤ ਸ਼ਬਦ ਗਾਇਨ ਕਰਦੀ ਜਾਂਦੀ ਹੈ।

**ਝੰਡੇ**

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਧਰਮ ਭਗਤੀ ਤੇ ਸ਼ਕਤੀ ਦਾ ਪ੍ਰਤੀਕ ਬਣਿਆ। ਮੀਰੀ–ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਝੰਡੇ ਪਹਿਲੀ ਵਾਰ ਝੁਲਾਏ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਾਬਾ ਬੁੱਢਾ ਸਾਹਿਬ ਜੀ ਨੇ ਦੋ ਤਲਵਾਰਾਂ ਮੀਰੀ ਅਤੇ ਪੀਰੀ ਦੀਆਂ ਧਾਰਨ ਕਰਵਾਈਆਂ ਸਨ। ਇਸੇ ਤਰ੍ਹਾਂ ਛੇਵੇਂ ਪਾਤਸ਼ਾਹ ਜੀ ਨੇ ਅਕਾਲ ਤਖ਼ਤ ਸਾਹਿਬ ਉੱਤੇ ਝੰਡੇ ਮੀਰੀ ਅਤੇ ਪੀਰੀ ਦੇ ਪ੍ਰਤੀਕ (ਪਹਿਲੀ ਵਾਰ 1609 ਈ.) ਵਜੋਂ ਝੁਲਾਏ। ਜੋ ਸਾਡੀ ਧਾਰਮਿਕ ਪ੍ਰੰਪਰਾ ਤੇ ਮਰਿਯਾਦਾ ਦਾ ਸੰਕੇਤ ਦਿੰਦੇ ਹਨ। ਜਿਸ ਦੇ ਇੱਕ ਪਾਸੇ ਨਾਨਕ ਰਾਜ ਦਾ ਪ੍ਰਤੀਕ ਹੈ ਦੂਜੇ ਪਾਸੇ ਗੁਰੂ ਘਰ ਦਾ ਸੰਕੇਤ ਵੀ ਹੈ। ਅੱਜ ਦੁਨੀਆਂ ਭਰ ਵਿੱਚ ਗੁਰਦੁਆਰੇ ਦੀ ਸਭ ਤੋਂ ਵੱਡੀ ਨਿਸ਼ਾਨੀ ਕੇਸਰੀ ਨਿਸ਼ਾਨ ਸਾਹਿਬ, ਝੰਡੇ ਕਰਕੇ ਹੀ ਹੁੰਦੀ ਹੈ। ਨਿਸ਼ਾਨ ਸਾਹਿਬ ਜੋ ਕਿ ਉੱਚੇ ਤੋਂ ਉੱਚਾ ਤਾਂ ਕਿ ਦੂਰੋਂ ਆਉਣ ਵਾਲੇ ਯਾਤਰੀ ਨੂੰ ਪਤਾ ਲਗ ਜਾਵੇ ਕਿ ਇੱਥੇ ਮੈਨੂੰ ਆਤਮਾ ਦੇ ਭੋਜਨ, ਸਰੀਰ ਦਾ ਭੋਜਨ ਅਤੇ ਸਰੱਖਿਆ ਮਿਲੇਗੀ।

ਇੱਕ ਪਾਸੇ ੧ਓ ਦਾ ਦੂਜੇ ਪਾਸੇ ਦੋ ਕਿਰਪਾਨਾਂ ਦਾ ਪ੍ਰਤੀਕ ਖੰਡਾ ਹੁੰਦਾ ਹੈ। ਇਹ ਭਗਤੀ ਤੇ ਸ਼ਕਤੀ ਅਤੇ ਸਾਰੀ ਮਨੁੱਖਤਾ ਨੂੰ ਇੱਕ ਰੱਬ, ਇੱਕ ਫਤਹਿ ਦਾ ਸੰਦੇਸ਼ ਵੀ ਦੇ ਰਿਹਾ ਹੁੰਦਾ ਹੈ। ਇਤਿਹਾਸ ਅਨੁਸਾਰ ਪਹਿਲਾ ਝੰਡਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਅਕਾਲ ਤਖ਼ਤ ਸਾਹਿਬ ਉੱਤੇ ਲਹਿਰਾਇਆ ਗਿਆ, ਪਰ ਹਰਿਮੰਦਰ ਸਾਹਿਬ ਵਿਖੇ ਪਹਿਲਾ ਨਿਸ਼ਾਨ (ਝੰਡਾ) ਭੰਗੀ ਮਿਸਲ ਦੇ ਜਥੇਦਾਰ ਝੰਡਾ ਸਿੰਘ ਵੱਲੋਂ ਲਹਿਰਾਇਆ ਗਿਆ ਦੱਸਿਆ ਜਾਂਦਾ ਹੈ। ਡਾ. ਨੇਕੀ ਅਨੁਸਾਰ 1775 ਈਸਵੀ ਵਿੱਚ ਉਦਾਸੀ ਸਾਧੂਆਂ ਬਾਵਾ ਸੰਤੋਖ ਦਾਸ ਤੇ ਬਾਵਾ ਪ੍ਰੀਤਮ ਦਾਸ ਨੇ ਝੰਡੇ–ਬੁੰਗੇ ਵਾਲੇ ਸਥਾਨ 'ਤੇ ਦੋ ਨਿਸ਼ਾਨ ਸਾਹਿਬ ਇੱਕ ਅਕਾਲ ਤਖ਼ਤ ਸਾਹਿਬ ਦਾ ਤੇ ਇੱਕ ਹਰਿਮੰਦਰ ਸਾਹਿਬ ਦਾ ਕਾਇਮ ਕੀਤੇ।

1881 ਈਸਵੀ ਵਿੱਚ ਤੇਜ਼ ਹਨੇਰੀ ਕਾਰਨ ਇਹ ਦੋਨੋਂ ਝੰਡੇ ਡਿੱਗ ਗਏ ਸਨ। ਮਹਾਰਾਜਾ ਸ਼ੇਰ ਸਿੰਘ ਨੇ ਤਦ ਇੱਕ ਬੜਾ ਉੱਚਾ ਤੇ ਪੱਕਾ ਨਿਸ਼ਾਨ ਸਾਹਿਬ ਇੱਥੇ ਗਡਵਾਇਆ। ਸਰਦਾਰ ਦੇਸਾ ਸਿੰਘ ਮਜੀਠੀਆ ਨੇ ਕਰੀਬ ਉਸੇ ਉਚਾਈ ਦਾ

ਇੱਕ ਹੋਰ ਨਿਸ਼ਾਨ ਸਾਹਿਬ ਗੱਡਵਾ ਦਿੱਤਾ। ਜਦੋਂ ਪਰਿਕਰਮਾ ਚੋੜੀ ਕੀਤੀ ਗਈ ਤਾਂ ਇਹਨਾਂ ਦੀ ਥਾਂ ਕੁਝ ਕਦਮ ਪਿੱਛੇ ਹਟਾ ਕੇ ਮੁੜ ਇਹ ਦੋਨੋਂ ਨਿਸ਼ਾਨ ਸਾਹਿਬ ਸਥਾਪਿਤ ਕਰ ਦਿੱਤੇ ਗਏ।

ਨਿਸ਼ਾਨ ਸਾਹਿਬ ਸਾਡੀ ਅਜ਼ਾਦ ਧਾਰਮਿਕ ਹਸਤੀ ਦਾ ਪ੍ਰਤੀਕ ਹੈ। ਇਸਦਾ ਸਤਿਕਾਰ ਤੇ ਸ਼ਰਧਾ ਅਤੇ ਇਸਦੀ ਅਜ਼ਾਦ ਹਸਤੀ ਨੂੰ ਸਦਾ-ਸਦਾ ਲਈ ਸਮਰਪਿਤ ਹੋਣਾ ਹਰ ਸਿੱਖ ਲਈ ਲਾਜ਼ਮੀ ਹੈ। ਸਿੱਖ ਨਗਰ ਕੀਰਤਨਾਂ ਵਿੱਚ ਪੰਜ ਪਿਆਰੇ ਸਾਹਿਬਾਨਾਂ ਦੇ ਹੱਥਾਂ ਵਿੱਚ ਨਿਸ਼ਾਨ ਸਾਹਿਬ ਜਰੂਰ ਹੁੰਦੇ ਹਨ। ਜਿੱਥੇ ਉਹ ਸਿੱਖ ਪੰਥ ਦੇ ਪ੍ਰਚਮ ਭਾਵ ਨਿਸ਼ਾਨ ਸਾਹਿਬ ਨੂੰ ਲੈ ਕੇ ਤੁਰ ਰਹੇ ਹੁੰਦੇ ਹਨ, ਉੱਥੇ ਉਹ ਸਤਿਗੁਰਾਂ ਦੇ ਜਾਂ ਸੰਗਤ ਦੀ ਆਮਦ ਦਾ ਪ੍ਰਤੀਕ ਵੀ ਬਣਦੇ ਹਨ। ਪ੍ਰਭਾਤ ਫੇਰੀ ਹੋਵੇ ਜਾਂ ਸ਼ਬਦ ਚੌਂਕੀ ਉਹਨਾਂ ਵਿੱਚ ਨਿਸ਼ਾਨ ਸਾਹਿਬ (ਝੰਡਾ) ਜਰੂਰ ਹੁੰਦਾ ਹੈ। ਸਿੱਖ ਕੌਮ ਨੇ ਨਿਸ਼ਾਨ ਸਾਹਿਬ ਜੋ ਧਾਰਮਿਕ ਚਿੰਨ੍ਹ ਅਤੇ ਝੰਡਾ ਵੀ ਹੈ, ਦਾ ਨਾ ਤਾਂ ਕਦੇ ਕਿਰਦਾਰ ਨੀਵਾਂ ਕੀਤਾ ਹੈ ਤੇ ਨਾ ਹੀ ਕਰਨ ਦਿੱਤਾ ਹੈ। ਭਾਵੇਂ ਉਸ ਲਈ ਕਿੰਨੀ ਵੀ ਵੱਡੀ ਕੁਰਬਾਨੀ ਕਿਉਂ ਨਾ ਦੇਣੀ ਪਈ ਹੋਵੇ, ਇਹ ਹਮੇਸ਼ਾ ਝੂਲਦੇ ਸਨ, ਝੂਲਦੇ ਹਨ ਅਤੇ ਝੂਲਦੇ ਰਹਿਣਗੇ।

**ਬੁੰਗੇ**

ਇਹ ਫ਼ਾਰਸੀ ਭਾਸ਼ਾ ਦੇ ਸ਼ਬਦ ਕੋਸ਼ ਦਾ ਹਿੱਸਾ ਹੈ ਜਿਸਦਾ ਭਾਵ ਹੈ ਰਿਹਾਇਸ਼ ਜਾਂ ਇਮਾਰਤ। ਸਿੱਖ ਸਿਧਾਂਤ ਵਿੱਚ ਇਹ, ਉਹ ਸਥਾਨ ਹਨ ਜਿਹੜੇ ਸਿੱਖੀ ਰਿਵਾਇਤਾਂ ਨੂੰ ਨਿਰੰਤਰਤਾ ਵਿੱਚ ਬਣਾਏ ਰੱਖਣ ਲਈ ਅਤੇ ਆਪਣੀ ਕੌਮ ਦੇ ਸਿਧਾਂਤ ਨੂੰ ਜਿਉਂਦਾ ਰੱਖਣ ਲਈ ਬਣਾਏ ਗਏ ਹਨ। ਯਾਤਰੀਆਂ ਦੇ ਠਹਿਰਣ ਲਈ ਜਿੱਥੇ ਪ੍ਰਬੰਧ ਕੀਤਾ ਜਾਵੇ ਉਹਨਾਂ ਨੂੰ ਵੀ ਬੁੰਗੇ ਕਿਹਾ ਜਾਂਦਾ ਹੈ। ਬੁੰਗੇ ਦਰਬਾਰ ਸਾਹਿਬ ਦੀਆਂ ਚਾਰੇ ਬਾਰੀਆਂ ਉੱਤੇ ਸਮੇਂ-ਸਮੇਂ ਸਿੱਖ ਜਥੇਬੰਦੀਆਂ ਨੇ ਬਣਵਾਏ। ਜੋ ਨਾਮ ਵਿਸ਼ੇਸ਼ ਕਰਕੇ ਵੀ ਜਾਣੇ ਜਾਂਦੇ ਹਨ। ਪੁਰਾਣੇ ਸਮਿਆਂ ਵਿੱਚ ਜਦੋਂ ਸ਼ਰਧਾਲੂ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਲਈ ਆਉਂਦੇ ਸਨ ਤਾਂ ਉਹ ਬੁੰਗਿਆਂ ਵਿੱਚ ਹੀ ਠਹਿਰਿਆ ਕਰਦੇ ਸਨ। ਬੁੰਗੇ ਇੱਕ ਤਰ੍ਹਾਂ ਉਸ ਸਮੇਂ ਦੀਆਂ ਸਰ੍ਹਾਵਾਂ ਸਨ।

ਸੰਗਤ ਨੇ ਜਦੋਂ ਵੀ ਆਉਣਾ ਤਾਂ ਇੱਥੇ ਹੀ ਟਿਕਾਣਾ ਕਰਨਾ। ਇਹਨਾਂ ਵਿੱਚ ਗਿਆਨੀਆਂ ਦੇ ਬੁੰਗੇ- ਇੱਥੇ ਜਿੱਥੇ ਗੁਰਬਾਣੀ ਤੇ ਗੁਰਮੁਖੀ ਦਾ ਗਿਆਨ ਦਿੱਤਾ ਜਾਂਦਾ ਸੀ, ਉੱਥੇ ਗ੍ਰੰਥੀ ਸਿੰਘਾਂ ਲਈ ਸਿਖਲਾਈ ਦੀ ਟਕਸਾਲ ਵੀ ਹੁੰਦੀ ਸੀ। ਰਾਗੀਆਂ ਦੇ ਬੁੰਗੇ- ਇੱਥੇ ਗੁਰਮਿਤ ਸੰਗੀਤ, ਕੀਰਤਨ ਅਤੇ ਤੰਤੀ ਸਾਜ ਦੀ ਸਿਖਲਾਈ ਵੀ ਕਰਵਾਈ ਜਾਂਦੀ ਸੀ। ਦੂਜੇ ਸ਼ਬਦਾਂ ਵਿੱਚ ਇਹ ਗੁਰਮਿਤ ਸੰਗੀਤ ਦੀ ਟਕਸਾਲ ਹੁੰਦੇ ਸਨ। ਅਕਾਲੀਆਂ ਦੇ ਬੁੰਗੇ- ਇੱਥੇ ਸ਼ਸ਼ਤਰ ਵਿੱਦਿਆ ਦੀ ਸਿਖਲਾਈ ਹੁੰਦੀ ਸੀ। ਸੰਪਰਦਾਇ ਬੁੰਗੇ- ਇਹ ਉਦਾਸੀਨ ਤੇ ਨਿਰਮਲਿਆਂ ਦੇ ਸਥਾਨ ਸਨ। ਸਰਦਾਰਾਂ ਦੇ ਬੁੰਗੇ- ਇਹ ਸਿੱਖ ਕੌਮ ਦੀਆਂ ਮਿਸਲਾਂ ਦੇ ਬੁੰਗੇ ਸਨ। ਧਰਮ ਬੁੰਗੇ- ਇਹ ਧਰਮ ਦੇ ਜਿਨ੍ਹਾਂ ਵਿੱਚ ਅਕਾਲ ਬੁੰਗਾ, ਬੁੰਗਾ ਦੁਖ ਭੰਜਨ ਸਾਹਿਬ ਆਦਿ ਸ਼ਾਮਿਲ ਹਨ।

ਅੱਜ ਵੀ ਸਿੱਖ ਧਰਮ ਵਿੱਚ ਮਹਾਨ ਸਥਾਨ ਰੱਖਦੇ ਹਨ। ਇਹੀ ਕਾਰਨ ਹੈ ਕਿ ਅਰਦਾਸ ਵਿੱਚ ਬੁੰਗਿਆਂ ਦੇ ਸਦਾ ਬਣੇ ਰਹਿਣ ਦੀ ਕਾਮਨਾ ਕੀਤੀ ਜਾਂਦੀ ਹੈ। ਝੰਡੇ ਤੇ ਬੁੰਗੇ ਧਰਮ ਸਥਾਨ ਤੇ ਧਰਮ ਕਾਰਜਾਂ ਦੇ ਪ੍ਰਤੀਕ ਹਨ।

ਇਸੇ ਕਰਕੇ ਇਹਨਾਂ ਦੀਆਂ ਇਮਾਰਤਾਂ ਉੱਤੇ ਧਰਮ ਕਾ ਜੈਕਾਰ ਕੀਤਾ ਜਾਂਦਾ ਹੈ। ਜਦੋਂ ਵੀ ਅਸੀਂ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ–ਇਸ਼ਨਾਨ, ਚੌਂਕੀਆਂ, ਝੰਡੇ–ਬੁੰਗੇ, ਜੁੱਗੋ– ਜੁੱਗ ਅਟੱਲ ਤੇ ਧਰਮ ਦਾ ਜੈਕਾਰ ਦਾ ਜ਼ਿਕਰ ਕਰਦੇ ਹਾਂ ਤਾਂ ਇਸਦਾ ਭਾਵ ਇਹ ਵੀ ਹੈ ਕਿ ਸਿੱਖ ਧਰਮ ਦੇ ਇਹਨਾਂ ਨਿਸ਼ਾਨਾਂ ਦੇ ਜੁੱਗੋ– ਜੁੱਗ ਅਟੱਲ ਰਹਿਣ ਦੀ ਮੰਗ ਇਸ ਲਈ ਕਰਦਾ ਹੈ ਕਿ ਉਹ ਇਹਨਾਂ ਦੇ ਦਰਸ਼ਨਾਂ ਸਦਕਾ ਆਪਣੇ ਅਮੀਰ ਵਿਰਸੇ ਨਾਲ ਜੁੜ ਕੇ ਉਸ ਪ੍ਰਤੀ ਜਾਗਰੂਕ ਰਹਿ ਸਕੇ। ਇਸ ਨਾਲ ਪੰਥ ਦੀ ਜੀਤ ਤੇ ਸਰਬੱਤ ਦੇ ਭਲੇ ਦੀ ਭਾਵਨਾ ਮਜਬੂਤ ਹੁੰਦੀ ਹੈ। ਜਿਸਦੇ ਫਲਸਰੂਪ ਮਨੁੱਖ ਕਰਮ–ਕਾਂਡਾਂ, ਪਾਖੰਡਾਂ ਆਦਿ ਤੋਂ ਦੂਰ ਹੁੰਦਾ ਹੋਇਆ ਧਰਮ ਦੀ ਨੇੜਤਾ ਪ੍ਰਾਪਤ ਕਰਦਾ ਹੈ। ਉਹ ਸੰਜਮ ਵਿੱਚ ਰਹਿੰਦਿਆਂ ਧਰਮ ਕਾ ਜੈਕਾਰ ਦੀ ਜਾਚਨਾ ਵੀ ਅਰਦਾਸ ਵਿੱਚ ਕਰਦਾ ਹੈ, ਕਿਉਂਕਿ ਧਰਮੀ ਮਨੁੱਖ ਹੀ ਮਨੁੱਖੀ ਭਲੇ ਅਤੇ ਪ੍ਰੇਮ ਦਾ ਪਾਲਕ ਹੋ ਸਕਦਾ ਹੈ।

ਸਿੱਖ ਅਰਦਾਸ ਦਾ ਅਗਲਾ ਪੜਾਅ ਹੈ ਉਹ ਇਤਿਹਾਸਕ ਗੁਰਦੁਆਰੇ ਜਿਨ੍ਹਾਂ ਨੂੰ ਪੰਥ ਤੋ ਵਿਛੋੜਿਆ ਗਿਆ ਹੈ ਭਾਵ ਰਾਜਨੀਤਿਕ ਅਤੇ ਭੂਗੋਲਿਕ ਕਾਰਣਾਂ ਕਰਕੇ ਜਿਹੜੇ ਗੁਰਦੁਆਰੇ ਗੁਰਧਾਮ ਸਿੱਖ ਪੰਥ ਤੋਂ ਵਿੱਛੜ ਗਏ ਹਨ, ਜਿਨ੍ਹਾਂ ਦੀ ਸੇਵਾ ਸੰਭਾਲ ਦਾ ਦਾਨ ਸਿੱਖ ਨਿੱਤਾਪ੍ਰਤੀ ਅਰਦਾਸ ਵਿੱਚ ਉਸ ਅਕਾਲ ਪੁਰਖ ਪਾਸੋਂ ਮੰਗਦਾ ਹੈ।

## ਅਧਿਆਇ-8

"ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ!

ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ, ਜਿਨ੍ਹਾਂ ਨੂੰ ਪੰਥ ਤੋਂ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ–ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖ਼ਸ਼ੋ"

ਅਰਦਾਸ ਦੀਆਂ ਇਹ ਪੰਕਤੀਆਂ ਸਿੱਖ ਦੀ ਉਸ ਅਵਸਥਾ ਵੱਲ ਸੰਕੇਤ ਕਰਦੀਆਂ ਹਨ ਜਿਸਨੂੰ ਸਿੱਖ, ਗੁਰੂ ਦੇ ਦੱਸੇ ਰਾਹ ਉੱਪਰ ਚੱਲ ਕੇ ਪ੍ਰਾਪਤ ਕਰਦਾ ਹੈ। ਜਿਸਨੂੰ ਇਹ ਸ਼੍ਰੇਸ਼ਠ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਉਹ ਇਸ ਅਵਸਥਾ ਨੂੰ ਆਪਣੇ–ਆਪ ਵਿੱਚ ਸਦੀਵੀ ਬਣਾਉਣ ਲਈ ਪ੍ਰਭੂ ਅੱਗੇ ਜਾਚਨਾ ਕਰਦਾ ਹੈ। ਇਸ ਲਈ ਸਿੱਖ ਰੋਜ਼ ਅਰਦਾਸ ਵਿੱਚ ਇਹਨਾਂ ਦੀ ਮੰਗ ਕਰਦਾ ਹੈ। ਸਿੱਖ ਅਰਦਾਸ ਵਿੱਚ ਸਰਬ ਸਿੱਖਾਂ ਲਈ ਧੀਰਜ ਦੇ ਧਾਰਣੀ (ਮਨ ਨੀਵਾਂ)ਅਤੇ ਉੱਤਮ ਬੁੱਧੀ (ਮੱਤ ਉੱਚੀ) ਦੀ ਜਾਚਨਾ ਕੀਤੀ ਜਾਂਦੀ ਹੈ, ਜਿਸਦਾ ਦੇਣਹਾਰ ਅਤੇ ਰਾਖਾ ਵਾਹਿਗੁਰੂ ਨੂੰ ਮੰਨਿਆ ਗਿਆ ਹੈ। ਹਲੀਮੀ (ਧੀਰਜ) ਅਤੇ ਉੱਚੀ ਮੱਤ ਇਹ ਸਿੱਖ ਦੇ ਉੱਚੇ ਚਲਣ ਨੂੰ ਦਰਸਾਉਂਦੇ ਹਨ, ਇਹਨਾਂ ਤੋਂ ਬਿਨ੍ਹਾਂ ਪਰਮ ਸਤਿ ਨਾਲ ਮਨੁੱਖ ਦਾ ਸੰਵਾਦ ਸੰਭਵ ਨਹੀਂ ਹੋ ਸਕਦਾ। ਸੱਚੀ ਅਰਦਾਸ ਵਾਸਤੇ ਸੱਚਾ ਤੇ ਸੁੱਚਾ ਮਨ ਅਤੇ ਉੱਤਮ ਬੁੱਧੀ ਦੋਨਾਂ ਦੀ ਜਰੂਰਤ ਹੈ। ਗੁਰਮਿਤ ਦਾ ਧਾਰਣੀ ਹੋਣਾ ਅਮਲੀ ਜੀਵਨ ਦੀ ਧਾਰਣਾ ਹੈ। ਸਿਧਾਂਤਕ ਪੱਖ ਤੋਂ ਸੱਚਾ ਹੋਣਾ ਸੱਚਾ ਨਹੀ, ਅਮਲੀ ਜੀਵਨ ਵਿੱਚ ਸੱਚ ਨੂੰ ਲਿਆਉਣਾ ਜਰੂਰੀ ਹੈ। ਅਜਿਹੇ ਸੱਚੇ ਤੇ ਸੁੱਚੇ ਮਨੁੱਖ ਨੂੰ ਸਚਿਆਰਾ 'ਕਿਹਾ' ਜਾਂਦਾ ਹੈ। ਸਚਿਆਰਾ ਦੀ ਅਵਸਥਾ ਤਕ ਪਹੁੰਚੇ ਮਨੁੱਖ ਦਾ ਮਨ ਨੀਵਾਂ ਤੇ ਮੱਤ ਉੱਜੀ ਹੋ ਜਾਂਦੀ ਹੈ। ਸਿੱਖ ਦੀ ਅਰਦਾਸ ਜੀਵ ਨੂੰ ਵਿਸ਼ੇਸ਼ ਕਦਰਾਂ ਕੀਮਤਾਂ ਦਾ ਧਾਰਣੀ ਬਣਾਉਂਦੀ ਹੈ। ਜਿਸ ਨਾਲ ਸਿੱਖ ਵਿੱਚ ਵਿਸ਼ੇਸ਼ ਪ੍ਰਕਾਰ ਦਾ ਵਿਵਹਾਰ ਝਲਕਦਾ ਹੈ ਤੇ ਉਸ ਲਈ ਵਿਸ਼ੇਸ਼ ਮਿਆਰ ਨਿਰਧਾਰਿਤ ਹੁੰਦੇ ਹਨ। ਗੁਰਮਿਤ ਸਮਾਜ ਦੇ ਵਿਸ਼ੇਸ਼ ਨਿਯਮ, ਅਸੂਲ, ਵਿਸ਼ੇਸ਼ ਗੁਣ ਅਤੇ ਵਤੀਰੇ ਹਨ ਜੋ ਸਿਖ ਅਰਦਾਸ ਦੁਆਰਾ ਸਮਾਜ ਨੂੰ ਵਿਧੀ–ਵਤ ਅਗਵਾਈ, ਸੇਧ, ਸੰਗਠਨ ਤੇ ਨਿਵੇਕਲਾ ਸਰੂਪ ਪ੍ਰਦਾਨ ਕਰਦੇ ਹਨ। ਜੇ ਮਨ ਨੀਵਾਂ ਰਹੇ ਤਾਂ ਹੀ ਮਨ ਵਿੱਚ ਨਿਮਰਤਾ ਦਾ ਗੁਣ ਪੈਦਾ ਹੁੰਦਾ ਹੈ। ਨਿਮਰਤਾ ਹੀ ਮਨੁੱਖੀ ਜੀਵਨ ਵਿੱਚ ਸਫਲਤਾ ਦੀ ਕੁੰਜੀ ਬਣ ਜਾਂਦੀ ਹੈ, ਨਹੀਂ ਤਾਂ ਹਉਮੈ ਦਾ ਦੀਰਘ ਰੋਗ ਮਨੁੱਖ ਤੇ ਪਤਨ ਦਾ ਕਾਰਨ ਬਣਦਾ ਹੈ, ਜੋ ਉਸਦੇ ਜੀਵਨ ਵਿੱਚ ਕਦੇ ਵੀ ਗਿਆਨ ਦਾ ਪ੍ਰਕਾਸ਼ ਨਹੀਂ ਆਉਣ ਦਿੰਦਾ।

**ਜਿਨ੍ਹਾਂ ਨੂੰ ਪੰਥ ਤੋਂ ਵਿਛੋੜਿਆ ਗਿਆ**

ਸੰਸਾਰ ਵਿੱਚ ਉਹ ਇਤਿਹਾਸਕ ਗੁਰਦੁਆਰੇ ਜਾਂ ਦੂਜੇ ਗੁਰਦੁਆਰੇ ਜਿਨ੍ਹਾਂ ਨੂੰ ਪੰਥ ਤੋਂ ਵਿਛੋੜਿਆ ਗਿਆ ਹੈ। ਉਹਨਾਂ ਦੀ ਸੇਵਾ ਸੰਭਾਲ ਲਈ ਸਿੱਖ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ। 1947 ਵਿੱਚ ਹੋਈ ਭਾਰਤ ਦੀ ਵੰਡ ਤੋਂ ਬਾਅਦ ਪਾਕਿਸਤਾਨ, ਬੰਗਲਾਦੇਸ਼, ਬਗਦਾਦ, ਨੇਪਾਲ, ਅਤੇ ਭਾਰਤ ਵਿੱਚ ਵੀ ਕਈ ਅਜਿਹੇ ਸਥਾਨ ਹਨ ਜਿਨ੍ਹਾਂ ਦੀ ਸੇਵਾ ਸੰਭਾਲ ਅਜੇ ਸਿੱਖ ਪੰਥ ਕੋਲ ਨਹੀਂ ਹੈ। ਸਿੱਖ ਕੌਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਸਥਾਨ ਅਤੇ ਇਸ ਤੋਂ ਇਲਾਵਾ ਗੁਰੂ ਸਾਹਿਬਾਨਾਂ ਦੇ ਚਰਨ ਛੋਹ ਪ੍ਰਾਪਤ ਸਥਾਨ ਅਜੇ ਵੀ ਖ਼ਾਲਸਾ ਪੰਥ ਨੂੰ ਸੇਵਾ ਲਈ ਨਹੀਂ ਮਿਲੇ। ਅੱਜ 70 ਸਾਲ ਬਾਅਦ ਉਹ ਪਵਿੱਤਰ ਅਸਥਾਨ ਜਿੱਥੇ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਪਣਾ ਅੰਤਲਾ ਸਮਾਂ ਕਿਰਤ ਕਰਕੇ, ਨਾਮ ਜਪ ਕੇ ਤੇ ਵੰਡ ਛਕਣ ਦੇ ਸਿਧਾਂਤ ਨਾਲ ਗੁਜਾਰਿਆ, ਉਸਦੇ ਦਰਸ਼ਨਾਂ ਲਈ ਦੋਵਾਂ ਸਰਕਾਰਾਂ ਵੱਲੋਂ ਇੱਕ ਕੋਰੀਡੋਰ ਬਣਵਾਇਆ ਗਿਆ ਹੈ। ਇਸਦੇ ਨਾਲ ਹੀ ਹਰਿਦੁਆਰ ਵਿਖੇ ਗਿਆਨ ਗੋਦੜੀ ਦਾ ਅਸਥਾਨ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਪੰਡਿਤਾਂ ਨੂੰ ਗਿਆਨ ਦਾ ਪ੍ਰਕਾਸ਼ ਦਿੱਤਾ ਸੀ, ਜਗੰਨਨਾਥ ਪੁਰੀ ਜਿੱਥੇ ਆਰਤੀ ਦਾ ਉਚਾਰਨ ਕੀਤਾ ਸੀ ਅਤੇ ਬੰਗਲਾਦੇਸ਼ ਵਿੱਚ ਵੀ ਜੋ ਇਤਿਹਾਸਕ ਸਥਾਨ ਹਨ, ਉਹਨਾਂ ਲਈ ਵੀ ਉਪਰਾਲੇ ਤਾਂ ਹੋ ਰਹੇ ਹਨ ਪਰ ਨਤੀਜੇ ਅਜੇ ਦੂਰ ਹੀ ਹਨ।

ਸਿੱਖ ਨਿੱਤਾਪ੍ਰਤੀ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹੈ ਤੇ ਆਪਣੀ ਮਾਨਸਿਕ ਪੀੜਾ ਤੋਂ ਦੂਰ ਹੁੰਦਾ ਹੈ। ਜਿਸਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਵਿਸ਼ੇਸ਼ ਹੁਕਮਨਾਮੇ ਦੁਆਰਾ ਇਸ ਵਾਕ ਨੂੰ ਅਰਦਾਸ ਵਿੱਚ ਸ਼ਾਮਿਲ ਕੀਤੇ ਜਾਣ ਦਾ ਆਦੇਸ਼ ਦਿੱਤਾ ਗਿਆ ਹੈ।

"ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ ਜਿਨ੍ਹਾਂ ਤੋ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖਸ਼ੋ"

ਇੱਥੇ ਸਿੱਖ ਕੇਵਲ ਸ੍ਰੀ ਨਨਕਾਣਾ ਸਾਹਿਬ ਜੀ ਹੀ ਨਹੀਂ ਸਗੋਂ ਪੰਜਾ ਸਾਹਿਬ, ਲਾਹੌਰ ਦਾ ਡੇਹਰਾ ਸਾਹਿਬ ਜਿੱਥੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ, ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਸਥਾਨ, ਸ਼ਹੀਦ ਗੰਜ ਲਾਹੌਰ, ਮੀਰ ਮੰਨੂ ਦੀ ਜੇਲ ਜਿੱਥੇ ਭਾਈ ਤਾਰੂ ਜੀ, ਭਾਈ ਮਨੀ ਸਿੰਘ ਜੀ ਵਰਗੇ ਮਹਾਨ ਸਿੰਘ ਅਤੇ ਅਨੇਕਾਂ ਬੀਬੀਆਂ, ਬੱਚੇ ਤੇ ਗੁਰੂ ਕੇ ਸਿੱਖ ਸ਼ਹੀਦ ਕੀਤੇ ਗਏ। ਹਜ਼ਾਰਾਂ ਉਹ ਗੁਰਦੁਆਰੇ ਸਾਹਿਬਾਨ ਜਿੱਥੇ ਸਿੱਖ ਨਿੱਤਾਪ੍ਰਤੀ ਗੁਰਬਾਣੀ ਪੜ੍ਹ ਆਪਣਾ ਜੀਵਨ ਸਵਾਂਰਦੇ ਹਨ, ਉਹ ਸਿੱਖਾਂ ਤੋਂ ਵਿੱਛੜ ਗਏ, ਇਹ ਉਹ ਲੜੀ ਹੈ ਜਿਸਨੇ ਸਾਰੇ ਖ਼ਾਲਸਾ ਪੰਥ ਨੂੰ ਇੱਕ ਲੜੀ ਵਿੱਚ ਪਰੋ ਦਿੱਤਾ ਹੈ ਅਤੇ ਇਹ ਦਰਦ ਜਿਸਦੇ ਨਿਵਾਰਣ ਲਈ ਸਿੱਖ ਰੋਜ਼ ਅਰਦਾਸ ਵਿੱਚ ਅਕਾਲ ਪੁਰਖ ਅੱਗੇ ਜਾਚਨਾ ਕਰਦਾ ਹੈ।

**ਹੇ ਨਿਮਾਣਿਆਂ ਦੇ ਮਾਣ ਨਿਤਾਣਿਆਂ ਦੇ ਤਾਣ…ਅੱਖਰ ਵਾਧਾ-ਘਾਟਾ…ਸਰਬੱਤ ਦੇ ਕਾਰਜ ਰਾਸ ਕਰਨੇ**

ਖ਼ਾਲਸਾ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਦੀਵੀਂ ਗੁਰੂ ਮੰਨਦਾ ਹੋਇਆ ਆਪਣੀ ਵਿਅਕਤੀਗਤ ਜਾਂ ਸਮੂਹਿਕ ਅਰਦਾਸ ਅਕਾਲ ਪੁਰਖ ਅੱਗੇ ਸ਼ਬਦ ਗੁਰੂ ਦੀ ਓਟ ਵਿੱਚ ਰਹਿ ਕੇ ਕਰੇਗਾ। ਉਹ 'ਬਾਣੀਆਂ ਸਿਰ

ਬਾਣੀ' ਅਤੇ 'ਸਤਿਗੁਰੂ ਬਿਨ੍ਹਾਂ ਹੋਰ ਕੱਚੀ ਹੈ ਬਾਣੀ' ਦੇ ਸੱਚ ਨੂੰ ਬੁੱਝਣ ਲਈ ਆਪਣੇ ਆਤਮਿਕ, ਬੌਧਿਕ ਅਤੇ ਸਦਾਚਾਰਕ ਆਪੇ ਦੇ ਵਿਕਾਸ ਲਈ ਹਰ ਯਤਨ ਕਰੇਗਾ ਉਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦਾ ਹੀ ਮੂਕ ਜਾਂ ਬੋਲਦੀ ਅਰਦਾਸ ਦੀ ਸ਼ਕਲ ਵਿੱਚ ਮਿਲਣਾ ਹੈ।

ਜਦੋਂ ਮਹਾਨ 'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਮਣੇ ਨਾ ਹੋਵੇ ਤਾਂ ਉਸਦੇ ਮੂਕ ਆਦਰਸ਼ ਨੂੰ ਆਪਣੀ ਚੇਤਨਾ ਦੀਆਂ ਗਹਿਰਾਈਆਂ ਵਿੱਚ ਉਤਾਰਨਾ ਹੈ। ਜਿਸ ਰਾਹੀਂ ਉਸ ਵਿੱਚ ਨਿਮਰਤਾ ਦੇ ਗੁਣ ਆਪਣੇ ਅੰਦਰ ਹਮੇਸ਼ਾ ਅਕਾਲ ਪੁਰਖ ਦੇ ਸਹਾਰੇ ਦੀ ਭਾਲ ਦੀ ਆਸ ਦਾ ਵਿਸ਼ਵਾਸ਼ ਜਗਾਈ ਰੱਖਣ। ਅਜਿਹੀ ਆਤਮਿਕ ਬਿਰਤੀ ਹੀ ਖ਼ਾਲਸੇ ਦੀ ਨਿਰਮਲਤਾ ਨੂੰ ਸਲਾਮਤ ਰੱਖੇਗੀ। ਹਾਲਾਂਕਿ ਸਿਧਾਂਤਿਕ ਰੂਪ ਵਿੱਚ ਅਕਾਲ ਪੁਰਖ ਸਾਡੀ ਹਰ ਜਰੂਰਤ ਬਾਰੇ ਜਾਣੀ ਜਾਣ ਹੈ ਤਾਂ ਮੰਗਣ ਦੀ ਕੀ ਲੋੜ ਹੈ, ਪਰ ਇਹ ਮਨੁੱਖੀ ਸੁਭਾਅ ਹੈ ਕਿ ਮਨੁੱਖ ਹਮੇਸ਼ਾ ਆਸਰਾ ਤੇ ਸਹਾਰਾ ਮੰਗਦਾ ਹੈ। ਉਸਦੀ ਚੇਤਨਾ ਵਿੱਚ ਵਿਸ਼ਵਾਸ਼ ਤੇ ਭਰੋਸਾ ਹੁੰਦਾ ਹੈ ਕਿ ਜੇ ਮੈਂ ਅਰਦਾਸ ਕਰਾਂਗਾ ਤਾਂ ਉਹ ਮੇਰੀ ਮਦਦ ਲਈ ਜਰੂਰ ਆਵੇਗਾ। ਮਨੁੱਖ ਬੇਵੱਸ ਹੋ ਕੇ ਅਰਦਾਸ ਕਰਦਾ ਹੈ। ਜਦ ਤਕ ਉਸਨੂੰ ਆਪਣੀ ਤਾਕਤ ਅਤੇ ਸਮਝ ਉੱਤੇ ਭਰੋਸਾ ਹੁੰਦਾ ਹੈ ਉਹ ਨਾ ਤਾਂ ਤੜਫਦਾ ਹੈ ਨਾ ਹੀ ਵਿਲਕਦਾ ਹੈ। ਜਦ ਉਹ ਤਰਲੇ ਲੈਂਦਾ ਹੈ ਕਿ ਹੁਣ ਗਲ ਉਸਦੇ ਆਪਣੇ ਵੱਸ ਤੋਂ ਬਾਹਰ ਹੋ ਗਈ ਹੈ ਤਾਂ ਦਿਲੋਂ ਅਰਦਾਸ ਹੋਣੀ ਸ਼ੁਰੂ ਹੋ ਜਾਂਦੀ ਹੈ। ਜਦੋਂ ਮਨੁੱਖ ਅਸਲ ਵਿੱਚ ਨਿਮਰਤਾ ਦੇ ਭਾਵ ਨਾਲ ਅਰਦਾਸ ਕਰਦਾ ਹੈ ਤਾਂ ਉਹ ਪ੍ਰਭੂ ਆਪਣੇ ਆਪ ਹੀ ਉਸਦੀ ਲਾਜ ਰੱਖਦਾ ਹੈ।

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 91)

ਅਰਦਾਸ ਦੇ ਅਗਲੇ ਭਾਗ ਵਿੱਚ ਅਸੀਂ ਅਕਾਲ ਪੁਰਖ ਦੇ ਚਰਨਾਂ ਵਿੱਚ ਜੋਦੜੀ ਕਰਦੇ ਸਾਰੇ ਅਹਿਮ ਤਿਆਗਦੇ ਹੋਏ ਨਿਮਰਤਾ ਤੇ ਪਿਆਰ ਵਾਲੇ ਸ਼ਬਦਾਂ ਦਾ ਉਚਾਰਣ ਕਰਦੇ ਹਾਂ।

## ਅਧਿਆਇ-9

ਹੇ ਨਿਮਾਣਿਆਂ ਦੇ ਮਾਣ,

ਨਿਤਾਣਿਆਂ ਦੇ ਤਾਣ,

ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ!

ਆਪ ਜੀ ਦੇ ਹਜ਼ੂਰ......ਦੀ ਅਰਦਾਸ ਹੈ ਜੀ।

ਅੱਖਰ ਵਾਧਾ ਘਾਟਾ ਭੁੱਲ–ਚੁੱਕ ਮੁਆਫ ਕਰਨੀ।

ਸਰਬੱਤ ਦੇ ਕਾਰਜ ਰਾਸ ਕਰਨੇ।

ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ।

ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

'ਨਿਮਾਣਿਆਂ' ਸ਼ਬਦ ਨਿਮਾਣਾ ਦਾ ਬਹੁ–ਵਚਨ ਹੈ, ਮਾਣਹੀਨਾਂ ਦਾ–ਜੋ ਮਾਣ ਤੋਂ ਹੀਣ, ਜਿਨ੍ਹਾ ਦਾ ਕੋਈ ਮਾਣ ਨਾ ਕਰੇ। ਹੇ ਵਾਹਿਗੁਰੂ! ਅਸੀਂ ਨਿਮਾਣੇ ਹਾਂ ਤੇ ਸਾਡੇ ਨਿਮਾਣਿਆਂ ਦੀ ਜੋ ਆਣਹੀਣ ਹਾਂ ਤੇਰੇ ਅੱਗੇ ਨਿਮਰਤਾ ਭਰੀ ਅਰਦਾਸ ਹੈ:–

**ਹਰਿ ਜੀਉ ਨਿਮਾਣਿਆ ਤੂ ਮਾਣੁ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 624)

ਸਾਨੂੰ ਤੇਰੇ ਉੱਤੇ ਹੀ ਮਾਣ, ਟੇਕ ਤੇ ਆਸਰਾ ਹੈ।

**ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 217)

'ਨਿਤਾਣਿਆਂ ਦੇ ਤਾਣ' ਨਿਤਾਣੇ ਸ਼ਬਦ ਦਾ ਬਹੁ–ਵਚਨ ਹੈ ਜਿਸਦਾ ਅਰਥ ਹੈ ਬਲ ਤੋਂ ਹੀਣ।

**ਜਿਨ੍ਹੀ ਸਤਿਗੁਰੁ ਸੇਵਿਆ ਤਾਣੁ ਨਿਤਾਣੇ ਤਿਸੁ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 854)

ਇਸ ਸ਼ਬਦ ਦਾ ਭਾਵ ਹੈ ਅਕਾਲ ਪੁਰਖ ਪ੍ਰਮਾਤਮਾ ਆਪ ਬਲ ਹੀਣਾਂ ਦਾ ਬਲ ਹੈ। ਮਨੁੱਖ ਆਪਣੀ ਅਵਸਥਾ ਨੂੰ ਮਾਲਕ ਪ੍ਰਭੂ ਅੱਗੇ ਬੇਨਤੀ ਕਰਦਾ ਹੋਇਆ ਇਹ ਕਹਿ ਰਿਹਾ ਹੁੰਦਾ ਹੈ–

ਵਾਹਿਗੁਰੂ ਜੀ! ਅਸੀਂ ਆਪ ਜੀ ਦੇ ਸਾਹਮਣੇ ਨਿਮਾਣੇ ਹਾਂ, ਨਿਤਾਣੇ ਹਾਂ, ਨਿਓਟੇ ਹਾਂ, ਆਪ ਜੀ ਪਾਸੋਂ ਮਾਣ ਤਾਣ ਭਾਵ ਹੌਂਸਲੇ ਦੀ ਮੰਗ, ਬਲ ਦੀ ਮੰਗ ਕਰਦੇ ਹਾਂ। ਆਪ ਨਿਓਟਿਆਂ ਦੀ ਓਟ ਹੋ, ਨਿਆਸਰਿਆਂ ਦਾ ਆਸਰਾ ਹੋ, ਅਸੀਂ ਆਪ ਜੀ ਦੇ ਹਜ਼ੂਰ ਜੋਦੜੀ ਬੇਨਤੀ ਕਰਦੇ ਹਾਂ ਕਿ (ਜੋ ਬਾਣੀ ਪੜ੍ਹੀ ਹੈ ਉਸਦਾ ਨਾਮ ਲੈ ਕੇ) ਜੀ ਦੀ ਅਰਦਾਸ ਹੈ।

ਆਪ ਜੀ ਦੀਆਂ ਦਾਤਾਂ ਵਿੱਚੋਂ ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਕੀਤੀ ਹੈ ਸੰਗਤਾ ਵਿੱਚ ਵਰਤੇ, ਆਪ ਆਪਣਾ ਹੁਕਮਨਾਮਾ ਬਖਸ਼ ਕੇ ਕਿਰਤਾਰਥ ਕਰੋ ਅਤੇ ਹੁਕਮਨਾਮੇ 'ਤੇ ਚੱਲਣ ਦੀ ਸਮਰੱਥਾ ਬਖਸ਼ੋ, ਦੇ ਸ਼ਬਦ ਕਹੇ ਜਾਂਦੇ ਹਨ। ਅੱਖਰ ਵਾਧਾ ਘਾਟਾ ਭੁੱਲ ਚੁੱਕ ਮੁਆਫ ਕਰਨੀ, ਸਰਬੱਤ ਦੇ ਕਾਰਜ ਰਾਸ ਕਰਨੇ।

ਇਹ ਅਰਦਾਸ ਦੀ ਉਸੇ ਭਾਵਨਾ ਨੂੰ ਉਜਾਗਰ ਕਰਦੇ ਹਨ ਜਿਸ ਰਾਹੀਂ ਸਿੱਖ ਅਰਦਾਸ ਵਿੱਚ ਸਰਬੱਤ ਦਾ ਭਲਾ ਅਤੇ ਆਪਸੀ ਭਾਈਚਾਰਾ ਉੱਭਰ ਕੇ ਸਾਹਮਣੇ ਆਉਂਦਾ ਹੈ।

(ਪ੍ਰਸ਼ਾਦਿ ਦੀ ਦੇਗ ਨੂੰ ਅਰਦਾਸ ਦੇ ਵਿਚਕਾਰ ਕ੍ਰਿਪਾਨ ਭੇਂਟ ਨਹੀਂ ਕਰਨਾ ਚਾਹੀਦਾ। ਐੱਸ.ਜੀ.ਪੀ.ਸੀ 33913 23.02.14 ਪੱਤਰ ਨੰ. )

**ਕਲਾ ਵਾਹਿਗੁਰੂ ਜੀ ਕੀ ਵਰਤੇ...ਸੇਈ ਪਿਆਰੇ ਮੇਲੋ ਜਿਨ੍ਹਾਂ ਮਿਲਿਆਂ ਆਪ ਜੀ ਦਾ ਨਾਮ ਚਿਤ ਆਵੇ**

ਅਰਦਾਸ ਆਤਮਾ ਦਾ ਸ਼ਿੰਗਾਰ ਹੈ, ਅਰਦਾਸ ਕਰਨਾ ਆਪਣੇ ਆਪ ਨੂੰ ਜਿੱਥੇ ਇੱਕ ਸ਼ੀਸ਼ੇ ਵਿੱਚ ਵੇਖਣਾ ਹੈ, ਉੱਥੇ ਆਪਣੇ ਆਪ ਨੂੰ ਅੰਦਰ ਦੀ ਕਸਵੱਟੀ 'ਤੇ ਪਰਖਣਾ ਵੀ ਹੈ, ਸਾਨੂੰ ਅਰਦਾਸ ਕਰਨ ਲੱਗੇ ਇਹ ਅਹਿਸਾਸ ਵੀ ਮਨ ਅੰਦਰ ਰੱਖਣਾ ਜਰੂਰੀ ਹੈ ਕਿ ਇਸ ਸੰਸਾਰ ਅੰਦਰ ਜੋ ਕੁਝ ਵੀ ਵਾਪਰ ਰਿਹਾ ਹੈ ਉਸ ਅਕਾਲ ਪੁਰਖ ਵਾਹਿਗੁਰੂ ਜੀ ਦੀ ਕਿਰਪਾ ਸਦਕਾ ਹੈ। ਜੋ ਵਾਪਰਨਾ ਹੈ ਉਹ ਵੀ ਉਸ ਮਾਲਕ ਦੀ ਰਜ਼ਾ ਹੋਵੇਗੀ। ਸਾਡੀ ਤਾਂ ਕੇਵਲ ਜੋਦੜੀ ਹੁੰਦੀ ਹੈ। ਸ਼ਕਤੀ–ਕਲਾ ਤਾਂ ਉਸ ਮਾਲਕ ਦੀ ਹੀ ਹੁੰਦੀ ਹੈ।

**ਕਿਆ ਕਹੀਐ ਕਿਸੁ ਆਖਿ ਸੁਣਾਈਐ ਜਿ ਕਹਣਾ ਸੁ ਪ੍ਰਭ ਜੀ ਪਾਸਿ॥**

**ਸਭੁ ਕਿਛੁ ਕੀਤਾ ਤੇਰਾ ਵਰਤੈ ਸਦਾ ਸਦਾ ਤੇਰੀ ਆਸ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ.382)

ਅਰਦਾਸ ਉਸ ਅਕਾਲ ਪੁਰਖ ਦੀ ਹੋਂਦ ਨੂੰ ਸਵਿਕਾਰ ਕਰਨਾ ਹੈ। ਉਸਦੀਆਂ ਸ਼ਕਤੀਆਂ ਨੂੰ ਕਬੂਲ ਕਰਨਾ ਹੈ। ਉਸ ਵਾਹਿਗੁਰੂ ਦੀ ਆਸ ਤੇ ਭਰੋਸੇ ਵਿੱਚ ਆਪਣੀ ਬੇੜੀ ਉਸ 'ਤੇ ਛੱਡਣਾ ਹੈ। ਆਪਣੇ ਤਨ ਮਨ ਦੀਆਂ ਲੋੜਾਂ ਅਕਾਲ ਪੁਰਖ ਨੂੰ ਸੁਣਾਉਣ ਦੇ ਨਾਲ ਉਸ ਦੀ ਸ਼ਕਤੀ 'ਤੇ ਭਰੋਸਾ ਵੀ ਰੱਖਣਾ ਹੈ। ਜੇ ਅਰਦਾਸ ਪੂਰੀ ਨਹੀਂ ਹੁੰਦੀ ਤਾਂ

ਵੀ ਵਾਹਿਗੁਰੂ ਨੂੰ ਇਹੀ ਜਾਚਨਾ ਕਰਨੀ ਹੈ ਕਿ ਇਹ ਵੀ ਤੇਰੀ ਰਜ਼ਾ ਹੈ। ਵਾਹਿਗੁਰੂ ਆਪ ਜੀ ਨੇ ਇਸ ਵਿੱਚ ਵੀ ਕੋਈ ਭਲਾ ਕੀਤਾ ਹੋਣਾ ਹੈ।ਅਰਦਾਸ ਹਮੇਸ਼ਾ ਹੰਕਾਰ ਰਹਿਤ ਹੋਵੇ ਤੇ ਕਦੇ ਵੀ ਗੁਰੂ ਦਾ ਇਮਤਿਹਾਨ ਲੈਣ ਵਾਲੀ ਨਾ ਹੋਵੇ। ਅਰਦਾਸ ਦੀ ਬੁਨਿਆਦ ਸੱਚ ਹੋਵੇ, ਰੱਬ ਉੱਤੇ ਦਿਲੋਂ ਭਰੋਸਾ ਹੋਵੇ। ਜਿਵੇਂ–ਜਿਵੇਂ ਅਰਦਾਸ ਤੇ ਮਨੁੱਖੀ ਭਾਵਨਾ ਵਿੱਚ ਉਭਰਦੇ ਹਨ ਉਵੇਂ ਹੀ ਵਾਹਿਗੁਰੂ ਜੀ ਦੀ ਕਲਾ ਗੁਪਤ ਰੂਪ ਵਿੱਚ ਵਰਤਣੀ ਸ਼ੁਰੂ ਹੋ ਜਾਂਦੀ ਹੈ। ਮਾਲਕ ਸਾਡੀ ਸੁਰੱਖਿਆ ਦੀਆਂ ਕੜੀਆਂ ਜੋੜਨੀਆਂ ਸ਼ੁਰੂ ਕਰ ਦਿੰਦਾ ਹੈ। ਅਰਦਾਸ ਦੀ ਇਹ ਕਲਾ ਕੇਵਲ ਮਨੁੱਖਾਂ ਲਈ ਹੀ ਨਹੀ ਵਰਤਦੀ ਸਗੋਂ ਸੰਸਾਰ ਦੇ ਸਾਰੇ ਜੀਵਾਂ ਲਈ ਅਕਾਲ ਪੁਰਖ ਮਿਹਰਾਂ ਦੇ ਦਰਵਾਜੇ ਖੋਲ ਦਿੰਦਾ ਹੈ। ਸਾਰਾ ਵਰਤਾਰਾ ਤਾਂ ਉਸੇ ਮਾਲਕ ਦੀ ਕੁਦਰਤ ਦਾ ਹਿੱਸਾ ਹੀ ਹੈ। ਪੂਰੇ ਬ੍ਰਹਿਮੰਡ ਵਿੱਚ ਜੋ ਕੁਝ ਵੀ ਹੈ, ਸਾਰਾ ਕੁਝ ਉਸ ਮਾਲਕ ਦੇ ਕੀਤੇ ਦਾ ਹਿੱਸਾ ਹੈ। ਸਾਡੀ ਬੁੱਧ, ਸਰੀਰ ਬਲ, ਉੱਦਮ ਵੀ ਉਸੇ ਮਾਲਕ ਦੀਆਂ ਦਾਤਾਂ ਦਾ ਹਿੱਸਾ ਹਨ। ਸਾਡੀ ਅਰਦਾਸ ਸਾਨੂੰ ਇਸ ਸੱਚ ਦਾ ਅਹਿਸਾਸ ਕਰਾਉਂਦੀ ਹੈ ਕਿ ਸਾਡੀ ਮੰਗ ਅਤੇ ਯੋਗਤਾ ਵਿੱਚ ਕਿੰਨਾ ਫਰਕ ਹੈ ਕਿਉਂਕਿ ਇਸਦੀ ਸੰਪੂਰਨਤਾ ਵੀ ਉਸਦੀ ਕਲਾ ਦਾ ਹਿੱਸਾ ਹੈ।

ਭਾਈ ਵੀਰ ਸਿੰਘ ਜੀ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਮੁਤਾਬਿਕ 'ਕਲਾ ਸ਼ਕਤੀ, ਤਾਕਤ ਯਥਾ ਸਰਬ ਕਲਾ ਲੇ ਆਪੇ ਹਰਿਆ'

**ਅਕਲ ਕਲਾ ਭਰਪੂਰਿ ਰਹਿਆ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 469)

ਕੋਮਲ ਹੁਨਰ 64 ਪ੍ਰਕਾਰ ਦੇ ਹੁੰਦੇ ਹਨ ਇਸਤੋਂ ਮੁਰਾਦ ਮਨੁੱਖੀ ਦਿਮਾਗ ਦੀ ਚਤੁਰਾਈ ਵੀ ਹੈ, ਚਤੁਰਾਈ ਦਾ ਪ੍ਰਬੰਧ ਵੀ।

**ਬਾਝੁ ਕਲਾ ਆਡਾਣੁ ਰਹਾਇਆ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 1036)

ਆਡਾਣੁ ਭਾਵ ਬ੍ਰਹਿਮੰਡ ਦਾ ਫੈਲਾਉ ਨੂੰ ਬਿਨ੍ਹਾਂ ਕਿਸੇ ਵਿੱਦਿਆ ਦੇ ਕਾਇਮ ਰੱਖਿਆ ਹੋਇਆ ਹੈ। ਅਜਿਹੀਆਂ ਮਨੁੱਖੀ ਚਤੁਰਾਈਆਂ ਦੀਆਂ 64 ਵਿਦਿਆਵਾਂ ਹਨ। ਵਾਹਿਗੁਰੂ ਜੀ ਨੇ ਆਪਣੀ ਚਿੱਤ ਸ਼ਕਤੀ ਦੇ ਆਸਰੇ ਇਹ ਸਭ ਕਾਇਮ ਰੱਖਿਆ ਹੋਇਆ ਹੈ। ਇਹ ਅਰਦਾਸ ਕਰ ਰਹੇ ਮਨੁੱਖ ਦੇ ਵਿਸ਼ਵਾਸ਼ ਨੂੰ ਹੋਰ ਮਜਬੂਤ ਕਰਦਾ ਹੈ ਕਿ ਜਿਸਅੱਗੇ ਅਸੀਂ ਅਰਦਾਸ ਕਰਦੇ ਹਾਂ ਉਹ ਸਰਬ–ਸ਼ਕਤੀਮਾਨ ਨਿਮਰਤਾ ਦਾ ਪ੍ਰਤੀਕ ਹੈ। ਉਸਨੇ ਹੀ ਮੇਰੀ ਬੇਨਤੀ ਪੂਰੀ ਕਰਨੀ ਹੈ।ਅਰਦਾਸ ਕਰਦਿਆਂ ਜੇ ਕੋਈ ਭੁੱਲ ਹੋਈ ਹੋਵੇ।ਉਸਦੀ ਖਿਮਾ ਮੰਗਦੇ ਹੋਏ ਸਰਬੱਤ ਦੇ ਕਾਰਜ ਰਾਸ ਹੋਣ ਦੀ ਜਾਚਨਾ ਹੁੰਦੀ ਹੈ।

**ਸੋਈ ਪਿਆਰ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ!**

ਅਰਦਾਸ ਵਿੱਚ ਸਿੱਖ ਅਕਾਲ ਪੁਰਖ ਨੂੰ ਬੇਨਤੀ ਕਰਦਾ ਹੈ ਕਿ ਹੇ ਵਾਹਿਗੁਰੂ ਜੀ! ਆਪਣੇ ਸੇਵਕ ਨੂੰ, ਜਾਚਕ ਨੂੰ ਉਹਨਾਂ ਹੀ ਗੁਰਸਿਖਾਂ ਦੇ ਦਰਸ਼ਨ ਕਰਵਾਉਣਾ ਜਿਨ੍ਹਾਂ ਅੰਦਰ ਗੁਰਸਿੱਖੀ ਦੇ ਗੁਣਾਂ ਦਾ ਭੰਡਾਰ ਹੋਵੇ। ਅੰਮ੍ਰਿਤ ਦੀ ਦਾਤ ਦੇਣ

ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਸੰਦੇਸ਼ ਦਿੱਤਾ ਸੀ ਉਸ ਵਿੱਚ ਕਿਹਾ ਹੈ ਕਿ ਸਿੱਖ ਦਾ ਗੁਰੂ 'ਗੁਰਬਾਣੀ' ਹੈ, ਬਾਣੀ ਦੁਆਰਾ ਅੰਮ੍ਰਿਤ ਤਿਆਰ ਹੁੰਦਾ ਹੈ ਤੇ ਬਾਣੀ ਵਿੱਚ ਅੰਮ੍ਰਿਤ ਹੈ। ਸੁਖ ਵੇਲੇ ਬਾਣੀ ਪੜ੍ਹਨੀ ਹੈ ਤੇ ਦੁਖ ਵੇਲੇ ਵੀ ਉਸੇ ਬਾਣੀ ਦਾ ਸਿਮਰਨ ਕਰਨਾ ਹੈ। ਗੁਰਮਿਤ ਅਨੁਸਾਰ ਜੀਵਨ ਜਿਉਣ ਵਾਲੇ ਗੁਰਸਿੱਖ ਦਾ ਧਿਆਨ, ਬਚਨ ਅਤੇ ਕਰਮ ਸਭ ਗੁਰਸਿੱਖੀ ਦੇ ਰੰਗ ਵਾਲੇ ਹੋਣੇ ਜਰੂਰੀ ਹਨ। ਉਹ ਆਤਮਿਕ ਤੌਰ 'ਤੇ ਪ੍ਰਫੁਲਿੱਤ, ਮਾਨਸਿਕ ਤੌਰ 'ਤੇ ਸ਼ਾਂਤ, ਸਦਾਚਾਰੀ ਤੇ ਸੁੱਘੜ ਇਨਸਾਨ ਹੋਣਾ ਚਾਹੀਦਾ ਹੈ। ਜਿਵੇਂ ਸੱਚੇ ਪ੍ਰਮਾਤਮਾ ਦਾ ਆਪਣਾ ਗੁਣ ਅਤੇ ਸੁਭਾਅ ਹੈ। ਉਸਨੇ ਸੱਚ 'ਤੇ ਅਧਾਰਿਤ ਜੀਵਨ ਨੂੰ ਪ੍ਰਵਾਨ ਕੀਤਾ ਹੋਵੇ। ਜੋ ਇਹਨਾਂ ਗੁਣਾਂ ਦੇ ਨਾਲ ਚੰਗਾ ਸਦਾਚਾਰੀ ਜੀਵਨ ਜਿਉਂਦਾ ਹੋਵੇ, ਉਹੀ ਵਾਹਿਗੁਰੂ ਨੂੰ ਭਾਉਂਦਾ ਹੈ। ਪ੍ਰਮਾਤਮਾ ਵੀ ਅਜਿਹੇ ਹੀ ਮਨੁੱਖ ਦੇ ਅੰਗ–ਸੰਗ ਵੱਸਦਾ ਹੈ। ਜਿਸ ਗੁਰਸਿੱਖ ਪਿਆਰੇ ਨੂੰ ਕਦੀ ਨਾਮ ਨਾ ਭੁੱਲੇ। ਵਾਹਿਗੁਰੂ ਦੇ ਚਰਨਾਂ ਵਿੱਚ ਹਮੇਸ਼ਾ ਉਸਦਾ ਧਿਆਨ ਰਹੇ। ਗੁਰਬਾਣੀ ਨਾ ਵਿਸਰੇ ਅਤੇ ਉਹ ਵਾਹਿਗੁਰੂ ਦੀ ਰਜ਼ਾ ਨੂੰ ਮਿੱਠਾ ਕਰਕੇ ਮੰਨਦਾ ਹੋਵੇ। ਅਜਿਹੇ ਰੱਬੀ ਗੁਣਾਂ ਵਾਲੇ ਗੁਰਸਿੱਖ ਪਿਆਰਿਆਂ ਦੇ ਦਰਸ਼ਨਾਂ ਦੀ ਤਾਂਘ ਸਿੱਖ ਦੀ ਅਰਦਾਸ ਵਿੱਚ ਹੁੰਦੀ ਹੈ।

ਹੇ ਵਾਹਿਗੁਰੂ ਜੀ! ਜਾਚਕ ਨੂੰ ਅਜਿਹੇ ਪਿਆਰਿਆਂ ਨਾਲ ਮੇਲ੍ਹੀਂ ਜਿਨ੍ਹਾਂ ਦੇ ਦਰਸ਼ਨ ਕਰਦਿਆਂ ਤੇਰਾ ਨਾਮ ਚਿੱਤ ਆਵੇ, ਕਿਉਂਕਿ ਜਾਚਕ ਤਾਂ ਹਮੇਸ਼ਾ ਅਕਾਲ ਪੁਰਖ ਦੇ ਰੰਗਾਂ ਵਿੱਚ ਰੰਗਿਆ ਰਹਿਣਾ ਚਾਹੁੰਦਾ ਹੈ। ਅਜਿਹਾ ਨਾਮ ਰਸਾਇਣ ਤੇ ਨਾਮ ਅੰਮ੍ਰਿਤ ਦਾ ਵਪਾਰੀ ਤਾਂ ਕੋਈ ਵਿਰਲਾ ਹੀ ਹੁੰਦਾ ਹੈ। ਜਾਚਕ ਅਰਦਾਸ ਕਰਦਾ ਹੈ ਕਿ, 'ਹੇ ਵਾਹਿਗੁਰੂ ਜੀ! ਕੀ ਮੈਨੂੰ ਕੋਈ ਐਸਾ ਪਿਆਰਾ ਮਿਲ ਪਵੇਗਾ, ਭਾਵ ਮੇਰਾ ਮਨ ਲੋਚਦਾ ਹੈ ਕਿ ਮੈਨੂੰ ਕੋਈ ਐਸਾ ਪਿਆਰਾ ਮਿਲੇ ਜੋ ਰੱਬ ਦੇ ਪਿਆਰ ਵਾਲਾ ਹੋਵੇ ਤੇ ਉਸਦੇ ਦਰਸ਼ਨ ਕਰ ਮੈਨੂੰ ਨਾਮ ਅੰਮ੍ਰਿਤ ਦੀ ਦਾਤ ਪ੍ਰਾਪਤ ਹੋ ਜਾਵੇ।'

ਉਸਦੇ ਮਿਲਦਿਆਂ ਹੀ ਪ੍ਰਭੂ ਦੇ ਅੰਮ੍ਰਿਤ ਨਾਮ ਦਾ ਇੱਕ ਰੋਅ ਚਲ ਪੈਂਦਾ ਹੈ, ਜੀਵ ਦੀ ਮਾਨਸਿਕ ਅਵਸਥਾ ਅਡੋਲ ਬਣ ਜਾਂਦੀ ਹੈ। ਹਿਰਦੇ ਦੇ ਅੰਦਰ ਹੀ ਪ੍ਰਮਾਤਮਾ ਨਾਲ ਸਾਂਝ ਪੈ ਜਾਂਦੀ ਹੈ। ਅਰਦਾਸ ਵਿੱਚ ਅਜਿਹੇ ਗੁਰੂ ਪਿਆਰ ਵਾਲੇ ਪਿਆਰਿਆਂ ਦੇ ਮੇਲ ਲਈ ਵੀ ਅਰਦਾਸ ਕੀਤੀ ਜਾਂਦੀ ਹੈ ਜਿਨ੍ਹਾਂ ਦੇ ਮੇਲ ਜਾਂ ਦਰਸ਼ਨ ਨਾਲ ਉਸ ਅਕਾਲ ਪੁਰਖ ਦਾ ਸਿਮਰਨ ਸੰਚਾਰ ਹੁੰਦਾ ਹੋਵੇ।

**ਨਾਨਕ ਨਾਮ ਚੜ੍ਹਦੀਕਲਾ**

ਇਹ ਗੁਰਸਿੱਖਾਂ ਵੱਲੋਂ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ। ਗੁਰਸਿੱਖ ਅਤੇ ਗੁਰਮੁੱਖ ਦੇ ਜੀਵਨ ਜਿਉਣ ਦਾ ਨਜ਼ਰੀਆ ਬਹੁਤ ਹੀ ਚੜ੍ਹਦੀਕਲਾ ਵਾਲਾ ਹੈ। ਕਈ ਵਾਰ ਇਹ ਵੀ ਕਿਹਾ ਜਾਂਦਾ ਹੈ ਕਿ ਮਨਮੁੱਖ ਦੀ ਅਰਦਾਸ ਕਬੂਲ ਨਹੀਂ ਹੁੰਦੀ, ਇਸਦਾ ਅਰਥ ਇਹ ਨਹੀਂ ਲੈਣਾ ਚਾਹੀਦਾ ਕਿ ਮਨਮੁੱਖ ਹਮੇਸ਼ਾ ਮਨਮੁੱਖ ਹੀ ਰਹੇ ਜਾਂ ਉਹ ਪਾਪੀ ਰਹੇਗਾ। ਉਹ ਵੀ ਪੁੰਨੀ ਤੇ ਧਰਮੀ ਜਾਂ ਗੁਰਮੁੱਖ ਹੋ ਸਕਦਾ ਹੈ ਪਰ ਉਸਨੂੰ ਨਿਰੰਤਰ ਅਜਿਹੀ ਘਾਲਣਾ ਕਰਨੀ ਪੈਂਦੀ ਹੈ, ਜਿਸ ਰਾਹੀਂ ਉਸ ਮਨਮੁੱਖ ਦੇ ਜੀਵਨ ਵਿੱਚ ਗੁਰਮੁੱਖ ਵਾਲੇ ਗੁਣ ਆ ਸਕਣ। ਇਸ ਲਈ ਨਿਸ਼ਕਾਮ ਕਰਮ ਅਤੇ ਉੱਦਮ ਦੀ ਲੋੜ ਹੈ। ਪ੍ਰਮਾਤਮਾ ਦਾ ਨਾਮ ਜੋ ਪਾਪਾਂ ਦਾ ਨਾਸ਼ ਕਰਦਾ ਹੈ, ਉਹ ਆਤਮਿਕ ਜੀਵਨ ਦੇਣ ਵਾਲਾ ਵੀ ਹੈ। ਉਸਨੂੰ ਹਮੇਸ਼ਾ ਸਿਮਰਦੇ ਰਹੀਏ। ਪ੍ਰਭੂ ਨਾਮ ਦੀ ਇਹ ਆਤਮਿਕ ਖੁਰਾਕ ਮਨੁੱਖ ਨੂੰ

ਮਨਮੁੱਖ ਤੋਂ ਸਿਰਫ ਗੁਰਮੁੱਖ ਹੀ ਨਹੀਂ ਬਣਾਉਂਦੀ ਸਗੋਂ ਉਸਦੇ ਤਿੰਨੋਂ ਤਾਪ, ਮਨ ਦੀ ਚਿੰਤਾ, ਦੇਹ ਦੇ ਰੋਗ, ਅਤੇ ਸੀਤ ਤਾਪ ਜੀਵਣ ਵਿੱਚ ਆਉਣ ਵਾਲੇ ਕਲੇਸ਼ਾਂ, ਆਤਮਿਕ ਬੁਢਾਪਾ ਅਤੇ ਮੌਤ ਦੇ ਡਰ ਨੂੰ ਦੂਰ ਕਰ ਦਿੰਦੀ ਹੈ।

ਪ੍ਰਭੂ ਦੇ ਇਲਾਹੀ ਨਾਮ ਰਾਹੀਂ ਦੁਖਾਂ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ। ਗੁਰੂ ਦੇ ਆਸਰੇ ਜੀਵਿਆ ਜੀਵਣ ਆਤਮਿਕ ਤੌਰ 'ਤੇ ਇੰਨਾ ਬਲਵਾਨ ਹੋ ਜਾਂਦਾ ਹੈ ਕਿ ਕਰੋੜਾਂ ਮੁਸੀਬਤਾਂ ਨੂੰ ਝੱਲਣ ਦੀ ਸ਼ਕਤੀ ਪ੍ਰਾਪਤ ਹੋ ਜਾਂਦੀ ਹੈ। ਇਹ ਸ਼ਕਤੀ ਹੀ ਚੜ੍ਹਦੀਕਲਾ ਦਾ ਪ੍ਰਤੀਕ ਬਣਦੀ ਹੈ। ਇਸੇ ਹੀ ਸ਼ਕਤੀ ਨੂੰ ਜਾਚਕ ਅਰਦਾਸ ਵਿੱਚ ਮੰਗ ਰਿਹਾ ਹੁੰਦਾ ਹੈ। ਜਿਸ ਰਾਹੀਂ ਚੜ੍ਹਦੀਕਲਾ ਦੀ ਅਵਸਥਾ ਤਕ ਪਹੁੰਚਿਆ ਹੈ। ਨਾਮ ਹੀ ਇੱਕ ਸਾਧਨ ਹੈ, ਓਟ ਹੈ, ਸਹਾਰਾ ਹੈ, ਆਸਰਾ ਹੈ, ਜਿਸਦੀ ਸ਼ਕਤੀ ਰਾਹੀਂ ਮਨੁੱਖ ਨੂੰ ਚੜ੍ਹਦੀਕਲਾ ਵਿੱਚ ਵਿਚਰਣ ਦੀ ਸੇਧ ਮਿਲਦੀ ਹੈ। ਗੁਰੂ ਸਾਹਿਬਾਨ ਨੇ ਵੀ ਇਸ ਨਾਮ ਦੇ ਅੰਮ੍ਰਿਤ ਰਾਹੀਂ ਹੀ ਆਤਮਿਕ ਕਸ਼ਟਾਂ ਨੂੰ ਖਦੇੜਦੇ ਹੋਏ ਜੀਵਨ ਵਿੱਚ ਚੜ੍ਹਦੀਕਲਾ ਦਾ ਸੰਦੇਸ਼ ਦਿੱਤਾ ਹੈ। ਇਸੇ ਕਰਕੇ ਅੱਜ ਵੀ ਗੁਰੂ ਦਾ ਸਿੱਖ ਹਰ ਪੀੜਾ ਵੇਲੇ ਵਾਹਿਗੁਰੂ ਦੇ ਨਾਮ ਦੀ ਦਾਤ ਨਾਲ ਚੜ੍ਹਦੀਕਲਾ ਵਿਚ ਰਹਿਣ ਦੀ ਅਰਦਾਸ ਕਰਦਾ ਹੈ। ਜਦੋਂ ਵੀ ਇੱਕ ਗੁਰਸਿੱਖ ਦੂਜੇ ਗੁਰਸਿੱਖ ਨੂੰ ਮਿਲਦਾ ਹੈ ਤਾਂ ਹਾਲ ਪੁੱਛਣ 'ਤੇ ਇੱਕੋ ਜਵਾਬ ਮਿਲਦਾ ਹੈ ਕਿ ਚੜ੍ਹਦੀਕਲਾ ਵਿੱਚ ਹਾਂ। ਇਹ ਚੜ੍ਹਦੀ ਕਲਾ ਸਿੱਖ ਨੇ ਉਸ ਪ੍ਰਮਾਤਮਾ ਦੇ ਪਵਿੱਤਰ ਨਾਮ ਵਿੱਚੋਂ ਪ੍ਰਾਪਤ ਕੀਤੀ ਹੁੰਦੀ ਹੈ।

'ਨਾਮ ਹੀ ਚੜ੍ਹਦੀਕਲਾ ਦਾ ਤੱਤ ਸਾਰ ਹੈ' ਅਤੇ ਇਹ ਕੋਈ ਅਤਿਕਥਨੀ ਨਹੀਂ ਹੈ, ਇਸੇ ਲਈ ਸਿੱਖ ਨਿੱਤਾਪ੍ਰਤੀ ਅਰਦਾਸ ਵਿੱਚ ਨਾਨਕ ਨਾਮ ਚੜ੍ਹਤੀਕਲਾ ਦੀ ਮੰਗ ਕਰਦਾ ਹੈ। ਜਿਸ ਰਾਹੀਂ ਉਹ ਆਪਣੇ ਜੀਵਨ ਵਿੱਚੋਂ ਨਕਾਰਤਮਕਤਾ ਨੂੰ ਬਾਹਰ ਕਰ ਦੇਣ ਵਿੱਚ ਸਫਲ ਹੋਵੇ ਅਤੇ ਉਸਦੀ ਰੋਸ਼ਨੀ ਨਾਲ ਹਨੇਰੇ ਸੰਸਾਰ ਵਿੱਚ ਮਨੁੱਖਤਾ ਦਾ ਪ੍ਰਕਾਸ਼ ਹੋ ਸਕੇ।

**ਤੇਰੇ ਭਾਣੇ ਸਰਬੱਤ ਦਾ ਭਲਾ**

'ਤੇਰੇ' ਸ਼ਬਦ ਜੋ ਅਰਦਾਸ ਵਿੱਚ ਪੜ੍ਹਿਆ ਜਾਂਦਾ ਹੈ ਇਹ ਅਕਾਲ ਪੁਰਖ ਦਾ ਸੰਦੇਸ਼ ਦਿੰਦਾ ਹੈ। ਹੇ ਅਕਾਲ ਪੁਰਖ ਪਰਮ ਪਿਤਾ ਪ੍ਰਮਾਤਮਾ ! ਤੇਰੇ ਅੱਗੇ ਸੰਸਾਰ ਵਿੱਚ ਵਿਚਰ ਰਹੇ ਹਰ ਪ੍ਰਾਣੀ, ਜੀਵ–ਜੰਤੂ ਅਤੇ ਬਨਸਪਤੀ ਤੇ ਸਰਬ ਕਲਿਆਣ ਲਈ ਬੇਨਤੀ ਹੈ। ਕੋਈ ਵੀ ਪ੍ਰਾਣੀ ਭਾਵੇਂ ਉਹ ਕਿਸੇ ਵੀ ਧਰਮ ਦਾ ਹੋਵੇ, ਕਿਸੇ ਵੀ ਜਾਤ ਦਾ ਹੋਵੇ, ਕਿਸੇ ਵੀ ਵਰਗ ਦਾ ਹੋਵੇ, ਉਸਨੂੰ ਸਰਬੱਤ ਦਾ ਰੂਪ ਦਿੱਤਾ ਜਾਂਦਾ ਹੈ। ਜਾਚਕ ਵਿਅਕਤੀਗਤ ਅਤੇ ਸਮੂਹਿਕ ਦੋਵਾਂ ਰੂਪਾਂ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕਰਦਾ ਹੈ। ਹੇ ਅਕਾਲ ਪੁਰਖ! ਆਪ ਜੀ ਦਾ ਜੋ ਭਾਣਾ ਹੈ, ਜੋ ਆਪ ਜੀ ਨੂੰ ਭਾਉਂਦਾ ਹੈ, ਜੋ ਆਪ ਜੀ ਦੀ ਰਜ਼ਾ ਹੈ, ਜੋ ਆਪ ਜੀ ਦੀ ਪ੍ਰਸੰਨਤਾ ਹੈ ਉਹੀ ਹੁੰਦਾ ਹੈ, ਇਸੇ ਲਈ ਤੇਰੇ ਹੁਕਮ ਵਿੱਚ ਸਾਰੀ ਸ੍ਰਿਸ਼ਟੀ ਦਾ ਭਲਾ ਮੰਗੀਦਾ ਹੈ। ਇਹ ਸਿੱਖ ਦਾ ਮਨੁੱਖਤਾ ਅਤੇ ਸ੍ਰਿਸ਼ਟੀ ਪ੍ਰਤੀ ਪਿਆਰ ਤੇ ਸਤਿਕਾਰ ਦਾ ਸ਼ਿਖਰ ਵੀ ਹੈ। ਅਰਦਾਸ ਸਿੱਖ ਜਗਤ ਦੀ ਇੱਕ ਅਤਿ–ਸ਼ਕਤੀਸ਼ਾਲੀ ਸੰਸਥਾ ਹੈ। ਇਹ ਨਾ ਕੇਵਲ ਸਿੱਖਾਂ ਦੇ ਸੰਸਾਰਿਕ ਜੀਵਨ ਨੂੰ ਨਿਯਮਿਤ ਕਰਦੀ ਹੈ ਸਗੋਂ ਇਸ ਦੇ ਨਾਲ–ਨਾਲ ਸਰਬ–ਸਾਂਝੀਵਾਲਤਾ ਦਾ ਪ੍ਰਤੀਕ ਬਣ ਉਸ ਸਿੱਖ ਦੀ ਅਧਿਆਤਮਕ ਮਾਨਸਿਕ ਅਵਸਥਾ ਨੂੰ ਅਗਾਂਹ ਤੋਰਦੀ ਹੈ। ਇਹ ਨਿਮਰਤਾ ਸਿਖਾਉਂਦੀ ਹੈ ਤੇ ਸਰਬੱਤ ਦੇ ਭਲੇ ਦੀ ਜਾਚਨਾ ਵੀ ਸਿਖਾਉਂਦੀ ਹੈ। ਮੈਂ

ਦੁਨੀਆ ਭਰ ਦੇ ਸਾਰੇ ਧਰਮਾਂ ਦੀ ਪ੍ਰਾਰਥਨਾ ਪੜ੍ਹੀ ਤੇ ਜਾਣਕਾਰੀ ਵੀ ਲਈ, ਪਰ ਸਿੱਖ ਅਰਦਾਸ ਤੋਂ ਇਲਾਵਾ ਕੋਈ ਹੋਰ ਦੂਜੀ ਅਰਦਾਸ ਸਰਬੱਤ ਦੇ ਭਲੇ ਲਈ ਪ੍ਰਮਾਤਮਾ ਪਾਸ ਨਹੀਂ ਹੁੰਦੀ। ਜਿੱਥੇ ਉਸ ਧਰਮ ਨੂੰ ਮੰਨਣ ਵਾਲਿਆਂ ਤੋਂ ਇਲਾਵਾ ਕਿਸੇ ਹੋਰ ਦਾ ਭਲਾ ਮੰਗਿਆ ਹੋਵੇ, ਉਹ ਕੇਵਲ ਸਿੱਖ ਦੀ ਹੀ ਅਰਦਾਸ ਹੈ।

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥**

**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ. 853)

## ਅਰਦਾਸ ਬਾਰੇ ਵਿਦਵਾਨਾਂ ਦੇ ਵਿਚਾਰ

ਸਿੱਖ ਅਰਦਾਸ ਦੇ ਅਮਲੀ ਸਿੱਟਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਅਰਦਾਸ ਸਵੈ ਨੂੰ ਸਵਾਰਣ ਵਾਸਤੇ ਤਿਆਰ–ਬਰ–ਤਿਆਰ ਹੋਣ ਦਾ ਐਲਾਨ ਨਾਮਾ ਹੈ। ਇਹ ਭਾਣਾ ਮੰਨਣ ਵਾਲੀ ਉਹ ਤਾਕਤ ਹੈ ਜੋ ਜੀਵ ਅੰਦਰ ਚੜ੍ਹਦੀਕਲਾ ਵਾਲੀ ਸਦਜਾਗਤ ਜੀਵਨ ਜਾਚ ਪੈਦਾ ਕਰਦੀ ਹੈ।

**ਡਾ.ਬਲਕਾਰ ਸਿੰਘ**

"ਅਰਦਾਸ ਦਾ ਅੰਤਿਮ ਰੂਪ ਮਨੁੱਖੀ ਅਮਨ ਦੀ ਨਿਰੰਕੁਸ਼ ਪਾਕੀਜ਼ਗੀ ਨੂੰ ਦਰਗਾਹ ਵਿੱਚ ਪਹੁੰਚਾਉਣ ਦਾ ਨਾਮ ਹੈ। ਅਰਦਾਸ ਸਮੇਂ ਪ੍ਰਥਮ ਪੜਾਅ ਦੇ ਉੱਤੇ ਇਨਸਾਨੀ ਇਸ਼ਕ ਆਪਣੀ ਆਦਿ ਜੁਗਾਦੀ ਚੇਤਨਾ ਨਾਲ ਇਕਸਾਰ ਹੋ ਜਾਂਦਾ ਹੈ ਤੇ ਇਸਦੇ ਅੰਦਰ ਅਤਿ–ਮਹੀਨ ਹਰਕਤ ਜਨਮ ਲੈਂਦੀ ਹੈ, ਸਿੱਟੇ ਵਜੋਂ ਦੂਜੇ ਪੜਾਅ ਉੱਤੇ ਅਰਦਾਸ ਵਿੱਚ ਬੇਅਟਕ ਪ੍ਰਵਾਜ਼ ਪੈਦਾ ਹੋ ਜਾਂਦੀ ਹੈ ਅਤੇ ਤੁੱਛ ਹੋਇਆ ਇਸ ਦੀਆਂ ਨਜ਼ਰਾਂ ਲਗਾਤਾਰ ਇਲਾਹੀ ਸ਼ਾਨ ਵੱਲ ਰਹਿੰਦੀਆਂ ਹਨ। ਪਰ ਅਜਿਹੀ ਪ੍ਰਵਾਜ਼ ਸਮੇਂ ਆਪਣੀ ਸੂਖ਼ਮਤਾ ਅਤੇ ਅਰੂਪਤਾ ਵਿੱਚ ਵੀ ਅਰਦਾਸ ਹੀ ਕੱਲੀ ਨਹੀਂ ਹੁੰਦੀ ਉਸ ਨਾਲ ਜਿੰਦਗੀ ਦੇ ਅਮਲ ਦੀ ਪਾਕ ਪੂੰਜੀ ਵੀ ਹੁੰਦੀ ਹੈ।"

**ਹਰਿੰਦਰ ਸਿੰਘ ਮਹਿਬੂਬ**

"ਬੇਵੱਸੀ ਦੇ ਅਹਿਸਾਸ ਵਿੱਚੋਂ ਨਿਮਰਤਾ ਬੋਲਦੀ ਹੈ, ਬਖਸ਼ਿਸ਼ ਦੇ ਭਰੋਸੇ ਤੋਂ ਸਿਦਕ ਪੱਕਦਾ ਹੈ ਅਤੇ ਸ਼ਰਣ ਪੈਣ ਦੀ ਇੱਛਾ ਦੀ ਥਾਂ ਆਤਮ ਸਮਰਪਣ ਦਾ ਅਮਲ ਜਾਗਦਾ ਹੈ। ਇਹ ਤਿੰਨ ਗੁਣ ਨਿਮਰਤਾ, ਸਿਦਕ, ਅਤੇ ਆਤਮ–ਸਮਰਪਣ, ਅਰਦਾਸ ਦੀ ਭਾਵਨਾ ਦੇ ਮੂਲ ਅੰਗ ਹਨ।"

**ਡਾ.ਜਸਵੰਤ ਸਿੰਘ ਨੇਕੀ**

"ਫੁਹਾਰੇ ਦਾ ਜਲ ਜਿਤਨਾ ਨੀਵਾਂ ਜਾਂਦਾ ਹੈ ਉਤਨਾ ਹੀ ਉੱਚਾ ਚੜ੍ਹਦਾ ਹੈ, ਉਸੇ ਤਰ੍ਹਾਂ ਜੋ ਮਨ ਨੀਵਾਂ ਰੱਖਦੇ ਹਨ ਸੋ ਉੱਚੀ ਪੱਦਵੀ ਨੂੰ ਪ੍ਰਾਪਤ ਹੁੰਦੇ ਹਨ।'

**ਭਾਈ ਮਨੀ ਸਿੰਘ ਜੀ**

"ਅਰਦਾਸ ਤੋ ਪਹਿਲਾਂ, ਅਰਦਾਸ ਕਰਦਿਆਂ ਅਤੇ ਅਰਦਾਸ ਤੋਂ ਬਾਅਦ ਪ੍ਰਾਰਥਨਾ ਕਰਨ ਵਾਲੇ ਨੂੰ ਜਿਸ ਅੱਗੇ ਅਰਦਾਸ ਕੀਤੀ ਗਈ ਹੈ ਉਸ ਉੱਪਰ ਪੂਰਾ–ਪੂਰਾ ਯਕੀਨ ਬਣਾਏ ਰੱਖਣਾ ਜਰੂਰੀ ਹੈ। ਜੇ ਪੂਰੇ ਸਿਦਕ ਅਤੇ ਭਰੋਸੇ ਨਾਲ ਅਰਦਾਸ ਨਹੀਂ ਕੀਤੀ ਤਾਂ ਮਨ ਦੁਚਿੱਤੀ ਵਿੱਚ ਰਹਿੰਦਾ ਹੈ ਕਿ ਖਬਰੇ ਅਰਦਾਸ ਪ੍ਰਵਾਨ ਹੋਣੀ ਵੀ ਹੈ ਕਿ ਨਹੀਂ, ਇਹ ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ ਅਰਦਾਸ ਸੁਣੀ ਗਈ ਹੈ ਤੇ ਪ੍ਰਵਾਨ ਵੀ ਹੋ ਗਈ ਹੈ। ਪਰ

ਅਰਦਾਸ ਕਰਕੇ ਡੋਰੀ ਪ੍ਰਭੂ 'ਤੇ ਛੱਡ ਦੇਣੀ ਚਾਹੀਦੀ ਹੈ। ਸਾਡੇ ਲਈ ਕੀ ਚੰਗਾ ਹੈ ਤੇ ਕੀ ਬੁਰਾ ਹੈ ਇਹ ਅਕਾਲ ਪੁਰਖ ਤੋਂ ਬਿਨ੍ਹਾਂ ਕੋਈ ਨਹੀਂ ਜਾਣਦਾ।"

### ਪ੍ਰਿੰ.ਪ੍ਰਕਾਸ਼ ਸਿੰਘ

"ਅਰਦਾਸ ਦਾ ਸਮੁੱਚਾ ਅਤੇ ਵਿਆਪਕ ਚਰਿੱਤਰ ਅਧਿਆਤਮ ਹੁੰਦਾ ਹੋਇਆ ਵੀ ਮਾਨਖ ਹਿਤੈਸ਼ੀ ਅਤੇ ਸਰਬੱਤ ਦੇ ਭਲੇ ਵਾਲਾ ਹੈ। ਪਿਆਰਿਆਂ, ਸਚਿਆਰਿਆਂ ਤੇ ਸ਼ਹੀਦ ਸਿੰਘਾਂ ਦੀ ਕਮਾਈ, ਤਖ਼ਤਾਂ ਤੇ ਗੁਰਦੁਆਰਿਆਂ ਦੀ ਸਾਂਝ ਪੰਥਕ ਨਾਹਰਿਆਂ ਦੀ ਗੁੰਝਾਰ, ਸਿੱਖ ਸਰੂਪ ਅਤੇ ਪੰਥਕ ਸ਼ਕਤੀ ਦੀ ਜੈਕਾਰ ਨੇ ਸਿੱਖ ਕੌਮ ਨੂੰ ਇਤਨਾਂ ਬਲਵਾਨ ਅਤੇ ਸਿੱਖ ਇਤਿਹਾਸ ਨੂੰ ਇਤਨਾ ਗੌਰਵਮਈ ਸਿਰਜ ਦਿੱਤਾ ਹੈ ਕਿ ਅਰਦਾਸ ਆਪਣੇ ਸੰਕਲਪ ਵਜੋਂ ਅਰਦਾਸ ਰਹਿ ਕੇ ਵੀ ਕੌਮ ਦੇ ਲਹੂ ਭਿੱਜੇ ਗੌਰਵ ਨੂੰ ਪੇਸ਼ ਕਰਨ ਵਿੱਚ ਤੇ ਇਸਦੇ ਪ੍ਰਭਾਵ ਨੂੰ ਉਜਾਗਰ ਕਰਨ ਵਿੱਚ ਸਫਲ ਸਿੱਧ ਹੁੰਦੀ ਹੈ। ਅਰਦਾਸ ਨਿਸ਼ਚੇ ਹੀ ਭਾਵਨਾ ਵੱਲੋਂ ਅਧਿਆਤਮਕ ਹੈ। ਵਿਸ਼ੇ ਵਸਤੂ ਵਜੋਂ ਇਤਿਹਾਸਕ ਹੈ ਅਤੇ ਆਦਰਸ਼ ਵਜੋਂ ਗੌਰਵਸ਼ੀਲ ਅਤੇ ਪ੍ਰਭਾਵਸ਼ਾਲੀ ਰਚਨਾ ਹੈ।"

### ਪ੍ਰਿੰ.ਜੋਗਿੰਦਰ ਸਿੰਘ

"ਦਿਬ ਦ੍ਰਿਸ਼ਟੀ ਤੇ ਸਮਦ੍ਰਿਸ਼ਟੀ ਦੇ ਪੜਾਅ ਪੂਰੇ ਕਰਨ ਨਾਲ ਪੂਰਨ ਮਨੁੱਖ ਜਾਂ ਪੂਰਨ ਸੰਤ ਸੁਚੇਤ ਤੇ ਹਰ ਵਕਤ ਸਮ ਦ੍ਰਿਸ਼ਟ ਰਹਿੰਦਾ ਹੈ। ਉਹ ਹਰ ਸਮੇਂ ਨਿਰਵਿਕਲਪ ਜਾਂ ਸਮਾਧ ਵਿੱਚ ਰਹਿੰਦਾ ਹੈ। ਇਹ ਸਹਿਜ ਸਮਾਧੀ ਜੰਗ ਦੇ ਮੈਦਾਨ ਵਿੱਚ ਦੁਸ਼ਮਣ ਦਾ ਟਾਕਰਾ ਕਰਦਿਆਂ ਹੋਇਆਂ ਟੁੱਟਦੀ ਨਹੀਂ ਅਤੇ ਨਾ ਹੀ ਦੁਸ਼ਮਣ, ਦੁਸ਼ਮਣ ਰਹਿੰਦਾ ਹੈ। ਲੜਾਈ ਦੇ ਮੈਦਾਨ ਵਿੱਚ ਵੀ ਉਸਦੀਆਂ ਅੱਖਾਂ ਵਿੱਚੋਂ ਅੰਮ੍ਰਿਤ ਵਰਸਦਾ ਹੈ। ਉਹ ਸ਼ਰਨ ਆਏ ਦੀ ਲਾਜ ਰੱਖਦਾ ਹੈ, ਪਰਉਪਕਾਰ ਤੇ ਚਾਵਾਂ ਨਾਲ ਭਰਿਆ ਰਹਿੰਦਾ ਹੈ, ਅਜ਼ਰ ਨੂੰ ਜਰਦਾ ਹੋਇਆ ਅਨੰਤ ਸ਼ਕਤੀਆਂ ਦੀ ਵਰਤੋਂ ਨਹੀਂ ਕਰਦਾ। ਸਧਾਰਣ ਮਨੁੱਖ ਦੇ ਰੂਪ ਵਿੱਚ ਬਦੀ ਦਾ ਡੱਟ ਕੇ ਮੁਕਾਬਲਾ ਕਰਦਾ ਹੈ। ਬਦਲਾ, ਗੁੱਸਾ, ਵੈਰ, ਦਵੈਤ, ਉਸਨੂੰ ਕਦੇ ਪੋਹ ਨਹੀਂ ਸਕਦੇ। ਸਮਦ੍ਰਿਸ਼ਟਾ ਬਿਆਨ ਤੋ ਬਾਹਰ ਹੈ। ਉਹ ਆਪ ਨਿਰੰਕਾਰ ਹੈ ਉਹ ਆਪਣੇ ਆਪ ਨੂੰ ਆਪ ਹੀ ਜਾਣ ਸਕਦਾ ਹੈ। ਅਸੀਂ ਪ੍ਰਮੇਸ਼ਰ, ਵਾਹਿਗੁਰੂ, ਭਗਵਾਨ, ਅੱਲਾਹ, ਗਾੱਡ ਅੱਗੇ ਪ੍ਰਾਰਥਨਾ ਕਰੀਏ ਕਿ ਸਾਨੂੰ ਸਮਦ੍ਰਿਸ਼ਟੀ ਦੀ ਸੰਗਤ ਅਤੇ ਚਰਨ ਧੂੜ ਬਖਸ਼ੇ।"

### ਹਰਿਦਿਆਲ ਸਿੰਘ ਆਈ ਏ ਐੱਸ

"ਅਰਦਾਸ ਲੋਕ ਰਚਨਾ ਸ਼ੈਲੀ ਨੂੰ ਰੂਪਮਾਨ ਕਰਦੀ ਹੈ ਇਸਦੀ ਪਹਿਲੀ ਪਉੜੀ ਤੋਂ ਬਾਅਦ ਦੇ ਅਕਾਰ ਦੇ ਰਚੇਤਾ, ਨਿਸ਼ਚਿਤ ਸਮਾਂ ਤੇ ਮਿਤੀ ਬਾਰੇ ਇਤਿਹਾਸ ਮੂਕ ਹੈ, ਪਰ ਸਮੂਹਿਕ ਭਾਵਨਾ ਅਤੇ ਵਿਸ਼ਵਾਸ਼ ਉੱਪਰ ਛਾਪ ਲਾਉਣ ਕਰਕੇ ਇਹ ਲੋਕ ਚਰਿੱਤਰ ਦੀ ਧਾਰਣੀ ਹੈ। ਇਸ ਵਿੱਚ ਸਿੱਖਾਂ ਦਾ ਲੋਕ ਧਰਮ, ਲੋਕ ਵਿਸ਼ਵਾਸ਼, ਲੋਕ ਚਰਿੱਤਰ ਅਤੇ ਲੋਕ ਕਦਰਾਂ ਕੀਮਤਾਂ ਦਾ ਸਮੂਹਿਕ ਦੀਦਾਰ ਹੈ। ਸਿੱੱਖ ਸਭਿਆਚਾਰ ਜਿਸਦੀ ਕੰਘਰੋੜ ਹੈ ਅਤੇ ਸਿੱਖ ਭਾਈਚਾਰੇ ਦੀ ਜਿਸ ਵਿੱਚ ਨਿਸ਼ਟਾਪੂਰਣ ਆਸਥਾ ਹੈ। ਇਸ ਵਿੱਚ ਸਿੱਖਾਂ ਦਾ ਨਿੱਜੀ ਅਕੀਦਾ ਹੈ, ਸਮੂਹਿਕ ਭਰੋਸਾ ਵੀ। ਇਸਦੀ

ਯਾਤਰਾ ਇੱਕ ਤੋਂ ਅਨੇਕ ਅਤੇ ਅਨੇਕ ਤੋ ਇੱਕ ਵੱਲ ਜਾਂਦੀ ਹੈ। ਸਦਾ ਚੜ੍ਹਦੀਕਲਾ ਵਿਚ ਰਹਿਣਾ ਅਤੇ ਸਰਬੱਤ ਮਨੁੱਖਤਾ ਲਈ ਭਲਾਈ ਦਾ ਜੈਕਾਰ ਇਸਦਾ ਅਮੋਲਕ ਸੰਦੇਸ਼ ਹੈ।"

**ਡਾ.ਮਹਿੰਦਰ ਕੌਰ ਗਿੱਲ**

"ਗੁਰਮਤਿ ਵਿੱਚ ਭਗਤ ਨੂੰ ਬਾਲਕ ਰੂਪ ਵਿੱਚ ਪੇਸ਼ ਕੀਤਾ ਗਿਆ ਹੈ ਅਤੇ ਗੁਰਸਿੱਖਾਂ ਦੀ ਅਰਦਾਸ ਵਿੱਚ ਭਗਤ ਦੀ ਇਹੋ ਸਥਿਤੀ ਹੈ। ਇਥੇ ਗੁਰਮੁੱਖ ਹੈ, ਪੁੱਤਰ ਅਤੇ ਸੰਸਾਰ ਦਾ ਸਿਰਜਣਹਾਰ, ਪਾਲਣਹਾਰ, ਕਰਤਾ ਪੁਰਖ, ਹੀ ਸਮੂਹ ਮਾਨਵਤਾ ਤਾ ਪਿਤਾ ਅਤੇ ਮਾਤਾ ਹੈ। ਇਸ ਅਧਾਰ 'ਤੇ ਗੁਰਮਤਿ ਵਿੱਚ ਆਸਥਾ ਰੱਖਣ ਵਾਲਾ ਅਣਜਾਣ ਤੇ ਨਿਮਾਣਾ ਭਗਤ ਖੁੱਦ ਪ੍ਰਤੱਖ ਰੂਪ ਵਿੱਚ ਅਕਾਲ ਪੁਰਖ ਦੀ ਵਤਸਲਤਾ (ਪੁੱਤਰ ਪ੍ਰੇਮ) ਦਾ ਰਸ ਮਾਣਦਾ ਹੈ।"

**ਡਾ.ਨਵਰਤਨ ਸਿੰਘ**

"ਗੁਰਮਤਿ ਵਿਚਾਰ ਅਨੁਸਾਰ ਅਰਦਾਸ ਦੀ ਪ੍ਰੀਭਾਸ਼ਾ ਇਸ ਪ੍ਰਕਾਰ ਦਿੱਤੀ ਜਾ ਸਕਦੀ ਹੈ ਕਿ ਇਹ ਸਮਝਦਾਰ ਆਤਮਾ ਦੀ ਪ੍ਰਮਾਤਮਾ ਵੱਲ ਖਿੱਚ ਹੈ। ਇਹ ਪ੍ਰਭੂ ਉੱਤੇ ਇੱਕ ਸਮੁੱਚੀ ਨਿਰਭਰਤਾ ਹੈ ਜੋ ਕਿ ਸਾਰੀਆਂ ਚੰਗਿਆਈਆਂ ਦਾ ਨਿਰਮਾਤਾ ਅਤੇ ਸੋਮਾ ਹੈ। ਉਸ ਪ੍ਰਭੂ ਦੀ ਬਣਾਈ ਚੀਜ ਦੇਣ ਦੀ ਇੱਛਾ ਅਤੇ ਤਿਆਰੀ ਜੋ ਕਿ ਸਮੁੱਚੇ ਪ੍ਰੇਮ, ਸਮੁੱਚੀ ਆਗਿਆਕ੍ਰਿਤਾ, ਪ੍ਰਸੰਸਾ, ਮਹਿਮਾ, ਅਤੇ ਪੂਜਾ 'ਤੇ ਅਧਾਰਿਤ ਹੈ। ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇਕਰ ਮਨੁੱਖ ਹਉਮੈ ਨੂੰ ਨਾਸ਼ ਕਰਕੇ ਨਿਮਰਤਾ ਪੂਰਣ ਆਪਣਾ ਸਭ ਕੁਝ ਪ੍ਰਮਾਤਮਾ ਉੱਤੇ ਛੱਡ ਦੇਵੇ। ਇਸ ਲਈ ਇਹੀ ਜਾਪਦਾ ਹੈ ਕਿ ਅਰਦਾਸ ਹੀ ਸਭ ਤੋਂ ਦਿੱਬ ਕਾਰਜ ਹੈ। ਜਿਸਨੂੰ ਨੇਪਰੇ ਚਾੜ੍ਹਨ ਵਿੱਚ ਇੱਕ ਬਿਬੇਕਸ਼ੀਲ ਆਤਮਾ ਸਦਾ ਸਮਰੱਥ ਹੁੰਦੀ ਹੈ।"

Aldox Huxley the perennial philosophy, page.256

(A Question of Augstie Baker)

"ਅਰਦਾਸ ਹਰੇਕ ਮਨੁੱਖ ਦੇ ਜੀਵਨ ਦਾ ਅਨਿੱਖਵਾਂ ਅੰਗ ਹੈ, ਅਕਾਲ ਪੁਰਖ ਦੀ ਰਜਾ ਵਿੱਚ ਰਹਿ ਕੇ ਆਤਮ ਸਮਰਪਣ ਕਰਕੇ ਆਪਣੇ ਸ਼ੁਭ ਮਨੋਰਥ ਦੀ ਪੂਰਤੀ ਲਈ, ਮਨ ਦੀ ਸ਼ਾਂਤੀ ਲਈ, ਅਪਰਾਧਾਂ ਦੀ ਮੁਆਫੀ ਅਤੇ ਰਹਿਮਤ ਦੀ ਜਾਚਨਾ ਲਈ ਅਰਜ਼ੋਈ ਕਰਨ ਦਾ ਨਾਮ ਅਰਦਾਸ ਹੈ।"

**ਗਿਆਨੀ ਹਰਬੰਸ ਸਿੰਘ**

"ਜੀਵ ਦਾ ਕੰਮ ਅਰਦਾਸ ਕਰਨਾ ਹੈ, ਜਿਵੇਂ ਅਪਰਾਧੀ ਮਨੁੱਖ ਕੋਰਟ ਵਿੱਚ ਅਪੀਲ ਕਰਦਾ ਹੈ ਅੱਗੇ ਜੱਜ ਸੁਣੇ ਜਾਂ ਨਾ ਸੁਣੇ, ਇਸੇ ਤਰ੍ਹਾਂ ਅਰਦਾਸ ਕਰਨ ਵਾਲੇ ਮਨੁੱਖ ਦਾ ਫਰਜ਼ ਹੈ ਅਰਦਾਸ ਕਰਨੀ ਪਰ ਸੁਣਨਾ ਜਾਂ ਨਾ ਸੁਣਨਾ ਪ੍ਰਭੂ ਦੀ ਇੱਛਾ ਤੇ ਨਿਰਭਰ ਕਰਦਾ ਹੈ। ਜਿਨ੍ਹਾਂ–ਜਿਨ੍ਹਾਂ ਆਤਮਾਵਾਂ ਦੀਆਂ ਅਰਦਾਸਾਂ ਪ੍ਰਭੂ ਦੇ ਦਰਬਾਰ ਵਿੱਚ ਸੁਣੀਆਂ ਗਈਆਂ ਹਨ। ਉਹਨਾਂ ਦੀ ਗਿਣਤੀ ਕਰਨਾ ਅਸੰਭਵ ਹੈ।"

**ਡਾ.ਪਿਆਰ ਸਿੰਘ**

"ਅਰਦਾਸ ਸਧਾਰਣ ਤੇ ਬਹੁਤ ਪ੍ਰਾਚੀਨ ਰੂਪ ਵਿੱਚ ਕਿਸੇ ਇੱਛਾ ਦਾ ਪ੍ਰਗਟਾਅ ਹੈ ਕਿਸੇ ਅਪ੍ਰਾਕਿਰਤਕ ਸ਼ਕਤੀ ਜਾਂ ਸੱਤਾ ਨੂੰ ਪ੍ਰਭਾਵਿਤ ਕਰਨ ਲਈ ਅਰਜ਼ ਦੇ ਰੂਪ ਵਿੱਚ ਢਾਲੀ ਹੁੰਦੀ ਹੈ। ਆਧੁਨਿਕ ਅਰਦਾਸ ਵਿੱਚ ਇਸਦਾ ਭਾਵ ਰੂਹਾਨੀ ਵੱਛਲ ਤੋਂ ਲਿਆ ਜਾਂਦਾ ਹੈ। ਅਰਦਾਸ ਨੂੰ ਸ਼ਰਧਾਮਈ ਜਾਚਨਾ ਦੇ ਅਰਥਾਂ ਵਿੱਚ ਵੀ ਜਾਣਿਆ ਜਾਂਦਾ ਹੈ।"

**ਨਿਰਵੈਰ ਸਿੰਘ ਅਰਸ਼ੀ**

"ਜਿਵੇਂ ਇੱਕ ਪੰਛੀ ਨੂੰ ਪਰਵਾਜ਼ (ਉਡਾਰੀ) ਲਈ ਪਰਾਂ ਦੀ ਅਤੇ ਬ੍ਰਿਛ ਨੂੰ ਪ੍ਰਫੁਲਤ ਹੋਣਲਈ ਜੜਾਂ ਦੀ ਲੋੜ ਹੋਇਆ ਕਰਦੀ ਹੈ ਉਸੇ ਤਰ੍ਹਾਂ ਮਨੁੱਖੀ ਜੀਵ ਨੂੰ ਸਫਲਤਾ ਲਈ ਅਰਦਾਸ ਦੀ ਜਰੂਰਤ ਹੁੰਦੀ ਹੈ। ਪੰਛੀ ਕਿਤਨਾ ਵੀ ਫੁਰਤੀਲਾ ਅਤੇ ਸਿਹਤਮੰਦ ਕਿਉਂ ਨਾ ਹੋਵੇ ਜੇਕਰ ਖੰਭ ਹੀ ਕੱਟ ਦਿੱਤੇ ਜਾਣ ਤਾਂ ਉਹ ਉਡਾਰੀ ਬਿਲਕੁਲ ਨਹੀਂ ਮਾਰ ਸਕੇਗਾ।ਜੜਾਂ ਦੇ ਸੜ ਸੁੱਕ ਜਾਣ ਨਾਲ ਉੱਚਾ ਲੰਬਾ ਤੇ ਫਲ ਤੇ ਫੁਲਦਾਰ ਰੁੱਖ ਵੀ ਦਿਨਾਂ ਵਿੱਚ ਬੇਜਾਨ ਹੋ ਕੇ ਧਰਤੀ ਉੱਤੇ ਡਿੱਗ ਪੈਂਦਾ ਹੈ। ਬਿਲਕੁਲ ਇਸੇ ਤਰ੍ਹਾ ਮਨੁੱਖਾ ਜੀਵਨ ਦੀ ਤਮਾਮ ਜਿਸਮਾਨੀ,ਰੂਹਾਨੀ ਅਤੇ ਮਾਨਸਿਕ ਪ੍ਰਫਲਤਾ ਵੀ ਅਰਦਾਸ ਦੇ ਬੋਲਬਾਲੇ ਤੇ ਹੀ ਕਾਇਮ ਰਹਿੰਦੀ ਹੈ।"

"ਈਸ਼ਵਰ ਵਿੱਚ ਵਿਸ਼ਵਾਸ਼ ਹੀ ਅਰਦਾਸ ਹੈ" **ਮਾਰਟਲ ਲੂਥਰ**

"As quote by Principal Teja Singh Sikhism Its Ideals and Institutions".

"ਅਰਦਾਸ ਜੀਵਨ ਦੀ ਸੰਜੀਵਨੀ ਬੂਟੀ ਹੈ, ਟੇਕ ਹੈ, ਟਹਿਣੀ ਹੈ, ਸਹਾਰਾ ਹੈ ਅਤੇ ਇਸਦੇ ਬਿਨ੍ਹਾਂ ਜੀਵਨ ਸੁੰਨਾ, ਸੱਖਣਾ ਅਤੇ ਨਕਾਰਾ ਹੈ। ਪ੍ਰਤੂ ਇਹ ਅਮੁੱਲੀ ਬਖਸ਼ਿਸ਼ ਹਰਣ ਲਈ ਪਹਿਲਾਂ ਆਪਣੇ ਆਪ ਨੂੰ ਪਾਤਰ ਬਣਾਉਣਾ ਹੋਵੇਗਾ। ਸਾਫ ਭਾਂਡੇ ਵਿੱਚ ਰੱਖਿਆ ਦੁੱਧ ਹੀ ਸਹੀ ਰਹਿੰਦਾ ਹੈ ਵਰਨਾ ਫੱਟ ਜਾਂਦਾ ਹੈ ਅਤੇ ਕਿਸੇ ਕੰਮ ਨਹੀਂ ਆਉਂਦਾ।"

**ਡਾ.ਬਲਬੀਰ ਸਿੰਘ ਲੰਮੀਨਦਰ**

"ਅਰਦਾਸ ਦਾ ਉੱਤਰ ਮਿਲਣਾ ਹੀ ਨਹੀਂ ਚਾਹੀਦਾ ਜੇਕਰ ਅਰਦਾਸ ਦਾ ਉੱਤਰ ਮਿਲੇ ਤਾਂ ਉਹ ਅਰਦਾਸ ਹੀ ਨਹੀਂ ਰਹਿੰਦੀ, ਬਲਕਿ ਉਹ ਖੱਤੋ ਕਿਤਾਬਤ ਦਾ ਸਿਲਸਿਲਾ ਬਣ ਜਾਂਦਾ ਹੈ।"

**ਐਸਕਰਵਾਈਲਡ- ਆਇਰਿਸ ਸਾਹਿਤਕਾਰ ਤੇ ਚਿੰਤਕ**

"ਅਰਦਾਸ ਅਧਿਆਤਮਕ ਭਾਵਨਾਵਾਂ ਵਾਲਾ ਸਿੱਖ ਜਗਤ ਦਾ ਇੱਕ ਵਿਸ਼ੇਸ਼ ਸ਼ਬਦ ਹੈ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ, ਵਿੱਚ 6 ਵਾਰ, ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿੱਚ 7 ਵਾਰ, ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ 9 ਵਾਰ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ 53 ਵਾਰ, ਕਬੀਰ ਜੀ ਦੀ ਬਾਣੀ ਵਿੱਚ 1 ਵਾਰ, ਭੱਟਾਂ ਦੀ ਬਾਣੀ ਵਿੱਚ 2 ਵਾਰ, ਅਤੇ ਸਦ(ਰਾਮਕਲੀ) ਵਿੱਚ 1 ਵਾਰ ਅਤੇ ਕੁੱਲ 99 ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਇਆ ਹੈ.... ਧਰਮ ਦੀ ਹਾਲਤ ਵਿੱਚ ਨਿਸ਼ਚਾ ਇਸ ਨੂੰ ਪੁਸ਼ਟ ਕਰਦਾ ਹੈ। ਅਰਦਾਸ ਰਾਹੀਂ

ਸਫਲ ਹੁੰਦੇ ਕਾਰਜਾਂ ਦਾ ਭਾਵੇਂ ਤਾਰਕਿਕ ਅਧਾਰ ਨਹੀਂ ਜੁਟਾਇਆ ਜਾ ਸਕਦਾ ਹੈ ਤਾਂ ਵੀ ਉਹਨਾਂ ਨੂੰ ਨਿਸ਼ਚੈ ਦੀ ਕਰਾਮਾਤ ਜਰੂਰ ਕਿਹਾ ਜਾ ਸਕਦਾ ਹੈ।"

**ਗਿਆਨੀ ਹਰਬੰਸ ਸਿੰਘ**

"ਪ੍ਰਾਰਥਨਾ ਉਹ ਡੋਰ ਹੈ ਜੋ ਗੁੱਡੀ ਨੂੰ ਕਿਸੇ ਹੱਥ ਦੀ ਸੇਧ ਦਸਦੀ ਹੈ। ਜੇਕਰ ਡੋਰੀ ਪੱਕੀ ਹੈ ਤਾਂ ਤੇਜ਼ ਹਵਾਵਾਂ ਵੀ ਉਸਦਾ ਕੁਝ ਨਹੀਂ ਵਿਗਾੜ ਸਕਦੀਆਂ। ਅਰਦਾਸ ਦਾ ਅਭਿਆਸ ਹੋਵੇ ਤਾਂ ਕੋਈ ਕਸ਼ਟ ਆ ਜਾਵੇ ਤਾਂ ਮਨ ਝੱਟ ਆਪਣੇ ਨਿਸ਼ਾਨੇ ਨਾਲ ਜੁੜ ਜਾਂਦਾ ਹੈ। ਇੰਝ ਕਸ਼ਟ ਟਲਦੇ ਨਹੀਂ ਪਰ ਉਹਨਾਂ ਨੂੰ ਸਹਿਣ ਦੀ ਸ਼ਕਦੀ ਅਵੱਛ ਪੈਤਾ ਹੋ ਜਾਂਦੀ ਹੈ।"

**ਡਾ.ਪਿਆਰ ਸਿੰਘ**

"ਅਰਦਾਸ ਕੋਈ ਕਰਮਕਾਂਡ ਜਾਂ ਪੂਜਾ ਦਾ ਢੰਗ ਨਹੀਂ, ਇਹ ਤਾਂ ਮਨ ਦੀਆਂ ਡੂੰਘਿਆਈਆਂ ਵਿੱਚੋਂ ਉੱਠੀ ਇੱਕ ਅਰਜ਼ੋਈ ਹੈ, ਬੇਨਤੀ ਹੈ। ਉਸਦੀ ਮਿਹਰ ਤੇ ਬੁਖਸ਼ਿਸ਼ ਲਈ, ਉਸਦੀ ਰਹਿਮਤ ਲਈ ਧਰਮ ਦਾ ਅੰਤਿਮ ਨਿਸ਼ਾਨਾ, ਉਸ ਨਾਲ ਪ੍ਰੀਤ ਸੰਯੋਗ ਉਸਦੀ ਮਿਹਰ ਹੈ, ਉਸਦੀ ਬਖਸ਼ਿਸ਼ ਹੈ, ਉਸਦੀ ਨਦਰ ਹੈ। ਇਹ ਨਦਰ ਹੀ ਅਰਦਾਸ ਵਾਸਤੇ ਸਭ ਤੋਂ ਵੱਡੀ ਮਨੌਤ ਹੈ।"

**ਇਨਸਾਈਕਲੋਪੀਡੀਆ ਆਫ ਅਮੇਰੀਕਨਾ**

**Vol.10, Page.154**

"ਅਰਦਾਸ ਇੱਕ ਅਜਿਹਾ ਪਦ ਹੈ ਜਿਸ ਵਿੱਚ ਰੱਬ (ਦੇਵਤਾ ਜਾਂ ਕੋਈ ਹਸਤੀ) ਨੂੰ ਸੰਬੋਧਨ ਕਰਨ ਦੀ ਕਿਰਿਆ ਤੇ ਇਸ ਵਿੱਚ ਵਰਤੇ ਜਾਂਦੇ ਸ਼ਬਦ ਹਨ।"

ਨਿਰਵੈਰ ਸਿੰਘ ਅਰਸ਼ੀ

"ਪੜ੍ਹੇ ਲਿਖੇ ਨੌਜਵਾਨ ਪੁੱਛਦੇ ਹਨ ਕਿ ਕੀ ਅਰਦਾਸ ਸੁਣੀ ਜਾਂਦੀ ਹੈ, ਕੀ ਅਰਦਾਸ ਦਾ ਉੱਤਰ ਮਿਲਦਾ ਹੈ? ਸ਼ਾਇਤ ਮਿਲਦਾ ਹੋਵੇ ਪਰ ਉੱਤਰ ਦੀ ਜਰੂਰਤ ਨਹੀਂ। ਅਰਦਾਸ ਫ਼ਰਜ ਹੈ, ਉੱਤਰ ਗੈਰ ਜਰੂਰੀ ਹੈ। ਸਿੱਖ ਦੀ ਅਰਦਾਸ ਤਾਂ ਹੀ ਸਫਲ ਹੈ ਜੇ ਉਹ ਆਪ ਦੀ ਨਿੱਜੀ ਤੇ ਨਿੱਕੀ ਹਸਤੀ ਦੀਆਂ ਜਰੂਰਤਾਂ ਤੋਂ ਉੱਪਰ ਉੱਠ ਕੇ ਸਰਬੱਤ ਦੇ ਭਲੇ ਵਿੱਚ ਲੀਨ ਹੋ ਜਾਵੇ। ਸਰਬੱਤ ਦੀ ਲੀਨਤਾ ਹੀ ਆਪਣੇ ਆਪ ਵਿੱਚ

ਫ਼ਲਸਰੂਪ ਹੈ।"

**ਇਨਸਾਈਕਲੋਪੀਡੀਆ ਆਫ ਬ੍ਰਿਟੈਨਿਕਾ**

**Vol.18 , page.421**

ਮਨੁੱਖ ਅਤਿ ਉੱਤਮ ਅਤੇ ਬਹੁਪੱਖੀ ਜੀਵ ਹੈ, ਉਹ ਪ੍ਰਕਿਰਤੀ ਤਾ ਗੌਰਵ ਤੇ ਵਿਸ਼ੇਸ਼ ਚਮਤਕਾਰ ਹੈ। ਉਹ ਸਮਾਜੀ ਜੀਵ ਹੈ, ਚਿੰਤਨਸ਼ੀਲ ਪ੍ਰਵਿਰਤੀਆਂ ਦਾ ਮਾਲਕ ਹੈ, ਪ੍ਰਕਿਰਤੀ ਦੇ ਹੋਰ ਜੀਵਾਂ ਨਾਲ ਉਸਦੀ ਸਾਂਝ ਹੈ। ਉਹ ਪੌਦਿਆਂ ਵਾਂਗ ਗਤੀਮਾਨ ਨਿਯਮਾਂ ਦੁਆਰਾ ਵਰਸੋਇਆ ਹੋਇਆ ਇੱਕ ਜੀਵ ਪ੍ਰਾਣੀ ਹੈ। ਉਸ ਵਿੱਚ ਜਾਨਵਰਾਂ ਵਾਲੀ ਗਤੀਸ਼ੀਲਤਾ ਅਤੇ ਸੰਵੇਦੀ ਅੰਗ ਮਿਲਦੇ ਹਨ। ਉਹ ਆਪਣੀਆਂ ਕਿਰਿਆਵਾਂ ਵਿੱਚ ਅਜਾਦੀ ਦੀ ਭਾਵਨਾ ਰੱਖਦਾ ਹੈ ਜੋ ਉਸਨੂੰ ਜੀਵਨ ਦਾ ਮਾਲਕ ਬਣਾਉਂਦੀ ਹੈ, ਉਹ ਪ੍ਰਾਰਥਨਾ ਕਰਨ ਵਾਲਾ ਜੀਵ ਹੈ ਜੋ ਆਪਣੇ ਨਾਲੋਂ ਉਚੇਰੀ ਹਸਤੀ ਨਾਲ ਸਬੰਧ ਸਥਾਪਿਤ ਕਰਦਾ ਹੈ।"

**ਮਨਜੀਤ ਸਿੰਘ ਜੀ.ਕੇ, ਸਾਬਕਾ ਪ੍ਰਧਾਨ**

**(ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ)**

"ਅਰਦਾਸ ਅਤੇ ਵਿਸ਼ਵਾਸ਼ ਦੋਨੋਂ ਨਜਰ ਤਾਂ ਨਹੀਂ ਆਉਂਦੇ ਪਰ ਦੋਨਾਂ ਵਿੱਚ ਏਨੀ ਤਾਕਤ ਹੈ ਕਿ ਨਾ-ਮੁਮਕਿਨ ਨੂੰ ਵੀ ਮੁਮਕਿਨ ਬਣਾ ਸਕਦੇ ਹਨ।"

**ਸਰਦਾਰ ਤ੍ਰਿਲੋਚਨ ਸਿੰਘ**

**ਸਾਬਕਾ ਮੈਂਬਰ ਪਾਰਲੀਮੈਂਟ ਅਤੇ ਸਾਬਕਾ ਚੇਅਰਮੈਨ ਘਟ ਗਿਣਤੀ ਕਮਿਸ਼ਨ ਭਾਰਤ ਸਰਕਾਰ**

"ਸਿੱਖੀ ਦੇ ਨਿਰੰਤਰ ਵਿਕਾਸ ਦੀ ਗਤੀ ਵਿੱਚ ਅਰਦਾਸ ਦਾ ਵਡਮੁੱਲਾ ਯੋਗਦਾਨ ਹੈ, ਇਹ ਸਿੱਖ ਅਤੇ ਸਿੱਖੀ ਨੂੰ ਹਮੇਸ਼ਾ ਇੱਕ ਨਿਸ਼ਾਨ ਸਾਹਿਬ ਹੇਠਾਂ ਇਕੱਤਰ ਕਰਨ ਲਈ ਪਿਆਰ ਦਾ ਸੋਮਾ ਬਣਦੀ ਹੈ।"

**ਡਾ.ਰਾਧਾ ਕ੍ਰਿਸ਼ਨਨ**

The concept of man, Dr, Radha Krishnan and P.T Raju, page.56

"ਅਰਦਾਸ ਅਰਜ਼ ਦੇ ਰੂਪ ਵਿੱਚ ਢਾਲਿਆ ਗਿਆ ਕਿਸੇ ਇੱਛਾ ਦਾ ਐਸਾ ਪ੍ਰਗਟਾਅ ਹੈ ਜਿਸਦਾ ਮੰਤਵ ਕਿਸੇ ਗੈਅਬੀ ਪਾਵਨ ਹਸਤੀ ਨੂੰ ਪ੍ਰਭਾਵਿਤ ਕਰਨਾ ਹੈ। ਇਹ ਰੂਹਾਨੀ ਫਸਲ ਲਈ ਤਰਲਾ ਹੈ ਤੇ ਦੈਵੀ ਹਸਤੀ ਨੂੰ ਸੰਬੋਧਨ ਕਰਨ ਦਾ ਐਸਾ ਦਸਤੂਰ ਹੈ ਜਿਸ ਵਿੱਚ ਸ਼ਰਧਾ ਮਈ ਜਾਚਨਾ ਦਾ ਰੰਗ ਵਿਸ਼ੇਸ਼ ਰੂਪ ਵਿੱਚ ਸ਼ਾਮਿਲ ਹੁੰਦਾ ਹੈ।"

**ਡਾ. ਇੰਦਰਜੀਤ ਸਿੰਘ**

"ਅਰਦਾਸ ਮਨੁੱਖ ਦਾ ਵਿਅਕਤੀਗਤ ਉਥਾਨ ਕਰਦੀ ਹੈ, ਸਮਾਜਿਕ ਕਰਤੱਵ ਨੂੰ ਵਿਚਾਰਦੀ ਹੈ।

ਮਨੁੱਖ ਦੀਆਂ ਸਮੱਸਤ ਸਮੱਸਿਆਵਾਂ ਨੂੰ ਸੁਲਝਾਉਂਦੀ ਤੇ ਨਜਿੱਠਦੀ, ਸਮੁੱਚੇ ਜੀਵਨ ਦੀ ਪ੍ਰਤੀ ਨਿੱਧਤਾ ਕਰਦੀ ਹੈ, ਮਾਨਵ ਲਈ ਜੀਵਨ ਦਾ ਅਧਿਆਤਮਕ ਤੱਤਸਾਰ ਪੇਸ਼ ਕਰਦੀ ਮਨੁੱਖ ਨੂੰ ਸੰਪੂਰਨ ਰੂਪ ਬਣਾਉਂਦੀ ਹੈ।

**ਡਾ.ਬਲਬੀਰ ਕੌਰ**

"ਅਰਦਾਸ ਦਿਮਾਗ ਨਾਲੋਂ ਜਿਆਦਾ ਦਿਲ ਨਾਲ ਸਬੰਧਿਤ ਹੈ, ਇਹ ਸ਼ਬਦਾਂ ਦੀ ਬਣਤਰ ਨਾਲੋਂ ਦਿਲ ਦੀ ਭਾਵਨਾ ਜਿਆਦਾ ਕੰਮ ਕਰਦੀ ਹੈ।"

**ਡਾ.ਗੰਡਾ ਸਿੰਘ**

"ਜੀਵਨ ਨੂੰ ਸੱਚਾ ਅਤੇ ਸੁੱਚਾ ਬਣਾਉਣ ਲਈ ਕੇਵਲ ਉੱਦਮ ਹੀ ਕਾਫੀ ਨਹੀ ਨਾਲ–ਨਾਲ ਅਰਦਾਸ ਵੀ ਜਰੂਰੀ ਹੈ। ਲਗਾਤਾਰ ਅਰਦਾਸ ਪ੍ਰਮਾਤਮਾ ਜੋ ਕਿ ਦਯਾਵਾਨ ਹੈ ਨੂੰ ਦਯਾ ਲਈ ਉਭਾਰਦੀ ਹੈ।"

**ਅਮਰੀਕ ਸਿੰਘ ਚੀਮਾ**

"ਸਭ ਤੋਂ ਮਹੱਤਵਪੂਰਨ ਤੱਤ ਜੋ ਸਿੱਖ ਅਰਦਾਸ ਦੀ ਵਿਲੱਖਣਤਾ ਨੂੰ ਸਿਰਫ ਕਾਇਕ ਹੀ ਨਹੀਂ ਕਰਦਾ ਬਲਕਿ ਜਗਿਆਸੂ ਦੀ ਆਤਮਾ ਦੀ ਪ੍ਰਗਤੀ ਲਈ ਸਹਾਈ ਵੀ ਹੁੰਦਾ ਹੈ। ਉਹ ਇਹ ਹੈ ਕਿ ਪਦਾਰਥਾਂ ਨੂੰ ਜੀਵਨ ਦਾ ਅੰਤਿਮ ਲਕਸ਼ ਨਹੀਂ ਬਣਾਇਆ ਕਿਉਂਕਿ ਸੰਸਾਰੀ ਚੀਜਾਂ ਦੀ ਮੰਗ ਇੱਕ ਸੀਮਿਤ ਮੰਗ ਹੈ, ਇਹ ਪਦਾਰਥ ਨਾਲ ਨਹੀਂ ਜਾਂਦੇ।"

**ਡਾ. ਸ਼ਮਸ਼ੇਰ ਸਿੰਘ**

"ਅਰਦਾਸ ਆਦਰਸ਼ਕ ਤੇ ਨਿਮਰਤਾ ਭਰਪੂਰ ਮਨ ਦੀ ਅਵਾਜ਼ ਹੈ, ਹੰਕਾਰੀ ਹੋਛਾ ਮਨੁੱਖ ਨਾ ਤਾਂ ਪ੍ਰਭੂ ਹਸਤੀ ਨੂੰ ਸਵਿਕਾਰ ਕਰਦਾ ਹੈ ਅਤੇ ਨਾ ਹੀ ਅਰਦਾਸ ਮੰਡਲ ਵਿੱਚ ਜੁੜਦਾ ਹੈ।"

**ਪ੍ਰੋ. ਜੋਗਿੰਦਰ ਸਿੰਘ**

"ਅਰਦਾਸ ਸਹੀ ਮਾਇਨਿਆਂ ਵਿੱਚ ਛੋਟੇ ਆਪੇ ਦਾ, ਪੂਰਣ ਨਿੱਜ ਆਪੇ ਨਾਲ ਜੁੜਨਾ ਹੈ। ਅਰਦਾਸ ਦਾ ਅਸਲਾ ਸਾਡੀਆਂ ਤੋਟਾਂ ਤੋ ਉੱਠਦਾ ਹੈ, ਤੋਟ ਆਇਆ ਹਿਰਦਾ ਪ੍ਰਾਰਥਨਾ ਦੇ ਬਲ ਨਾਲ ਮਾਲਕ ਵੱਲ ਉਡਾਰੀ ਮਾਰਦਾ ਹੈ। ਇਹ ਉਡਾਰੀ ਤਦ ਹੀ ਪੂਰੀ ਹੋ ਸਕਦੀ ਹੈ ਭਾਵ ਅਸੀਂ ਉਸ ਸ਼ਕਤੀ ਨਾਲ ਆਪਣੀ ਸੱਚੀ–ਸੁੱਚੀ ਭਾਵਨਾ ਸਾਂਝੀ ਕਰ ਸਕਤੇ ਹਾਂ। ਜੇਕਰ ਮਨ ਵਿੱਚ ਸ਼ਰਧਾ ਹੋਵੇ।"

**ਪ੍ਰਿੰ. ਗੰਗਾ ਸਿੰਘ**

"ਅਰਦਾਸ ਵਿੱਚ ਨਾਮ ਦੇ ਸਹਾਰੇ ਲੱਗ ਕੇ ਚੜ੍ਹਦੀਕਲਾ ਵਿੱਚ ਰਹਿਣ ਅਤੇ ਸਰਬੱਤ ਤਾ ਭਲਾ ਮੰਗਿਆ ਹੈ, ਇਹ ਚਿੰਤਨ ਦਾ ਮੂਲ ਸਿਧਾਂਤ ਹੈ ਇੱਥੇ ਕਿਸੇ ਇੱਕ ਜਾਂ ਇਕੱਲੇ ਦਾ ਭਲਾ ਨਹੀਂ ਮੰਗਿਆ । ਅਰਦਾਸ ਵਿੱਚ ਦਰਸਾਏ ਇਸ ਸਿਧਾਂਤ ਤੋਂ ਥਿੜਕਣਾ, ਸਿੱਖ ਧਰਮ ਤੋਂ ਥਿੜਕਣਾ ਹੈ। ਸਿੱਖ ਭਾਵੇਂ ਕਿੰਨੇ ਵੀ ਘੋਰ ਸੰਕਟ ਵਿੱਚ ਹੋਵੇ ਉਸਨੇ

ਆਪਣੇ ਸਿਧਾਂਤ 'ਤੇ ਕਾਇਮ ਰਹਿਣਾ ਹੈ। ਇਹ ਹੀ ਉਸਦੀ ਚੜ੍ਹਦੀਕਲਾ ਰਾਜ ਵੀ ਹੈ ਅਤੇ ਪ੍ਰੇਰਣਾ ਦਾ ਸ੍ਰੋਤ ਵੀ ਹੈ। ਇਸੇ ਕਾਰਨ ਉਹ ਮਸ਼ਕਿਲ ਤੋਂ ਮੁਸ਼ਕਿਲ ਸਮੇਂ ਦਾ ਸਾਹਮਣਾ ਵੀ ਹੱਸ ਕੇ ਅਤੇ ਧੀਰਜ ਨਾਲ ਕਰਦਾ ਹੈ। ਇਹ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ।"

**ਡਾ. ਗੁਰਨਾਮ ਕੌਰ**

"ਅਰਦਾਸ ਦਾ ਸੱਭ ਤੋਂ ਵੱਡਾ ਮਹੱਤਵ ਹੀ ਇਹ ਹੈ ਕਿ ਜਿੱਥੇ ਇਹ ਮਨੁੱਖ ਨੂੰ ਕਾਰਜ ਵਿੱਚ ਸਫਲਤਾ ਬਖਸ਼ਦੀ ਹੈ, ਉੱਥੇ ਮਨੁੱਖ ਨੂੰ ਦ੍ਰਿੜਤਾ, ਆਤਮਿਕ ਬਲ, ਸਵੈ–ਭਰੋਸਾ, ਸੇਵਾ ਤ। ਸਿਮਰਨ ਦੀ ਸੋਝੀ ਕਰਵਾਉਂਦੀ ਹੈ ਅਤੇ ਪਿਉ ਦਾਦੇ ਦੇ ਖਜਾਨੇ ਨੂੰ ਖੋਲ ਵੇਖਣ ਤੇ ਉਸ ਨਾਲ ਜੁੜੇ ਰਹਿਣ ਦੀ ਜਾਚ ਬਖਸ਼ਦੀ ਹੈ। ਅਮਲੋ ਸਿਦਕ ਨਾਲ ਕੀਤੀ ਅਰਦਾਸ ਸਰੀਰਕ ਤੇ ਮਾਨਸਿਕ ਰੋਗਾਂ ਤੋ ਛੁਟਕਾਰਾ ਦਿਵਾਉਂਦੀ ਹੈ। ਅਰਦਾਸ ਉਹ ਸਾਧਨ ਹੈ ਜਿਸ ਨਾਲ ਆਤਮਾ ਤੇ ਪ੍ਰਮਾਤਮਾ ਦਾ ਰਿਸ਼ਤਾ ਹੀ ਨਹੀਂ ਜੁੜਦਾ ਸਗੋਂ ਹੋਰ ਪੱਕਾ ਹੁੰਦਾ ਹੈ।"

**ਸੇਵਾ ਸਿੰਘ ਸਾਧੂ**

"ਗੁਰਮਤਿ ਵਿੱਚ ਆਦਰਸ਼ਕ ਮਨੁੱਖ ਸਾਧ, ਸੰਤ, ਬ੍ਰਹਮ ਗਿਆਨੀ, ਜੀਵਨ–ਮੁਕਤ, ਕਈ ਉਕਤੀਆਂ ਦਿੱਤੀਆਂ ਗਈਆਂ ਹਨ। ਇਹਨਾਂ ਨੇ ਹੀ ਮਨੁੱਖ ਦਾ ਮਾਰਗ ਦਰਸ਼ਨ ਕਰਨਾ ਹੈ ਅਤੇ ਆਪ ਮੁਕਤ ਹੋ ਕੇ ਸੰਸਾਰ ਨੂੰ ਮੁਕਤ ਕਰਨਾ ਹੈ। ਇਸ ਲਈ ਅਰਦਾਸ ਰਾਹੀਂ ਕੀਤੀਆਂ ਜਾਣ ਵਾਲੀਆਂ ਜਾਚਨਾਵਾਂ ਦਾ ਇੱਕ ਬਿੰਦੂ ਇਹਨਾਂ ਆਦਰਸ਼ਕ ਮਨੁੱਖ ਦੀ ਸੰਗਤ ਅਥਵਾ ਇਹਨਾਂ ਦੀ ਸਰਪ੍ਰਸਤੀ ਦਾ ਹੈ। ਉਸ ਜੋ ਕੁਝ ਮੰਗਣਾ ਹੈ ਉਹ ਸੱਚੇ ਸ਼ਾਹ ਅੱਥਵਾ ਸ੍ਰਿਸ਼ਟੀ ਦੇ ਸਿਰਜਣਹਾਰ ਤੋਂ ਮੰਗਣਾ ਹੈ। ਜੋ ਸੱਚਾ ਸਾਈਂ ਹੈ ਅਤੇ ਸਭ ਦੀ ਪ੍ਰਤਿਪਾਲਣਾ ਕਰਦਾ ਹੈ।"

**ਰਵਿੰਦਰ ਕੌਰ**

"ਵਿਗਿਆਨ ਭਾਵੇਂ ਕਿੰਨੀ ਵੀ ਤਰੱਕੀ ਕਰ ਲਵੇ ਮਨੁੱਖ ਦੁਆਵਾਂ ਤੇ ਅਰਦਾਸਾਂ ਕਰਦੇ ਹੀ ਰਹਿਣਗੇ।"

**ਮੈਕਸਿਮ ਗੋਰਕੀ**

"ਜਿਵੇਂ ਹੀਰੇ ਦੇ ਮਿਲਣ ਨਾਲ ਹੱਥਾਂ ਵਿੱਚੋਂ ਪੱਥਰ ਖੁਦ ਹੀ ਡਿੱਗ ਪੈਂਦੇ ਹਨ, ਤਿਵੇਂ ਹੀ ਅਰਦਾਸ ਉਡਾਰੀਆਂ ਨਾਲ ਸਰੀਰਕ ਭੁੱਖਾਂ ਆਪ ਹੀ ਵਿਸਰ ਜਾਂਦੀਆਂ ਹਨ।"

**ਗਿਆਨੀ ਸੰਤ ਸਿੰਘ ਜੀ ਮਸਕੀਨ**

"ਪ੍ਰਮਾਤਮਾ ਹਰੇਕ ਹਿਰਦੇ ਵਿੱਚ ਦਾਖਲ ਹੁੰਦਾ ਹੈ ਪਰ ਇੱਕ ਖਾਸ ਰਸਤੇ ਰਾਹੀਂ, ਉਹ ਰਸਤਾ ਹੈ ਅਰਦਾਸ।"

**ਉਮਰਸਨ**

"ਅਰਦਾਸ ਤਾਂ ਅਕਾਲ ਪੁਰਖ ਅੱਗੇ ਦਿਲ ਖੋਲਣ ਦਾ ਸਾਧਨ ਹੈ। ਜਦੋਂ ਦਿਲ ਦੇ ਤਾਰ ਖੱੁਲ ਜਾਣ ਤਾਂ ਦੈਵੀ ਪ੍ਰਕਾਸ਼ ਅੰਦਰ ਪ੍ਰਵੇਸ਼ ਕਰ ਜਾਂਦਾ ਹੈ।"

**ਹੈੱਡ ਮਾਸਟਰ. ਰਣਜੀਤ ਸਿੰਘ (ਲੁਧਿਆਣਾ)**

"ਅਰਦਾਸ ਦਾ ਮੁੱਖ ਮਕਸਦ ਹੰਕਾਰ ਦਾ ਤਿਆਗ ਕਰ ਪ੍ਰਭੂ ਅੱਗੇ ਆਤਮ ਸਮਰਪਣ ਕਰਨਾ ਹੈ।"

**ਤੱਤ ਗੁਰਮਤਿ ਪਰਿਵਾਰ**

"ਸਿੱਖ ਅਰਦਾਸ ਕੌਮੀ ਤਰਾਨੇ ਵਰਗਾ ਕੋਈ ਬੰਧਨ ਵੀ ਨਹੀਂ ਸਗੋਂ ਆਤਮ ਸਮਰਪਣ ਲਈ ਲੋੜੀਂਦੇ ਬਲ ਤੇ ਬਿਬੇਕ ਵਾਸਤੇ ਬਾਣੀ ਅਤੇ ਇਤਿਹਾਸ ਦੇ ਓਟ ਆਸਰੇ ਨਾਲ ਪ੍ਰਾਪਤ ਹੋਣ ਵਾਲਾ ਆਤਮ ਪ੍ਰਕਾਸ਼ ਹੈ। ਇਸ ਵਾਸਤੇ ਮਨੁੱਖਤਾ ਲੋੜੀਂਦੀ ਹੈ। ਸੰਗਤੀ ਅਰਦਾਸ ਦੇ ਸਮੇਂ ਉੱਠ ਕੇ ਨਹੀਂ ਜਾਇਆ ਜਾ ਸਕਦਾ। ਸਤਿ ਕੇਂਦਰਿਤ ਅਰਦਾਸ ਦੀ ਸਫਲਤਾ ਇਸ ਵਿੱਚ ਹੈ ਕਿ ਸਿੱਖ ਅਰਦਾਸ ਦਵੈਤ ਨਹੀਂ ਸਗੋਂ ਇੱਕ ਤ੍ਰਮੁਖੀ ਹੈ।"

**ਡਾ.ਬਲਕਾਰ ਸਿੰਘ**

"ਪਰ ਧਨ, ਪਰ ਇਸਤਰੀ ਦੀ ਪ੍ਰਾਪਤੀ, ਜੂਏ ਵਿੱਚ ਸਫਲਤਾ, ਝੂਠੇ ਮੁਕਦਮੇ ਵਿਚ ਕਾਮਯਾਬੀ ਕਿਸੇ ਨੂੰ ਨੁਕਸਾਨ ਪਹੁੰਚਾਉਣ ਦਾ ਮਨੋਰਥਾਂ ਦੀ ਸਫਲਤਾ ਲਈ ਅਰਦਾਸ ਕਰਨ ਕਰਾਉਣ ਵਾਲੇ ਸਿੱਖੀ ਦੇ ਸਿਧਾਂਤਾਂ ਤੋਂ ਅਗਿਆਤ ਹਨ।"

**ਡਾ.ਕਾਨ੍ਹ ਸਿੰਘ ਨਾਭਾ**

"ਅਰਦਾਸ ਇੱਕ ਆਲਮਗੀਰ ਜਜ਼ਬਾ ਹੈ ਜੋ ਕਿ ਮਨੁੱਖ ਵਿੱਚ ਉਸ ਵੇਲੇ ਜਾਗਦਾ ਹੈ ਜਦੋ ਕੋਈ ਦੁੱਖ, ਤਕਲੀਫ, ਬਿਮਾਰੀ, ਖਤਰਾ, ਜਾਂ ਮੁਸੀਬਤ ਆ ਬਣੇ ਤੇ ਉਹ ਉਸਨੂੰ ਦੂਰ ਕਰਨਾ ਚਾਹੇ ਜਾਂ ਉਹ ਕਿਸੇ ਸਰੀਰਕ ਲੋੜ, ਆਤਮਿਕ ਭਲਾਈ ਜਾਂ ਕਿਸੇ ਮੁਰਾਦ ਪਾਉਣਾ ਚਾਹੇ ਜਾਂ ਕਿਸੇ ਮੁਸ਼ਕਿਲ ਨਾਲ ਟਾਕਰਾ ਕਰਨ ਲਈ ਦਲੇਰੀ ਜਾਂ ਬਲ ਮੰਗਦਾ ਹੈ– ਜੇ ਸੱਚੇ ਦਿਲੋਂ ਉਸ ਅੱਗੇ ਅਰਦਾਸ ਕਰੀਏ ਤਾਂ ਫਿਰ ਤੱਤੀ ਵਾ ਨਹੀਂ ਲਗਦੀ।"

**ਗੁਰਮਤਿ ਸਿਧਾਂਤ**

**ਭਾਗ-2 ਪੰ.707**

"ਇਸ ਬਾਰੇ ਕੋਈ ਸੰਦੇਹ ਨਹੀਂ ਹੈ ਕਿ ਜੇ ਅਨੁਕੂਲ ਪ੍ਰਸਥਿਤੀਆਂ ਹੋਣ ਤਾਂ ਬਚਪਨ ਵਿੱਚ ਹੀ ਅਵਿਕਸਤ ਧਾਰਮਿਕ ਮਨੋਵੇਗ ਪੁੰਗਰ ਆਉਂਦਾ ਹੈ। ਸਗਲ ਸੁਭਾਏ ਤੱਕਿਆਂ ਪ੍ਰਮਾਤਮਾ ਹੀ ਇਸ ਮਨੋਵੇਗ ਦਾ ਉਦੇਸ਼ ਹੁੰਦਾ ਹੈ।ਪ੍ਰਮਾਤਮਾ ਰਾਹੀਂ ਜਿਨਾਂ–ਜਿਨਾਂ ਨੇ ਕਦਰਾਂ ਕੀਮਤਾਂ ਦੀ ਸੁਰੱਖਿਆ ਕਰਨ ਦੀ ਚਾਹਨਾ (ਅਰਦਾਸ) ਕੀਤੀ ਜਾਂਦੀ ਹੈ, ਉਹ ਭਾਵੇਂ ਵੱਡੀ ਉਮਰ ਦੇ ਲੋਕਾਂ ਦੀ ਦ੍ਰਿਸ਼ਟੀ ਲਈ ਤੁਸ਼ ਜਿਹੀਆਂ ਹੋਣ ਪਰ ਸੱਚੇ ਮਨ ਵਿੱਚ ਗਭੀਰਤਾ ਨਾਲ ਟਿਕ ਜਾਂਦੀਆਂ ਹਨ।"

**William Kelley Wright**

**(A Student's Philosophy of Religion, page.236)**

"ਸ੍ਰੀ ਦਰਬਾਰ ਸਾਹਿਬ ਵਿੱਚ ਜੋ ਅਰਦਾਸੇ ਹੁੰਦੇ ਹਨ ਬਹੁਤ ਛੋਟੇ ਹੁੰਦੇ ਹਨ ਅਤੇ ਅਰਦਾਸਾ ਕਰਾਉਣ ਵਾਲਾ ਭਾਵੇਂ ਰਾਜਾ ਮਹਾਰਾਜਾ ਕਿਉਂ ਨਾ ਹੋਵੇ ਉਸ ਨੂੰ ਵੀ ਇਤਨੇ ਪਦ ਕਹੇ ਜਾਂਦੇ ਹਨ ਕਿ ਤੇਰਾ ਸਿੱਖ ਹਾਜਿਰ ਹੋਇਆ ਹੈ, ਇਸ ਨੂੰ ਸਿੱਖੀ ਦਾਨ, ਨਾਮ ਦਾਨ, ਦੇਹ ਅਰੋਗਤਾ ਬਖਸ਼ਣੀ। ਜਿਸ ਕਰਕੇ ਸਿੱਖ ਨੂੰ ਤੇਰਾ ਨਾਮ ਚਿਤ ਆਵੇ ਤੇ ਤੇਰਿਆਂ ਚਰਨਾਂ ਨਾਲ ਬਣ ਆਵੇ।

ਅਰਦਾਸ ਦੀ ਅਜਿਹੀ ਰਹੁ–ਰੀਤੀ ਵਿਦਵਾਨ ਗ੍ਰੰਥੀਆਂ ਤੋਂ ਬਿਨ੍ਹਾਂ ਕਾਇਮ ਨਹੀਂ ਰਹਿ ਸਕਦੀ।"

**ਭਾਈ ਵੀਰ ਸਿੰਘ ਜੀ**

**ਖਾਲਸਾ ਸਮਾਚਾਰ ਮਿਤੀ 4 ਜੁਲਾਈ 1906**

"ਅਰਦਾਸ ਰੂਹਾਨੀਅਤ ਦਾ ਅਤਰ ਹੈ, ਜੋ ਕਿ ਸਰੀਰ, ਮਨ ਅਤੇ ਆਤਮਾ ਨੂੰ ਅਦਭੁੱਤ ਅਨੰਦ ਬਖਸ਼ਦਾ ਹੈ ਅਤੇ ਇਹ ਪੂਰਨਤਾ ਕਿਸੇ ਹੋਰ ਯਤਨ ਨਾਲ ਸੰਭਵ ਨਹੀਂ। ਅਰਦਾਸ ਇੱਕ ਮਹਾਨ ਸ਼ਕਤੀ ਹੈ ਜੋ ਇਨਸਾਨ ਨੂੰ ਜਿੰਦਗੀ ਦੀ ਕਸ਼ਮਕਸ਼ ਦਾ ਨਿਡਰਤਾ ਨਾਲ ਮੁਕਾਬਲਾ ਕਰਨ ਦੀ ਸਮਰੱਥ ਬਣਾਉਂਦੀ ਹੈ। ਅਰਦਾਸ ਉਹ ਚਾਬੀ ਹੈ ਜਿਸ ਨਾਲ ਕਿ ਬਹਿਸ਼ਤ ਦਾ ਬੂਹਾ ਖੁਲਦਾ ਹੈ।"

**ਸੰਤ ਕਿਰਪਾਲ ਸਿੰਘ**

**(Prayer Delhi 1971, page.58)**

"ਸਭ ਉਸ ਸਰਬ ਸ਼ਕਤੀ ਮਾਨ ਪਾਸੋਂ ਜੋ ਕਿ ਸਾਰੀ ਦੁਨਿਆਂ, ਸਾਡੀ ਜਿਸਮਾਨੀ, ਰੂਹਾਨੀ ਅਤੇ ਦਿਮਾਗੀ ਸ਼ਕਤੀਆਂ ਦਾ ਮੁਜੱਸਮਾ ਹੈ, ਇਹੋ ਮੰਗ ਕਰਦੇ ਹਨ ਕਿ ਸਾਨੂੰ ਠੀਕ–ਠਾਕ ਅਕਲ ਤੇ ਇਰਾਦਾ, ਅੰਦਰ ਦੀ ਰੋਸ਼ਨੀ ਅਤੇ ਹਿਦਾਇਤਾਂ ਬਖਸ਼ ਤਾਂ ਕਿ ਅਸੀਂ ਬੁਰਾਈਆਂ ਤੋਂ ਬਚ ਸਕੀਏ ਅਤੇ ਆਪਣੇ ਫਰਜ਼ ਠੀਕ ਤਰ੍ਹਾਂ ਪੂਰੇ ਕਰ ਸਕੀਏ।"

**ਡਾ.ਭਗਵਾਨ ਦਾਸ**

**(ਸਭ ਧਰਮਾਂ ਕੀ ਬੁਨਿਆਦੀ ਏਕਤਾ, ਪੰ. 277)**

"ਸੱਚੀ ਅਰਦਾਸ ਲਈ ਡਿਗਰੀਆਂ ਦੀ ਲੋੜ ਨਹੀਂ ਅਤੇ ਨਾ ਹੀ ਮਾਇਕ ਤੌਰ 'ਤੇ ਸੰਪੰਨ ਜਾਂ ਸਰੀਰਕ ਤੌਰ 'ਤੇ ਰਿਸ਼ਟ–ਪੁਸ਼ਟ ਹੋਣ ਦੀ ਲੋੜ ਹੈ। ਇੱਕ ਗਰੀਬ, ਅਪੰਗ, ਲਾਚਾਰ ਤੇ ਬਿਮਾਰ ਆਦਮੀ ਵੀ ਅਰਦਾਸ ਕਰ ਸਕਦਾ ਹੈ। ਅਰਦਾਸ ਲਈ ਇੱਕੋ ਚੀਜ ਲੋੜੀਂਦੀ ਹੈ ਤੇ ਉਹ ਹੈ ਰੱਬੀ ਪਿਆਰ ਵਿੱਚ ਮਤਵਾਲਾ ਮਨ।"

**ਨਿਰਵੈਲ ਸਿੰਘ ਅਰਸ਼ੀ**

**ਅਰਦਾਸ- ਸੰਕਲਪ ਅਤੇ ਸਵਰੂਪ**

"ਜਦੋਂ ਕਿਸੇ ਸਿੱਖ ਨੂੰ ਕਿਸੇ ਗਲ ਦੀ ਲੋੜ ਜਾਂ ਥੋੜ ਮਹਿਸੂਸ ਹੁੰਦੀ ਹੈ ਤਾਂ ਉਹ ਸਿੱਖ ਸੰਗਤ ਵਿੱਚ ਹਾਜਰ ਹੋ ਕੇ ਅਰਦਾਸ ਵਿੱਚ ਬੇਨਤੀ ਕਰਦਾ ਹੈ।"

**ਮੁਹਸਨ ਫਾਨੀ, ਦਬਿਸਤਾਨ-ਮਜਾਹਬ**

"ਅਰਦਾਸ ਵਿੱਚ ਬਿਤਾਇਆ ਸਮਾਂ ਦਿਲ ਅਤੇ ਦਿਮਾਗ ਉੱਤੇ ਪਾਏ ਬੋਝ ਨੂੰ ਹਲਕਾ ਕਰਨ ਲਈ ਸਭ ਤੋਂ ਚੰਗਾ ਉਪਚਾਰ ਹੈ।"

**Jeorge David Stewart**

**(Stevenson's book of quotation. London 1934, page.1583)**

"ਬਿਲਕੁਲ ਛੋਟੀਆਂ ਗੱਲ੍ਹਾਂ ਦੀ ਮੰਗ ਨਾ ਕਰੋ। ਜੇਕਰ ਤੁਸੀਂ ਸੁੱਖ ਅਰਾਮ ਲਈ ਹੀ ਮੰਗਣਾ ਹੈ ਤਾਂ ਤਹਾਡੇ ਤੇ ਹੈਵਾਨ ਵਿੱਚ ਕੀ ਅੰਤਰ ਹੈ? ਆਪਣੇ ਆਪ ਨੂੰ ਉਹਨਾਂ ਤੋਂ ਉੱਚਾ ਜਾਣੋ ਅਸੀਂ ਪਾਤਸ਼ਾਹ ਪਾਸ ਜਾਣਾ ਹੈ। ਅਸੀਂ ਉੱਥੇ ਭਿਖਾਰੀ ਦੇ ਕੱਪੜਿਆਂ ਵਿੱਚ ਬਿਲਕੁਲ ਨਹੀਂ ਜਾ ਸਕਾਂਗੇ। ਉੱਥੇ ਦੁਕਾਨਦਾਰਾਂ ਤੇ ਭਿਖਾਰੀਆਂ ਦੀ ਕੋਈ ਥਾਂ ਨਹੀਂ।"

**Complete wone of Swami Vivekananda**

**Vol.iv, Calcutta 1962, page.38**

"ਹੇ ਖੁਦਾ! ਮਿਲ ਰਹੇ ਨੂਰੀ ਪ੍ਰਕਾਸ਼ ਦੇ ਬਦਲੇ ਜੇ ਤੂੰ ਆਪਣਾ ਸਵਰਗ ਵੀ ਮੈਨੂੰ ਵੇਚਣਾ ਚਾਹੇ ਤਾਂ ਮੈਂ ਇਹ ਨਹੀਂ ਖਰੀਦਾਂਗਾ। ਸਭ ਪ੍ਰਕਾਰ ਦੇ ਕਸ਼ਟਾ ਸਹਿਤ ਜੇਕਰ ਆਪ ਨਰਕ ਅਗਨੀ ਨੂੰ ਮੇਰੇ ਸਾਹਮਣੇ ਰੱਖ ਦਿਓ ਤਾਂ ਮੈਂ ਉਹਨਾਂ ਕਸ਼ਟਾਂ ਨੂੰ ਨਾ ਦੇ ਬਰਾਬਰ ਜਾਣਾਂਗਾ। ਜੇਕਰ ਉਹਨਾਂ ਦੀ ਤੁਲਨਾ ਉਸ ਕਸ਼ਟ ਨਾਲ ਕੀਤੀ ਜਾਵੇ ਜੋ ਕਿ ਮੈਨੂੰ ਉਦੋਂ ਹੁੰਦਾ ਹੈ ਜਦੋ ਆਪ ਮੈਨੂੰ ਆਪਣੇ ਆਪ ਤੋਂ ਅਲੱਗ ਕਰ ਦਿੰਦੇ ਹੋ। ਮਨਸੂਰ–ਬਿਨ–ਅਲ–ਹਲਾਜ਼ ਦੀ ਅਰਦਾਸ"

**Reynold A, NIcholson**

**(The idea of personality in sufism, 1923, page.36)**

"ਅਰਦਾਸ ਇੱਕ ਮੰਗਤੇ ਦਾ ਛੰਨਾ ਨਹੀਂ ਬਲਕਿ ਰੱਬ ਦਾ ਹੁਕਮ ਮੰਨਣ ਵਾਲੇ ਦੀ ਦੁਨੀਆ ਦੀਆਂ ਤਕਲੀਫਾਂ ਤੋਂ ਆਪਣੇ ਮਨ ਨੂੰ ਬਚਾਉਣ ਵਾਲੀ ਢਾਲ ਹੈ।ਅਰਦਾਸ ਕੋਈ ਅਫੀਮ ਦੀ ਗੋਲੀ ਨਹੀਂ ਜਿਸ ਨਾਲ ਇਨਸਾਨ ਆਪਣੇ ਦੁਖਾਂ ਤਕਲੀਫਾਂ ਨੂੰ ਭੁੱਲੇ ਆਪਣੇ ਤਨ–ਮਨ ਨੂੰ ਨਸ਼ਟ ਕਰੇ ਬਲਕਿ ਮਨ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਵਾਲਾ ਇੱਕ ਰੂਹਾਨੀ ਸਚ ਹੈ।"

**ਰਵਿੰਦਰ ਸਿੰਘ**

**ਸਿੱਖੀ ਤੇ 20ਵੀਂ ਸਦੀ, ਦੇਹਰਾਦੂਨ, 1974, ਪੰ:103**

"ਗ੍ਰਿਹਿਸਥ ਮਾਰਗ ਵਿੱਚ ਵਿਚਰਦਿਆਂ ਹਾਂ ਕਿਸੇ ਮੁਸੀਬਤ ਵਿੱਚ ਵਿਚਰਦਿਆਂ ਦੁੱਖ ਵੇਲੇ ਸਾਨੂੰ ਹੌਂਸਲਾ ਅਤੇ ਧੀਰਜ ਨਾਲ ਕੰਮ ਲੈਣਾ ਚਾਹੀਦਾ ਹੈ।ਦੁੱਖ ਅਤੇ ਸੁਖ ਦੋਵੇਂ ਭਰਾ ਹਨ ਜੋ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ

ਹਨ। ਇਸ ਲਈ ਦੁੱਖ ਅਤੇ ਸੁਖ ਤੋਂ ਘਬਰਾਉਣ ਦੀ ਥਾਂ ਸਾਨੂੰ ਪ੍ਰਮਾਤਮਾ ਅੱਗੇ ਅਰਦਾਸ ਕਰਨੀ ਚਾਹੀਦੀ ਹੈ। ਜੋ ਪ੍ਰਭੂ ਹਰ ਦੁੱਖ–ਸੁਖ ਵਿੱਚ ਸਹਾਈ ਹੁੰਦਾ ਹੈ।"

**ਹਰਦੀਪ ਸਿੰਘ ਸੰਧੂ ਨਕਵੀਂ**

**ਪੰਜਾਂ ਵਿੱਚ ਪਰਮੇਸ਼ਵਰ ਤਿੰਨਾਂ ਵਿੱਚ ਹੈ ਬਰਕਤ 2015, Surrey Canada page.68**

"ਸਿੱਖਾਂ ਦੀ ਅਰਦਾਸ ਆਪਾ ਵਾਰਣ ਦਾ ਜਜਬਾ ਫਰਜ਼ ਅਦਾ ਕਰਨ ਦਾ ਡਾਢਾ ਫੌਰੀ ਅਹਿਸਾਸ ਸਦਾ ਤੋਂ ਮਜਹਬ ਅਤੇ ਫਤਹਿ ਦੀ ਬਨਿਆਦ ਹਨ।

ਸਿੱਖ ਦੀ ਅਰਦਾਸ ਨੇ 'ਦੁਖ ਦਾਰੂ' ਅਤੇ 'ਏਹ ਭੀ ਦਾਤ ਤੇਰੀ ਦਾਤਾਰੁ' ਦਾ ਸਿਧਾਂਤ ਦੇ ਕੇ ਸਾਰੀ ਦੁਨਿਆਂ ਦੀ ਸੋਚਣੀ ਬਦਲ ਦਿੱਤੀ।"

**ਪ੍ਰਿੰ.ਸਤਬੀਰ ਸਿੰਘ**

**(ਰੱਛਿਆ ਰਹਿਤ ਯੁਮਨਾਨਗਰ,1992)**

"ਗੁਰੂ ਦੇ ਹੁਕਮ ਵਿੱਚ ਸਿੱਖੀ ਦੀ ਅਰਦਾਸ ਆਪਣੀ ਜੀਵਨ ਜਾਚ ਦੁਆਰਾ ਸਿੱਖਾਂ ਵਿੱਚ ਬੇਮਿਸਾਲ ਫੌਜੀ ਭਾਵਨਾ, ਵੀਰਤਾ, ਨਿਰਡਤਾ ਅਤੇ ਅਣਖ ਦੇ ਅਦੁੱਤੀ ਗੁਣ ਭਰ ਦਿੰਦੀ ਹੈ।"

**ਡਾ.ਅੰਮ੍ਰਿਤ ਕੌਰ ਰੈਣਾ**

**ਸਿੱਖ ਗੁਰੂਆਂ ਦੀ ਵਿਦਿਅਕ ਦੇਣ, ਜੀਰਕਪੁਰ, 2002, ਪੰ.92**

"ਸੱਚਮੁੱਚ ਮਨੁੱਖ ਹਿਰਦੇ ਰਾਹੀਂ ਕੀਤੀ ਅਰਦਾਸ ਆਪਣੀਆਂ ਆਂਤਰਿਕ ਸ਼ਕਤੀਆਂ ਨੂੰ ਵਿਕਸਿਤ ਕਰ ਬੁਲੰਦੀਆਂ ਨੂੰ ਛੋਹ ਸਕਦਾ ਹੈ ਜੇ ਕਰਮ ਦੇ ਨਾਲ ਨਦਰਿ ਦਾ ਮੇਲ ਹੋ ਜਾਵੇ, ਸਤਿਗੁਰੂ ਦੀ ਕਿਰਪਾ ਹੋ ਜਾਵੇ।"

"ਹਰ ਵਾਰ ਕੁਚਲੇ ਜਾਣ ਤੋਂ ਬਾਅਦ ਵੀ ਅਰਦਾਸ ਨਾਲ ਖ਼ਾਲਸਾ, ਦੱਬੀ ਹੋਈ ਲਾਟ ਵਾਂਗ ਫਿਰ ਵੱਡਾ ਹੋ ਕੇ ਮੱਚ ਉੱਠਦਾ ਸੀ।"

**ਮੈਲਕਾਮ**

**(ਏਸ਼ੀਆਟਿਕ ਰਿਸਰਚ, 1812, ਪੰ. 246)**

"ਅਰਦਾਸ ਤੇ ਉੱਦਮ ਸਿੱਖੀ ਦੀ ਚੜ੍ਹਦੀਕਲਾ ਦੀ ਨੀਂਹ ਹਨ।"

**ਦਾਸ**

"ਸਿੱਖ ਲਹਿਰ ਦੀ ਕਿਸੇ ਵੀ ਧਰਮ ਜਾਂ ਇੰਕਲਾਬ ਦੇ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਇਸ ਦੀ ਮਿਸਾਲ ਇਹ ਆਪ ਤੇ ਇਸਦੀ ਅਰਦਾਸ ਹੈ।"

**ਸੁਖਦਿਆਲ ਸਿੰਘ**

**(ਖਾਲਸਾ ਰਾਜ ਦਾ ਸੰਕਲਪ,1988, ਪਟਿਆਲਾ)**

"ਗੁਰਮਤਿ ਵਿੱਚ ਅਰਦਾਸ ਮਨੁੱਖੀ ਜੀਵਨ ਦਾ ਹਰੇਕ ਪਹਿਲੂ ਹਰੇਕ ਅਵਸਰ ਨਾਲ ਜੁੜਿਆ ਹੈ। ਅਰਦਾਸ ਸਮੁੱਚੇ ਜੀਵਨ ਨੂੰ ਪਨਾਹ ਦਿੰਦੀ ਹੈ। ਸਿੱਖ ਨੂੰ ਅਰਦਾਸ ਦੀ ਬਰਕਤ ਤੇ ਅਕਾਲ ਪੁਰਖ ਦੀ ਸ਼ਕਤੀ ਦਾ ਅਹਿਸਾਸ ਹਾਸਲ ਹੈ।"

**ਡਾ. ਬਲਬੀਰ ਕੌਰ**

"ਅਰਦਾਸ ਮਨੁੱਖ ਨੂੰ ਆਸ, ਵਿਸ਼ਵਾਸ਼ ਤੇ ਭਰੋਸੇ ਵਿੱਚ ਰੰਗ ਦਿੰਦੀ ਹੈ। ਉਹ ਰਹ ਸਮੇਂ ਹਜ਼ੂਰੀ ਦੇ ਅਹਿਸਾਸ ਵਿੱਚ ਰਹਿੰਦਾ ਹੈ।"

**ਡਾ. ਬਲਬੀਰ ਕੌਰ**

"ਅਰਦਾਸ ਦੇ ਸ਼ਬਦ ਸਾਡੇ ਹਿਰਦੇ ਦੀਆਂ ਡੂੰਘਾਈਆਂ ਤੋਂ ਉੱਪਰ ਉੱਠ ਕੇ ਪ੍ਰਭੂ ਨਾਲ ਓਤ–ਪੋਤ ਹੋ ਜਾਣੇ ਚਾਹੀਦੇ ਹਨ। ਕਿਉਂਕਿ ਅਰਦਾਸ ਨਾ ਤੇ ਰਸਮੀ, ਨਾ ਹੀ ਕਰਮ ਵਸਤੂ ਹੈ। ਸੋ ਇਹ ਤਾਂ ਅੰਦਰੂਨੀ ਹੂਕ ਨੂੰ ਪ੍ਰਭੂ ਹਸਤੀ ਨਾਲ ਸਾਂਝੇ ਕਰਨ ਦਾ ਇੱਕ ਨਿਰੋਲ ਆਤਮਕ ਤਜਰਬਾ ਹੈ।"

**ਡਾ.ਮਨਸੁਖਾਨੀ**

**(Sikh Review, Vol.17, page.31)**

"ਅਰਦਾਸੀਏ ਲਈ ਤਿੰਨ ਬੁਨਿਆਦ ਗੁਣਾਂ ਦਾ ਧਾਰਨੀ ਹੋਣਾ ਦੱਸਿਆ ਹੈ–ਪ੍ਰੀਤ,ਪ੍ਰਤੀਤ ਅਤੇ ਇਮਾਨਦਾਰੀ।"

**ਨਰੈਣ ਸਿੰਘ**

**(ਸਿੱਖ ਧਰਮ ਦੀਆਂ ਬੁਨਿਆਦਾਂ, ਪੰ.183)**

"ਜਗਿਆਸੂ ਨੂੰ ਤਿੰਨ ਗੱਲ੍ਹਾਂ ਖਾਸ ਧਿਆਨ ਰੱਖਣਾ ਚਾਹੀਦਾ ਹੈ: ਸੁਣਨਹਾਰ ਦੀ ਹੋਂਦ ਤੇ ਯਕੀਨ ਆਪਣੇ ਆਪ ਨੂੰ ਉਸਦੇ ਸਪੁਰਦ ਕਰਨਾ ਅਤੇ ਉਸਦੀ ਬਖਸ਼ੀ ਹੋਈ ਦਾਤ ਨੂੰ ਸਹੀ ਦਾਤ ਸਮਝਣਾ।"

**ਪ੍ਰਿੰ.ਗੰਗਾ ਸਿੰਘ**

**(ਲੈਕਚਰ ਮਹਾਚਾਨਣ, ਪੰ.142)**

"ਅਰਦਾਸ ਦੀਆਂ ਬੁਨਿਆਦਾਂ ਸ਼ਰਤਾਂ ਕਿ ਉਹ ਅਰਦਾਸੀਆ ਆਸਤਿਕ ਹੋਵੇ ਤੇ ਪ੍ਰਵਾਣਗੀ ਦਾ ਪੂਰਨ ਨਿਸਚਾ ਹੋਵੇ।"

**ਰਘਬੀਰ ਸਿੰਘ ਬੀਰ**

**(ਅਰਦਾਸ ਸ਼ਕਤੀ,ਪੰ.14–15)**

"ਅਰਦਾਸ ਸ਼ਬਦ ਅਰਦ ਤੇ ਆਸ ਦਾ ਸੁਮੇਲ ਹੈ। ਜਿਸ ਵਿੱਚ ਅਰਦ–ਪੁਚਣਾ, ਮੰਗਣਾ, ਪ੍ਰਾਰਥਨਾ ਹੈ ਅਤੇ ਆਸ–ਇੱਛਾ, ਆਸ–ਖੁਹਾਇਸ਼ ਇਸ ਤਰ੍ਹਾਂ ਅਰਦਾਸ ਦਾ ਪੂਰਨ ਅਰਥ ਹੈ ਜੋ ਇੱਛਾ ਹੈ ਉਸਨੂੰ ਮੰਗਣਾ।"

**ਸਰਦਾਰ ਕਪੂਰ ਸਿੰਘ**

**ਵਿਸਾਖੀ ਅੱਫ ਗੁਰੂ ਗੋਬਿੰਦ ਸਿੰਘ (ਜਲੰਧਰ ਪੰ.48)**

"ਅੱਜ ਤਕ ਦੁਨੀਆਂ ਦਾ ਕੋਈ ਵਿਅਕਤੀ ਸਬੱਬ ਨਾਲ ਜਾਂ ਅਚਾਨਕ ਹੀ ਸਿਆਣਾ ਨਹੀਂ ਬਣਿਆ, ਇਸ ਪਿੱਛੇ ਕੋਈ ਨਾ ਕੋਈ ਅਰਦਾਸ ਜਰੂਰ ਕੰਮ ਕਰਦੀ ਹੁੰਦੀ ਹੈ।"

"ਚੰਗੇ ਤੇ ਵੱਡੇ ਕੰਮ ਸਦਾ ਉਸ ਅੱਗੇ ਕੀਤੀ ਅਰਦਾਸ ਨਾਲ ਹੀ ਕੀਤੇ ਜਾਂਦੇ ਹਨ। ਪੈਂਡਾ ਲੰਬਾ ਚਾਹੇ ਕਿੰਨਾ ਵੀ ਲੰਬਾ ਕਿਉਂ ਨਾ ਹੋਵੇ ਤੁਰਨ ਨਾਲ ਮੁੱਕ ਜਾਂਦਾ ਹੈ।" "ਅਰਦਾਸ ਆਤਮਾ ਵੱਲੋਂ ਪ੍ਰਮਾਤਮਾ ਨੂੰ ਜਾਚਨਾ ਹੁੰਦੀ ਹੈ, ਜਾਚਨਾ ਹਮੇਸ਼ਾ ਦਿਲ ਤੇ ਰੂਹ ਵਿੱਚੋਂ ਨਿਕਲਦੀ ਹੈ।" "ਜੇ ਕਿਸੇ ਜੀਵਨ ਵਾਲੇ ਸਿੱਖ ਦੀ ਪਛਾਣ ਕਰਨੀ ਹੋਵੇ ਤਾਂ ਅਰਦਾਸ ਦੇ ਸ਼ਬਦਾਂ ਤੋਂ ਉੱਪਰ ਕੋਈ ਮਾਪਦੰਡ ਨਹੀਂ।"

"ਅਰਦਾਸ ਮਨੁੱਖ ਦੀ ਸਭ ਤੋਂ ਸੱਚੀ ਸਾਥੀ, ਵਫਾਦਾਰ ਮਿੱਤਰ ਅਤੇ ਸਭ ਤੋਂ ਪਿਆਰਾ ਸੰਬੰਧੀ ਹੈ।" "ਅਰਦਾਸ ਦਾ ਇਲਮ–ਅਰਦਾਸ ਖਿਆਲਾਂ ਨੂੰ ਖੂਬਸੂਰਤ ਬਣਾਉਂਦੀ ਹੈ।ਉਪਾਸਕ ਦੀ ਸ਼ਖਸ਼ੀਅਤ ਨੂੰ ਲਿਸ਼ਕਾਉਂਦੀ ਤੇ ਮਹਿਕਾਉਂਦੀ ਹੈ।ਰੂਹ ਨੂੰ ਨਸ਼ਿਆਉਂਦੀ ਹੈ ਤੇ ਅੰਬਰਾਂ ਵਿੱਚ ਉਡਾਉਂਦੀ ਹੈ।" "ਅਰਦਾਸ ਕੇਵਲ ਇੱਕ ਪ੍ਰਾਰਥਨਾ ਹੀ ਨਹੀਂ ਸਗੋਂ ਇਹ ਇੱਕ ਸਾਧਨਾ ਹੈ, ਭਗਤੀ ਹੈ, ਪੂਜਾ ਹੈ ਇਹ ਅਕਾਲ ਪੁਰਖ ਦੇ ਨੇੜੇ ਲਿਆਉਂਦੀ ਹੈ, ਇਹ ਧਰਮ ਹੈ, ਤੀਰਥ ਵੀ ਅਤੇ ਸਿਰਜਕ ਵੀ ਹੈ।" "ਅਰਦਾਸ ਵਿੱਚ ਜਾਚਕ: ਮੇਰੇ ਸੁਆਮੀ! ਸਾਡੀ ਭੇਟਾ ਤੇਰੀ ਵਡਿਆਈ ਅਨੁਸਾਰ ਨਹੀਂ ਸਗੋਂ ਸਾਡੇ ਵਿਤ ਅਨੁਸਾਰ ਹੀ ਹੁੰਦੀ ਹੈ।"

**ਇਨਸਾਈਕਲੋਪੀਡੀਆ ਆਫ ਅਮੇਰੀਕਨਾ**

**Vol. 22, Page.515**

"ਅਰਦਾਸ ਪਦ ਆਮ ਤੌਰ ਤੇ ਨਿਰਮਾਣ ਭਾਵ ਵਾਲੀ ਬੇਨਤੀ ਜਾਂ ਜਾਚਨਾ ਲਈ ਵਰਤਿਆ ਜਾਂਦਾ ਹੈ। ਤਾਕਨੀਕੀ ਤੌਰ ਤੇ ਧਰਮ ਦੇ ਖੇਤਰ ਵਿੱਚ ਪਦ ਕਿਸੇ ਗੈਬ ਜਾਂ ਪਾਵਨ ਹਸਤੀ ਨੂੰ 'ਸੰਬੋਧਨ ਕਰਨ ਦੇ ਦਸਤੂਰ ਨਾਲ ਸੰਬਧਿਤ ਹੈ। ਜਿਸ ਵਿੱਚ ਸ਼ਰਧਾਮਈ ਤਰਲੇ ਵਾਲੀ ਮਨੋਦਸ਼ਾ ਤੇ ਧਾਰਣਾ ਹਾਵੀ ਰਹਿੰਦੀ ਹੈ।"

**ਜਗਜੀਤ ਸਿੰਘ ਦਰਦੀ, ਚੇਅਰਮੈਨ**

**ਚੜ੍ਹਦੀ ਕਲਾ ਟਾਈਮ ਟੀ.ਵੀ ਗਰੁੱਪ**

"ਸਿੱਖ ਦੀ ਅਰਦਾਸ ਅਤੇ ਗੁਰਬਾਣੀ ਦੀ ਸੇਧ ਉਸਨੂੰ ਸਿੱਖ ਤੋਂ ਖਾਲਸਾ ਦਾ ਸਫ਼ਰ ਤੈਅ ਕਰਾਉਂਦੀ ਹੈ, ਜਿੱਥੇ ਉਹ ਸ਼ਬਦ ਗੁਰੂ ਵਿੱਚ ਅਭੇਦ ਹੋ ਜਾਂਦਾ ਹੈ।"

**ਹਰਜਿੰਦਰ ਸਿੰਘ,ਸਿੱਖ ਐਜੂਕੇਟਰ**

"ਅਰਦਾਸ ਮਨੁੱਖ ਨੂੰ ਉੱਦਮ ਕਰਨ ਲਈ ਪ੍ਰੇਰਨਾ ਦਿੰਦੀ ਹੈ ਤੇ ਇਸ ਤਰ੍ਹਾਂ ਜੀਵਨ ਵਿੱਚ ਖੇੜਾ ਤੇ ਉਤਸ਼ਾਹ ਬਣਿਆ ਰਹਿੰਦਾ ਹੈ।"

**ਡਾ.ਸਰਬਜਿੰਦਰ ਸਿੰਘ ਪ੍ਰੋਫੈਸਰ ਤੇ ਮੁਖੀ**

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ**

"ਅਰਦਾਸ ਸਿੱਖ ਵਿਰਾਸਤ ਦਾ ਉਹ ਫ਼ਖਰ ਹੈ, ਜਿਸ ਮਾਧਿਅਮ ਰਾਹੀਂ ਵਿਰਾਸਤ ਦੀ ਅਧਿਆਤਮਕ ਪਾਕੀਜਗੀ ਅਤੇ ਇਤਿਹਾਸਕ ਸੂਰਮਗਤੀ ਨੂੰ ਜਿਉਂ ਦਾ ਤਿਓ ਨਰੋਆ ਰੱਖ, ਆਉਣ ਵਾਲੀਆਂ ਪੀੜੀਆਂ ਦੇ ਸਨਮੁੱਖ ਉਹਨਾਂ ਦਾ ਕੌਮੀ ਪ੍ਰਸੰਗ ਰੂਪਮਾਨ ਕੀਤਾ ਜਾਂਦਾ ਹੈ।"

**ਡਾਕਟਰ. ਰੋਮਇੰਦਰ ਕੌਰ ਰੰਧਾਵਾ**

**ਡਾਇਰੈਕਟਰ ਗੁਰੂ ਤੇਗ ਬਹਾਦਰ ਇੰਸਟੀਟਿਊਟ ਆਫ ਟੈਕਨੋਲੋਜੀ (ਦਿੱਲੀ)**

"ਅਰਦਾਸ ਜੁਬਾਨ ਤੋਂ ਨਹੀਂ ਦਿਲ ਤੋਂ ਹੋਣੀ ਚਾਹੀਦੀ ਹੈ ਕਿਉਂਕਿ ਵਾਹਿਗੁਰੂ ਉਹਨਾਂ ਦੀ ਵੀ ਸੁਣਦਾ ਹੈ ਜੋ ਬੋਲ ਨਹੀਂ ਸਕਦੇ।"

**ਭਾਈ ਸਾਹਿਬ ਸਤਪਾਲ ਸਿੰਘ ਖ਼ਾਲਸਾ**

**ਚੇਅਰਮੈਨ- ਸਿੱਖ ਧਰਮ ਯੂਨੀਵਰਸਲ**

"ਅਰਦਾਸ ਤੋਂ ਭਾਵ ਹੈ ਉਸ ਪਰਮ–ਸ਼ਕਤੀਮਾਨ ਅੱਗੇ ਅਰਜ਼ੋਈ/ਬੇਨਤੀ/ ਦਰਖਾਸਤ ਜੋ ਦਿੱਲ ਦੀਆਂ ਗਹਿਰਾਈਆਂ ਤੋਂ ਹੂਕ ਬਣਕੇ ਨਿਕਲੇ। ਅਰਦਾਸ ਕਰਨ ਨਾਲ ਮਨ ਵਿੱਚ ਨਿਮਰਤਾ ਆਉਂਦੀ ਹੈ ਅਤੇ ਇਨਸਾਨ ਆਪਣੀਆਂ ਸਾਰੀਆਂ ਸਿਆਣਪਾਂ ਛੱਡ ਕੇ, ਤਨ–ਮਨ ਪ੍ਰਭੂ ਦੇ ਦਰ 'ਤੇ ਅਰਪਣ ਕਰਦਾ ਹੈ।

# ਪੰਥਕ ਅਰਦਾਸ

ਅਰਦਾਸ ਦਾ ਪਰਵਾਣਿਤ ਸਰੂਪ:–

ੴ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਭਗੌਤੀ ਜੀ ਸਹਾਇ॥

ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ 10॥

ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈਂ ਧਿਆਇ॥

ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਧਿਆਇ॥

ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥

ਸ੍ਰੀ ਹਰਿਕਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖ ਜਾਇ॥

ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥

ਸਭ ਥਾਈਂ ਹੋਇ ਸਹਾਇ॥

ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ! ਸਭ ਥਾਈਂ ਹੋਇ ਸਹਾਇ॥

ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ!

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ–ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ!

ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ, ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖ਼ਾਲਸਾ ਜੀ ਸਾਹਿਬ ਤਹਾਂ ਤਹਾਂ ਰੱਛਿਆ ਰਿਆਇਤ, ਦੇਗ ਤੇਗ ਫਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖ਼ਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ ਜੀ!

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ, ਜੱਗੋ–ਜੁੱਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ!

ਸਿੱਖਾਂ ਦਾ ਮਨ ਨੀਵਾਂ, ਮੱਤ ਉੱਚੀ, ਮੱਤ ਦਾ ਰਾਖਾ ਆਪਿ ਵਾਹਿਗੁਰੂ!

'ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ–ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖਸ਼ੋ'

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ! ਆਪ ਜੀ ਦੇ ਹਜ਼ੂਰ......ਦੀ ਅਰਦਾਸ ਹੈ ਜੀ। ਅੱਖਰ ਵਾਧਾ–ਘਾਟਾ ਭੱਲ–ਚੁੱਕ ਮਾਫ਼ ਕਰਨੀ, ਸਰਬੱਤ ਦੇ ਕਾਰਜ ਰਾਸ ਕਰਨੇ। ਸੋਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ।

ਨਾਨਕ ਨਾਮ ਚੜ੍ਹਦੀਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

# ਸਿੱਖ ਰਹਿਤ ਮਰਿਯਾਦਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਕਾਸ਼ਿਤ ਅਤੇ ਸ਼੍ਰੋਮਣੀ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਮਾਨਿਤ ਮਰਿਯਾਦਾ

ੴ ਸਤਿਗੁਰ ਪ੍ਰਸਾਦਿ

**ਸਿੱਖ ਦੀ ਤਾਰੀਫ**

ਜੋ ਇਸਤਰੀ ਜਾਂ ਪੁਰਸ਼ ਇੱਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ ਉਹ ਸਿੱਖ ਹੈ।

ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ:– ਸ਼ਖਸੀ ਅਤੇ ਪੰਥਕ ਸ਼ਖਸੀ ਰਹਿਣੀ

1) ਨਾਮ ਬਾਣੀ ਦਾ ਅਭਿਆਸ

2) ਗੁਰਮਤਿ ਦੀ ਰਹਿਣੀ

3) ਸੇਵਾ

## 1) ਨਾਮ ਬਾਣੀ ਦਾ ਅਭਿਆਸ

1) ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਅਕਾਲ ਪੁਰਖ ਦਾ ਧਿਆਨ ਕਰਦਾ ਵਾਹਿਗੁਰੂ ਨਾਮ ਜਪੇ।

2) ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ– ਜਪੁ, ਜਾਪੁ, ਅਤੇ 10 ਸਵੱਯੇ (ਸ੍ਰਾਵਗ ਸੁਧ ਵਾਲੇ), ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ ਚਾਹੀਦੀਆਂ ਹਨ। ਸੋ ਦਰੁ ਰਹਿਰਾਸ– ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿੱਚ ਇਹ ਬਾਣੀਆਂ ਸ਼ਾਮਿਲ ਹਨ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਲਿਖੇ ਹੋਏ ਨੌਂ ਸ਼ਬਦ ('ਸੋ ਦਰੁ ' ਤੋਂ ਲੈ ਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤਕ), ਬੇਨਤੀ ਚੌਪਈ ਪਾਤਸ਼ਾਹੀ 10 ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ, ਸ੍ਵੈਯਾ 'ਪਾਇ ਗਹੇ ਜਬ ਤੇ ਤੁਮਰੇ' ਅਤੇ ਦੋਹਰਾ 'ਸਗਲ ਦੁਆਰ ਕਉ

ਛਾਡ ਕੈ') ਅਨੰਦ ਦੀਆਂ ਪਹਿਲੀਆਂ ਪਉੜੀਆਂ ਤੇ ਅੰਤਲੀ ਇੱਕ ਪਉੜੀ, ਮੁੰਦਾਵਣੀ ਤੇ ਸਲੋਕ ਮਹਲਾ 5 'ਤੇਰਾ ਕੀਤਾ ਜਾਤੋ ਨਾਹੀ'॥

ਸੋਹਿਲਾ ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ।

ਅੰਮ੍ਰਿਤ ਵੇਲੇ ਅਤੇ ਸੋ ਦਰੁ ਵੇਲੇ ਦੇ ਨਿਤਨੇਮ ਉਪਰੰਤ ਅਰਦਾਸ ਕਰਨੀ ਜਰੂਰੀ ਹੈ।

3) (ੳ) ਅਰਦਾਸ ਇਹ ਹੈ:–

ੴ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਭਗੌਤੀ ਜੀ ਸਹਾਇ॥

ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ 10॥

ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈਂ ਧਿਆਇ॥

ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਧਿਆਇ॥

ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥

ਸ੍ਰੀ ਹਰਿਕਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖ ਜਾਇ॥

ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥

ਸਭ ਥਾਈਂ ਹੋਇ ਸਹਾਇ॥

ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ! ਸਭ ਥਾਈਂ ਹੋਇ ਸਹਾਇ॥

ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ! ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ–ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ!

ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ, ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖ਼ਾਲਸਾ ਜੀ ਸਾਹਿਬ ਤਹਾਂ ਤਹਾਂ ਰੱਛਿਆ ਰਿਆਇਤ, ਦੇਗ ਤੇਗ ਫਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖ਼ਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ ਜੀ!

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ, ਜੁੱਗੋ–ਜੁੱਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ!

ਸਿੱਖਾਂ ਦਾ ਮਨ ਨੀਵਾਂ, ਮੱਤ ਉੱਚੀ, ਮੱਤ ਦਾ ਰਾਖਾ ਆਪਿ ਵਾਹਿਗੁਰੂ!

'ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ–ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖਸ਼ੋ'

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ! ਆਪ ਜੀ ਦੇ ਹਜ਼ੂਰ......ਦੀ ਅਰਦਾਸ ਹੈ ਜੀ। ਅੱਖਰ ਵਾਧਾ–ਘਾਟਾ ਭੱਲ–ਚੁੱਕ ਮਾਫ਼ ਕਰਨੀ, ਸਰਬੱਤ ਦੇ ਕਾਰਜ ਰਾਸ ਕਰਨੇ। ਸੋਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ।

ਨਾਨਕ ਨਾਮ ਚੜ੍ਹਦੀਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

ਇਸ ਉਪਰੰਤ ਅਰਦਾਸ ਵਿੱਚ ਸ਼ਾਮਿਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜੇ ਹੋ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾਵੇ।

ਉਪਰੰਤ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਵੇ।

(ਅ) ਅਰਦਾਸ ਹੋਣ ਸਮੇਂ ਸੰਗਤ 'ਚ ਹਾਜ਼ਰ ਸਾਰੇ ਇਸਤਰੀ ਪੁਰਸ਼ਾਂ ਨੂੰ ਹੱਥ ਜੋੜ ਕੇ ਖਲੋਣਾ ਚਾਹੀਦਾ ਹੈ। ਜੋ ਸੱਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿੱਚ ਬੈਠਾ ਹੋਵੇ, ਉਹ ਵੀ ਉੱਠ ਕੇ ਚੌਰ ਕਰੇ।

(ੲ) ਅਰਦਾਸ ਕਰਨ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਖੜੋ ਕੇ, ਹੱਥ ਜੋੜ ਕੇ ਅਰਦਾਸ ਕਰੇ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਨਾ ਹੋਣ ਤਾਂ ਕਿਸੇ ਪਾਸੇ ਮੂੰਹ ਕਰਕੇ ਅਰਦਾਸ ਕਰੋ, ਪ੍ਰਵਾਨ ਹੈ।

(ਸ) ਜਦੋਂ ਕੋਈ ਖਾਸ ਅਰਦਾਸ ਕਿਸੇ ਇੱਕ ਜਾਂ ਵਧੀਕ ਆਦਮੀਆਂ ਵੱਲੋਂ ਹੋਵੇ, ਤਾਂ ਉਹਨਾਂ ਤੋਂ ਬਿਨ੍ਹਾਂ ਸੰਗਤ ਵਿੱਚ ਬੈਠੇ ਹੋਰਨਾਂ ਦਾ ਉੱਠਣਾ ਜਰੂਰੀ ਨਹੀਂ।

## 4) ਸਾਧ ਸੰਗਤ ਵਿੱਚ ਜੁੜਕੇ ਗੁਰਬਾਣੀ ਦਾ ਅਭਿਆਸ

### ਗੁਰਦੁਆਰੇ

(ੳ) ਗੁਰਬਾਣੀ ਦਾ ਅਸਰ ਸਾਧ ਸੰਗਤ ਵਿੱਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ–ਮੇਲੇ ਦੇ ਅਸਥਾਨਾਂ, ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿੱਚ ਬੈਠ ਕੇ ਗੁਰਬਾਣੀ ਤੋ ਲਾਭ ਉਠਾਵੇ।

(ਅ) ਗੁਰਦੁਆਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿਤਾ–ਪ੍ਰਤੀ ਹੋਵੇ। ਬਿਨ੍ਹਾਂ ਖਾਸ ਕਾਰਨ ਦੇ (ਜਦ ਕਿ ਪ੍ਰਕਾਸ਼ ਜਾਰੀ ਰੱਖਣ ਦੀ ਲੋੜ ਹੋਵੇ) ਰਾਤ ਨੂੰ ਪ੍ਰਕਾਸ਼ ਨਾ ਰਹੇ। ਆਮ ਤੌਰ 'ਤੇ ਰਹਿਰਾਸ ਦੇ ਪਾਠ ਮਗਰੋਂ ਸੁੱਖ–ਆਸਨ ਕੀਤਾ ਜਾਵੇ। ਜਦ ਤਕ ਗ੍ਰੰਥੀ ਜਾਂ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੇਵਾ ਲਈ ਹਾਜ਼ਰ ਰਹਿ ਸਕੇ ਜਾਂ ਪਾਠੀਆਂ, ਦਰਸ਼ਨ ਕਰਨ ਵਾਲਿਆਂ ਦੀ ਆਵਾਜਾਈ ਰਹੇ ਜਾਂ ਬੇਅਦਬੀ ਦਾ ਖਤਰਾ ਨਾ ਹੋਵੇ, ਤਦ ਤਕ ਪ੍ਰਕਾਸ਼ ਰਹੇ, ਓਪਰੰਤ ਸੁੱਖ–ਆਸੜ ਕਰ ਦੇਣਾ ਉਚਿਤ ਹੈ, ਤਾਂ ਜੋ ਬੇਅਦਬੀ ਨਾ ਹੋਵੇ।

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਨਮਾਨ ਨਾਲ ਪ੍ਰਕਾਸ਼ਿਆ, ਪੜ੍ਹਿਆ ਤੇ ਸੰਤੋਖਿਆ ਜਾਵੇ। ਪ੍ਰਕਾਸ਼ ਲਈ ਜਰੂਰੀ ਹੈ ਕੇ ਸਥਾਨ ਸਾਫ–ਸੁਥਰਾ ਹੋਵੇ। ਉੱਪਰ ਚਾਂਦਨੀ ਹੋਵੇ। ਪ੍ਰਕਾਸ਼ ਮੰਜੀ ਸਾਹਿਬ ਤੇ ਸਾਫ– ਸੁਥਰੇ ਬਸਤਰ ਵਿਛਾ ਕੇ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਭਾਲ ਕੇ ਪ੍ਰਕਾਸ਼ਨ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ ਅਤੇ ਉੱਪਰ ਲਈ ਰੁਮਾਲ ਹੋਵੇ। ਪ੍ਰਕਾਸ਼ ਵੇਲੇ ਚ ਚੌਰ ਭੀ ਚਾਹੀਏ।

(ਸ) ਉਪਰ ਦਸੇ ਸਮਾਨ ਤੋਂ ਇਲਾਵਾ ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਕਰਮ ਗੁਰਮਤਿ ਅਨੁਸਾਰ ਨਹੀਂ। ਹਾਂ, ਸਥਾਨ ਨੂੰ ਸੁਗੰਧਿਤ ਕਰਨ ਲਈ ਫੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਿਤ ਨਹੀਂ। ਕਮਰੇ ਅੰਦਰ ਰੌਸ਼ਨੀ ਲਈ ਤੇਲ, ਘੀ ਜਾਂ ਮੋਮਬੱਤੀ, ਬਿਜਲੀ ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ।

(ਹ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ (ਤੁੱਲ) ਕਿ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਗੁਰਦੁਆਰੇ ਵਿਚ ਕੋਈ ਮੂਰਤੀ–ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, ਨਾ ਹੀ ਕੋਈ ਅਨਮਤ ਦਾ ਤਿਉਹਾਰ ਮਨਾਇਆ ਜਾਵੇ । ਹਾਂ , ਕਿਸੇ ਮੌਕੇ ਜਾਂ ਇਕੱਤਰਤਾ ਨੂੰ ਗੁਰਮਤਿ ਦੇ ਪ੍ਰਚਾਰ ਲਈ ਵਰਤਣਾ ਅਯੋਗ ਨਹੀਂ।

(ਕ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਘੂੜੇ ਦੇ ਪਾਵਿਆਂ ਨੂੰ ਮੁੱਠੀਆਂ ਭਰਨੀਆਂ, ਕੰਧਾ ਜਾਂ ਥੜਿਆਂ ਤੇ ਨੱਕ ਰਗੜਨਾ ਜਾਂ ਮੁੱਠੀਆਂ ਭਰਨੀਆਂ, ਮੰਜੀ ਸਾਹਿਬ ਹੇਠਾਂ ਪਾਣੀ ਰੱਖਣਾ, ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਨਾਣੀਆਂ ਜਾਂ ਰੱਖਣੀਆਂ ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰ ਅੱਗੇ ਮੱਥੇ ਟੇਕਣੇ, ਇਹੋ ਜਿਹੇ ਕਰਮ ਮਨਮੱਤ ਹਨ।

(ਖ) ਇਕ ਤੋਂ ਦੂਜੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਏ। ਜਿਸ ਨੇ ਸਿਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਚੁੱਕਿਆ ਹੋਵੇ, ਉਹ ਨੰਗੇ ਪੈਰੀਂ ਚਲੇ, ਪਰ ਜੇਕਰ ਕਿਸੇ ਮੌਕੇ ਜੋੜੇ ਪਾਉਣ ਦੀ ਅਤਿ ਲੋੜ ਪੈ ਜਾਵੇ, ਤਾਂ ਭਰਮ ਨਹੀਂ ਕਰਨਾ।

(ਗ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਦਾਸਾ ਸੋਧ ਕੇ ਪ੍ਰਕਾਸ਼ ਕੀਤਾ ਜਾਵੇ। ਪ੍ਰਕਾਸ਼ ਕਰਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਇਕ ਸ਼ਬਦ ਦਾ ਵਾਕ ਲਿਆ ਜਾਵੇ।

(ਘ) ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਵੇ ਤਾਂ ਭਾਵੇਂ ਅੱਗੇ ਪ੍ਰਕਾਸ਼ ਹੋਇਆ ਹੋਵੇ ਜਾਂ ਨਾ, ਹਰ ਇਕ ਸਿੱਖ ਨੂੰ ਸਨਮਾਨ ਲਈ ਉੱਠ ਖਲੋਣਾ ਚਾਹੀਏ।

(ਙ) ਗੁਰਦੁਆਰੇ ਅੰਦਰ ਜਾਣ ਲੱਗਿਆਂ ਜੋੜੇ ਬਾਹਰ ਲਾਹ ਕੇ, ਸੁਥਰਾ ਹੋ ਕੇ ਜਾਣਾ ਚਾਹੀਏ, ਜੇ ਪੈਰ ਮੈਲੇ ਜਾਂ ਗੰਦੇ ਹੋਣ, ਤਾਂ ਜਲ ਨਾਲ ਧੋ ਲੈਣੇ ਚਾਹੀਏ। ਸ੍ਰੀ ਗੁਰੂ ਗ੍ਰੰਥ ਸਾਹਿਬ ਅਥਵਾ ਗੁਰਦੁਆਰੇ ਨੂੰ ਆਪਣੇ ਸੱਜੇ ਪਾਸੇ ਰੱਖ ਕੇ ਪ੍ਰਕਰਮਾ ਕਰਨੀ ਚਾਹੀਏ।

(ਚ) ਗੁਰਦੁਆਰੇ ਅੰਦਰ ਦਰਸ਼ਨਾਂ ਲਈ ਜਾਣ ਲਈ ਕਿਸੇ ਦੇਸ਼, ਮਜ਼੍ਹਬ, ਜਾਤਿ ਵਾਲੇ ਨੂੰ ਮਨਾਹੀ ਨਹੀਂ, ਉਸ ਦੇ ਪਾਸ ਸਿੱਖ ਧਰਮ ਵਿਵਰਜਿਤ, ਤਮਾਕੂ ਆਦਿ ਕੋਈ ਚੀਜ਼ ਨਹੀਂ ਹੋਣੀ ਚਾਹੀਦੀ।

(ਛ) ਗੁਰਦੁਆਰੇ ਅੰਦਰ ਜਾ ਕੇ ਸਿੱਖ ਦਾ ਪਹਿਲਾ ਕਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ ਹੈ। ਉਪਰੰਤ ਗੁਰੂ ਰੂਪ ਸਾਧ ਸੰਗਤ ਦੇ ਦਰਸ਼ਨ ਕਰਕੇ ਸਹਿਜ ਨਾਲ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਈ ਜਾਵੇ।

(ਜ) ਸੰਗਤ ਵਿੱਚ ਬੈਠਣ ਲਈ ਭੀ ਸਿੱਖ–ਅਸਿੱਖ, ਛੂਤ–ਛਾਤ, ਜਾਤ–ਪਾਤ, ਊਚ–ਨੀਚ ਦਾ ਭਰਮ ਜਾਂ ਵਿਤਕਰਾ ਨਹੀਂ ਕਰਨਾ।

(ਝ) ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿੱਚ ਗਦੇਲਾ, ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮੱਤ ਹੈ।

(ਞ) ਸੰਗਤ ਵਿੱਚ ਜਾਂ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਕਿਸੇ ਸਿੱਖ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ।

ਸੰਗਤ ਵਿੱਚ ਸਿੱਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ।

(ਟ) ਤਖ਼ਤ ਇਹ ਹਨ: –

1) ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ।

2) ਤਖ਼ਤ ਸ੍ਰੀ ਪਟਨਾ ਸਾਹਿਬ।

3) ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ।

4) ਤਖ਼ਤ ਸ੍ਰੀ ਦਮਦਮਾ ਸਾਹਿਬ, (ਤਲਵੰਡੀ ਸਾਬੋ)।

5) ਤਖ਼ਤ ਸ੍ਰੀ ਹਜ਼ੂਰ ਸਾਹਿਬ, ਨੰਦੇੜ।

(ਠ) ਤਖ਼ਤਾਂ ਦੇ ਖਾਸ ਅਸਥਾਨ ਉੱਤੇ ਕੇਵਲ ਰਹਿਤਵਾਨ ਅੰਮ੍ਰਿਤਧਾਰੀ ਸਿੰਘ (ਸਿੰਘ ਜਾਂ ਸਿੰਘਣੀ) ਹੀ ਚੜ੍ਹ ਸਕਦੇ ਹਨ। (ਤਖ਼ਤਾਂ ਉਤੇ ਪਤਤਿ ਤੇ ਤਨਖਾਹੀਏ ਸਿੱਖ ਤੋਂ ਬਿਨਾਂ ਹਰ ਇੱਕ ਪ੍ਰਾਣੀ ਮਾਤਰ, ਸਿੱਖ ਗੈਰ ਸਿੱਖ ਦੀ ਅਰਦਾਸ ਹੋ ਸਕਦੀ ਹੈ।)

(ਡ) ਹਰ ਇੱਕ ਗੁਰਦੁਆਰੇ ਵਿੱਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ 'ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ, ਅਤੇ ਨਿਸ਼ਾਨ ਸਾਹਿਬ ਦੇ ਸਿਰੇ ਉੱਤੇ ਸਰਬ ਲੋਹ ਤਾ ਭਾਲਾ ਜਾਂ ਖੰਡਾ ਲੱਗਾ ਹੋਵੇ।

(ਢ) ਗੁਰਦੁਆਰੇ ਵਿੱਚ ਨਗਾਰਾ ਹੋਵੇ।

**ਕੀਰਤਨ**

(ੳ) ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ।

(ਅ) ਕੀਰਤਨ ਗੁਰਬਾਣੀ ਨੂੰ ਰਾਗਾਂ ਵਿੱਚ ਉਚਾਰਨ ਕਰਨ ਨੂੰ ਕਹਿੰਦੇ ਹਨ।

(ੲ) ਸੰਗਤ ਵਿੱਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ–ਸਰੂਪ ਰਚਨਾ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।

(ਸ) ਸ਼ਬਦਾਂ ਨੂੰ ਜੋਟੀਆਂ ਦੀ ਧਾਰਨਾ ਜਾਂ ਰਾਗ ਨਾਲ ਪੜ੍ਹਦਿਆਂ ਬਾਹਰ ਦੀਆਂ ਮਨ–ਘੜਤ ਤੇ ਵਾਧੂ ਤੁਕਾਂ ਲਾ ਕੇ ਲਾਉਣੀ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਤੁਕ ਹੀ ਧਾਰਨਾ ਬਣਾਈ ਜਾਵੇ।

**ਹੁਕਮ ਲੈਣਾ**

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ, ਗੁਰੂ ਰੂਪ ਸੰਗਤ ਦੇ ਅਦਬ ਨਾਲ ਦਰਸ਼ਨ ਕਰਨੇ ਤੇ ਅਵਾਜ਼ਾ ਲੈਣਾ ਜਾਂ ਸੁਣਨਾ, ਸਤਿਗੁਰੂ ਦੇ 'ਦਰਸ਼ਨ' ਹਨ। ਵਾਕ ਲੈਣ ਤੋਂ ਬਿਨਾ ਸਮੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲਾ ਚੁੱਕ ਕੇ ਦਰਸ਼ਨ ਕਰਨਾ ਜਾਂ ਕਰਵਾਉਣਾ ਮਨਮੱਤ ਹੈ।

(ਅ) ਸੰਗਤ ਵਿਚ ਇਕ ਵਕਤ ਇਕੋ ਗੱਲ ਹੋਣੀ ਚਾਹੀਏ–ਕੀਰਤਨ ਜਾਂ ਕਥਾ, ਵਖਿਆਨ ਜਾਂ ਪਾਠ।

(ੲ) ਦੀਵਾਨ ਸਮੇਂ ਸੰਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕੇਵਲ ਸਿੱਖ (ਮਰਦ ਜਾਂ ਤੀਵੀਂ) ਹੀ ਬੈਠਣ ਦਾ ਅਧਿਕਾਰੀ ਹੈ।

(ਸ) ਸੰਗਤ ਨੂੰ ਪਾਠ ਕੇਵਲ ਸਿੱਖ ਹੀ ਕਰਕੇ ਸੁਣਾਵੇ। ਆਪਣੇ ਆਪ ਲਈ ਕੋਈ ਗੈਰ–ਸਿੱਖ ਭੀ ਕਰ ਸਕਦਾ ਹੈ।

(ਹ) 'ਹੁਕਮ' ਲੈਣ ਲੱਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਓ ਪਹਿਲਾ ਸ਼ਬਦ ਜੋ ਜਾਰੀ ਹੈ, ਮੁੱਢ ਤੋਂ ਪੜ੍ਹਨਾ ਚਾਹੀਏ। ਜੇ ਉਸ ਸ਼ਬਦ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪੱਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਅਤੇ ਸ਼ਬਦ ਸਾਰਾ ਪੜ੍ਹੋ । ਜੇ ਵਾਰ ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿਚ ਜਿਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ ਤੇ ਭੋਗ ਪਾਇਆ ਜਾਵੇ।

(ਕ) ਦੀਵਾਨ ਦੀ ਸਮਾਪਤੀ ਜਾਂ ਭੋਗ ਦਾ ਅਰਦਾਸਾ ਹੋ ਕੇ ਅੰਤਮ ਹੁਕਮ ਲਿਆ ਜਾਵੇ।

**ਸਾਧਾਰਨ ਪਾਠ**

(ੳ) ਹਰ ਇਕ ਸਿੱਖ ਨੂੰ ਵੱਸ ਲੱਗੇ, ਆਪਣੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦਾ ਵੱਖਰਾ ਤੇ ਨਵੇਕਲਾ ਸਥਾਨ ਨੀਯਤ ਕਰਨਾ ਚਾਹੀਏ।

(ਅ) ਹਰ ਇਕ ਸਿੱਖ ਸਿੱਖਣੀ, ਬੱਚੇ ਬੱਚੀ ਨੂੰ ਗੁਰਮੁਖੀ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖਣਾ ਚਾਹੀਏ।

(ੲ) ਹਰ ਇਕ ਸਿੱਖ ਅੰਮ੍ਰਿਤ ਵੇਲੇ ਪ੍ਰਸ਼ਾਦ ਛਕਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਹੁਕਮ' ਲਵੇ। ਜੇ ਇਸ ਵਿਚ ਉਕਾਈ ਹੋ ਜਾਵੇ, ਤਾਂ ਦਿਨ ਵਿਚ ਕਿਸੇ ਨਾ ਕਿਸੇ ਵੇਲੇ ਜ਼ਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੇ ਜਾਂ ਸੁਣੇ। ਸਫਰ ਆਦਿ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰਥ ਹੋਵੇ ਤਾਂ ਸ਼ੰਕਾ ਨਹੀਂ ਕਰਨੀ।

(ਸ) ਚੰਗਾ ਤਾਂ ਇਹ ਹੈ ਕਿ ਹਰ ਇਕ ਸਿੱਖ ਆਪਣਾ ਸਾਧਾਰਨ ਪਾਠ ਜਾਰੀ ਰੱਖੇ ਤੇ ਮਹੀਨੇ ਦੋ ਮਹੀਨੇ ਮਗਰੋਂ (ਜਾ ਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾਵੇ।

(ਹ) ਪਾਠ ਆਰੰਭ ਕਰਨ ਸਮੇਂ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰਕੇ ਹੁਕਮ ਲੈਣਾ ਚਾਹੀਏ। ਫੇਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਏ।

**ਅਖੰਡ ਪਾਠ**

(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਤਕਰੀਬਨ 48 ਘੰਟੇ ਵਿਚ

ਸੰਪੂਰਨ ਕੀਤਾ ਜਾਂਦਾ ਹੈ। ਇਸ ਵਿਚ ਪਾਠ ਲਗਾਤਾਰ ਬਿਨਾ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ ਤੇ ਸ਼ੁੱਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤਰ ਦਾ ਧਿਆਨ ਰੱਖ ਕੇ ਪਾਠ ਸ਼ੁੱਧ ਤੇ ਸਾਫ ਕਰਨਾ ਚਾਹੀਏ, ਭਾਵੇਂ ਸਮਾਂ ਕੁਝ ਵਧੀਕ ਲੱਗ ਜਾਵੇ।

(ਅ) ਅਖੰਡ ਪਾਠ ਜਿਸ ਪਰਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਕਿਸੇ ਆਦਮੀ, ਸਾਕ ਸਬੰਧੀ ਮਿੱਤਰ ਆਦਿ ਮਿਲ ਕੇ ਕਰਨ। ਪਾਠੀਆਂ ਦੀ ਗਿਣਤੀ ਮੁਕੱਰਰ ਨਹੀਂ। ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ, ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ। ਪਾਠੀ ਦੀ ਯਥਾ–ਸ਼ਕਤਿ ਭੋਜਨ ਬਸਤਰ ਆਦਿ ਨਾਲ ਯੋਗ ਸੇਵਾ ਕੀਤੀ ਜਾਵੇ।

(ੲ) ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤ ਨਲੀਏਰ ਆਦਿ ਰੱਖਣਾ ਜਾਂ ਨਾਲ ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮੱਤ ਹੈ।

**ਸਾਧਾਰਨ ਪਾਠ /ਅਖੰਡ ਪਾਠ ਦਾ ਆਰੰਭ**

ਸਾਧਾਰਨ ਪਾਠ ਦੇ ਅਰੰਭ ਵੇਲੇ ਪ੍ਰਸ਼ਾਦਿ ਲਿਆ ਕੇ ਅਨੰਦ ਸਾਹਿਬ (ਛੇ ਪਾਉੜਆਂ) ਦਾ ਪਾਠ ਕਰਕੇ ਅਰਦਾਸ ਮਗਰੋਂ 'ਹੁਕਮ' ਲਿਆ ਜਾਵੇ। ਅਖੰਡ ਪਾਠ ਵੇਲੇ ਕੜਾਹ ਪ੍ਰਸ਼ਾਦਿ ਹੋਵੇ, ਫੇਰ ਅਨੰਦ ਸਾਹਿਬ (ਛੇ ਪਾਉੜਆਂ) ਦਾ ਪਾਠ ਕਰਕੇ ਅਰਦਾਸ ਮਗਰੋਂ 'ਹੁਕਮ' ਲੈ ਕੇ ਪਾਠ ਦਾ ਅਰੰਭ ਕੀਤਾ ਜਾਵੇ।

**ਭੋਗ**

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉੱਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ।(ਇਸ ਗੱਲ ਬਾਬਤ ਪੰਥ 'ਚ ਅਜੇ ਤੱਕ ਮਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ।) ਇਸ ਤੋਂ ਉਪਰੰਤ ਅਨੰਦ ਸਾਹਿਬ ਦਾ ਪਾਠ ਕਰਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਅ) ਭੋਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ ਆਦਿ ਦੀ ਭੇਟਾ ਅਤੇ ਪੰਥਕ ਕਾਰਜਾਂ ਲਈ ਯਥਾ–ਸ਼ਕਤਿ 'ਅਰਦਾਸ' ਕਰਵਾਈ ਜਾਵੇ।

**ਕੜਾਹ ਪ੍ਰਸ਼ਾਦਿ**

(ੳ) ਕੜਾਹ ਪ੍ਰਸ਼ਾਦਿ ਜੋ ਵਿਧੀ ਅਨੁਸਾਰ ਤਿਆਰ ਕਰਕੇ ਜਾਂ ਕਰਾ ਕੇ ਲਿਆਂਦਾ ਜਾਵੇ, ਸੰਗਤ ਵਿਚ ਪ੍ਰਵਾਨ ਹੋਵੇਗਾ।

(ਅ) ਕੜਾਹ ਪ੍ਰਸ਼ਾਦਿ ਤਿਆਰ ਕਰਨ ਦੀ ਵਿਧੀ ਇਹ ਹੈ– ਸੁਅੱਛ ਭਾਂਡੇ 'ਚ ਤ੍ਰਿਭਾਵਲੀ (ਆਟਾ, ਉਤਮ ਮਿੱਠਾ ਅਤੇ ਘੀ ਇਕੋ ਜਿਹੇ ਪਾ ਕੇ) ਗੁਰਬਾਣੀ ਦਾ ਪਾਠ ਕਰਦੇ ਹੋਏ ਤਿਆਰ ਕੀਤਾ ਜਾਵੇ। ਫਿਰ ਸੁਅੱਛ ਬਸਤਰ ਨਾਲ ਢੱਕ ਕੇ ਸ੍ਰੀ ਗੁਰੂ ਸਾਹਿਬ ਦੇ ਹਜ਼ੂਰ ਸੁਅੱਛ ਚੌਕੀ ਉੱਪਰ ਰੱਖਿਆ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੰਗਤ ਨੂੰ ਉੱਚੀ ਆਵਾਜ਼ 'ਚ

ਸੁਣਾ ਕੇ ਅਨੰਦ ਸਾਹਿਬ ਦੀਆਂ ਪੰਜ ਪਹਿਲੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕੀਤਾ ਜਾਵੇ ਅਤੇ ਅਰਦਾਸਾ ਸੋਧਿਆ ਜਾਵੇ ਤੇ ਪਰਵਾਨਗੀ ਲਈ ਕਿਰਪਾਨ ਭੇਟ ਹੋਵੇ।

(ੲ) ਇਸ ਦੇ ਉਪਰੰਤ ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਕੜਾਹ ਪ੍ਰਸ਼ਾਦਿ ਵਿਚੋਂ ਪੰਜਾਂ ਪਿਆਰਿਆਂ ਦਾ ਗੱਫਾ ਕੱਢ ਕੇ ਵਰਤਾਇਆ ਜਾਵੇ। ਉਪਰੰਤ ਸੰਗਤ ਵਿਚ ਵਰਤਾਉਣ ਲਗਿਆਂ ਪਹਿਲਾਂ ਤਾਬਿਆ ਬੈਠੇ ਸਿੰਘ ਨੂੰ ਕਟੋਰੇ ਵਿਚ ਪਾ ਕੇ ਦੇਵੇ ਤੇ ਫਿਰ ਬਾਕੀ ਸੰਗਤ ਨੂੰ ਵਰਤਾਏ। ਕਿਸੇ ਲਿਹਾਜ਼ ਜਾਂ ਘਿਰਣਾ ਕਰਕੇ ਵਿਤਕਰਾ ਨਾ ਕਰੇ। ਸਭ ਸਿੱਖ, ਗੈਰ ਸਿੱਖ, ਨੀਚ–ਊਚ ਜਾਤਿ ਵਾਲੇ ਨੂੰ ਇਕੋ ਜਿਹਾ ਵਰਤਾਵੇ। ਕੜਾਹ ਪ੍ਰਸ਼ਾਦਿ ਵਰਤਨ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁੱਖ ਤੋਂ ਜਾਤ–ਪਾਤ, ਛੂਤ–ਛਾਤ ਦਾ ਖਿਆਲ ਕਰਕੇ ਗਿਲਾਨੀ ਨਹੀਂ ਕਰਨੀ ਚਾਹੀਦੀ।

(ਸ) ਕੜਾਹ ਪ੍ਰਸ਼ਾਦਿ ਭੇਟਾ ਕਰਨ ਵੇਲੇ ਘੱਟ ਤੋਂ ਘੱਟ ਇਕ ਟਕਾ ਨਕਦ ਅਰਦਾਸ ਭੀ ਹੋਵੇ।

## 5) ਗੁਰਬਾਣੀ ਦੀ ਕਥਾ

(ੳ) ਸੰਗਤ ਵਿਚ ਗੁਰਬਾਣੀ ਦੀ ਕਥਾ ਸਿੱਖ ਹੀ ਕਰੇ।

(ਅ) ਕਥਾ ਦਾ ਮਨੋਰਥ ਗੁਰਮਤਿ ਦ੍ਰਿੜ੍ਹਾਉਣਾ ਹੀ ਹੋਵੇ।

(ੲ) ਕਥਾ ਦਸ ਗੁਰੂ ਸਹਿਬਾਨ ਦੀ ਬਾਣੀ ਜਾਂ ਭਾਈ ਗੁਰਦਾਸ, ਭਾਈ ਨੰਦ ਲਾਲ ਜਾਂ ਕਿਸੇ ਹੋਰ ਪ੍ਰਮਾਣਿਕ ਪੰਥਕ ਪੁਸਤਕ ਜਾਂ ਇਤਿਹਾਸ ਦੀਆਂ ਪੁਸਤਕਾਂ (ਜੋ ਗੁਰਮਤਿ ਅਨੁਕੂਲ ਹੋਣ) ਦੀ ਹੋ ਸਕਦੀ ਹੈ, ਪਰ ਅਨਮਤ ਦਾ ਕਿਸੇ ਪੁਸਤਕ ਦੀ ਨਹੀਂ ਹੋ ਸਕਦੀ, ਪ੍ਰਮਾਣ ਕਿਸੇ ਮਹਾਤਮਾ ਜਾਂ ਪੁਸਤਕ ਦੀ ਉੱਤਮ ਸਿਖਿਆ ਦਾ ਲਿਆ ਜਾ ਸਕਦਾ ਹੈ।

(6) ਵਖਿਆਨ–ਗੁਰਦੁਆਰੇ ਵਿਚ ਗੁਰਮਤਿ ਤੋਂ ਵਿਰੁੱਧ ਕੋਈ ਵਖਿਆਨ ਨਹੀਂ ਹੋ ਸਕਦਾ।

(7) ਗੁਰਦੁਆਰੇ ਵਿਚ ਸੰਗਤ ਦਾ ਪ੍ਰੋਗਰਾਮ ਆਮਤੌਰ ’ਤੇ ਇਉਂ ਹੁੰਦਾ ਹੈ:– ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਕੀਰਤਨ, ਕਥਾ ਵਖਿਆਨ, ਅਨੰਦ ਸਾਹਿਬ, ਅਰਦਾਸ, ਫ਼ਤਹ ਸਤਿ ਸ੍ਰੀ ਅਕਾਲ ਦਾ ਜੈਕਾਰਾ ਤੇ ਹੁਕਮ।

## 2) ਗੁਰਮਤਿ ਦੀ ਰਹਿਣੀ

ਸਿੱਖ ਦੀ ਆਮ ਰਹਿਣੀ, ਕ੍ਰਿਤ, ਵਿਰਤ, ਗੁਰਮਤਿ ਅਨੁਸਾਰ ਹੋਵੇ। ਗੁਰਮਤਿ ਇਹ ਹੈ:

(ੳ) ਇਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵੀ ਦੇਵਤੇ ਦੀ ਉਪਾਸਨਾ ਨਹੀਂ ਕਰਨੀ।

(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।

(ੲ) ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤ ਦਾ ਪ੍ਰਕਾਸ਼ ਇਕੋ ਰੂਪ ਕਰਕੇ ਮੰਨਣਾ।

(ਸ) ਜ਼ਾਤ–ਪਾਤ, ਛੂਤ–ਛਾਤ, ਜੰਤ੍ਰ–ਮੰਤ੍ਰ–ਤੰਤ੍ਰ, ਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸ਼, ਸ਼ਰਾਧ, ਪਿੱਤਰ, ਖਿਆਹ, ਪਿੰਡ, ਪੰਤਲ, ਦੀਵਾ, ਕਿਰਿਆ ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ, ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ ਰੂਪ ਕਰਮਾਂ ਉੱਤੇ ਨਿਸਚਾ ਨਹੀਂ ਕਰਨਾ।ਗੁਰੂ ਅਸਥਾਨ ਤੋਂ ਬਿਨਾ ਕਿਸੇ ਅਨ– ਧਰਮ ਦੇ ਤੀਰਕ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ।

ਪੀਰ, ਬ੍ਰਾਹਮਣ, ਪੁੱਛਣਾ, ਸੁੱਖਣਾ, ਸ਼ੀਰਨੀ, ਵੇਦ ਸ਼ਾਸ਼ਤਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ ਆਦਿ ਉੱਤੇ ਨਿਸ਼ਚਾ ਨਹੀਂ ਕਰਨਾ। ਹਾਂ, ਆਮ ਵਾਕਫੀ ਲਈ ਅਨਮਤਾਂ ਦੇ ਗ੍ਰੰਥਾਂ ਦਾ ਪੜ੍ਹਨਾ ਯੋਗ ਹੈ।

(ਹ) ਖਾਲਸਾ ਸਾਰੇ ਮਤਾਂ ਤੋਂ ਨਿਆਰੇ ਰਹੇ, ਪਰ ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ।

(ਕ) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੇ।

(ਖ) ਸਿੱਖ ਲਈ ਗੁਰਮੁਖੀ ਵਿਦਿਆ ਪੜ੍ਹਨੀ ਜ਼ਰੂਰੀ ਹੈ ਹੋਰ ਵਿਦਿਆ ਭੀ ਪੜ੍ਹੇ।

(ਗ) ਸੰਤਾਨ ਨੂੰ ਗੁਰਸਿੱਖੀ ਦੀ ਵਿਦਿਆ ਦਿਵਾਉਣੀ ਸਿੱਖ ਦਾ ਫ਼ਰਜ਼ ਹੈ।

(ਘ) ਕੇਸ ਲੜਕੇ ਕੇ ਜੋ ਹੋਏ ਸੋ ਉਹਨਾਂ ਦਾ ਬੁਰਾ ਨਾ ਮੰਗੇ, ਕੇਸ ਉਹੀ ਰਖੇ, ਨਾਮ ਸਿੰਘ ਰੱਖੇ।ਸਿੱਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰੱਖੇ।

(ਙ) ਸਿੱਖ ਭੰਗ, ਅਫੀਮ, ਸ਼ਰਾਬ, ਤਮਾਕੂ, ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰੱਖੇ।

(ਚ) ਸਿੱਖ ਮਰਦ ਅਥਵਾ ਇਸਤ੍ਰੀ ਨੂੰ ਨੱਥ, ਕੰਨ ਛੇਦਨਾ ਮਨ੍ਹਾ ਹੈ।

(ਛ) ਗੁਰੂ ਕਾ ਸਿੱਖ ਕੰਨਿਆ ਨਾ ਮਾਰੇ, ਕੁੜੀ–ਮਾਰ ਨਾਲ ਨਾ ਵਰਤੇ।

(ਜ) ਗੁਰੂ ਕਾ ਸਿੱਖ ਧਰਮ ਦੀ ਕਿਰਤ ਕਰਕੇ ਨਿਰਬਾਹ ਕਰੇ।

(ਝ) ਗੁਰੂ ਕਾ ਸਿੱਖ ਗਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣੇ।

(ਞ) ਚੋਰੀ ਯਾਰੀ ਨਾ ਕਰੇ, ਜੂਆ ਨਾ ਖੇਡੇ।

(ਟ) ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਬਖਾਨੈ।

ਅਪਨਿ ਇਸਤ੍ਰੀ ਸੋਂ ਰਤਿ ਹੋਈ। ਰਹਿਤਵੰਤ ਸਿੰਘ ਹੈ ਸੋਈ।

ਇਸੇ ਤਰ੍ਹਾਂ ਸਿੱਖ ਇਸਤ੍ਰੀ ਆਪਣੇ ਪਤੀਬਰਤ ਧਰਮ 'ਚ ਰਹੇ।

(ਠ) ਗੁਰੂ ਦਾ ਸਿੱਖ ਜਨਮ ਤੋਂ ਲੈ ਕੇ ਦੇਹਾਂਤ ਤੱਕ ਗੁਰ ਮਰਯਾਦਾ ਕਰੇ।

(ਡ) ਸਿੱਖ, ਸਿੱਖ ਨੂੰ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾਵੇ। ਮਰਦ ਇਸਤਰੀ ਦੋਂਹਾ ਲਈ ਇਹੋ ਹੁਕਮ ਹੈ।

(ਢ) ਸਿੱਖ ਇਸਤਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉੱਚਿਤ ਨਹੀਂ।

(ਣ) ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਛੁੱਟ ਪੁਸ਼ਾਕ ਸਬੰਧੀ ਬਾਕੀ ਕੋਈ ਪਾਬੰਧੀ ਨਹੀਂ। ਸਿੱਖ ਇਸਤਰੀ ਦਸਤਾਰ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ।

## 1) ਜਨਮ ਤੇ ਨਾਮ-ਸੰਸਕਾਰ

(ੳ) ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਯੋਗ ਹੋ ਜਾਵੇ ਤਾਂ (ਦਿਨਾਂ ਦੀ ਗਿਣਤੀ ਕੋਈ ਮੁੱਕਰਰ ਨਹੀਂ) ਟੱਬਰ ਤੇ ਸਬੰਧੀ ਗੁਰਦੁਆਰੇ ਕੜਾਹ ਪ੍ਰਾਸ਼ਦਿ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਦੇ ਹਜ਼ੂਰ 'ਪਰਮੇਸਰਿ ਦਿਤਾ ਬੰਨਾ' (ਸਰੋਠਿ ਮ:5) 'ਸਤਿਗੁਰ ਸਾਚੈ ਦੀਆ ਭੇਜਿ' (ਆਸਾ ਮ:5) ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ। ਉਪ੍ਰੰਤ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ ਫਿਰ ਵਾਕ ਲਿਆ ਜਾਵੇ। ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿੱਛੇ 'ਕੌਰ' ਸ਼ਬਦ ਲਗਾਇਆ ਜਾਵੇ, ਉਪ੍ਰੰਤ, ਅਨੰਦ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਯੋਗ ਸ਼ਬਦਾਂ ਵਿਚ ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਅ) ਜਨਮ ਦੇ ਸੰਬੰਧ ਵਿਚ ਖਾਣ–ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ

'ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥

ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕ ਸੰਬਾਹਿ॥'

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮੱਤ ਹੈ।

## 2) ਅਨੰਦ ਸੰਸਕਾਰ

(ੳ) ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜ਼ਾਤ–ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।

(ਅ) ਸਿੱਖ ਦੀ ਪੁਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।

(ੲ) ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।

(ਸ) ਲੜਕੀ ਲਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ।

(ਹ) ਜਦ ਲੜਕੀ ਸ਼ਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ, ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਏ।

(ਕ) 'ਅਨੰਦ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜੀ ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।

(ਖ) 'ਅਨੰਦ' ਦਾ ਦਿਨ ਮੁੱਕਰਰ ਕਰਨ ਲਗਿਆਂ ਕੋਈ ਥਿਤਿ–ਵਾਰ, ਚੰਗੇ–ਮੰਦੇ ਦਿਨ ਦੀ ਖੋਜ਼ ਕਰਨ ਲਈ ਪੱਤ੍ਰੀ ਵਾਚਣਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰਕੇ ਚੰਗਾ ਦਿਸੇ, ਨੀਯਤ ਕਰ ਲੈਣਾ ਚਾਹੀਏ।

(ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗਡੱਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮੱਤ ਹੈ।

(ਘ) ਜਿਤਨੇ ਥੋੜੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਸਹੁਰੇ ਘਰ ਜਾਵੇ। ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਲ ਗਾਏ ਜਾਣ ਤੇ 'ਫਤਹ' ਗਜਾਈ ਜਾਵੇ।

(ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਦੀਵਾਨ ਲਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ, ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ 'ਅਨੰਦ' ਪੜਾਉਣ ਵਾਲਾ ਸਿੱਖ (ਮਰਦ ਜਾਂ ਇਸਤਰੀ) ਲੜਕੇ ਲੜਕੀ ਤੇ ਉਹਨਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜਾ ਕਰਕੇ 'ਅਨੰਦ' ਦੇ ਅਰੰਭ ਦਾ ਅਰਦਾਸਾ ਸੋਧੇ। ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਹਿਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ।

ਪਹਿਲੇ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ– ਪਤਨੀ ਦੇ ਸਬੰਧ ਨੂੰ ਜੀਵ ਤੇ ਪ੍ਰਮਾਤਮਾ ਦੇ ਪਿਆਰ ਦੇ ਨਮੂਨੇ ਉਤੇ ਢਾਲਣ ਦੀ ਵਿਧੀ ਦੱਸੇ।

ਆਪਸ ਵਿਚ ਪ੍ਰੇਮ ਦ੍ਵਾਰਾ 'ਏਕ ਜੋਤਿ ਦੁਇ ਮੂਰਤੀ' ਹੋਣਾ ਦੱਸੇ ਤੇ ਇਕੁਰ ਗ੍ਰਹਿਸਤ ਧਰਮ ਨਿਬਾਹੁੰਦੇ ਹੋਏ ਆਪਣਾ ਸਾਂਝੇ ਭਰਤਾ 'ਅਕਾਲ ਪੁਰਖ' ਨਾਲ ਇਕ ਮਿਕ ਹੋਣਾ ਦ੍ਰਿੜਾਵੇ। ਦੋਹਾਂ ਨੇ ਇਸ ਸੰਯੋਗ ਨੂੰ ਮਨੁਖਾ ਜਨਮ ਦੀ ਯਾਤਰਾ ਨੂੰ ਸਫਲਤਾ ਨਾਲ ਨਿਬਾਹੁਣ ਦਾ ਸਾਧਨ ਬਨਾਉਣਾ ਹੈ। ਦੋਹਾਂ ਨੇ ਇਸ ਸੰਯੋਗ ਦੇ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵੱਖੋ ਵੱਖਰੇ ਗ੍ਰਹਿਸਤ ਧਰਮ ਦੇ ਫ਼ਰਜ਼ ਦੱਸੇ ਜਾਣ।

ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਧਰੰਗੀ ਜਾਣ ਕੇ ਸਾਰੀਆਂ ਅਵਸਥਾਂ ਵਿਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛੱਕਣਾ

ਹੈ। ਏਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤਰੀ–ਬਰਤ ਧਰਮ ਵਿੱਚ ਪੱਕੇ ਰਹਿਣਾ।ਇਸ ਦੇ ਮਾਤਾ ਪਿਤਾ ਤੇ ਸਬੰਧੀਆਂ ਨੂੰ ਆਪਣੇ ਮਾਤਾ–ਪਿਤਾ ਤੇ ਸਬੰਧੀਆਂ ਤੁੱਲ ਆਦਰ ਦੇਣਾ।

ਕੰਨਿਆਂ ਨੂੰ ਦਸਿਆ ਜਾਵੇ ਕਿਅ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ 'ਨਿਰਮਲ ਭਉ' ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁੱਖ ਸੁੱਖ, ਦੇਸ ਪਰਦੇਸ ਵਿਚ ਆਪਣੇ ਪਤੀਬਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ। ਇਹਦੇ ਮਾਤਾ ਪਿਤਾ ਤੇ ਸਬੰਧੀਆਂ ਨੂੰ ਆਪਣੇ ਮਾਤਾ ਪਿਤਾ ਦੇ ਸਬੰਧੀਆਂ ਵਾਂਗ ਜਾਣਨਾ।

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਕੰਨਿਆ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁੱਖੀ ਸਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ ਸੂਹੀ ਮਹਲਾ 4 ਵਿਚ ਦਿੱਤੀਆਂ ਲਾਵਾਂ ਦਾ ਪਾਠ ਸੁਣਾਵੇ। ਹਰੇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆ, ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਪ੍ਰਕਰਮਾ ਕਰਨ। ਪ੍ਰਕਰਮਾਂ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆਂ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕਰੇ।ਫਿਰ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ।

(ਚ) ਅਨਮਤ ਵਾਲਿਆਂ ਦਾ ਵਿਆਹ 'ਅਨੰਦ' ਰੀਤੀ ਨਾਲ ਨਹੀਂ ਹੋ ਸਕਦਾ।

(ਛ) ਲੜਕੇ ਜਾਂ ਲੜਕੀ ਦਾ ਸੰਜੋਗ ਲੈ ਕੇ ਨਾ ਕਰੇ।

(ਜ) ਜੇ ਬਾਲਕੀ ਦੇ ਮਾਪੇ ਕਦਾਂਚ ਸਬੱਬ ਪਾਇ ਕੈ ਬਾਲਕੀ ਦੇ ਗ੍ਰਹਿ ਵਿਖੇ ਜਾਣ ਅਤੇ ਉਥੇ ਪ੍ਰਸ਼ਾਦਿ ਤਿਆਰ ਹੋਵੇ ਤਾਂ ਖਾਣ ਤੋਂ ਸੰਕੋਚਣਾ ਨਹੀਂ। ਅੰਨ ਨਾ ਖਾਣਾ ਸਭ ਭਰਮ ਹੈ। ਖਾਲਸੇ ਨੂੰ, ਖਾਣਾ ਖਲਾਵਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਰਹਿਣ, ਇਸੇ ਵਾਸਤੇ ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹੈਨ।

(ਝ) ਜਿਸ ਇਸਤਰੀ ਦਾ ਭਰਤਾ ਕਾਲ–ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।

(ਞ) ਪਨੁਰ ਵਿਆਹ ਦੀ ਵੀ ਇਹੋ ਰੀਤ ਹੈ, ਜੋ 'ਅਨੰਦ' ਲਈ ਉਤੇ ਦੱਸੀ ਹੈ।

(ਟ) ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।

(ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ।

## 3) ਮਿਰਤਕ ਸੰਸਕਾਰ

(ੳ) ਪ੍ਰਾਣੀ ਨੂੰ ਮਰਨ ਵੇਲੇ– ਜੇ ਮੰਜੇ ਤੇ ਹੋਵੇ ਤਾਂ– ਹੇਠਾਂ ਨਹੀਂ ਉਤਾਰਨਾ, ਦੀਵਾ–ਵੱਟੀ, ਗਊ ਮਣਸਾਉਣਾ ਜਾਂ ਹੋਰ ਕੋਈ ਮਨਮਤ ਸੰਸਰ੍ਹਕਾਰ ਨਹੀਂ ਕਰਨਾ ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ 'ਵਾਹਿਗੁਰੂ' 'ਵਾਹਿਗੁਰੂ' ਕਰਨਾ।

(ਅ) ਪ੍ਰਾਣੀ ਦੇ ਦੇਹ ਤਿਆਗਣ ਤੇ ਧਾਹ ਨਹੀਂ ਮਾਰਨੀ, ਪਿੱਟਣਾ ਜਾਂ ਸਿਆਪਾ ਨਹੀਂ ਕਰਨਾ, ਮਨ ਨੂੰ ਵਾਹਿਗੁਰੂ ਦੀ ਰਜ਼ਾ ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂ ਦਾ ਜਾਪ ਕਰੀ ਜਾਣਾ ਚੰਗਾ ਹੈ।

(ੲ) ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਨਾ ਚਾਹੀਏ। ਜਿੱਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ। ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕੇ ਵਰਤਣ ਤੋਂ ਸ਼ੰਕਾ ਨਹੀਂ ਕਰਨੀ।

(ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।

(ਹ) ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਛ ਬਸਤ੍ਰ ਪਾਏ ਜਾਣ ਤੇ ਕਕਾਰ ਜੁਦਾ ਨਾ ਕੀਤੇ ਜਾਣ। ਫਿਰ ਤਖ਼ਤੇ ਉਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ। ਨਾਲ ਵੈਰਾਗਮਈ ਸ਼ਬਦ ਦਾ ਉਚਾਰਨ ਕੀਤਾ ਜਾਵੇ। ਸਸਕਾਰ ਦੀ ਥਾਂ 'ਤੇ ਪਹੁੰਚ ਕੇ ਚਿਖਾ ਰਚੀ ਜਾਵੇ। ਫਿਰ ਸਰੀਰ ਨੂੰ ਅਗਨੀ ਭੇਟਾ ਲਈ ਅਰਦਾਸਾ ਸੋਧਿਆ ਜਾਵੇ। ਫਿਰ ਪ੍ਰਾਣੀ ਨੂੰ ਅੰਗੀਠੇ ਉਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿਥ 'ਤੇ ਬਹਿ ਕੇ ਕੀਰਤਨ ਕਰੇ ਜਾਂ ਵੈਰਾਗਮਈ ਸ਼ਬਦ ਪੜ੍ਹੇ। ਜ਼ਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ (ਕਪਾਲਿ ਕਿਰਿਆ ਆਦਿ ਕਰਨਾ ਮਨਮਤ ਹੈ) ਕੀਰਤਨ ਸੋਹਿਲੇ ਦਾ ਪਾਠ ਕਰਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ। ਘਰ ਆ ਕੇ ਜਾਂ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਕੇ ਅਰਦਾਸਾ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸਬੰਧੀਆਂ ਦੇ ਸੌਖ ਨੂੰ ਮੁਖ ਰੱਖ ਕੇ ਨੀਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸਬੰਧੀ ਰੱਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। 'ਦੁਸਿਹਰੇ' ਦੇ ਪਿੱਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।

(ਕ) ਮਿਰਤਕ ਪ੍ਰਾਣੀ ਦਾ 'ਅੰਗੀਠਾ' ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ, ਜਾਂ ਉਥੇ ਹੀ ਦੱਬ ਕੇ ਜਿਮੀਂ ਬਰਾਬਰ ਕਰ ਦਿੱਤੀ ਜਾਵੇ। ਸਸਕਾਰ ਅਸਥਾਨ ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾ ਹੈ।

(ਖ) ਅਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁਢਾ ਮਰਨਾ ਆਦਿ ਕਰਨਾ ਮਨਮੱਤ ਹੈ। ਅੰਗੀਠੇ ਵਿਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਣੇ ਮਨਮਤ ਹੈ।

## 4) ਹੋਰ ਰੀਤੀਆਂ

ਇਨ੍ਹਾਂ ਸੰਸਕਾਰਾਂ ਤੋਂ ਛੁੱਟ ਸਮੇਂ ਸਮੇਂ ਜੋ ਭੀ ਖੁਸ਼ੀ ਗਮੀ ਦਾ ਮੌਕਾ ਆ ਬਣੇ (ਜਿਵੇਂ ਨਵੇਂ ਮਕਾਨ ਵਿਚ ਪ੍ਰਵੇਸ਼ ਕਰਨਾ, ਨਵੀਂ ਦੁਕਾਨ ਖੋਲ੍ਹਣਾ, ਬਾਲਕ ਨੂੰ ਮਦਰੱਸੇ ਪਾਉਣਾ ਆਦਿ) ਤਾਂ ਸਿੱਖ ਨੂੰ ਚਾਹੀਏ ਕਿ ਵਾਹਿਗੁਰੂ ਦੀ ਸਹਾਇਤਾ ਲਈ ਅਰਦਾਸਾ ਸੋਧੇ। ਸਿੱਖੀ ਵਿਚ ਸਾਰੇ ਸੰਸਕਾਰਾਂ ਦਾ ਜ਼ਰੂਰੀ ਅੰਗ ਬਾਣੀ ਦਾ ਪਾਠ ਅਤੇ ਅਰਦਾਸਾ ਹੈ।

### 3) ਸੇਵਾ

ਸੇਵਾ ਸਿੱਖ ਧਰਮ ਦਾ ਇਕ ਉੱਘਾ ਅੰਗ ਹੈ। ਇਸ ਨੂੰ ਨਮੂਨੇ ਮਾਤ੍ਰ ਸਿਖਾਉਣ ਲਈ ਗੁਰਦੁਆਰੇ 'ਚ ਹੀ ਪ੍ਰਬੰਧ ਕੀਤਾ ਹੁੰਦਾ ਹੈ। ਸਾਧਾਰਨ ਰੂਪ ਇਸ ਦੇ ਇਹ ਹਨ– ਗੁਰਦੁਆਰੇ ਦਾ ਝਾੜੂ, ਲੇਪਣ, ਸੰਗਤਾਂ ਦੀ ਪਾਣੀ ਪੱਖੇ ਦੀ ਸੇਵਾ, ਲੰਗਰ ਦੀ ਸੇਵਾ, ਜੋੜੇ ਝਾੜਨ ਆਦਿ।

(ੳ) ਗੁਰੂ ਕਾ ਲੰਗਰ–ਇਸ ਦੇ ਦੋ ਭਾਵ ਹਨ: ਇੱਕ ਸਿੱਖਾਂ ਨੂੰ ਸੇਵਾ ਸਿਖਾਉਣਾ, ਦੂਜਾ ਊਚ–ਨੀਚ, ਛੂਤ–ਛਾਤ ਦਾ ਭਰਮ ਮਿਟਾਉਣਾ।

(ਅ) ਗੁਰੂ ਕੇ ਲੰਗਰ ਵਿੱਚ ਬੈਠ ਕੇ ਊਚ–ਨੀਚ, ਕਿਸੇ ਜ਼ਾਤ ਜਾਂ ਵਰਣ ਦਾ ਪ੍ਰਾਣੀ ਪ੍ਰਸ਼ਾਦਾ ਛੱਕ ਸਕਦਾ ਹੈ। ਪੰਗਤ ਵਿੱਚ ਬਿਠਾਉਣ ਲੱਗਿਆਂ ਕਿਸੇ ਦੇਸ਼ ਵਰਣ, ਜਾਤਿ ਜਾਂ ਵਰਣ ਦਾ ਵਿਤਕਰਾ ਨਹੀਂ ਕਰਨਾ। ਹਾਂ ਇੱਕ ਥਾਲੀ ਵਿੱਚ ਕੇਵਲ ਅੰਮ੍ਰਿਤਧਾਰੀ ਸਿੱਖ ਹੀ ਪ੍ਰਸ਼ਾਦਾ ਛੱਕ ਸਕਦੇ ਹਨ।

# ਪੰਥਕ ਰਹਿਣੀ

1. ਗੁਰੂ ਪੰਥ
2. ਅੰਮ੍ਰਿਤ ਸੰਸਕਾਰ
3. ਤਨਖਾਹ ਲਾਉਣ ਦੀ ਵਿਧੀ
4. ਗੁਰਮਤਾ ਕਰਨ ਦੀ ਵਿਧੀ
5. ਸਥਾਨਕ ਫੈਸਲਿਆਂ ਦੀ ਅਪੀਲ

## 1) ਗੁਰੂ ਪੰਥ

ਸੇਵਾ, ਕੇਵਲ ਪੱਖੇ ਲੰਗਰ ਆਦਿ ਤੇ ਹੀ ਨਹੀਂ ਮੁੱਕ ਜਾਂਦੀ, ਸਿੱਖ ਦੀ ਸਾਰੀ ਜਿੰਦਗੀ ਪਰਉਪਕਾਰ ਵਾਲੀ ਹੈ। ਸੇਵਾ, ਸਫਲ ਉਹ ਹੈ, ਜੋ ਥੋੜੇ ਯਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ। ਇਹ ਗੱਲ ਜਥੇਬੰਦੀ ਦੇ ਰਾਹੀਂ ਹੋ

ਸਕਦੀ ਹੈ। ਸਿੱਖ ਨੇ ਇਸ ਲਈ ਸਖ਼ਸ਼ੀ ਧਰਮ ਪੂਰਾ ਕਰਦਿਆਂ ਹੋਇਆਂ ਨਾਲ ਹੀ ਪੰਥਕ ਫ਼ਰਜ ਭੀ ਪੂਰੇ ਕਰਨੇ ਹਨ। ਇਸ ਜਥੇਬੰਦੀ ਦਾ ਨਾਮ ਪੰਥ ਹੈ। ਹਰ ਇੱਕ ਨੇ 'ਪੰਥ' ਦਾ ਇੱਕ ਅੰਗ ਹੋ ਕੇ ਭੀ ਆਪਣਾ ਧਰਮ ਨਿਭਾਉਣਾ ਹੈ।

(ੳ) 'ਗੁਰੂ ਪੰਥ': ਤਿਆਰ–ਬਰ–ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।

## 2) ਅੰਮ੍ਰਿਤ ਸੰਸਕਾਰ

(ੳ) ਅੰਮ੍ਰਿਤ ਛਕਾਉਣ ਲਈ ਇੱਕ ਖਾਸ ਅਸਥਾਨ ਤੇ ਪ੍ਰਬੰਧ ਹੋਵੇ, ਉੱਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।

(ਅ) ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘੱਟ ਤੋ ਘੱਟ ਛੇ ਤਿਆਰ–ਬਰ–ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ ਚੋਂ ਇੱਕ ਤਾਬਿਆ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਉਣ ਲਈ ਹੋਣ। ਇਹਨਾਂ ਵਿੱਚ ਸਿੰਘਣੀਆਂ ਭੀ ਹੋ ਸਕਦੀਆਂ ਹਨ। ਇਨ੍ਹਾਂ ਸਾਰਿਆਂ ਨੇ ਕੇਸੀ ਇਸ਼ਨਾਨ ਕੀਤਾ ਹੋਵੇ।

(ੲ) ਇਨ੍ਹਾਂ ਪੰਜਾਂ ਪਿਆਰਿਆਂ ਵਿੱਚ ਕੋਈ ਅੰਗ–ਹੀਣ (ਅੰਨਾ, ਕਾਣਾ, ਲੰਙਾ, ਲੂਲਾ, ਜਾਂ ਦੀਰਘ ਰੋਗ ਵਾਲਾ) ਨਾ ਹੋਵੇ, ਕੋਈ ਤਨਖਾਹੀਆਂ ਨਾ ਹੋਵੇ। ਸਾਰੇ ਤਿਆਰ–ਬਰ–ਤਿਆਰ ਦਰਸ਼ਨੀ ਸਿੰਘ ਹੋਣ।

(ਸ) ਹਰ ਦੇਸ਼, ਹਰ ਮਜ਼ਬ ਤੇ ਜਾਤੀ ਦੇ ਹਰ ਇਸਤਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖ ਧਰਮ ਗ੍ਰਹਿਣ ਕਰਨ ਤੇ ਉਸਦੇ ਅਸੂਲਾਂ ਉੱਪਰ ਚਲਣ ਦਾ ਪ੍ਰਣ ਕਰੇ।

ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ। ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀ ਇਸ਼ਨਾਨ ਕੀਤਾ ਹੋਵੇ ਅਤੇ ਹਰ ਇੱਕ ਪੰਜ ਕਕਾਰ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿਨ੍ਹ ਨਾ ਹੋਵੇ, ਸਿਰ ਨੰਗਾ ਜਾਂ ਟੋਪੀ ਨਾ ਹੋਵੇ ,ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾ ਨਾਲ ਹੱਥ ਜੋੜ ਕੇ ਗੁਰੂ ਜੀ ਦੇ ਹਜ਼ੂਰ ਖੜੇ ਹੋਣਾ।

(ਹ) ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛੱਕਣਾ ਹੋਵੇ ਤਾਂ ਉਸਨੂੰ ਅੱਡ ਕਰਕੇ ਸੰਗਤ ਵਿੱਚ ਪੰਜ ਪਿਆਰੇ ਤਨਖਾਹ ਲਾ ਲੈਣ।

(ਕ) ਅੰਮ੍ਰਿਤ ਛਕਾਉਣ ਵਾਲਿਆਂ ਪੰਜ ਪਿਆਰਿਆਂ ' ਚੋਂ ਕੋਈ ਇੱਕ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿੱਖ ਧਰਮ ਦੇ ਅਸੂਲ ਸਮਝਾਵੇ–

ਸਿੱਖ ਧਰਮ ਵਿੱਚ ਕਿਰਤਮ ਦੀ ਪੂਜਾ ਤਿਆਗ ਕੇ ਇੱਕ ਕਰਤਾਰ ਦੀ ਪ੍ਰੇਮਾ–ਭਗਤੀ ਤੇ ਉਪਾਸ਼ਨਾ ਦੱਸੀ ਹੈ। ਇਸ ਦੀ ਪੂਰਨਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ

ਅੰਮ੍ਰਿਤ ਛੱਕ ਕੇ ਰਹਿਤ–ਬਹਿਤ ਰੱਖਣਾ ਮੁੱਖ ਸਾਧਨ ਹਨ, ਆਦਿ। ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ ਕਰਦੇ ਹੋ?

(ਖ) ਹਾਂ ਦਾ ਜਵਾਬ ਆਉਣ ਤੇ ਪਿਆਰਿਆਂ 'ਚੋਂ ਇੱਕ ਸੱਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰਕੇ ਹੁਕਮ ਲਵੇ। ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ।

(ਗ) ਬਾਟਾ ਸਰਬ–ਲੋਹ ਦਾ ਹੋਵੇ ਤੇ ਚੌਕੀ, ਸੁਨਹਿਰੇ ਆਦਿ ਕਿਸੇ ਸਵੱਛ ਚੀਜ ਪੁਰ ਰੱਖਿਆ ਹੋਵੇ।

(ਘ) ਬਾਟੇ ਵਿੱਚ ਸਵੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ–ਗਿਰਦ ਬੀਰ ਆਸਨ ਹੋ ਕੇ ਬੈਠ ਜਾਣ।

(ਙ) ਤੇ ਇਹਨਾਂ ਬਾਣੀਆਂ ਦਾ ਜਾਪ ਕਰਨ:

ਜਪੁ, ਜਾਪੁ, 10 ਸਵੱਯੇ(ਸ੍ਰਾਵਗ ਸੁਧ ਵਾਲੇ), ਬੇਨਤੀ ਚੌਪਈ (ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ ਦੁਸ਼ਟ ਦੋਖ ਤੇ ਲੇਹੁ ਬਚਾਈ ਤਕ), ਅਨੰਦ ਸਾਹਿਬ।

(ਚ) ਹਰ ਇੱਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਡੇ 'ਤੇ ਧਰੇ ਤੇ ਸੱਜੇ ਹੱਥ ਨਾਲ ਖੰਡਾ ਜਲ ਵਿੱਚ ਫੇਰੀ ਜਾਵੇ ਸੁਰਤ ਇਕਾਗਰ ਹੋਵੇ। ਬਾਕੀਆਂ ਦੇ ਦੋਵੇਂ ਹੱਥ ਬਾਟੇ ਦੇ ਕੰਡੇ 'ਤੇ ਧਿਆਨ ਅੰਮ੍ਰਿਤ ਵਲ ਟਿਕੇ।

(ਛ) ਪਾਠ ਹੋਣ ਮਗਰੋਂ ਪਿਆਰਿਆਂ ਵਿੱਚੋਂ ਕੋਈ ਇੱਕ ਅਰਦਾਸ ਕਰੇ।

(ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ ਵਿੱਚ ਹਿੱਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿੱਚ ਸ਼ਾਮਲ ਹੋ ਸਕਦਾ ਹੈ।

(ਝ) ਹੁਣ ਕਲਘੀਧਰ ਦਸ਼ਮੇਸ਼ ਪਿਤਾ ਦਾ ਧਿਆਨ ਧਰ ਕੇ ਹਰ ਇੱਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ– ਆਸਨ ਕਰਵਾ ਕੇ ਉਸ ਦੇ ਖੱਬੇ ਹੱਥ ਉੱਪਰ ਸੱਜਾ ਹੱਥ ਰਖਾ ਕੇ ਪੰਜ ਚੂਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੂਲੇ ਨਾਲ ਇਹ ਕਿਹਾ ਜਾਵੇ:–

ਬੋਲ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ।' ਛਕਣ ਵਾਲਾ ਛਕ ਕੇ ਕਹੇ : 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ।' ਫਿਰ ਛੱਟੇ ਅੰਮ੍ਰਿਤ ਦੇ ਨੇਤਰਾਂ ਪਰ ਲਾਏ ਜਾਣ। ਫਿਰ ਇੱਕ ਛੱਟੇ ਨਾਲ ਛਕਾਉਣ ਵਾਲੇ ਦੇ ਪਿਛੇ–ਪਿਛੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ' ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸਨੂੰ ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਅਤੇ ਸਿੱਖਣੀਆਂ) ਰਲ ਕੇ ਛਕਣ।

(ਞ) ਉਪਰੰਤ ਪੰਜੇ ਪਿਆਰੇ ਰਲ ਕੇ ਇੱਕੋ ਅਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ 'ਵਾਹਿਗੁਰੂ' ਦਾ ਨਾਮ ਦਸ ਕੇ ਮੂਲ ਮੰਤ੍ਰ ਸੁਨਾਣ ਤੇ ਉਹਨਾ ਪਾਸੋਂ ਇਸ ਦਾ ਰਟਨ ਕਰਾਉਣ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

(ਟ) ਫਿਰ ਪੰਜਾਂ ਪਿਆਰਿਆਂ ਵਿੱਚੋਂ ਕੋਈ ਸੱਜਣ ਰਹਿਤ ਦੱਸੇ– ਅੱਜ ਤੋਂ ਤੁਸੀਂ 'ਸਤਿਗੁਰ ਕੈ ਜਨਮ ਗਵਨ ਮਿਟਾਇਆ' ਹੈ ਅਤੇ ਖਾਲਸਾ ਪੰਥ ਵਿੱਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਿਕ ਪਿਤਾ ਸ੍ਰੀ ਗੁਰੂ ਗਬਿੰਦ ਸਿੰਘ ਜੀ ਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਹਨ। ਜਨਮ ਆਪ ਦਾ ਕੇਸ ਗੜ੍ਹ ਸਾਹਿਬ ਦਾ ਤੇ ਵਾਸੀ ਅਨੰਦਪੁਰ ਸਾਹਿਬ ਦੇ ਹੈ। ਤੁਸੀਂ ਇੱਕ ਪਿਤਾ ਦੇ ਪੁੱਤਰ ਹੋਣ ਕਰਕੇ ਆਪਸ ਵਿੱਚ ਤੇ ਹੋਰ ਸਾਰੇ ਅੰਮ੍ਰਿਤ–ਧਾਰੀਆਂ ਦੇ ਧਾਰਮਿਕ ਭਰਾਤਾ ਹੋ। ਤੁਸੀਂ ਪਿਛਲੀ ਕੁਲ, ਕਿਰਤ, ਕਰਮ, ਧਰਮ ਦਾ ਤਿਆਗ ਕਰਕੇ ਅਰਥਾਤ ਪਿਛਲੀ ਜ਼ਾਤ–ਪਾਤ , ਜਨਮ, ਦੇਸ਼, ਮਜ਼੍ਹਬ ਦਾ ਖਿਆਨ ਛੱਡ ਕੇ ਨਿਰੋਲ ਖਾਲਸਾ ਬਣ ਗਏ ਹੋ। ਇੱਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵਾ ਦੇਵਤੇ , ਅਵਤਾਰ ਪੈਗੰਬਰ ਦੀ ਉਪਾਸ਼ਨਾ ਨਹੀਂ ਕਰਨੀ। ਦੱਸੋ ਗੁਰੂ ਸਾਹਿਬਾਨ ਨੂੰ ਤੇ ਉਹਨਾਂ ਦੀ ਬਾਣੀ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ। ਤੁਸੀਂ ਗੁਰਮੁਖੀ ਜਾਣਦੇ ਹੋ (ਜੇ ਨਹੀਂ ਜਾਣਦੇ ਤਾਂ ਸਿੱਖ ਲਓ) ਅਤੇ ਹਰ ਰੋਜ਼ ਘੱਟ ਤੋਂ ਘੱਟ ਇਹਨਾਂ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ, ਜਾਂ ਸੁਣਨਾ:

ਜਪੁ, ਜਾਪੁ, 10 ਸਵੱਯੇ ('ਸ੍ਰਾਵਗ ਸੁਧ' ਵਾਲੇ) ਸੋਦਰੁ ਰਹਿਰਾਸ ਤੇ ਸੋਹਿਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ, ਪੰਜਾਂ ਕੱਕਿਆਂ ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ–ਸੰਗ ਰੱਖਣਾ।

ਇਹ ਚਾਰ ਕੁਰਹਿਤਾਂ ਨਹੀਂ ਕਰਨੀਆਂ:

1) ਕੇਸਾਂ ਦੀ ਬੇ–ਅਦਬੀ।

2) ਕੁੱਠਾ ਖਾਣਾ।

3) ਪਰ–ਇਸਤਰੀ ਜਾਂ ਪਰ–ਪੁਰਸ਼ ਦਾ ਗਮਨ (ਭੋਗਣਾ)।

4) ਤਮਾਕੂ ਦਾ ਵਰਤਣਾ।

ਇਹਨਾਂ ਵਿੱਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਵੇਗਾ। ਆਪਣੀ ਇੱਛਾ ਵਿਰੁੱਧ ਅਨਭੋਲ ਹੀ ਕੋਈ ਕੁਰਹਿਤ ਜੋ ਜਾਵੇ ਤਾਂ ਕੋਈ ਦੰਡ ਨਹੀਂ। ਸਿਰਗੁੰਮ, ਨੜੀਮਾਰ (ਜੋ ਸਿੱਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ। ਪੰਥ ਸੇਵਾ ਅਤੇ ਗੁਰਦੁਆਰਿਆਂ ਦੀ ਟਹਿਲ ਵਿੱਚ ਤਤਪਰ ਰਹਿਣਾ, ਆਪਣੀ ਕਮਾਈ ਵਿੱਚੋਂ ਗੁਰੂ ਕਾ ਦਸਵੰਧ ਦੇਣਾ ਅਤੇ ਸਾਰੇ ਕੰਮ ਗੁਰਮਤਿ ਅਨੁਸਾਰ ਕਰਨੇ। ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿੱਚ ਇਕ ਸੂਤ ਪਰੋਏ ਰਹਿਣਾ, ਰਹਿਤ ਵਿੱਚ ਕੋਈ ਭੁੱਲ ਹੋ ਜਾਵੇ ਤਾਂ ਖਾਲਸੇ ਦੇ ਦੀਵਾਨ ਵਿੱਚ ਹਾਜ਼ਰ ਹੋ ਕੇ ਬੇਨਤੀ ਕਰਕੇ ਤਨਖਾਹ ਬਖਸ਼ਾਉਣੀ। ਅੱਗੇ ਲਈ ਸਾਵਧਾਨ ਰਹਿਣਾ।

(ਠ) ਤਨਖਾਹੀਏ ਇਹ ਹਨ:

1. ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ, ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖਾਹੀਆ ਹੋ ਜਾਂਦਾ ਹੈ।

2. ਬੇ–ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।

3. ਦਾਹੜਾ ਰੰਗਣ ਵਾਲਾ।

4. ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ।

5. ਕੋਈ ਨਸ਼ਾ (ਭੰਗ, ਅਫੀਮ, ਸ਼ਰਾਬ, ਪੋਸਤ, ਕੁਕੀਨ ਆਦਿਕ) ਵਰਤਣ ਵਾਲਾ।

6. ਗੁਰਮਤਿ ਤੋਂ ਵਿਰੁੱਧ ਕੋਈ ਸੰਸਕਾਰ ਕਰਨ ਵਾਲਾ।

7. ਰਹਿਤ ਵਿਚ ਕੋਈ ਭੁੱਲ ਕਰਨ ਵਾਲਾ।

(ਡ) ਇਹ ਸਿੱਖਿਆ ਦੇਣ ਤੋਂ ਉਪਰੰਤ ਪੰਜਾਂ ਪਿਆਰਿਆਂ ਵਿਚੋਂ ਕੋਈ ਸੱਜਣ ਅਰਦਾਸਾ ਕਰੇ।

(ਢ) ਫਿਰ ਤਾਬਿਆ ਬੈਠਾ ਸਿੰਘ 'ਹੁਕਮ' ਲਵੇ, ਜਿਨ੍ਹਾਂ ਨੇ ਅੰਮ੍ਰਿਤ ਛੱਕਿਆ ਹੈ, ਉਹਨਾਂ ਵਿੱਚੋਂ ਜੇ ਕਿਸੇ ਦਾ ਨਾਮ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਹੀਂ ਰੱਖਿਆ ਹੋਇਆ, ਉਸ ਦਾ ਨਾਮ ਹੁਣ ਬਦਲਾ ਕੇ ਰੱਖਿਆ ਜਾਵੇ।

(ਣ) ਅੰਤ ਕੜਾਹ ਪ੍ਰਸ਼ਾਦਿ ਵਰਤੇ। ਜਹਾਜ਼ ਚੜ੍ਹੇ ਸਾਰੇ ਸਿੰਘ ਸਿੰਘਣੀਆਂ ਇੱਕੋ ਬਾਟੇ ਵਿੱਚੋਂ ਕੜਾਹ ਪ੍ਰਸ਼ਾਦਿ ਰਲ ਕੇ ਛਕਣ।

## 3) ਤਨਖਾਹ ਲਾਉਣ ਦੀ ਵਿਧੀ

(ੳ) ਜਿਸ ਕਿਸੇ ਪਾਸੋਂ ਰਹਿਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ–ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁੱਖ ਖੜੋ ਕੇ ਆਪਣੀ ਭੁੱਲ ਮੰਨੇ।

(ਅ) ਗੁਰ–ਸੰਗਤ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ ਗੁਰੂ–ਸੰਗਤ ਪਾਸ ਤਨਖਾਹ (ਦੰਡ) ਤਜਵੀਜ਼ ਕਰਨ।

(ੲ) ਸੰਗਤ ਨੂੰ ਬਖਸ਼ਣ ਵੇਲੇ ਹੱਠ ਨਹੀਂ ਕਰਨਾ ਚਾਹੀਦਾ। ਨਾ ਹੀ ਤਨਖਾਹ ਲੁਆਣ ਵਾਲੇ ਨੂੰ ਦੰਡ ਭਰਨ ਵਿੱਚ ਅੜੀ ਕਰਨੀ ਚਾਹੀਦੀ ਹੈ। ਤਨਖਾਹ ਕਿਸੇ ਕਿਸਮ ਦੀ ਸੇਵਾ, ਖਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ।

(ਸ) ਅੰਤ ਸੋਧ ਦੀ ਅਰਦਾਸ ਹੋਵੇ।

## 4. ਗੁਰਮਤਾ ਕਰਨ ਦੀ ਵਿਧੀ

(ੳ) ਗੁਰਮਤਾ ਕੇਵਲ ਉਨ੍ਹਾਂ ਸਵਾਲਾਂ 'ਤੇ ਹੀ ਹੋ ਸਕਦਾ ਹੈ, ਜੋ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ, ਅਰਥਾਤ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਪੱਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ–ਬਹਿਤ, ਪੰਥ ਦੀ ਬਨਾਵਟ, ਆਦਿ ਨੂੰ ਕਾਇਮ ਰੱਖਣ ਬਾਬਤ। ਹੋਰ ਕਿਸੇ ਕਿਸਮ ਦੇ ਸਧਾਰਨ (ਧਾਰਮਿਕ, ਵਿਦਿਅਕ, ਸਮਾਜਕ, ਪੁਲੀਟੀਕਲ) ਸਵਾਲ ਉੱਤੇ ਕੇਵਲ ਮਤਾ ਹੋ ਸਕਦਾ ਹੈ।

(ਅ) ਇਹ ਗੁਰਮਤਾ ਗੁਰੂ ਪੰਥ ਦਾ ਚੁਣਿਆ ਹੋਇਆ ਕੇਵਲ ਸ਼੍ਰੋਮਣੀ ਜਥਾ ਜਾਂ ਗੁਰੂ–ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ।

## 5. ਸਥਾਨਕ ਫੈਸਲਿਆਂ ਦੀ ਅਪੀਲ

ਸਥਾਨਕ ਗੁਰ–ਸੰਗਤਾਂ ਦੇ ਫੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਹੋ ਸਕਦੀ ਹੈ।

**ਸੁੱਖ ਵੇਲੇ ਸ਼ੁਕਰਾਨਾ**

**ਦੁਖ ਵੇਲੇ ਅਰਦਾਸ**

**ਹਰ ਵੇਲੇ ਸਿਮਰਨ**

ਇਸ ਸੰਸਾਰ ਦੇ ਅੰਦਰ ਕੋਈ ਵੀ ਮਨੁੱਖ ਪੂਰਨ ਸੁਖੀ ਨਹੀਂ, ਸਾਡੇ ਸਾਰਿਆਂ ਦੇ ਜੀਵਨ ਵਿੱਚ ਕੋਈ ਨਾ ਕੋਈ ਦੁਖ ਬਣਿਆ ਰਹਿੰਦਾ ਹੈ। ਕੇਵਲ ਉਹੀ ਮਨੁੱਖ ਸੁਖੀ ਹੈ, ਜਿਸ ਨੂੰ ਵਾਹਿਗੁਰੂ–ਨਾਮ ਦੀ ਟੇਕ ਤੇ ਆਸਰਾ ਹੈ। ਜਿਸਨੇ ਆਪਣਾ ਆਪ ਵਾਹਿਗੁਰੂ ਨੂੰ ਸਮਰਪਿਤ ਕਰ ਦਿੱਤਾ ਹੈ ਤੇ ਉਸਦੀ ਰਜਾ ਵਿੱਚ ਹੀ ਜੀਵਨ ਬਤੀਤ ਕਰ ਰਿਹਾ ਹੈ। ਦੁਖ ਦੀ ਨਵਿਰਤੀ ਦਾ ਓਪਾਅ ਕਰਨਾ ਮਨੁੱਖ ਦਾ ਯੋਗ ਕਰਤੱਵ ਹੈ ਤੇ ਇਸਦੀ ਪੂਰਤੀ ਲਈ ਗੁਰੂ ਸਾਹਿਬ ਨੇ ਸਾਨੂੰ ਧੁਰ ਕੀ ਬਾਣੀ, ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਰਦਾਸ ਦੇ ਸ਼ਬਦ ਬਖਸ਼ਿਸ਼ ਕੀਤੇ ਹਨ। ਸੱਚੇ ਵੈਦ, ਪੂਰਨ ਸਤਿਗੁਰਾਂ ਨੇ ਸੁਖ–ਸ਼ਾਂਤੀ ਇਹ ਜੋ ਉਪਾਅ ਸਾਨੂੰ ਦੱਸਿਆ ਹੈ ਇਸਨੂੰ ਉਹਨਾਂ ਨੇ ਆਪ ਵੀ ਆਪਣੇ ਜੀਵਨ ਵਿੱਚ ਬਾਖੂਬੀ ਹੰਡਾਇਆ ਹੈ। ਉਦਾਹਰਨ ਦੇ ਤੌਰ 'ਤੇ ਇੱਥੇ ਅਸੀਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ 34 ਸ਼ਬਦ ਪ੍ਰੋਫੈਸਰ ਸਾਹਿਬ ਸਿੰਘ ਦੁਆਰਾ ਕੀਤੇ ਅਰਥਾਂ ਸਹਿਤ ਆਪ ਜੀ ਦੀ ਸੇਵਾ ਵਿੱਚ ਭੇਂਟ ਕਰ ਰਹੇ ਹਾਂ। ਜਿਨ੍ਹਾਂ ਵਿੱਚ ਗੁਰੂ ਸਾਹਿਬ ਨੇ ਹਰ ਪ੍ਰਕਾਰ ਦੇ ਦੁਖ ਤੇ ਰੋਗ ਦੇ ਖਾਤਮੇ ਲਈ ਪ੍ਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕੀਤੀ ਹੈ। ਇਹਨਾਂ ਸ਼ਬਦਾਂ ਨੂੰ ਧਿਆਨ ਨਾਲ ਪੜ੍ਹਨ ਤੇ ਅਰਦਾਸ ਅਤੇ ਬੇਨਤੀ ਦੀ ਭਾਵਨਾ ਪ੍ਰਬਲ ਰੂਪ ਵਿੱਚ ਦ੍ਰਿਸ਼ਟੀਗੋਚ ਹੁੰਦੀ ਹੈ। ਇਸ ਲਈ ਸਾਨੂੰ ਕਦੇ ਵੀ ਸੁੱਖਾਂ ਦੇ ਦਾਤੇ ਵਾਹਿਗੁਰੂ ਤੋਂ ਬੇਮੁੱਖ ਹੋ ਕੇ ਦੁਖ ਨਵਿਰਤੀ ਦਾ ਉਪਾਅ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਕਰਨਾ ਤਾਂ ਦੁੱਖਾਂ ਨੂੰ ਆਪ ਹੀ ਅਵਾਜਾਂ ਮਾਰਨ ਵਾਲੀ ਗੱਲ੍ਹ ਹੈ। ਗੁਰੂ ਸਾਹਿਬ ਨੇ ਸਭ ਪ੍ਰਕਾਰ ਦੇ ਦੁੱਖਾਂ

ਤੋਂ ਛੁਟਕਾਰਾ ਪਾਉਣ ਜੁਗਤੀ ਦਰਸਾਉਂਦਿਆਂ ਇਹ ਸਪੱਸ਼ਟ ਕੀਤਾ ਹੈ ਕਿ ਪ੍ਰਭੂ ਨਾਮ ਨੂੰ ਸਿਮਰਿਆਂ ਹੀ ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਹੋ ਸਕਦਾ ਹੈ। ਪ੍ਰਭੂ ਦਾ ਇਲਾਹੀ ਨਾਮ ਹੀ ਦੁਖ ਭੰਜਨ ਭਾਵ ਦੁੱਖਾਂ ਦਾ ਨਾਸ ਕਰਨ ਵਾਲਾ ਹੈ। ਇਸ ਲਈ ਗੁਰਬਾਣੀ ਨੂੰ ਧਿਆਨ ਨਾਲ ਪੜ੍ਹ ਕੇ, ਵਿਚਾਰ ਕੇ, ਬਾਣੀ ਵਿੱਚ ਦਰਸਾਏ ਪ੍ਰਭੂ ਗੁਣਾਂ ਨੂੰ ਆਪਣੇ ਹਿਰਦੇ ਵਿੱਚ ਵਸਾਉਣ ਨਾਲ ਹੀ ਅਸੀਂ ਸਦੀਵੀਂ ਸੁੱਖ ਪ੍ਰਾਪਤ ਕਰਕੇ ਜੀਵਨ ਮੁਕਤ ਹੋ ਸਕਦੇ ਹਾਂ। ਵੈਸੇ ਤਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਦੀ ਸਾਰੀ ਬਾਣੀ ਹੀ (ਇਕ ਓਅੰਕਾਰ ਤੋਂ ਅਠਾਰਹ ਦਸ ਬੀਸ ਤਕ) ਅਕਾਲ ਪੁਰਖ ਪ੍ਰਮਾਤਮਾ ਦੇ ਚਰਨਾਂ ਵਿੱਚ ਕੀਤੀਆਂ ਅਰਦਾਸਾਂ, ਬੇਨਤੀਆਂ, ਜੋਦੜੀਆਂ ਅਤੇ ਸ਼ੁਕਰਾਨੇ ਦੀ ਭਾਵਨਾ ਨਾਲ ਸ਼ਿੰਗਾਰੀ ਹੋਈ ਹੈ ਪਰ ਇੱਥੇ ਉਚੇਚੇ ਤੌਰ ’ਤੇ ਅਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਇਹ ਚੋਣਵੇਂ ਸ਼ਬਦ ਹੱਥਲੀ ਪੁਸਤਕ ਵਿੱਚ ਦਰਜ਼ ਕਰ ਰਹੇ ਹਾਂ।

1

ਗਉੜੀ ਮਹਲਾ 5 ਮਾਂਝ॥

ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥ ਆਠ ਪਹਰ ਅਰਾਧੀਐ ਪੂਰਨ ਸਤਿਗੁਰ ਗਿਆਨੁ॥1॥ਰਹਾਉ॥ ਜਿਤੁ ਘਟਿ ਵਸੈ ਪਾਰਬ੍ਰਹਮ ਸੋਈ ਸੁਹਾਵਾ ਥਾਉ॥ ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ॥1॥ ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ॥ ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ॥2॥ ਭਏ ਕ੍ਰਿਪਾਲ ਗੁਸਾਈਆ ਨਠੇ ਸੋਗ ਸੰਤਾ॥ ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ॥3॥ ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰ॥ ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ॥4॥2॥170॥(ਅੰਗ 218)

ਅਰਥ: ਹੇ ਪ੍ਰਭੂ! ਤੇਰਾ ਨਾਮ ਦੁੱਖਾਂ ਦਾ ਨਾਸ ਕਰਨ ਵਾਲਾ ਹੈ, ਤੇਰਾ ਨਾਮ ਦੁੱਖਾਂ ਦਾ ਨਾਸ ਕਰਨ ਵਾਲਾ ਹੈ। (ਹੇ ਭਾਈ!) ਇਹ ਨਾਮ ਅੱਠੇ ਪਹਿਰ ਸਿਮਰਨਾ ਚਾਹੀਦਾ ਹੈ– ਪੂਰੇ ਸਤਿਗੁਰੂ ਦਾ ਇਹੀ ਉਪਦੇਸ਼ ਹੈ ਜੋ ਪ੍ਰਮਾਤਮਾ ਨਾਲ ਡੂੰਗੀ ਸਾਂਝ ਪਾ ਸਕਦਾ ਹੈ।1। ਰਹਾਉ।

(ਹੇ ਭਾਈ!) ਜਿਸ ਹਿਰਦੇ ਵਿੱਚ ਪ੍ਰਮਾਤਮਾ ਆ ਵੱਸਦਾ ਹੈ , ਉਹੀ ਹਿਰਦਾ, ਥਾਂ ਸੋਹਣਾ ਬਣ ਜਾਂਦਾ ਹੈ। ਜਿਹੜਾ ਮਨੁੱਚ ਜੀਭ ਨਾਲ ਉਸ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ, ਜਮਦੂਤ ਉਸਦੇ ਨੇੜੇ ਨਹੀਂ ਢੁੱਕਦਾ (ਉਸ ਨੂੰ ਮੌਤ ਦਾ ਡਰ ਪੋਹ ਨਹੀਂ ਸਕਦਾ।1।)

ਹੇ ਜਗਤ ਦੀ ਜਿੰਦਗੀ ਦੇ ਆਸਰੇ! ਹੇ ਮੇਰੇ ਪਾਲਣਹਾਰ ਮਾਲਕ! ਹੇ ਅਪਹੁੰਚ ਪ੍ਰਭੂ! ਮੈਂ (ਹੁਣ ਤਕ) ਤੇਰੀ

ਸੇਵਾ ਭਗਤੀ ਦੀ ਸੂਝ ਦੀ ਕਦਰ ਨਾ ਜਾਣੀ, ਮੈਨੂੰ ਤੇਰੇ ਨਾਮ ਦਾ ਅਰਾਧਨ ਕਰਨਾ ਨਹੀਂ ਸੁਝਿਆ, (ਪਰ ਹੁਣ) ਮੈਂ ਤੇਰਾ ਆਸਰਾ ਲਿਆ ਹੈ।2।

(ਹੇ ਭਾਈ!) ਸ੍ਰਿਸ਼ਟੀ ਦੇ ਮਾਲਕ–ਪ੍ਰਭੂ ਜਿਸ ਮਨੁੱਖ ਉੱਤੇ ਦਇਆਵਾਨ ਹੁੰਦੇ ਹਨ, ਉਸਦੇ ਸਾਰੇ ਦੁੱਖ ਦੇ ਕਲੇਸ਼ ਮੁੱਕ ਜਾਂਦੇ ਹਨ। ਜਿਸ ਮਨੁੱਖ ਦੀ ਗੁਰੂ ਨੇ ਆਪ ਰੱਖਿਆ ਕੀਤੀ ਹੈ, ਉਸ ਨੂੰ (ਸੋਗ ਸੰਤਾਪ ਆਦਿਕ ਦਾ) ਸੇਕ ਨਹੀਂ ਪੋਹ ਸਕਦਾ।3।

(ਹੇ ਭਾਈ!) ਗੁਰੂ ਦਾ ਨਰਾਇਣ ਦਾ ਰੂਪ ਹੈ, ਗੁਰੂ ਸਭ ਉੱਤੇ ਦਇਆ ਕਰਨ ਵਾਲੇ ਪ੍ਰਭੂ ਦਾ ਸਰੂਪ ਹੈ, ਗੁਰੂ ਉਸ ਕਰਤਾਰ ਦਾ ਰੂਪ ਹੈ ਜੋ ਸਦਾ ਕਾਇਮ ਰਹਿਣ ਵਾਲਾ ਹੈ। ਜੇ ਗੁਰੂ ਪ੍ਰਸੰਨ ਜੋ ਜਾਏ ਤਾਂ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ।4।2।170।

2

ਗਉੜੀ ਮਹਲਾ 5॥

ਸੂਕੇ ਹਰੇ ਕੀਏ ਖਿਨ ਮਾਹੇ ॥ ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ॥1॥ ਕਾਟੇ ਕਸਟ ਪੂਰੇ ਗੁਰਦੇਵ॥

ਸੇਵਕ ਕਉ ਦੀਨੀ ਅਪੁਨੀ ਸੇਵ॥1॥ ਰਹਾਉ॥ ਮਿਟਿ ਗਈ ਚਿੰਤ ਪੁਨੀ ਮਨ ਆਸਾ ॥ ਕਰੀ ਦਇਆ

ਸਤਿਗੁਰਿ ਗੁਣਤਾਸਾ॥2॥ ਦੁਖ ਨਾਠੇ ਸੁਖ ਆਇ ਸਮਾਏ॥ ਢੀਲ ਨ ਪਰੀ ਜਾ ਗੁਰਿ ਫੁਰਮਾਏ॥3॥ ਇਛ ਪੁਨੀ ਪੂਰੇ ਗੁਰ ਮਿਲੇ॥ ਨਾਨਕ ਤੇ ਜਨ ਸੁਫਲ ਫਲੇ॥4॥58॥127॥(ਅੰਗ. 191)

ਅਰਥ: ਜਿਸ ਸੇਵਕ ਨੂੰ (ਪ੍ਰਮਾਤਮਾ ਨੇ) ਆਪਣੀ ਸੇਵਾ–ਭਗਤੀ (ਦੀ ਦਾਤਿ) ਦਿੱਤੀ, ਪੂਰੇ ਗੁਰੂ ਨੇ ਉਸ ਦੇ ਸਾਰੇ ਕਸ਼ਟ ਕੱਟ ਦਿੱਤੇ।1। ਰਹਾਉ।

ਆਤਮਕ ਜੀਵਨ ਦੇਣ ਵਾਲੀ ਨਿਗਾਹ ਕਰਕੇ ਗੁਰੂ ਨਾਮ–ਜਲ ਸਿੰਜ ਕੇ ਜਿਨ੍ਹਾਂ ਨੂੰ ਆਤਮਕ ਜੀਵਨ ਬਖਸ਼ਦਾ ਹੈ, ਉਹਨਾਂ ਆਤਮਕ ਜੀਵਨ ਦੇ ਰਸ ਤੋਂ ਸੁੰਞੇ ਹੋ ਚੁੱਕੇ ਮਨੁੱਖਾਂ ਨੂੰ ਗੁਰੂ ਇੱਕ ਖਿਨ ਵਿੱਚ ਹਰੇ (ਭਾਵ, ਆਤਮਕ ਜੀਵਨ ਵਾਲੇ) ਬਣਾ ਦਿੰਦਾ ਹੈ।1।

ਗੁਣਾਂ ਦੇ ਖਜਾਨੇ ਸਤਿਗੁਰੂ ਨੇ ਜਿਸ ਮਨੁੱਖ ਉੱਤੇ ਮਿਹਰ ਕੀਤੀ, ਉਸ ਦੀ (ਹਰੇਕ ਕਿਸਮ ਦੀ) ਚਿੰਤਾ ਮਿਟ ਗਈ, ਉਸਦੇ ਮਨ ਦੀ ਹਰੇਕ ਆਸ ਪੂਰੀ ਹੋ ਗਈ।2।

ਜਦੋਂ ਗੁਰੂ ਨੇ ਜਿਸ ਮਨੁੱਖ ਉੱਤੇ ਬਖਸ਼ਿਸ਼ ਹੋਣ ਦਾ ਹੁਕਮ ਕੀਤਾ, ਰਤਾ ਭੀ ਢਿੱਲ ਨਾ ਹੋਈ, ਉਸ ਦੇ

ਸਾਰੇ ਦੁੱਖ ਦੂਰ ਹੋ ਗਏ, ਉਸ ਦੇ ਅੰਦਰ (ਸਾਰੇ) ਸੁੱਖ ਆ ਕੇ ਟਿਕ ਗਏ।3।

ਹੇ ਨਾਨਕ! ਜਿਹੜੇ ਮਨੁੱਖ ਪੂਰੇ ਗੁਰੂ ਨੂੰ ਮਿਲ ਪਏ, ਉਹਨਾਂ ਦੀ (ਹਰੇਕ ਕਿਸਮ ਦੀ) ਇੱਛਾ ਪੂਰੀ ਹੋ ਗਈ, ਉਹਨਾਂ ਨੂੰ ਉੱਚ ਆਤਮਕ ਗੁਣਾਂ ਦੇ ਸੋਹਣੇ ਫਲ ਲਗ ਪਏ।4।58।127।

3

ਗਉੜੀ ਮਹਲਾ 5॥

ਤਾਪ ਗਏ ਪਾਈ ਪ੍ਰਭਿ ਸਾਂਤਿ॥ ਸੀਤਲ ਭਏ ਕੀਨੀ ਪ੍ਰਭ ਦਾਤਿ॥1॥ ਪ੍ਰਭ ਕਿਰਪਾ ਤੇ ਭਏ ਸੁਹੇਲੇ॥ ਜਨਮ ਜਨਮ ਕੇ ਬਿਛੁਰੇ ਮੇਲੇ॥1॥ਰਹਾਉ॥ ਸਿਮਰਤ ਸਿਮਰਤ ਪ੍ਰਭ ਕਾ ਨਾਉ॥ ਸਗਲ ਰੋਗ ਕਾ ਬਿਨਸਿਆ ਥਾਉ॥2॥ ਸਹਜਿ ਸੁਭਾਇ ਬੋਲੈ ਹਰਿ ਬਾਣੀ॥ ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ॥3॥ ਦੂਖੁ ਦਰਦੁ ਜਮੁ ਨੇੜਿ ਨ ਆਵੈ॥ ਕਹੁ ਨਾਨਕ ਜੋ ਹਰਿ ਗੁਨ ਗਾਵੈ॥4॥॥59॥128॥ (ਅੰਗ. 191)

ਅਰਥ: (ਜਿਨ੍ਹਾਂ ਮਨੁੱਖਾਂ ਨੂੰ ਪ੍ਰਮਾਤਮਾ ਆਪਣੇ ਨਾਮ ਦੀ ਦਾਤ ਦਿੰਦਾ ਹੈ ਉਹ ਮਨੁੱਖ) ਪ੍ਰਮਾਤਮਾ ਦੇ ਕਿਰਪਾ ਨਾਲ ਸੌਖੇ (ਜੀਵਨ ਵਾਲੇ) ਹੋ ਜਾਂਦੇ ਹਨ, ਉਹਨਾਂ ਨੂੰ ਅਨੇਕਾਂ ਜਨਮਾਂ ਦੇ ਵਿਛੁੜਿਆਂ ਨੂੰ ਪ੍ਰਮਾਤਮਾ (ਆਪਣੇ ਨਾਲ) ਮਿਲਾ ਲੈਂਦਾ ਹੈ।1।ਰਹਾਉ।

ਜਿਨ੍ਹਾਂ ਨੂੰ ਪ੍ਰਮਾਤਮਾ ਆਪਣੇ ਨਾਮ ਦੀ ਦਾਤ ਦੇਂਦਾ ਹੈ ਉਹ ਠੰਡੇ ਜਿਗਰੇ ਵਾਲੇ ਬਣ ਜਾਂਦੇ ਹਨ। ਪ੍ਰਮਾਤਮਾ ਨੇ ਉਹਨਾਂ ਦੇ ਅੰਦਰ ਐਸੀ ਆਤਮਕ ਠੰਡ ਵਰਤਾ ਦਿੱਤੀ ਹੈ ਕਿ ਉਹਨਾਂ ਦੇ ਸਾਰੇ ਤਾਪ ਕਲੇਸ਼ ਦੂਰ ਹੋ ਜਾਂਦੇ ਹਨ।1।

(ਜਿਨ੍ਹਾਂ ਨੂੰ ਪ੍ਰਮਾਤਮਾ ਆਪਣੇ ਨਾਮ ਦੀ ਦਾਤ ਦੇਂਦਾ ਹੈ ਉਹ) ਪ੍ਰਮਾਤਮਾ ਦਾ ਨਾਮ ਸਿਮਰ ਸਿਮਰ ਕੇ (ਉਹਨਾਂ ਦੇ ਅੰਦਰੋਂ) ਸਾਰੇ ਰੋਗਾਂ ਦਾ ਨਿਸ਼ਾਨ ਹੀ ਮਿਟ ਜਾਂਦਾ ਹੈ।2।

(ਜਿਨ੍ਹਾਂ ਨੂੰ ਪ੍ਰਮਾਤਮਾ ਆਪਣੇ ਨਾਮ ਦੀ ਦਾਤ ਦੇਂਦਾ ਹੈ ਉਹ) ਆਤਮਕ ਅਡੋਲਤਾ ਵਿੱਚ ਟਿਕ ਕੇ ਪ੍ਰੇਮ- ਪਿਆਰ ਵਿੱਚ ਲੀਨ ਹੋ ਕੇ ਪ੍ਰਮਾਤਮਾ ਦੀ ਸਿਫਤ-ਸਲਾਹ ਦੀ ਬਾਣੀ ਉਚਾਰਦਾ ਰਹਿੰਦਾ ਹੈ। ਹੇ ਪ੍ਰਾਣੀ! (ਤੂੰ ਭੀ ਉਸ ਦੇ ਦਰ ਤੋਂ ਨਾਮ ਦੀ ਦਾਤਿ ਮੰਗ, ਤੇ) ਅੱਠੇ ਪਹਿਰ ਪ੍ਰਭੂ ਦੇ ਨਾਮ ਸਿਮਰਦਾ ਰਹੁ।3।

ਹੇ ਨਾਨਕ! ਆਖ-(ਪ੍ਰਮਾਤਮਾ ਦੀ ਮਿਹਰ ਨਾਲ) ਜਿਹੜਾ ਮਨੁੱਖ ਪ੍ਰਮਾਤਮਾ ਦੇ ਗੁਣ ਗਾਉਂਦਾ ਰਹਿੰਦਾ ਹੈ ਕੋਈ ਦੁੱਖ ਦਰਦ ਉਸਦੇ ਨੇੜੇ ਨਹੀਂ ਆਉਂਦਾ, ਉਸਨੂੰ ਮੌਤ ਦਾ ਡਰ ਨਹੀਂ ਪੋਹਦਾ (ਆਤਮਕ ਮੌਤ ਦਾ ਉਸਨੂੰ ਖ਼ਤਰਾ ਨਹੀਂ ਰਹਿ ਜਾਂਦਾ)।4॥59।129।

4

ਗਉੜੀ ਮਹਲਾ 5॥

ਕੋਟਿ ਬਿਘਨ ਹਿਰੇ ਖਿਨ ਮਾਹਿ॥ ਹਰਿ ਹਰਿ ਕਥਾ ਸਾਧਸੰਗਿ ਸੁਨਾਹਿ॥1॥ ਪੀਵਤ ਰਾਮ ਰਸੁ ਅੰਮ੍ਰਿਤ ਗੁਣ ਜਾਸੁ॥ ਜਪਿ ਹਰਿ ਚਰਣ ਮਿਟੀ ਖੁਧਿ ਤਾਸੁ॥1॥ਰਹਾਉ॥ ਸਰਬ ਕਲਿਆਣ ਸੁਖ ਸਹਜ ਨਿਧਾਨ॥ ਜਾ ਕੈ

ਰਿਦੈ ਵਸਹਿ ਭਗਵਾਨ॥2॥ ਅਉਖਧ ਮੰਤ੍ਰ ਤੰਤ ਸਭਿ ਛਾਰੁ ॥ ਕਰਣੈਹਾਰੁ ਰਿਦੇ ਮਹਿ ਧਾਰੁ ॥3॥ ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ॥ ਕਹੁ ਨਾਨਕ ਅਟਲ ਇਹੁ ਧਰਮੁ॥4॥80॥149॥ (ਅੰਗ. 195–196)

ਅਰਥ: (ਹੇ ਭਾਈ!) ਪ੍ਰਮਾਤਮਾ ਦਾ ਨਾਮ–ਰਸ ਪੀਂਦਿਆਂ, ਪ੍ਰਮਾਤਮਾ ਦੇ ਆਤਮਕ ਜੀਵਨ ਦੇਣ ਵਾਲੇ ਗੁਣਾਂ ਦਾ ਜਸ ਗਾਉਂਦਿਆਂ, ਪ੍ਰਮਾਤਮਾ ਦੇ ਚਰਨ ਜਪ ਕੇ (ਮਾਇਆ ਦੀ) ਭੁੱਖ ਮਿਟ ਜਾਂਦੀ ਹੈ।1।ਰਹਾਉ।

(ਹੇ ਭਾਈ!) ਜਿਹੜੇ ਮਨੁੱਖ ਸਾਧ ਸੰਗਤ ਵਿੱਚ (ਟਿਕ ਕੇ) ਪ੍ਰਮਾਤਮਾ ਦੀ ਸਿਫਤ ਸਲਾਹ ਸੁਣਦੇ ਹਨ, ਉਹਨਾਂ ਦੀ ਜਿੰਦਗੀ ਦੇ ਰਾਹ ਵਿੱਚ ਆਉਣ ਵਾਲੀਆਂ ਕ੍ਰੋੜਾਂ ਰੁਕਾਵਟਾਂ ਇੱਕ ਖਿਨ ਵਿੱਚ ਨਾਸ ਹੋ ਜਾਂਦੀਆਂ ਹਨ।1।

ਹੇ ਭਗਵਾਨ! ਜਿਸ ਮਨੁੱਖ ਦੇ ਹਿਰਦੇ ਅੰਦਰ ਤੂੰ ਵੱਸ ਪੈਂਦਾ ਹੈਂ, ਉਸਨੂੰ ਸਾਰੇ ਸੁੱਖਾਂ ਦੇ ਖਜਾਨੇ ਤੇ ਆਤਮਕ ਅਡੋਲਤਾ ਤੇ ਅਨੰਦ ਮਿਲ ਜਾਂਦੇ ਹਨ।2।

(ਹੇ ਭਾਈ!) ਸਿਰਜਣਹਾਰ ਪ੍ਰਭੂ ਨੂੰ ਆਪਣੇ ਹਿਰਦੇ ਵਿੱਚ ਟਿਕਾਈ ਰੱਖ, (ਇਸ ਦੇ ਟਾਕਰੇ ਤੇ ਹੋਰ)

ਸਾਰੇ ਦਾਰੂ, ਸਾਰੇ ਮੰਤਰ ਤੇ ਟੂਣੇ ਤੁੱਛ ਹਨ।3।

ਹੇ ਨਾਨਕ! ਆਖ– ਜਿਸ ਮਨੁੱਖ ਨੇ ਸਾਰੇ ਭਰਮ ਤਿਆਗ ਕੇ ਪਾਰਬ੍ਰਹਮ ਪ੍ਰਭੂ ਦਾ ਭਜਨ ਕੀਤਾ ਹੈ, (ਉਸ ਨੇ ਵੇਖ ਲਿਆ ਹੈ ਕਿ ਭਜਨ–ਸਿਮਰਨ ਵਾਲਾ) ਧਰਮ ਐਸਾ ਹੈ ਜੋ ਕਦੇ ਫਲ ਦੇਣੋਂ ਉਕਾਈ ਨਹੀਂ ਖਾਂਦਾ।4।80।149।

5

ਗਉੜੀ ਮਹਲਾ 5॥

ਸਾਂਤਿ ਭਈ ਗੁਰ ਗੋਬਿਦਿ ਪਾਈ॥ ਤਾਪ ਪਾਪ ਬਿਨਸੇ ਮੇਰੇ ਭਾਈ॥1॥ਰਹਾਉ॥ ਰਾਮ ਨਾਮੁ ਨਿਤ ਰਸਨ ਬਖਾਨ॥ ਬਿਨਸੇ ਰੋਗ ਭਏ ਕਲਿਆਨ॥1॥ ਪਾਰਬ੍ਰਹਮ ਗੁਣ ਅਗਮ ਬੀਚਾਰ॥ ਸਾਧੂ ਸੰਗਮਿ ਹੈ ਨਿਸਤਾਰ॥2॥ ਨਿਰਮਲ ਗੁਣ ਗਾਵਹੁ ਨਿਤ ਨੀਤ॥ ਗਈ ਬਿਆਧਿ ਉਬਰੇ ਜਨ ਮੀਤ॥3॥ ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ॥ ਨਾਨਕ ਦਾਸ ਤੇਰੀ ਸਰਣਾਈ॥4॥102॥171॥ (ਅੰਗ. 200)

ਅਰਥ: ਹੇ ਮੇਰੇ ਵੀਰ! ਗੋਬਿੰਦ ਦੇ ਰੂਪ ਗੁਰੂ ਨੇ (ਜਿਸ ਮਨੁੱਖ ਨੂੰ ਨਾਮ ਦੀ ਦਾਤ) ਬਖਸ਼ ਦਿੱਤੀ, ਉਸ ਦੇ ਅੰਦਰ ਠੰਡ ਪੈ ਗਈ, ਉਸ ਦੇ ਸਾਰੇ ਦੁੱਖ–ਕਲੇਸ਼ ਤੇ ਪਾਪ ਨਾਸ਼ ਹੋ ਗਏ।1। ਰਹਾਉ।

(ਹੇ ਭਾਈ!) ਜਿਹੜਾ ਮਨੁੱਖ ਆਪਣੀ ਜੀਭ ਨਾਲ ਸਦਾ ਪ੍ਰਮਾਤਮਾ ਦਾ ਨਾਮ ਉਚਾਰਨ ਕਰਦਾ ਹੈ, ਉਸ ਦੇ

ਸਾਰੇ ਰੋਗ ਦੂਰ ਹੋ ਜਾਂਦੇ ਹਨ, ਉਸਦੇ ਅੰਦਰ ਅਨੰਦ ਹੀ ਅਨੰਦ ਬਣੇ ਰਹਿੰਦੇ ਹਨ।1।

(ਹੇ ਭਾਈ!) ਜਿਹੜਾ ਮਨੁੱਖ ਅਪਹੁੰਚ ਪਾਰਬ੍ਰਹਮ ਪ੍ਰਭੂ ਦੇ ਗੁਣਾਂ ਦਾ ਵਿਚਾਰ ਕਰਦਾ ਰਹਿੰਦਾ ਹੈ, ਗੁਰੂ ਦੀ

ਸੰਗਤ ਵਿੱਚ ਰਹਿ ਕੇ ਉਸ ਦਾ (ਸੰਸਾਰ-ਸਮੁੰਦਰ) ਤੋਂ ਪਾਰ ਉਤਾਰਾ ਹੋ ਜਾਂਦਾ ਹੈ।2।

ਹੇ (ਮੇਰੇ) ਮਿੱਤਰ! ਸਦਾ ਪ੍ਰਮਾਤਮਾ ਦੇ ਗੁਣ ਗਾਉਂਦੇ ਰਹੋ। (ਜਿਹੜੇ ਮਨੁੱਖ ਗੁਣ ਗਾਉਂਦੇ ਹਨ, ਉਹਨਾਂ ਦਾ ਹਰੇਕ) ਰੋਗ ਦੂਰ ਹੋ ਜਾਂਦਾ ਹੈ, ਉਹ ਮਨੁੱਖ (ਰੋਗਾਂ ਵਿਕਾਰਾਂ ਤੋਂ) ਬਚੇ ਰਹਿੰਦੇ ਹਨ।3।

ਹੇ ਨਾਨਕ! (ਪ੍ਰਭੂ ਚਰਨਾਂ ਵਿੱਚ ਅਰਦਾਸ ਕਰ ਤੇ ਆਖ- ਹੇ ਪ੍ਰਭੂ!) ਮੈਂ ਤੇਰਾ ਦਾਸ ਤੇਰੀ ਸਰਨ ਆਇਆ ਹਾਂ (ਮਿਹਰ ਕਰ) ਮੈਂ ਆਪਣੇ ਮਨ ਰਾਹੀਂ, ਬਚਨਾਂ ਰਾਹੀਂ ਅਤੇ ਕਰਮਾਂ ਰਾਹੀਂ ਸਦਾ ਆਪਣੇ ਮਾਲਕ-ਪ੍ਰਭੂ ਨੂੰ ਸਿਮਰਦਾ ਰਹਾਂ।4।102।171॥

6

ਗਉੜੀ ਮਹਲਾ 5॥

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ॥ ਭਰਮ ਗਏ ਪੂਰਨ ਭਈ ਸੇਵ॥1॥ਰਹਾਉ॥ ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥1॥ ਨਾਨਕ ਨਾਮੁ ਜਪੈ ਸੋ ਜੀਵੈ॥ ਸਾਧਸੰਗਿ ਹਰਿ ਅੰਮ੍ਰਿਤ ਪੀਵੈ॥2॥103॥172॥(ਅੰਗ. 200)

ਅਰਥ: ਹੇ ਗੁਰਦੇਵ! ਜਿਸ ਮਨੁੱਖ ਦੀਆਂ (ਆਤਮਕ) ਅੱਖਾਂ ਨੂੰ ਤੂੰ (ਗਿਆਨ ਦਾ) ਚਾਨਣ ਬਖਸ਼ਿਆ, ਉਸ ਦੇ ਸਾਰੇ ਵਹਮ (ਥਾਂ ਥਾਂ ਦੇ ਭਟਕਣ) ਦੂਰ ਹੋ ਗਏ, ਤੇਰੇ ਦਰ ਤੇ ਟਿਕ ਕੇ ਕੀਤੀ ਹੋਈ ਉਸ ਦੀ

ਸੇਵਾ ਸਿਰੇ ਚੜ੍ਹ ਗਈ।1। ਰਹਾਉ।

ਹੇ ਸੁੰਦਰ ਸਰੂਪ! ਹੇ ਪਾਰਬ੍ਰਹਮ! ਹੇ ਪ੍ਰਭੂ! ਤੂੰ ਹੀ ਕਿਰਪਾ ਕਰ ਕੇ ਸੀਤਲਾ ਤੋਂ ਬਚਾਇਆ ਹੈ (ਹੋਰ ਕੋਈ ਦੇਵੀ ਆਦਿਕ ਤੇਰੇ ਬਰਾਬਰ ਦੀ ਨਹੀਂ ਹੈ) (ਨੋਟ: ਸੰਨ 1594 ਤੋਂ 1599 ਤਕ ਮਾਝੇ ਵਿੱਚ ਸਖ਼ਤ ਕਾਲ ਪਿਆ ਰਿਹਾ। ਸੀਤਲਾ ਆਦਿਕ ਬਿਮਾਰੀਆਂ ਦਾ ਭੀ ਜੋਰ ਪੈ ਗਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ 1595 ਵਿੱਚ ਹੋਇਆ ਸੀ। ਗੁਰੂ ਅਰਜਨ ਦੇਵ ਸਾਹਿਬ ਭੁੱਖੇ-ਰੋਗ ਪੀੜਤਾਂ ਦੀ ਸਹਾਇਤਾ ਕਰਨ ਵਾਸਤੇ ਚਾਰ ਪੰਜ ਸਾਲ ਮਾਝੇ ਦੇ ਪਿੰਡਾਂ ਵਿੱਚ, ਫਿਰ ਲਹੌਰ ਸ਼ਹਿਰ ਵਿੱਚ ਭੀ, ਵਿਚਰਦੇ ਰਹੇ। ਬਾਲਕ ਗੁਰੂ ਹਰਿਗੋਬਿੰਦ ਸਾਹਿਬ ਨੂੰ ਭੀ ਆਪਣੇ ਨਾਲ ਹੀ ਰੱਖਣ ਦੀ ਆਵੱਸ਼ਕਤਾ ਬਣੀ ਰਹੀ, ਕਿਉਂਕਿ ਬਾਬਾ ਪ੍ਰਿਥੀ ਚੰਦ ਜੀ ਉਹਨਾਂ ਦੀ ਜਾਨ ਦੇ ਲਾਗੂ ਸਨ। ਚੇਚਕ ਵਾਲੇ ਇਲਾਕੇ ਵਿੱਚ ਫਿਰਨ ਕਰਕੇ ਅੰਮ੍ਰਿਤਸਰ ਵਾਪਸ ਆਉਣ ਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਾਤਾ ਨਿਕਲ ਆਈ। ਵਹਮਣ ਭਰਮਣ ਇਸਤ੍ਰੀਆਂ ਆ ਆ ਕੇ ਸੀਤਲਾ ਦੇਵੀ ਦੀ ਪੂਜਾ ਵਾਸਤੇ ਪ੍ਰੇਰਨਾ ਕਰਦੀਆਂ ਰਹੀਆਂ। ਇਸ ਵਹਮ-ਭਰਮ ਤੋ ਸਦਾ ਲਈ ਬਚਣ ਵਾਸਤੇ ਗੁਰੂ ਅਰਜਨ ਦੇਵ ਸਾਹਿਬ ਨੇ ਇਸ ਸ਼ਬਦ ਰਾਹੀਂ ਉਪਦੇਸ਼ ਕੀਤਾ ਹੈ।)।1।

ਹੇ ਨਾਨਕ! (ਆਖ– ਹੇ ਭਾਈ!) ਜਿਹੜਾ ਮਨੁੱਖ (ਹੋਰ ਸਾਰੇ ਆਸਰੇ ਛੱਡ ਕੇ) ਪ੍ਰਮਾਤਮਾ ਦਾ ਨਾਮ ਜਪਦਾ ਹੈ, ਉਹ ਆਤਮਕ ਜੀਵਨ ਹਾਸਲ ਕਰ ਲੈਂਦਾ ਹੈ (ਕਿਉਂਕਿ) ਉਹ ਸਾਧਸੰਗਤ ਵਿੱਚ ਰਹਿ ਕੇ ਆਤਮਕ ਜੀਵਨ ਦੇਣ ਵਾਲਾ ਹਰਿ–ਨਾਮ–ਰਸ ਪੀਂਦਾ ਰਹਿੰਦਾ ਹੈ।2।103।172।

7

ਗਉੜੀ ਮਹਲਾ 5॥

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ॥ ਸਤਿਗੁਰਿ ਤੁਮਰੇ ਕਾਜ ਸਵਾਰੇ॥1॥ਰਹਾਉ॥ ਦੁਸਟ ਦੂਤ ਪਰਮੇਸਰਿ ਮਾਰੇ॥ ਜਨ ਕੀ ਪੈਜ ਰਖੀ ਕਰਤਾਰੇ ॥1॥ ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ॥ ਅੰਮ੍ਰਿਤ ਨਾਮ ਮਹਾ ਰਸ ਪੀਨੇ॥2॥ ਨਿਰਭਉ ਹੋਇ ਭਜਹੁ ਭਗਵਾਨ॥ ਸਾਧਸੰਗਤਿ ਮਿਲਿ ਕੀਨੋ ਦਾਨੁ॥ ਸਰਣਿ ਪਰੇ ਪ੍ਰਭ ਅੰਤਰਜਾਮੀ॥ ਨਾਨਕ ਓਟ ਪਕਰੀ ਪ੍ਰਭ ਸੁਆਮੀ॥4॥108॥(ਅੰਗ. 201)

ਅਰਥ: ਹੇ ਪਿਆਰੇ ਭਗਤ ਜਨੋ! ਆਪਣੇ ਹਿਰਦੇ ਵਿਚ ਇਹ ਪੂਰੀ ਸਰਧਾ ਬਣਾਓ, ਕਿ ਸਤਿਗੁਰੂ ਨੇ

ਸਾਡੇ ਸਾਰੇ ਕਾਰਜ ਸਵਾਰ ਦਿੱਤੇ ਹਨ(ਕਿ ਸਤਿਗੁਰ ਸਰਨ ਪਿਆਂ ਦੇ ਕਾਰਜ ਸਿਰੇ ਚਾੜ੍ਹ ਦਿੰਦਾ ਹੈ)।1।ਰਹਾਉ।

(ਹੇ ਸੰਤ ਜਨੋ! ਇਹ ਲਿਸ਼ਚਾ ਧਾਰੋ ਕਿ ਜਿਹੜਾ ਮਨੁੱਖ ਹੋਰ ਆਸਰੇ ਛੱਡ ਕੇ ਪ੍ਰਮੇਸ਼ਰ ਦਾ ਆਸਰਾ ਤੱਕਦਾ ਹੈ।) ਪ੍ਰਮੇਸ਼ਰ ਨੇ ਉਸ ਦੇ ਦੋਖੀ ਵੈਰੀ ਸਭ ਮੁਕਾ ਦਿੱਤੇ ਹਨ, ਕਰਤਾਰ ਨੇ ਆਪਣੇ ਸੇਵਕ ਦੀ ਇੱਜ਼ਤ ਜ਼ਰੂਰ ਰੱਖੀ ਹੈ।1।

(ਹੇ ਸੰਤ ਜਨੋ! ਪ੍ਰਮੇਸ਼ਰ ਨੇ ਆਪਣੇ ਸੇਵਕਾਂ ਨੂੰ) ਦੁਨੀਆ ਦੇ ਬਾਦਸ਼ਾਹਾਂ ਵਲੋਂ ਬੇ–ਮੁਹਤਾਜ ਕਰ ਦਿੱਤਾ ਹੈ, ਪ੍ਰਮੇਸ਼ਰ ਦੇ ਸੇਵਕ ਆਤਮਕ ਜੀਵਨ ਦੇਣ ਵਾਲਾ ਪ੍ਰਮੇਸ਼ਰ ਦਾ ਸਭ ਰਸਾਂ ਤੋਂ ਮਿੱਠਾ ਨਾਮ–ਰਸ ਪੀਂਦੇ ਰਹਿੰਦੇ ਹਨ।2।

(ਹੇ ਪਿਆਰੇ ਭਗਤ ਜਨੋ! ਪ੍ਰਮਾਤਮਾ ਨੇ ਤੁਹਾਡੇ ਉੱਤੇ) ਨਾਮ ਦੀ ਬਖਸ਼ਿਸ਼ ਕੀਤੀ ਹੈ, ਤੁਸੀਂ ਸਾਧ ਸੰਗਤਿ ਵਿੱਚ ਮਿਲ ਕੇ ਨਿਡਰ ਹੋ ਕੇ ਭਗਵਾਨ ਦਾ ਨਾਮ ਸਿਮਰਦੇ ਰਹੋ।3।

ਹੇ ਨਾਨਕ! (ਪ੍ਰਭੂ ਦਰ ਤੇ ਅਰਦਾਸ ਕਰ ਤੇ ਆਖ) ਹੇ ਅੰਤਰਜਾਮੀ ਪ੍ਰਭੂ! ਹੇ ਸੁਆਮੀ ਪ੍ਰਭੂ! ਮੈਂ ਤੇਰਾ ਆਸਰਾ ਲਿਆ ਹੈ (ਮੈਨੂੰ ਆਪਣੇ ਨਾਮ ਦੀ ਬਖਸ਼।)।4।108।

8

ਗਉੜੀ ਮਹਲਾ 5॥

ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨ ਸਭ ਗੁਨ ਤੇਰੇ॥1॥ਰਹਾਉ॥ ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ॥ ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ॥1॥ ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ॥ ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ॥2॥ ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ॥ ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ॥3॥ ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ॥ ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ॥4॥4॥124॥ (ਅੰਗ. 206)

ਅਰਥ: ਹੇ ਮੇਰੇ ਮਿੱਤਰ ਪ੍ਰਭੂ! ਮੈਨੂੰ ਗੁਣ ਹੀਨ ਨੂੰ ਬਚਾ ਲੈ। ਸਾਰੇ ਗੁਣ ਤੇਰੇ (ਵੱਸ ਵਿੱਚ ਹਨ, ਜਿਸ ਤੇ ਮਿਹਰ ਕਰੇਂ ਉਸੇ ਨੂੰ ਮਿਲਦੇ ਹਨ।ਮੈਨੂੰ ਭੀ ਆਪਣੇ ਗੁਣ ਬਖਸ਼ ਤੇ ਅਉਗੁਣਾਂ ਤੋਂ ਬਚਾ ਲੈ।)।1।ਰਹਾਉ।

ਹੇ ਸਹਾਇਤਾ ਕਰਨ ਦੇ ਸਮਰੱਥ ਪ੍ਰਭੂ ! ਮੈਂ ਗਰੀਬ ਇਕੱਲਾ ਹਾਂ ਤੇ ਮੇਰੇ ਵੈਰੀ ਕਾਮ ਆਦਿਕ ਪੰਜ ਹਨ, ਮੇਰੀ ਸਹਾਇਤਾ ਕਰ, ਮੈਂ ਤੇਰੀ ਸਰਨ ਆਇਆ ਹਾਂ। ਇਹ ਪੰਜੇ ਮੈਨੂੰ ਦੁੱਖ ਦੇਂਦੇ ਹਨ ਤੇ ਬਹੁਤ ਸਤਾਉਂਦੇ ਹਨ।1।

(ਹੇ ਪਿਤਾ–ਪ੍ਰਭੂ! ਇਹਨਾਂ ਪੰਜਾਂ ਬਿਖਾਦੀਆਂ ਤੋਂ ਬਚਣ ਲਈ) ਮੈਂ ਅਨੇਕਾਂ ਤੇ ਕਈ ਕਿਸਮਾਂ ਦੇ ਯਤਨ ਕਰ ਕਰ ਥੱਕ ਗਿਆ ਹਾਂ, ਇਹ ਕਿਸੇ ਤਰ੍ਹਾਂ ਭੀ ਮੇਰੀ ਖਲਾਸੀ ਨਹੀਂ ਕਰਦੇ ਇੱਕ ਇਹ ਗੱਲ ਸੁਣ ਕੇ ਕਿ ਸਾਧ ਸੰਗਤ ਵਿਚ ਰਿਹਾਂ ਇਹ ਮੁਕ ਜਾਂਦੇ ਹਨ, ਮੈਂ ਤੇਰੀ ਸਾਧ ਸੰਗਤ ਦਾ ਆਸਰਾ ਲਿਆ ਹੈ।2।

(ਸਾਧ ਸੰਗਤਿ ਵਿੱਚ) ਕਿਰਪਾ ਕਰ ਕੇ ਮੈਨੂੰ ਤੇਰੇ ਸੰਤ ਜਨ ਮਿਲ ਪਏ, ਉਹਨਾਂ ਤੋਂ ਮੈਨੂੰ ਹੌਂਸਲਾ ਮਿਲਿਆ ਹੈ। ਸੰਤਾਂ ਨੇ ਮੈਨੂੰ (ਇਹਨਾਂ ਪੰਜਾਂ ਬਿਖਾਦੀਆਂ ਤੋਂ) ਨਿਡਰ ਕਰਨ ਵਾਲਾ ਉਪਦੇਸ਼ ਦਿੱਤਾ ਹੈ ਤੇ ਮੈਂ ਗੁਰੂ ਦਾ ਸ਼ਬਦ ਆਪਣੇ ਜੀਵਨ ਵਿਚ ਧਾਰਿਆ ਹੈ।3।

ਗੁਰੂ ਦੀ ਆਤਮਕ ਅਡੋਲਤਾ ਦੇਣ ਵਾਲੀ, ਤੇ ਸੁਖ ਦੇਣ ਵਾਲੀ ਬਾਣੀ ਦੀ ਬਰਕਤਿ ਨਾਲ ਮੈਂ ਉਹ ਪੰਜੇ ਵੱਡੇ ਝਗੜਾਲੂ ਜਿੱਤ ਲਏ ਹਨ। ਹੇ ਨਾਨਕ!(ਹੁਣ) ਆਖ–ਮੇਰੇ ਮਨ ਵਿੱਚ ਆਤਮਕ ਚਾਨਣ ਹੋ ਗਿਆ ਹੈ, ਮੈਂ ਉਹ ਆਤਮਕ ਦਰਜਾ ਪ੍ਰਾਪਤ ਕਰ ਲਿਆ ਹੈ, ਜਿੱਥੇ ਕੋਈ ਵਾਸ਼ਨਾ ਨਹੀਂ ਪੋਹ ਸਕਦੀ।4।4।125।

9

ਗਉੜੀ ਮਹਲਾ 5॥

ਸਰਬ ਕਲਿਆਣ ਕੀਏ ਗੁਰਦੇਵ॥ ਸੇਵਕੁ ਅਪਨੀ ਲਾਇਓ ਸੇਵ॥ ਬਿਘਨੁ ਨ ਲਾਘੈ ਜਪਿ ਅਲਖ ਅਭੇਵ॥1॥ ਧਰਤਿ ਪੁਨੀਤ ਭਈ ਗੁਨ ਗਾਏ॥ ਦੁਰਤੁ ਗਇਆ ਹਰਿ ਨਾਮੁ ਧਿਆਏ॥1॥ ਰਹਾਉ॥

ਸਭਨੀ ਥਾਈਂ ਰਵਿਆ ਆਪਿ॥ ਆਦਿ ਜੁਗਾਦਿ ਜਾ ਕਾ ਵਡ ਪਰਾਤਪੁ॥ ਗੁਰ ਪਰਸਾਦਿ ਨ ਹੋਇ ਸੰਤਾਪੁ॥2॥ ਗੁਰ ਕੇ ਚਰਨ ਲਗੇ ਮਨਿ ਮੀਠੇ॥ ਨਿਰਬਿਘਨ ਹੋਇ ਸਭ ਥਾਂਈ ਵੂਠੇ॥ ਸਭਿ ਸੁਖ ਪਾਏ ਸਤਿਗੁਰ ਤੂਠੇ॥3॥ ਪਾਰਬ੍ਰਹਮ ਪ੍ਰਭ ਭਏ ਰਖਵਾਲੇ॥ ਜਿਥੈ ਕਿਥੈ ਦੀਸਹਿ ਨਾਲੇ॥ ਨਾਨਕ ਦਾਸ ਖਸਮਿ ਪ੍ਰਤਿਪਾਲੇ॥4॥2॥ (ਅੰਗ. 801)

ਅਰਥ: (ਹੇ ਭਾਈ! ਜਿਹੜਾ ਭੀ ਮਨੁੱਖ) ਪ੍ਰਮਾਤਮਾ ਦੇ ਗੁਣ ਗਾਉਂਦਾ ਹੈ, ਉਸਦਾ ਹਿਰਦਾ ਪਵਿੱਤਰ ਹੋ ਜਾਂਦਾ ਹੈ। ਜਿਹੜਾ ਭੀ ਮਨੁੱਖ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ (ਉਸਦੇ ਹਿਰਦੇ ਵਿੱਚੋਂ) ਪਾਪ ਦੂਰ ਹੋ ਜਾਂਦਾ ਹੈ।1। ਰਹਾਉ।

(ਹੇ ਭਾਈ!) ਜਿਸ ਸੇਵਕ ਨੂੰ ਪ੍ਰਭੂ ਆਪਣੀ ਸੇਵਾ–ਭਗਤੀ ਲਾਉਂਦਾ ਹੈ, ਗੁਰੂ ਉਸ ਨੂੰ ਸਾਰੇ ਸੁੱਖ ਦਿੰਦਾ ਹੈ। ਅਲੱਖ ਅਤੇ ਅਭੇਵ ਪ੍ਰਮਾਤਮਾ ਦਾ ਨਾਮ ਜਪ ਕੇ (ਉਸ ਮਨੁੱਖ ਦੀ ਜਿੰਦਗੀ ਦੇ ਰਸਤੇ ਵਿੱਚ ਵਿਕਾਰਾਂ ਦੀ ਕੋਈ) ਰੁਕਾਵਟ ਨਹੀਂ ਪੈਂਦੀ।1।

(ਜਿਸ ਮਨੁੱਖ ਨੂੰ ਪ੍ਰਭੂ ਆਪਣੀ ਸੇਵਾ–ਭਗਤੀ ਵਿੱਚ ਜੋੜਦਾ ਹੈ, ਉਸਨੂੰ) ਉਹ ਪ੍ਰਭੂ ਹੀ ਹਰ ਥਾਂ ਮੌਜੂਦ ਦਿੱਸਦਾ ਹੈ। ਜਿਸ ਦਾ ਤੇਜ਼–ਪਰਤਾਪ ਸ਼ੁਰੂ ਤੋਂ ਹੀ ਬੜਾ ਚਲਿਆ ਆ ਰਿਹਾ ਹੈ। ਗੁਰੂ ਦੀ ਕਿਰਪਾ ਨਾਮ ਉਸ ਮਨੁੱਖ ਨੂੰ ਕੋਈ ਦੁੱਖ–ਕਲੇਸ਼ ਪੋਹ ਨਹੀਂ ਸਕਦਾ।2।

ਹੇ ਭਾਈ! ਜਿਸ ਮਨੁੱਖ ਨੂੰ ਗੁਰੂ ਦੇ (ਸੋਹਣੇ) ਚਰਨ (ਆਪਣੇ) ਮਨ ਵਿੱਚ ਪਿਆਰੇ ਲੱਗਦੇ ਹਨ, ਉਹ ਜਿੱਥੇ ਭੀ ਵੱਸਦਾ ਹੈ ਹਰ ਥਾਂ (ਵਿਕਾਰਾਂ ਦੀ) ਰੁਕਾਵਟ ਤੋਂ ਬਚਿਆ ਰਹਿੰਦਾ ਹੈ। ਉਸ ਮਨੁੱਖ ਉੱਤੇ ਗੁਰੂ ਦਇਆਵਾਨ ਹੁੰਦਾ ਹੈ ਤੇ ਉਹ ਸਾਰੇ ਸੁਖ ਪ੍ਰਾਪਤ ਕਰ ਲੈਂਦਾ ਹੈ।3।

ਹੇ ਨਾਨਕ! ਖਸਮ–ਪ੍ਰਭੂ ਨੇ ਸਦਾ ਹੀ ਆਪਣੇ ਦਾਸਾਂ ਦੀ ਰੱਖਿਆ ਕੀਤੀ ਹੈ, ਪ੍ਰਭੂ–ਪਾਰਬ੍ਰਹਮ ਜੀ ਸਦਾ ਆਪਣੇ ਸੇਵਕਾਂ ਦੇ ਰਾਖੇ ਬਣਦੇ ਹਨ। ਸੇਵਕਾਂ ਨੂੰ ਪ੍ਰਭੂ ਜੀ ਹਰ ਥਾਂ ਆਪਣੇ ਅੰਗ–ਸੰਗ ਦਿੱਸਦੇ ਹਨ।4।2।

10

ਬਿਲਾਵਲੁ ਮਹਲਾ 5॥

ਚਰਨ ਕਮਲ ਪ੍ਰਭ ਹਿਰਦੈ ਧਿਆਏ ॥ ਰੋਗ ਗਏ ਸਗਲੇ ਸੁਖ ਪਾਏ॥1॥ ਗੁਰਿ ਦੁਖੁ ਕਾਟਿਆ ਦੀਨੋ ਦਾਨੁ॥ ਸਫਲ ਜਨਮੁ ਜੀਵਨ ਪਰਵਾਨੁ॥1॥ਰਹਾਉ॥ ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ॥ ਕਹੁ ਨਾਨਕ ਜਪਿ ਜੀਵੇ ਗਿਆਨੀ॥2॥2॥20॥ (ਅੰਗ. 806)

ਅਰਥ: ਹੇ ਭਾਈ! ਗੁਰੂ ਨੇ (ਜਿਸ ਮਨੁੱਖ ਨੂੰ ਪ੍ਰਮਾਤਮਾ ਦੇ ਨਾਮ ਦੀ) ਦਾਤਿ ਦੇ ਦਿੱਤੀ, ਉਸ ਦਾ ਸਾਰਾ ਦੁੱਖ ਭੀ ਗੁਰੂ ਨੇ ਦੂਰ ਕਰ ਦਿੱਤਾ। ਉਸ ਮਨੁੱਖ ਦੀ ਜਿੰਦਗੀ ਕਾਮਯਾਬ ਹੋ ਗਈ, (ਲੋਕ ਪਰਲੋਕ ਵਿੱਚ) ਉਸ ਦਾ ਜੀਵਨ ਕਬੂਲ ਹੋ ਗਿਆ।1।ਰਹਾਉ।

(ਹੇ ਭਾਈ! ਗੁਰੂ ਦੀ ਕਿਰਪਾ ਨਾਲ ਜਿਸ ਮਨੁੱਖ ਨੇ ਆਪਣੇ) ਹਿਰਦੇ ਵਿੱਚ ਪ੍ਰਭੂ ਦੇ ਸੋਹਣੇ ਚਰਨਾਂ ਧਿਆਨ ਧਰਨਾ ਸ਼ੁਰੂ ਕਰ ਦਿੱਤਾ, ਉਸ ਦੇ ਸਾਰੇ ਰੋਗ ਦੂਰ ਹੋ ਗਏ ਹਨ, ਉਸ ਨੇ ਸਾਰੇ ਸੁੱਖ ਪ੍ਰਾਪਤ ਕਰ ਲਏ ਹਨ।1।

ਹੇ ਨਾਨਕ! ਆਖ ਬੇਅੰਤ ਗੁਣਾਂ ਦੇ ਮਾਲਕ ਪ੍ਰਭੂ ਦੀ ਸਿਫ਼ਤਿ–ਸਲਾਹ ਵਾਲੀ ਬਾਣੀ ਆਤਮਕ ਜੀਵਨ ਦੇਣ ਵਾਲੀ ਹੈ। ਪ੍ਰਭੂ ਨਾਲ ਡੂੰਘੀ ਜਾਣ–ਪਛਾਣ ਵਾਲਾ ਮਨੁੱਖ ਪ੍ਰਭੂ ਦੇ ਗੁਣਾਂ ਨੂੰ ਚੇਤੇ ਕਰਕੇ ਆਤਮਕ ਜੀਵਨ ਹਾਸਲ ਕਰ ਲੈਂਦਾ ਹੈ।2।2।20।

11

ਬਿਲਾਵਲੁ ਮਹਲਾ 5॥

ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ॥ ਸੁਖ ਉਪਜੇ ਬਾਜੇ ਅਨਹਦ ਤੂਰੇ॥1॥ਰਹਾਉ॥ ਤਾਪ ਪਾਪ ਸੰਤਾਪ ਬਿਨਾਸੇ॥ ਹਰਿ ਸਿਮਰਤ ਕਿਲਵਿਖ ਨਾਸੇ॥1॥ ਅਨਦੁ ਕਰਹੁ ਮਿਲਿ ਸੰਦਰ ਨਾਰੀ॥ ਗੁਰਿ ਨਾਨਕਿ ਮੇਰੀ ਪੈਜ ਸਵਾਰੀ॥2॥3॥21॥ (ਅੰਗ. 806)

ਅਰਥ: ਹੇ ਭਾਈ! ਪੂਰੇ ਗੁਰੂ ਨੇ, ਸਤਿਗੁਰੂ ਨੇ (ਹਰਿ ਨਾਮ ਦੀ ਦਾਤਿ ਦੇ ਕੇ ਜਿਸ ਮਨੁੱਖ ਦੇ ਹਿਰਦੇ ਵਿੱਚ) ਠੰਡ ਵਰਤਾ ਦਿੱਤੀ, ਉਸ ਦੇ ਅੰਦਰ ਸਾਰੇ ਸੁਖ ਪੈਦਾ ਹੋ ਗਏ (ਮਾਨੋ ਉਸ ਅੰਦਰ) ਇੱਕ ਰਸ ਸਾਰੇ ਵਾਜੇ ਵੱਜਣ ਲੱਗ ਪਏ।1।ਰਹਾਉ।

(ਜਿਸ ਮਨੁੱਖ ਨੇ ਗੁਰੂ ਦੀ ਕਿਰਪਾ ਨਾਲ ਹਰਿ–ਨਾਮ ਸਿਮਰਨਾ ਸ਼ੁਰੂ ਕਰ ਦਿੱਤਾ, ਉਸ ਦੇ ਸਾਰੇ) ਦੁੱਖ ਕਲੇਸ਼ ਦੂਰ ਹੋ ਗਏ।

ਪ੍ਰਮਾਤਮਾ ਦਾ ਨਾਮ ਸਿਮਰਦਿਆਂ ਸਿਮਰਦਿਆਂ ਉਸ ਦੇ ਸਾਰੇ ਪਾਪ ਨਾਸ਼ ਹੋ ਗਏ।1।

(ਨਾਮ ਦੀ ਬਰਕਤਿ ਨਾਲ) ਸੋਹਣੇ (ਬਣ ਚੁੱਕੇ) ਹੇ ਮੇਰੇ ਗਿਆਨ–ਇੰਦ੍ਰਿਓ! ਤੁਸੀਂ ਹੁਣ ਰਲ ਕੇ (ਸਤਸੰਗ ਮਨਾ ਕੇ ਆਪਣੇ ਅੰਦਰ) ਆਤਮਕ ਅਨੰਦ ਪੈਦਾ ਕਰੋ। ਗੁਰੂ ਨਾਨਕ ਨੇ (ਮੈਨੂੰ ਤਾਪ ਪਾਪ ਸੰਤਾਪ ਤੋਂ ਬਚਾ ਕੇ) ਮੇਰੀ ਇੱਜਤ ਰੱਖ ਲਈ ਹੈ।2।3।21।

12

ਬਿਲਾਵਲੁ ਮਹਲਾ 5॥

ਸਗਲ ਅਨੰਦ ਕੀਆ ਪਰਮੇਸਰਿ ਆਪਣਾ ਬਿਰਦੁ ਸਮ੍ਹ੍ਹਾਰਿਆ॥ ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ॥1॥ ਕਾਰਜੁ ਸਤਿਗੁਰਿ ਆਪਿ ਸਵਾਰਿਆ॥ ਵਡੀ ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ॥1॥ਰਹਾਉ॥ ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਧਾਰਿਆ॥ ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ॥2॥5॥23॥ (ਅੰਗ:806)

ਅਰਥ: (ਹੇ ਭਾਈ! ਲੋਕ ਤਾਂ ਦੇਵੀ ਆਦਿਕ ਦੀ ਪੂਜਾ ਦੀ ਕੋਈ ਪ੍ਰੇਰਨਾ ਕਰਦੇ ਸਨ। ਪਰ ਵੇਖੋ, ਹਰਿਗੋਬਿੰਦ ਨੂੰ ਚੇਚਕ ਦੇ ਤਾਪ ਤੋਂ ਅਰੋਗਤਾ ਦੇਣ ਵਾਲਾ ਇਹ ਵੱਡਾ) ਕੰਮ (ਮੇਰੇ) ਸਤਿਗੁਰੂ ਨੇ ਆਪ ਹੀ ਸਿਰੇ ਚਾੜ੍ਹ ਦਿੱਤਾ ਹੈ। (ਗੁਰੂ ਨੇ ਆਪ ਹੀ) ਹਰਿਗੋਬਿੰਦ ਦੀ ਉਮਰ ਲੰਮੀ ਕਰ ਦਿੱਤੀ ਹੈ, (ਗੁਰੂ ਨੇ ਆਪ ਹੀ ਹਰਿਗੋਬਿੰਦ ਨੂੰ) ਸੁੱਖ ਖ਼ੁਸ਼ੀ ਆਨੰਦ ਦੇਣ ਦੀ ਵਿਚਾਰ ਕੀਤੀ ਹੈ।1।ਰਹਾਉ।

(ਹੇ ਭਾਈ! ਇਹ ਯਕੀਨ ਜਾਣੋ ਕਿ) ਪ੍ਰਮਾਤਮਾ ਆਪਣੇ ਮੁੱਢ–ਕਦੀਮਾਂ ਦਾ (ਭਗਤ–ਵਛਲ ਹੋਣ ਦਾ)

ਸੁਭਾਉ ਸਦਾ ਚੇਤੇ ਰੱਖਦਾ ਹੈ, ਆਪਣੇ ਸੰਤ ਜਨਾਂ ਉੱਤੇ ਸਦਾ ਦਇਆਵਾਨ ਰਹਿੰਦਾ ਹੈ, ਉਹਨਾਂ ਨੂੰ ਹਰੇਕ ਕਿਸਮ ਦਾ ਸੁੱਖ–ਅਨੰਦ ਦੇਂਦਾ ਹੈ, ਉਹਨਾਂ ਦੇ ਸਾਰੇ ਪਰਿਵਾਰ (ਸਾਰੇ ਗਿਆਨ–ਇੰਦ੍ਰੇ ਭੀ) ਆਨੰਦ– ਭਰਪੂਰ ਰਹਿੰਦੇ ਹਨ।1।

ਹੇ ਨਾਨਕ! ਜਿਸ ਪ੍ਰਮਾਤਮਾ ਦੀ ਕਿਰਪਾ ਨਾਲ ਸਾਰੇ ਜੰਗਲ ਸਾਰੀ ਬਨਸਪਤੀ, ਤਿੰਨੇ ਹੀ ਭਵਨ ਹਰੇ–ਭਰੇ ਰਹਿੰਦੇ ਹਨ, ਉਹ ਪ੍ਰਮਾਤਮਾ ਸਾਰੇ ਜੀਵਾਂ ਨੂੰ ਆਸਰਾ ਦਿੰਦਾ ਹੈ। (ਜਿਹੜੇ ਭੀ ਮਨੁੱਖ ਪ੍ਰਮਾਤਮਾ ਦੀ ਸ਼ਰਨ ਪੈਂਦੇ ਹਨ) ਉਹ ਮਨ–ਮੰਗੀਆਂ ਮੁਰਾਦਾਂ ਪਾ ਲੈਂਦੇ ਹਨ, ਪ੍ਰਮਾਤਮਾ ਉਹਨਾਂ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰਦਾ ਹੈ (ਬਸ ਉਸ ਪ੍ਰਮਾਤਮਾ ਦਾ ਹੀ ਆਸਰਾ ਲਿਆ ਕਰੋ।) ।2।5।23।

13

ਬਿਲਾਵਲੁ ਮਹਲਾ 5॥

ਰੋਗੁ ਗਇਆ ਪ੍ਰਭਿ ਆਪਿ ਗਵਾਇਆ॥ ਨੀਦ ਪਈ ਸੁਖ ਸਹਜ ਘਰੁ ਆਇਆ॥1॥ਰਹਾਉ॥ ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ॥ ਅੰਮ੍ਰਿਤ ਨਾਮੁ ਰਿਦ ਮਾਹਿ ਧਿਆਈ॥1॥ ਨਾਨਕ ਗੁਰ ਪੂਰੇ ਸਰਨਾਈ॥ ਜਿਨਿ ਅਪਨੇ ਨਾਮ ਕੀ ਪੈਜ ਰਖਾਈ॥2॥8॥26॥ (ਅੰਗ. 807)

ਅਰਥ: (ਹੇ ਭਾਈ! ਗੁਰੂ ਦੇ ਰਾਹੀਂ ਆਪਣੇ ਨਾਮ ਦੀ ਦਾਤਿ ਦੇ ਕੇ ਜਿਸ ਮਨੁੱਖ ਦਾ ਰੋਗ) ਪ੍ਰਭੂ ਨੇ ਆਪ ਦੂਰ ਕੀਤਾ ਹੈ, ਉਸੇ ਦਾ ਹੀ ਰੋਗ ਦੂਰ ਹੋਇਆ ਹੈ। (ਨਾਮ ਦੀ ਬਰਕਤ ਨਾਲ ਉਸ ਮਨੁੱਖ ਨੂੰ) ਆਤਮਕ ਸ਼ਾਤੀ ਮਿਲ ਜਾਂਦੀ ਹੈ, ਉਸ ਨੂੰ ਸੁੱਖ ਅਤੇ ਆਤਮਕ ਅਡੋਲਤਾ ਵਾਲੀ ਅਵਸਥਾ ਮਿਲ ਜਾਂਦੀ ਹੈ।1।ਰਹਾਉ।

ਹੇ ਮੇਰੇ ਵੀਰ! (ਪ੍ਰਮਾਤਮਾ ਦਾ ਨਾਮ ਜਿੰਦ ਦੀ ਖੁਰਾਕ ਹੈ, ਇਹ) ਖ਼ੁਰਾਕ ਰੱਜ ਰੱਜ ਕੇ ਖਾਇਆ ਕਰ, ਆਤਮਕ ਜੀਵਨ ਦੇਣ ਵਾਲਾ ਹਰਿ–ਨਾਮ ਆਪਣੇ ਹਿਰਦੇ ਵਿੱਚ ਧਿਆਇਆ ਕਰ।1।

ਹੇ ਨਾਨਕ! ਆਖ– ਹੇ ਭਾਈ! ਪੂਰੇ ਗੁਰੂ ਦੀ ਸ਼ਰਨ ਪਿਆ ਰਹੁ (ਗੁਰੂ ਸ਼ਰਨ–ਪਏ ਦੀ ਸਹੈਤਾ ਕਰਨ ਵਾਲਾ ਹੈ), ਤੇ ਉਸ ਗੁਰੂ ਨੇ (ਸਦਾ) ਆਪਣੇ ਇਸ ਨਾਮ ਦੀ ਲਾਜ ਪਾਲੀ ਹੈ।2।8।26।

14

ਬਿਲਾਵਲੁ ਮਹਲਾ 5॥

ਤਾਪ ਸੰਤਾਪ ਸਗਲੇ ਗਏ ਬਿਨਸੇ ਤੇ ਰੋਗ॥ ਪਾਰਬ੍ਰਹਮ ਤੂ ਬਖਸਿਆ ਸੰਤਨ ਭੋਗ॥ਰਹਾਉ॥ ਸਰਬ ਸੁਖਾ ਤੇਰੀ ਮੰਡਲੀ ਤੇਰਾ ਮਨੁ ਤਨੁ ਆਰੋਗ॥ ਗੁਨ ਗਾਵਹੁ ਨਿਤ ਰਾਮ ਕੇ ਇਹ ਅਵਖਦ ਜੋਗ॥1॥ ਆਇ ਬਸਹੁ ਘਰ ਦੇਸ ਮਹਿ ਇਹ ਭਲੇ ਸੰਜੋਗ॥ ਨਾਨਕ ਪ੍ਰਭ ਸੁਪ੍ਰਸੰਨ ਭਏ ਲਹਿ ਗਏ ਬਿਓਗੁ॥2॥10॥28॥ (ਅੰਗ. 807)

ਅਰਥ: (ਹੇ ਭਾਈ! ਜੇ) ਪ੍ਰਮਾਤਮਾ ਨੇ ਤੇਰੇ ਉੱਤੇ ਬਖਸ਼ਿਸ਼ ਕੀਤੀ ਹੈ, ਤਾਂ ਤੂੰ ਸੰਤਾਂ ਵਾਲੇ (ਨਾਮ ਸਿਮਰਨ ਦੇ) ਆਨੰਦ ਮਾਣ। (ਜਿਹੜਾ ਮਨੁੱਖ ਇਹ ਆਤਮਕ ਅਨੰਦ ਮਾਣਦਾ ਹੈ, ਉਸ ਦੇ) ਸਾਰੇ ਦੁਖ ਸਾਰੇ ਕਲੇਸ਼ ਅਤੇ ਸਾਰੇ ਰੋਗ ਨਾਸ਼ ਹੋ ਜਾਂਦੇ ਹਨ। ਰਹਾਉ।

ਹੇ ਭਾਈ! ਸਦਾ ਉਸ ਪ੍ਰਮਾਤਮਾ ਦੇ ਗੁਣ ਗਾਉਂਦਾ ਰਹੁ,(ਤਾਪ ਸੰਤਾਪ ਅਤੇ ਰੋਗ ਆਦਿਕਾਂ ਨੂੰ ਦੂਰ ਕਰਨ ਲਈ) ਇਹ ਦਵਾਈ ਫਬਵੀਂ ਹੈ। (ਜੇ ਤੂੰ ਨਾਮ ਸਿਮਰਨ ਦੀ ਇਹ ਦਵਾਈ ਵਰਤਦਾ ਰਹੇਂਗਾ, ਤਾਂ) ਸਾਰੇ ਸੁੱਖ ਤੇਰੇ ਸਾਥੀ ਬਣੇ ਰਹਿਣਗੇ, ਤੇਰਾ ਮਨ ਰੋਗਾਂ ਤੋਂ ਬਚਿਆ ਰਹੇਗਾ, ਤੇਰਾ ਸਰੀਰ ਰੋਗਾਂ ਤੋਂ ਬਚਿਆ ਰਹੇਗਾ।1।

ਹੇ ਭਾਈ! (ਮਨੁੱਖਾ ਜਨਮ ਵਾਲੇ ਦਿਨ ਹੀ ਪ੍ਰਮਾਤਮਾ ਨਾਲ) ਮਿਲਾਪ ਪੈਦਾ ਕਰਨ ਦੇ ਚੰਗੇ ਅਵਸਰ ਹਨ (ਜਿਤਨਾ ਚਿਰ ਇਹ ਜਨਮ ਮਿਲਿਆ ਹੋਇਆ ਹੈ, ਬਾਹਰ ਭਟਕਣਾ ਛੱਡ ਦੇ) ਆਪਣੇ ਹਿਰਦੇ–ਘਰ ਦੇਸ ਵਿੱਚ ਆ ਕੇ ਟਿਕਿਆ ਰਹੁ। ਹੇ ਨਾਨਕ!(ਆਖ) ਜਿਸ ਮਨੁੱਚ ਤੇ ਪ੍ਰਭੂ ਜੀ ਦਇਆਵਾਨ ਹੋ ਜਾਂਦੇ ਹਨ, (ਪ੍ਰਭੂ ਨਾਲੋਂ ਉਸ ਦੇ)ਸਾਰੇ ਵਿਛੋੜੇ ਦੂਰ ਹੋ ਜਾਂਦੇ ਹਨ।2।10।28।

15

ਬਿਲਾਵਲੁ ਮਹਲਾ 5॥

ਬੰਧਨ ਕਾਟੇ ਆਪਿ ਪ੍ਰਭਿ ਹੋਆ ਕਿਰਪਾਲ॥ ਦੀਨ ਦਇਆਲ ਪ੍ਰਭ ਪਾਰਬ੍ਰਹਮ ਤਾ ਕੀ ਨਦਰਿ ਨਿਹਾਲ॥1॥ ਗੁਰਿ ਪੂਰੈ ਕਿਰਪਾ ਕਰੀ ਕਾਟਿਆ ਦੁਖੁ ਰੋਗੁ॥ ਮਨੁ ਤਨੁ ਸੀਤਲੁ ਸੁਖੀ ਭਇਆ ਪ੍ਰਭ ਧਿਆਵਨ ਜੋਗੁ॥1॥ਰਹਾਉ॥ ਅਉਖਧੁ ਹਰਿ ਕਾ ਨਾਮੁ ਹੈ ਜਿਤੁ ਰੋਗੁ ਨ ਵਿਆਪੈ॥ ਸਾਧਸੰਗਿ ਮਨਿ ਤਨਿ ਹਿਤੈ ਫਿਰਿ ਦੂਖੁ ਨ ਜਾਪੈ॥2॥ ਹਰਿ ਹਰਿ ਹਰਿ ਹਰਿ ਜਾਪੀਐ ਅੰਤਰਿ ਲਿਵ ਲਾਈ॥ ਕਿਲਵਿਖ ਉਤਰਹਿ ਸੁਧੁ ਹੋਇ ਸਾਧੂ ਸਰਣਾਈ॥3॥ ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ ਬਲਾਈ॥ ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ॥4॥23॥53॥ (ਅੰਗ. 814)

ਅਰਥ: ਹੇ ਭਾਈ! ਜਿਸ ਮਨੁੱਖ ਉੱਤੇ ਪੂਰੇ ਗੁਰੂ ਨੇ ਕਿਰਪਾ ਕਰ ਦਿੱਤੀ, ਧਿਆਵਣ–ਜੋਗ ਪ੍ਰਭੂ ਦਾ ਧਿਆਨ ਧਰ ਕੇ ਉਸ ਮਨੁੱਖ ਦਾ (ਹਰੇਕ) ਦੁਖ (ਹਰੇਕ) ਰੋਗ ਦੂਰ ਹੋ ਜਾਂਦਾ ਹੈ, ਉਸ ਦਾ ਮਨ ਉਸ ਦਾ ਹਿਰਦਾ ਠੰਢਾ–ਠਾਰ ਹੋ ਜਾਂਦਾ ਹੈ, ਉਹ ਮਨੁੱਖ ਸੁਖੀ ਹੋ ਜਾਂਦਾ ਹੈ।1।ਰਹਾਉ।

(ਹੇ ਭਾਈ! ਜਿਸ ਮਨੁੱਖ ਉੱਤੇ ਪੂਰੇ ਗੁਰੂ ਨੇ ਕਿਰਪਾ ਕਰ ਦਿੱਤੀ ) ਪ੍ਰਭੂ ਨੇ ਆਪ (ਉਸ ਦੇ ਸਾਰੇ) ਬੰਧਨ ਕੱਟ ਦਿੱਤੇ, ਪ੍ਰਭੂ ਉਸ ਮਨੁੱਖ ਉੱਤੇ ਦਇਆਵਾਨ ਹੋ ਗਿਆ। (ਹੇ ਭਾਈ!) ਪ੍ਰਭੂ ਪਾਰਬ੍ਰਹਮ ਦੀਨਾਂ ਉੱਤੇ ਦਇਆ ਕਰਨ ਵਾਲਾ ਹੈ। (ਜਿਸ ਭੀ ਗਰੀਬ ਉੱਤੇ ਪ੍ਰਭੂ ਨਿਗਾਹ ਕਰਦਾ ਹੈ) ਉਹ ਮਨੁੱਖ ਉਸ (ਪ੍ਰਭੂ) ਨਿਗਾਹ ਨਾਲ ਆਨੰਦ–ਭਰਪੂਰ ਹੋ ਜਾਂਦਾ ਹੈ।1।

ਹੇ ਭਾਈ! ਪ੍ਰਮਾਤਮਾ ਦਾ ਨਾਮ (ਇੱਕ ਐਸੀ) ਦਵਾਈ ਹੈ, ਜਿਸ ਦੀ ਬਰਕਤਿ ਨਾਲ (ਕੋਈ ਭੀ) ਰੋਗ ਜੋਰ ਨਹੀ ਪਾ ਸਕਦਾ। ਜਦੋਂ ਗੁਰੂ ਦੀ ਸੰਗਤਿ ਵਿੱਚ ਟਿਕ ਕੇ (ਮਨੁੱਖ) ਦੇ ਮਨ ਵਿੱਚ ਤਨ ਵਿੱਚ (ਹਰਿ– ਨਾਮ) ਪਿਆਰਾ ਲੱਗਣ ਲਗ ਪੈਂਦਾ ਹੈਠ ਤਦੋਂ (ਮਨੁੱਖ ਨੂੰ) ਕੋਈ ਦੁੱਖ ਮਹਿਸੂਸ ਨਹੀਂ ਹੁੰਦਾ।2।

ਹੇ ਭਾਈ! ਗੁਰੂ ਦੀ ਸ਼ਰਨ ਪੈ ਕੇ ਆਪਣੇ ਅੰਦਰ ਸੁਰਤਿ ਜੋੜ ਕੇ, ਸਦਾ ਪ੍ਰਮਾਤਮਾ ਦਾ ਨਾਮ ਜਪਦੇ ਰਹਿਣਾ ਚਾਹੀਦਾ ਹੈ।(ਇਸ ਤਰ੍ਹਾਂ ਸਾਰੇ) ਪਾਪ (ਮਨ ਤੋਂ) ਲਹਿ ਜਾਂਦੇ ਹਨ, (ਮਨ) ਪਵਿੱਤਰ ਹੋ ਜਾਂਦਾ ਹੈ।3।

ਹੇ ਭਾਈ! ਨਾਨਕ (ਇਕ) ਸਭ ਵੱਡਾ ਮੰਤ੍ਰ ਦੱਸਦਾ ਹੈ (ਮੰਤ੍ਰ ਇਹ ਹੈ ਕਿ ਜਿਹੜਾ ਮਨੁੱਖ) ਪ੍ਰਮਾਤਮਾ ਦੇ ਗੁਣ ਗਾਉਂਦਾ ਰਹਿੰਦਾ ਹੈ, ਪ੍ਰਮਾਤਮਾ ਦੇ ਨਾਮ ਦੀ ਵਡਿਆਈ ਸੁਣਦਿਆਂ ਤੇ ਜਪਦਿਆਂ ਉਸ ਮਨੁੱਖ ਦੀ ਹਰੇਕ ਬਲਾ (ਬਿਪਤਾ) ਦੂਰ ਹੋ ਜਾਂਦੀ ਹੈ।4।23।53।

16

ਬਿਲਾਵਲੁ ਮਹਲਾ 5॥

ਹਰਿ ਹਰਿ ਹਰਿ ਆਰਾਧੀਐ ਹੋਈਐ ਆਰੋਗ॥ ਰਾਮਚੰਦ ਕੀ ਲਸਟਿਕਾ ਜਿਨਿ ਮਾਰਿਆ ਰੋਗੁ॥1॥ ਰਹਾਉ॥ ਗੁਰ ਪੂਰਾ ਹਰਿ ਜਪੀਐ ਨਿਤ ਕੀਚੈ ਭੋਗੁ॥ ਸਾਧਸੰਗਤਿ ਕੈ ਵਾਰਣੈ ਮਿਲਿਆ ਸੰਜੋਗੁ॥1॥ ਜਿਸੁ ਸਿਮਰਤ ਸੁਖੁ ਪਾਈਐ ਬਿਨਸੈ ਬਿਓਗ॥ ਨਾਨਕ ਪ੍ਰਭ ਸਰਣਾਗਤੀ ਕਰਣ ਕਾਰਣ ਜੋਗੁ॥2॥34॥64॥ (ਅੰਗ. 817)

ਅਰਥ: ਹੇ ਭਾਈ! ਸਦਾ ਹੀ ਪ੍ਰਮਾਤਮਾ ਦਾ ਨਾਮ ਸਿਮਰਨਾ ਚਾਹੀਦਾ ਹੈ, (ਸਿਮਰਨ ਬਰਕਤਿ ਨਾਲ ਵਿਕਾਰ ਆਦਿਕ) ਰੋਗਾਂ ਤੋਂ ਰਹਿਤ ਹੋ ਜਾਈਦਾ ਹੈ। ਇਹ ਸਿਮਰਨ ਹੀ ਸ੍ਰੀ ਰਾਮਚੰਦ੍ਰ ਜੀ ਦੀ ਸੋਟੀ ਹੈ (ਜਿਸ ਸੋਟੀ ਦੇ ਡਰ ਕਰਕੇ ਕੋਈ ਦੁਸ਼ਟ ਸਿਰ ਨਹੀਂ ਚੁੱਕ ਸਕਦਾ ਸੀ)। ਇਸ (ਸਿਮਰਨ) ਨੇ (ਹਰੇਕ ਸਿਮਰਨ ਕਰਨ ਵਾਲੇ ਦੇ ਅੰਦਰੋ ਹਰੇਕ) ਰੋਗ ਦੂਰ ਕਰ ਦਿੱਤਾ ਜਾਂਦਾ ਹੈ।1।

ਹੇ ਭਾਈ! ਪੂਰੇ ਗੁਰੂ ਦੀ ਸ਼ਰਨ ਪੈਣਾ ਚਾਹੀਦਾ ਹੈ ਅਤੇ ਪ੍ਰਭੂ ਦਾ ਨਾਮ ਜਪਣਾ ਚਾਹੀਦਾ ਹੈ। (ਇਸ ਤਰ੍ਹਾਂ) ਸਦਾ ਆਤਮਕ ਅਨੰਦ ਮਾਣ ਸਕੀਦਾ ਹੈ। ਗੁਰੂ ਦੀ ਸੰਗਤਿ ਤੋਂ ਕੁਰਬਾਣ ਜਾਣਾ ਚਾਹੀਦਾ ਹੈ (ਸਾਧ ਸੰਗਤਿ ਦੀ ਕਿਰਪਾ ਨਾਲ) ਪ੍ਰਮਾਤਮਾ ਦੇ ਮਿਲਾਪ ਦਾ ਅਵਸਰ ਬਣਦਾ ਹੈ।1।

ਹੇ ਨਾਨਕ! ਉਸ ਪ੍ਰਭੂ ਦੀ ਸ਼ਰਨ ਪਏ ਰਹਿਣਾ ਚਾਹੀਦਾ ਹੈ, ਜੋ ਜਗਤ ਦੀ ਰਚਨਾ ਕਰਨ ਤੇ ਸਮਰੱਥ ਹੈ, ਜਿਸਦਾ ਸਿਮਰਨ ਕੀਤਿਆਂ ਆਤਮਕ ਅਨੰਦ ਪ੍ਰਾਪਤ ਹੁੰਦਾ ਹੈ ਅਤੇ ਪ੍ਰਭੂ ਨਾਲੋਂ ਵਿਛੋੜਾ ਦੂਰ ਹੋ ਜਾਂਦਾ ਹੈ।2।34।64।

17

ਰਾਗੁ ਬਿਲਾਵਲੁ ਮਹਲਾ 5 ਦੁਪਦੇ ਘਰੁ 5

ੴ ਸਤਿਗੁਰ ਪ੍ਰਸਾਦਿ॥

ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ॥ ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ॥1॥ ਗੁਰੁ ਪੂਰਾ ਆਰਾਧਿਆ ਸਗਲਾ ਦੁਖੁ ਗਇਆ॥ ਰਾਖਨਹਾਰੈ ਰਾਖਿਆ ਅਪਨੀ ਕਰਿ ਮਇਆ॥1॥ਰਹਾਉ॥ ਬਾਹ ਪਕੜਿ ਪ੍ਰਭਿ ਕਾਢਿਆ ਕੀਨਾ ਅਪਨਇਆ॥ ਸਿਮਰਿ ਸਿਮਰਿ ਮਨ ਤਨ ਸੁਖੀ ਨਾਨਕ ਨਿਰਭਇਆ॥2॥1॥65॥ (ਅੰਗ. 817)

ਅਰਥ: ਹੇ ਭਾਈ! ਜਿਹੜਾ ਮਨੁੱਖ ਪੂਰੇ ਗੁਰੂ ਨੂੰ ਆਪਣੇ ਵਿੱਚ ਵਸਾਈ ਰੱਖਦਾ ਹੈ, ਉਸ ਦਾ ਸਾਰਾ ਦੁੱਖ ਕਲੇਸ਼ ਦੂਰ ਹੋ ਜਾਂਦਾ ਹੈ, (ਕਿਉਂਕਿ) ਰੱਖਿਆ ਕਰਨ ਦੇ ਸਮਰੱਥ ਪ੍ਰਮਾਤਮਾ ਨੇ (ਉਸ ਉੱਤੇ) ਕਿਰਪਾ ਕਰਕੇ (ਦੁਖ ਕਲੇਸ਼ਾਂ ਤੋਂ ਸਦਾ) ਉਸ ਦੀ ਰੱਖਿਆ ਕੀਤੀ ਹੈ।1।ਰਹਾਉ।

(ਹੇ ਭਾਈ! ਜਿਸ ਮਨੁੱਖ ਨੇ ਸਿਰਫ਼ ਗੁਰੂ ਦਾ ਪੱਲਾ ਫੜਿਆ ਹੈ, ਹੋਰ ਸਾਰੇ ਹੀਲੇ ਛੱਡ ਦਿੱਤੇ ਹਨ ਅਤੇ ਪ੍ਰਮਾਤਮਾ ਦਾ ਨਾਮ (ਹੀ) ਦਵਾਈ ਵਰਤੀ ਹੈ, ਉਸ ਦੇ ਸਾਰੇ–ਦੁੱਖ ਕਲੇਸ਼, ਸਾਰੇ ਪਾਪ, ਸਾਰੇ ਰੋਗ ਮਿਟ ਗਏ ਹਨ, ਉਸਦਾ ਮਨ (ਵਿਕਾਰਾਂ ਦੀ ਤਪਸ਼ ਤੋਂ ਬਚ ਕੇ) ਠੰਢਾ–ਠਾਰ ਹਇਆ ਹੈ।1।

(ਹੇ ਭਾਈ! ਜਿਸ ਮਨੁੱਖ ਨੇ ਗੁਰੂ ਨੂੰ ਆਪਣੇ ਹਿਰਦੇ ਵਿੱਚ ਵਸਾਇਆ ਹੈ) ਪ੍ਰਭੂ ਨੇ (ਉਸ ਦੀ) ਬਾਂਹ ਫੜ ਕੇ ਉਸਨੂੰ ਆਪਣਾ ਬਣਾ ਲਿਆ ਹੈ। ਹੇ ਨਾਨਕ! ਪ੍ਰਭੂ ਦਾ ਨਾਮ ਸਿਮਰ ਕੇ ਉਸ ਦਾ ਮਨ, ਉਸਦਾ ਹਿਰਦਾ ਆਨੰਦ–ਭਰਪੂਰ ਹੋ ਗਿਆ ਹੈ, ਅਤੇ ਉਸਨੂੰ (ਤਾਪ ਪਾਪ ਆਦਿਕ ਰੋਗਾਂ ਦਾ) ਕੋਈ ਡਰ ਨਹੀਂ ਰਹਿ ਜਾਂਦਾ॥2॥1॥65॥

18

ਬਿਲਾਵਲੁ ਮਹਲਾ 5॥

ਰੋਗੁ ਮਿਟਾਇਆ ਆਪਿ ਪ੍ਰਭਿ ਉਪਜਿਆ ਸੁਖੁ ਸਾਂਤਿ॥ ਵਡ ਪਰਤਾਪੁ ਅਚਰਜ ਰੂਪੁ ਹਰਿ ਕੀਨ੍ਹੀ ਦਾਤਿ॥1॥ ਗੁਰਿ ਗੋਵਿੰਦ ਕ੍ਰਿਪਾ ਕਰੀ ਰਾਖਿਆ ਮੇਰਾ ਭਾਈ॥ ਹਮ ਤਿਸ ਕੀ ਸਰਣਾਗਤੀ ਜੋ ਸਦਾ ਸਹਾਈ॥1॥ਰਹਾਉ॥ ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥ ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ॥2॥13॥77॥ (ਅੰਗ. 819)

ਅਰਥ: ਹੇ ਭਾਈ! ਮੈਂ ਤਾਂ ਉਸ ਪ੍ਰਮਾਤਮਾ ਦਾ ਹੀ ਆਸਰਾ ਲਿਆ ਹੋਇਆ ਹੈ, ਜੋ ਸਦਾ ਸਹਾਇਤਾ ਕਰਨ ਵਾਲਾ ਹੈ। (ਵੇਖੋ, ਉਸਦੀ ਮਿਹਰ ਕਿ) ਗੁਰੂ ਪ੍ਰਮਾਤਮਾ ਨੇ (ਹੀ ਮੇਰੇ ਉੱਤੇ) ਕਿਰਪਾ ਕੀਤੀ ਹੈ, ਮੇਰੇ ਪਿਆਰੇ ਨੂੰ (ਹੱਥ ਦੇ ਕੇ) ਬਚਾ ਲਿਆ ਹੈ।1।ਰਹਾਉ।

ਹੇ ਭਾਈ! ਉਹ ਪ੍ਰਮਾਤਮਾ ਵੱਡੇ ਪਰਤਾਪ ਵਾਲਾ ਹੈ, ਅਚਰਜ ਸਰੂਪ ਵਾਲਾ ਹੈ, ਉਸੇ ਨੇ ਹੀ (ਮੇਰੇ ਉੱਤੇ) ਬਖਸ਼ਿਸ਼ ਕੀਤੀ ਹੈ। ਪ੍ਰਭੂ ਨੇ ਆਪ ਹੀ (ਮੇਰੇ ਪਿਆਰੇ ਦਾ) ਰੋਗ ਦੂਰ ਕੀਤਾ ਹੈ, (ਉਸੇ ਦੀ ਮਿਹਰ ਨਾਲ) ਸੁਖ ਮਿਲਿਆ ਹੈ ਸ਼ਾਂਤੀ ਮਿਲੀ ਹੈ।1।

ਹੇ ਨਾਨਕ! ਆਖ– ਹੇ ਭਾਈ! ਪ੍ਰਭੂ ਦੇ ਦਰ ਦੇ ਹੀ ਸੇਵਕ ਬਣੇ ਰਹੋ, ਸੇਵਕ ਦੀ ਅਰਜ਼ੋਈ ਕਦੇ ਖਾਲੀ ਨਹੀਂ ਜਾਂਦੀ (ਪ੍ਰਭੂ ਜਰੂਰ ਸਹਾਇਤਾ ਕਰਦਾ ਹੈ, ਤੇ, ਰੋਗ ਆਦਿਕਾਂ ਤੋਂ ਆਪ ਹੀ ਬਚਾਉਂਦਾ ਹੈ)। ਉਹ ਪ੍ਰਮਾਤਮਾ ਸਾਰੇ ਗੁਣਾਂ ਦਾ ਖਜਾਨਾ ਹੈ, ਸਾਰੇ ਗੁਣਾਂ ਨਾਲ ਭਰਪੂਰ ਹੈ। ਮੈਨੂੰ ਤਾਂ ਉਸ ਪ੍ਰਮਾਤਮਾ ਦਾ ਹੀ ਆਸਰਾ ਹੈ।2।13।77।

19

ਬਿਲਾਵਲੁ ਮਹਲਾ 5॥

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥ ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥1॥

ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥ ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ॥1॥ ਰਹਾਉ॥ ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥ ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥2॥15॥79॥ (ਅੰਗ. 819)

ਅਰਥ: ਹੇ ਭਾਈ! ਜਿਸ ਗੁਰੂ ਨੇ (ਪ੍ਰਮਾਤਮਾ ਦਾ ਨਾਮ–ਦਵਾਈ ਦੇ ਕੇ ਜੀਵਾਂ ਦੇ ਰੋਗ ਦੂਰ ਕਰਨ ਦੀ) ਵਿਉਂਤ ਬਣਾ ਰੱਖੀ ਹੈ, ਉਹ ਪੂਰਾ ਗੁਰੂ (ਜਿਸ ਮਨੁੱਖ ਨੂੰ) ਮਿਲ ਪੈਂਦਾ ਹੈ ਅਤੇ ਪ੍ਰਮਾਤਮਾ ਦਾ ਨਾਮ– ਦਵਾਈ ਦੇਂਦਾ ਹੈ, ਉਹ ਮਨੁੱਖ ਸਦਾ ਪ੍ਰਮਾਤਮਾ ਵਿੱਚ ਸੁਰਤ ਜੋੜੀ ਰੱਖਦਾ ਹੈ।1।ਰਹਾਉ।

ਹੇ ਭਾਈ! ਪ੍ਰਮਾਤਮਾ ਦੀ ਸ਼ਰਨ ਪਿਆਂ (ਵਿਆਧੀਆਂ ਦਾ) ਸੇਕ ਨਹੀਂ ਲਗਦਾ। ਹੇ ਭਾਈ! ਅਸਾਂ ਜੀਵਾਂ ਦੇ ਦੁਆਲੇ ਪ੍ਰਮਾਤਮਾ ਦਾ ਨਾਮ (ਮਾਨੋ) ਇੱਕ ਲਕੀਰ ਹੈ (ਜਿਸ ਦੀ ਬਰਕਤਿ ਨਾਲ) ਕੋਈ ਦੁੱਖ ਪੋਹ ਨਹੀਂ ਸਕਦਾ।1।

ਹੇ ਨਾਨਕ! ਆਖ–(ਜਿਸ ਮਨੁੱਖ ਨੂੰ ਗੁਰੂ ਮਿਲ ਪਿਆ ਉਸ ਨੂੰ) ਉਸ ਰੱਖਣਹਾਰ ਪ੍ਰਭੂ ਨੇ ਬਚਾ ਲਿਆ, (ਉਸਦੇ ਅੰਦਰੋਂ) ਹਰੇਕ ਰੋਗ ਦੂਰ ਕਰ ਦਿੱਤਾ, ਉਸ ਮਨੁੱਖ ਉੱਤੇ ਪ੍ਰਭੂ ਦੀ ਕਿਰਪਾ ਹੋ ਗਈ, ਪ੍ਰਭੂ ਉਸ ਮਨੁੱਖ ਦਾ ਮਦਦਗਾਰ ਬਣ ਗਿਆ।2।15।79।

20

ਬਿਲਾਵਲੁ ਮਹਲਾ 5॥

ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ॥ ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ

ਸੇਵ॥1॥ਰਹਾਉ॥ ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ॥ ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪ॥1॥ ਦੋਖ ਹਮਾਰੇ ਬਖਸਿਅਨੁ ਅਪਣੀ ਕਲ ਧਾਰੀ॥ ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰੀ॥2॥16॥80॥ (ਅੰਗ. 819–820)

ਅਰਥ: ਹੇ ਭਾਈ! ਪ੍ਰਮਾਤਮਾ ਸਭ ਤੋਂ ਵੱਡਾ ਦੇਵਤਾ ਹੈ, (ਜੀਵ ਉਸਦੇ ਬੱਚੇ ਹਾਂ) ਆਪਣੇ ਬੱਚਿਆਂ ਦੀ ਉਹ ਸਦਾ ਹੀ ਆਪ ਰੱਖਿਆ ਕਰਦਾ ਆਇਆ ਹੈ। (ਜਿਹੜੇ ਮਨੁੱਖ ਉਸਦੀ ਸ਼ਰਨ ਪੈਂਦੇ ਹਨ, ਉਹਨਾਂ ਦੇ ਅੰਦਰ) ਸ਼ਾਂਤੀ, ਆਤਮਕ ਅਡੋਲਤਾ ਦੇ ਸੁਖ ਅਨੰਦ ਪੈਦਾ ਹੁੰਦੇ ਹਨ, ਉਹਨਾਂ ਦੀ ਸੇਵਾ–ਸਿਮਰਨ ਦੀ ਘਾਲ ਸਫਲ ਹੋ ਜਾਂਦੀ ਹੈ।1।ਰਹਾਉ।

ਹੇ ਭਾਈ! ਜਿਸ ਪ੍ਰਭੂ ਦਾ (ਸਭ ਤੋਂ) ਵੱਡਾ ਤੇਜ–ਪ੍ਰਤਾਪ ਹੈ ਉਸ ਨੇ ਆਪਣੇ ਭਗਤਾਂ ਦੀ ਅਰਜ਼ੋਈ (ਸਦਾ)

ਸੁਣੀ ਹੈ,(ਉਹਨਾਂ ਦੇ ਅੰਦਰੋਂ) ਰੋਗ ਮਿਟਾ ਕੇ ਉਹਨਾਂ ਨੂੰ ਆਤਮਕ ਜੀਵਨ ਦੀ ਦਾਤਿ ਬਖਸ਼ੀ ਹੈ।1।

ਹੇ ਭਾਈ! ਉਸ ਪ੍ਰਭੂ–ਪਿਤਾ ਨੇ ਅਸਾਂ ਬੱਚਿਆਂ ਦੇ ਐਬ ਸਦਾ ਬਖਸ਼ੇ ਹਨ, ਅਤੇ ਸਾਡੇ ਅੰਦਰ ਆਪਣੇ ਨਾਮ ਦੀ ਤਾਕਤ ਭਰੀ ਹੈ।

ਹੇ ਨਾਨਕ! ਪ੍ਰਭੂ–ਪਿਤਾ ਨੇ ਅਸਾਂ ਬੱਚਿਆਂ ਨੂੰ ਸਦਾ ਮਨ ਮੰਗੇ ਫਲ ਦਿੱਤੇ ਹਨ, ਉਸ ਪ੍ਰਭੂ ਤੋਂ ਸਦਾ

ਸਦਕੇ ਜਾਣਾ ਚਾਹੀਦਾ ਹੈ।2।16।80।

21

ਬਿਲਾਵਲੁ ਮਹਲਾ 5॥

ਤਾਪੁ ਲਾਹਿਆ ਗੁਰ ਸਿਰਜਨਹਾਰਿ॥ ਸਤਿਗੁਰ ਅਪਨੇ ਕਉ ਬਲਿ ਜਾਈ ਜਿਨਿ ਪੈਜ ਰਖੀ ਸਾਰੈ ਸੰਸਾਰ॥1॥ਰਹਾਉ॥ ਕਰੁ ਮਸਤਕਿ ਧਾਰਿ ਬਾਲਿਕੁ ਰਖਿ ਲੀਨੋ॥ ਪ੍ਰਭਿ ਅੰਮ੍ਰਿਤ ਨਾਮੁ ਮਹਾ ਰਸੁ ਦੀਨੋ॥1॥ ਦਾਸ ਕੀ ਲਾਜ ਰਖੈ ਮਿਹਰਵਾਨੁ॥ ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ॥2॥6॥86॥ (ਅੰਗ. 821)

ਅਰਥ: ਹੇ ਭਾਈ! ਗੁਰੂ ਨੇ ਕਰਤਾਰ ਨੇ (ਆਪ ਬਾਲਕ ਹਰਿਗੋਬਿੰਦ ਦਾ) ਤਾਪ ਉਤਾਰਿਆ ਹੈ। ਮੈਂ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ, ਜਿਸ ਨੇ ਸਾਰੇ ਸੰਸਾਰ ਵਿੱਚ (ਮੇਰੀ) ਇੱਜ਼ਤ ਰੱਖ ਲਈ ਹੈ (ਨਹੀਂ ਤਾਂ, ਭਰਮੀ ਲੋਕ ਤਾਂ, ਸੀਤਲਾ ਦੇਵੀ ਆਦਿਕ ਦੀ ਪੂਜਾ ਵਾਸਤੇ ਬਥੇਰੀ ਪ੍ਰੇਰਨਾ ਦੇ ਰਹੇ) ।1।ਰਹਾਉ।

ਹੇ ਭਾਈ! ਪ੍ਰਭੂ ਨੇ ਆਪਣਾ ਹੱਥ (ਬਾਲਕ ਦੇ) ਸਿਰ ਉੱਤੇ ਰੱਖ ਕੇ ਬਾਲਕ ਨੂੰ ਤਾਪ ਤੋਂ ਬਚਾਅ ਲਿਆ ਹੈ (ਨਿਰਾ ਤਾਪ ਤੋਂ ਹੀ ਨਹੀਂ ਬਚਾਇਆ, ਅੱਨ–ਪੂਜਾ ਤੋਂ ਬਚਾ ਕੇ) ਪ੍ਰਭੂ ਨੇ ਆਤਮਕ ਜੀਵਨ ਦੇਣ ਵਾਲਾ ਤੇ ਸਭ ਤੋਂ ਸ੍ਰੇਸ਼ਟ ਰਸ ਵਾਲਾ ਆਪਣਾ ਨਾਮ ਭੀ ਦਿੱਤਾ ਹੈ।1।

(ਹੇ ਭਾਈ! ਚੇਤਾ ਰੱਖ) ਗੁਰੂ ਨਾਨਕ (ਉਹੀ ਕੁਝ) ਆਖਦਾ ਹੈ (ਜੋ ਪ੍ਰਮਾਤਮਾ ਦੀ) ਦਰਗਾਹ ਵਿੱਚ ਪਰਵਾਨ ਹੈ, (ਤੇ, ਗੁਰੂ ਨਾਨਕ ਆਖਦੇ ਹਨ ਕਿ) ਮਿਹਰਵਾਨ ਪ੍ਰਭੂ ਆਪਣੇ ਸੇਵਕ ਦੀ ਇੱਜ਼ਤ (ਜਰੂਰ) ਰੱਖਦਾ ਹੈ, (ਸੋ ਹੇ ਭਾਈ! ਦੁਖ ਕਲੇਸ਼ ਵੇਲੇ ਘਬਰਾ ਕੇ ਹੋਰ ਹੋਰ ਆਸਰੇ ਨਾ ਭਾਲਦੇ ਫਿਰੋ)।2।6।86।

22

ਬਿਲਾਵਲੁ ਮਹਲਾ 5॥

ਤਾਪ ਪਾਪ ਤੇ ਰਾਖੇ ਆਪਿ॥ ਸੀਤਲ ਭਏ ਗੁਰ ਚਰਨੀ ਲਾਗੇ ਰਾਮ ਨਾਮ ਹਿਰਦੇ ਮਹਿ ਜਾਪ॥1॥ਰਹਾਉ॥ ਕਰਿ ਕਿਰਪਾ ਹਸਤ ਪ੍ਰਭਿ ਦੀਨੇ ਜਗਤ ਉਧਾਰ ਨਵ ਖੰਡ ਪ੍ਰਤਾਪ॥ ਦੁਖ ਬਿਨਸੇ ਸੁਖ ਅਨਦ ਪ੍ਰਵੇਸਾ ਤ੍ਰਿਸਨ ਬੁਝੀ ਮਨ ਤਨ ਸਚੁ ਧ੍ਰਾਪ॥1॥ ਅਨਾਥ ਕੋ ਨਾਥੁ ਸਰਣਿ ਸਮਰਥਾ ਸਗਲ ਸ੍ਰਿਸਟਿ ਕੋ ਮਾਈ ਬਾਪੁ॥ ਭਗਤਿ ਵਛਲ ਭੈ ਭੰਜਨ ਸੁਆਮੀ ਗੁਣ ਗਾਵਤ ਨਾਨਕ ਆਲਾਪ॥2॥20॥106॥ (ਅੰਗ. 825)

ਅਰਥ: ਹੇ ਭਾਈ! ਭਾਈ ਜਿਹੜੇ ਮਨੁੱਖ ਗੁਰੂ ਦੇ ਚਰਨੀਂ ਲਗਦੇ ਹਨ ਅਤੇ ਪ੍ਰਮਾਤਮਾ ਦਾ ਨਾਮ ਹਿਰਦੇ ਵਿੱਚ ਜਪਦੇ ਹਨ, ਉਹਨਾਂ ਦੇ ਹਿਰਦੇ ਠੰਡੇ–ਠਾਰ ਹੋ ਜਾਂਦੇ ਹਨ ਕਿਉਂਕਿ ਪ੍ਰਮਾਤਮਾ ਆਪ ਉਹਨਾਂ ਨੂੰ ਸਾਰੇ ਦੁਖਾਂ ਕਲੇਸ਼ਾਂ ਤੋਂ ਵਿਕਾਰਾਂ ਤੋਂ ਬਚਾ ਲੈਂਦਾ ਹੈ।1।ਰਹਾਉ।

(ਹੇ ਭਾਈ! ਜਿਹੜੇ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਪ੍ਰਭੂ ਦਾ ਨਾਮ ਜਪਦੇ ਹਨ) ਪ੍ਰਭੂ ਨੇ ਸਦਾ ਮਿਹਰ ਕਰਕੇ ਆਪਣੇ ਹੱਥ (ਉਹਨਾਂ ਦੇ ਸਿਰ ਉੱਤੇ) ਰੱਖੇ ਹਨ। ਉਹ ਪ੍ਰਭੂ ਸਾਰੇ ਜਗਤ ਨੂੰ ਪਾਰ ਲੰਘਾਉਣ ਵਾਲਾ ਹੈ, ਉਸਦਾ ਤੇਜ ਸਾਰੇ ਸੰਸਾਰ ਵਿੱਚ ਚਮਕ ਰਿਹਾ ਹੈ। (ਸਿਮਰਨ ਕਰਨ ਵਾਲੇ ਮਨੁੱਖਾਂ ਦੇ) ਸਾਰੇ ਦੁਖ ਨਾਸ਼ ਹੋ ਜਾਂਦੇ ਹਨ, ਉਹਨਾਂ ਦੇ ਹਿਰਦੇ ਵਿੱਚ ਸੁਖ ਅਨੰਦ ਆ ਵੱਸਦੇ ਹਨ, ਸਦਾ–ਥਿਰ ਹਰਿ–ਨਾਮ ਜਪ ਕੇ ਉਹਨਾਂ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ, ਉਹਨਾਂ ਦਾ ਮਨ ਰੱਜ ਜਾਂਦਾ ਹੈ, ਉਹਨਾਂ ਦਾ ਸਰੀਰ (ਇੰਦ੍ਰੇ) ਰੱਜ ਜਾਂਦਾ ਹੈ।1।

ਹੇ ਨਾਨਕ! ਪ੍ਰਮਾਤਮਾ ਨਿਖਸਮਿਆਂ ਦਾ ਖਸਮ ਹੈ, ਸਰਨ ਆਇਆਂ ਦੀ ਸਹਾਇਤਾ ਕਰਨ–ਯੋਗ ਹੈ,

ਸਾਰੀ ਸ੍ਰਿਸ਼ਟੀ ਦਾ ਮਾਂ–ਪਿਉ ਹੈ। ਉਹ ਮਾਲਕ–ਪ੍ਰਭੂ ਭਗਤੀ ਨੂੰ ਪਿਆਰ ਕਰਨ ਵਾਲਾ ਹੈ, ਉਸ ਦੇ ਗੁਣ ਗਾ ਗਾ ਕੇ ਉਸ ਦਾ ਨਾਮ ਜਪਿਆ ਕਰ।2।20।106।

23

ਸੋਰਠਿ ਮਹਲਾ 5॥

ਥਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥ ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥1॥ ਪ੍ਰਭ ਬਾਣੀ ਸਬਦੁ ਸੁਭਾਖਿਆ॥ ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ॥ਰਹਾਉ॥ ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ॥ ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ॥2॥ ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤੁ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ॥ ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ॥3॥ ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ॥ ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥4॥11॥ (ਅੰਗ.611)

ਅਰਥ: ਹੇ ਭਾਈ! ਗੁਰੂ ਨੇ ਆਪਣਾ) ਸ਼ਬਦ ਸੋਹਣਾ ਉਚਾਰਿਆ ਹੋਇਆ ਹੈ, (ਇਹ ਸ਼ਬਦ) ਪ੍ਰਭੂ ਦੀ ਸਿਫਤਿ–ਸਲਾਹ ਦੀ ਬਾਣੀ ਹੈ। (ਇਸ ਸ਼ਬਦ ਨੂੰ) ਸਦਾ ਗਾਉਂਦੇ ਰਹੋ, ਸੁਣਦੇ ਰਹੋ, ਪੜ੍ਹਦੇ ਰਹੋ, (ਜੇ ਇਹ ਉੱਦਮ ਕਰਦਾ ਰਹੇਂਗਾ, ਤਾਂ ਯਕੀਨ ਰੱਖ) ਪੂਰੇ ਗੁਰੂ ਨੇ ਤੈਨੂੰ (ਜੀਵਨ ਵਿੱਚ ਆਉਣ ਵਾਲੀਆਂ ਰੁਕਾਵਟਾਂ ਤੋਂ) ਬਚਾ ਲਿਆ।ਰਹਾਉ।

(ਹੇ ਭਾਈ! ਅੰਮ੍ਰਿਤ ਵੇਲੇ) ਇਸ਼ਨਾਨ ਕਰ ਕੇ, ਆਪਣੇ ਪ੍ਰਭੂ ਦਾ ਨਾਮ ਸਿਮਰ ਕੇ ਮਨ ਅਤੇ ਸਰੀਰ ਨਰੋਏ ਹੋ ਜਾਂਦੇ ਹਨ, (ਕਿਉਂਕਿ) ਪ੍ਰਭੂ ਦੀ ਸ਼ਰਨ ਪਿਆਂ (ਜੀਵਨ ਦੇ ਰਾਹ ਵਿੱਚ ਆਉਦ ਵਾਲੀਆਂ) ਕ੍ਰੋੜਾਂ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ, ਤੇ, ਪ੍ਰਭੂ ਨਾਲ ਮਿਲਾਪ ਦੇ ਚੰਗੇ ਅਵਸਰ ਉੱਘੜ ਪੈਂਦੇ ਹਨ।1।

ਹੇ ਭਾਈ! ਮਾਲਕ–ਪ੍ਰਭੂ ਸਦਾ ਕਾਇਮ ਰਹਿਣ ਵਾਲਾ ਹੈ, ਉਸ ਦੀ ਬਜ਼ੁਰਗੀ ਮਿਣੀ ਨਹੀਂ ਜਾ ਸਕਦੀ, ਉਹ ਭਗਤੀ ਨਾਮ ਪਿਆਰ ਕਰਨ ਵਾਲਾ ਹੈ, ਉਹ ਦਇਆ ਦਾ ਸੋਮਾ ਹੈ, ਆਪਣੇ ਸੰਤਾਂ ਦੀ ਉਹ ਇੱਜਤ (ਸਦਾ ਤੋਂ ਹੀ) ਰੱਖਦਾ ਆਇਆ ਹੈ, ਆਪਣਾ ਇਹ ਮੁੱਢ–ਕਦੀਮਾਂ ਦਾ ਸੁਭਾਉ ਉਹ ਸ਼ੁਰੂ ਤੋਂ ਹੀ ਪਾਲਦਾ ਆ ਰਿਹਾ ਹੈ।2।

ਹੇ ਭਾਈ! ਪ੍ਰਮਾਤਮਾ ਦਾ ਨਾਮ ਆਤਮਕ ਜੀਵਨ ਦੇਣ ਵਾਲਾ ਹੈ, ਇਹ (ਆਤਮਕ) ਖ਼ੁਰਾਕ ਸਦਾ ਖਾਂਦੇ ਰਹੋ, ਹਰ ਵੇਲੇ ਆਪਣੇ ਮੂੰਹ ਵਿੱਚ ਪਾਉਂਦੇ ਰਹੋ। ਹੇ ਭਾਈ! ਗੋਬਿੰਦ ਦੇ ਗੁਣ ਸਦਾ ਗਾਉਂਦੇ ਰਹੋ, (ਆਤਮਕ ਜੀਵਨ ਨੂੰ) ਨਾਹ ਬੁਢੇਪਾ ਆਵੇਗਾ ਨਾ ਮੌਤ ਆਵੇਗੀ, ਹਰੇਕ ਦੁਖ ਕਲੇਸ਼ ਦੂਰ ਹੋ ਜਾਇਗਾ।3।

ਹੇ ਭਾਈ! ਜਿਸ ਭੀ ਮਨੁੱਖ ਨੇ ਗੁਰੂ ਦੇ ਸ਼ਬਦ ਦਾ ਆਸਰਾ ਲੈ ਕੇ ਪ੍ਰਭੂ ਦਾ ਨਾਮ ਜਪਿਆ) ਮੇਰੇ ਮਾਲਕ ਨੇ ਉਸ ਦੀ ਅਰਦਾਸਿ ਸੁਣ ਲਈ, (ਕ੍ਰੋੜਾਂ ਵਿਘਨਾਂ ਦਾ ਟਾਕਰਾ ਕਰਨ ਲਈ ਉਸ ਦੇ ਅੰਦਰ) ਪੂਰੀ ਤਾਕਤ ਪੈਦਾ ਹੋ ਜਾਂਦੀ ਹੈ। ਹੇ ਨਾਨਕ! ਗੁਰੂ ਦੀ ਇਹ ਅਜ਼ਮਤ ਸਾਰੇ ਜੁਗਾਂ ਵਿੱਚ ਹੀ ਪ੍ਰਤੱਖ ਉੱਘੜ ਰਹਿੰਦੀ ਹੈ।4।11।

24

ਸੋਰਠਿ ਮਹਲਾ 5॥

ਸੂਖ ਮੰਗਲ ਕਲਿਆਣ ਸਹਜ ਧੁਨਿ ਪ੍ਰਭ ਕੇ ਚਰਣ ਨਿਹਾਰਿਆ॥ ਰਾਖਨਹਾਰੈ ਰਾਖਿਓ ਬਾਰਿਕੁ

ਸਤਿਗੁਰਿ ਤਾਪੁ ਉਤਾਰਿਆ॥1॥ ਉਬਰੇ ਸਤਿਗੁਰ ਕੀ ਸਰਣਾਈ॥ ਜਾ ਕੀ ਸੇਵ ਨ ਬਿਰਥੀ ਜਾਈ॥ਰਹਾਉ॥ ਘਰ ਮਹਿ ਸੂਖ ਬਾਹਰਿ ਫੁਨਿ ਸੂਖਾ ਪ੍ਰਭ ਅਪੁਨੇ ਭਏ ਦਇਆਲਾ॥ ਨਾਨਕ ਬਿਘਨੁ ਨ ਲਾਗੈ ਕੋਊ ਮੇਰਾ ਪ੍ਰਭੁ ਹੋਆ ਕਿਰਪਾਲਾ॥2॥12॥40॥ (ਅੰਗ. 619)

ਅਰਥ: ਹੇ ਭਾਈ! ਜਿਸ ਗੁਰੂ ਦੀ ਕੀਤੀ ਹੋਈ ਸੇਵਾ ਖਾਲੀ ਨਹੀਂ ਜਾਂਦੀ, ਉਸ ਗੁਰੂ ਦੀ ਸ਼ਰਨ ਜਿਹੜੇ ਮਨੁੱਖ ਪੈਂਦੇ ਹਨ, ਉਹ (ਆਤਮਕ ਜੀਵਨ ਵਿੱਚ ਆਉਣ ਵਾਲੀਆਂ ਰੁਕਾਵਟਾਂ ਤੋਂ) ਬਚ ਜਾਂਦੇ ਹਨ। ਰਹਾਉ।

(ਹੇ ਭਾਈ! ਜਿਹੜਾ ਭੀ ਮਨੁੱਖ ਗੁਰੂ ਦੀ ਸ਼ਰਨ ਆ ਪਿਆ) ਗੁਰੂ ਨੇ ਉਸਦਾ ਤਾਪ (ਦੁਖ–ਕਲੇਸ਼) ਲਾਹ ਦਿੱਤੇ, ਰੱਖਿਆ ਕਰਨ ਦੀ ਸਮਰੱਥਾ ਵਾਲੇ ਗੁਰੂ ਨੇ ਉਸ ਬਾਲਕ ਨੂੰ (ਵਿਘਨਾਂ ਤੋਂ) ਬਚਾ ਲਿਆ (ਉਸਨੂੰ ਇਉਂ ਬਚਾਇਆ ਜਿਵੇਂ ਪਿਤਾ ਆਪਣੇ ਪੁੱਤਰ ਦੀ ਰੱਖਿਆ ਕਰਦਾ ਹੈ)। (ਗੁਰੂ ਦੀ ਸ਼ਰਨ ਪੈ ਕੇ ਜਿਸ ਮਨੁੱਖ ਨੇ)

ਪ੍ਰਮਾਤਮਾ ਦੇ ਚਰਨਾਂ ਦਾ ਦਰਸ਼ਨ ਕਰ ਲਿਆ, ਉਸਦੇ ਅੰਦਰ ਸੁਖ, ਖੁਸ਼ੀ, ਅਨੰਦ ਅਤੇ ਆਤਮਕ ਅਡੋਲਤਾ ਦੀ ਰੌ ਚੱਲ ਪਈ।1।

(ਹੇ ਭਾਈ! ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ ਉਸਦੇ) ਹਿਰਦੇ ਵਿੱਚ ਆਤਮਕ ਆਨੰਦ ਬਣਿਆ ਰਹਿੰਦਾ ਹੈ, ਬਾਹਰ (ਦੁਨੀਆ ਨਾਲ ਵਰਤ ਵਿਹਾਰ ਕਰਦਿਆਂ) ਭੀ ਉਸ ਨੂੰ ਆਤਮਕ ਸੁਖ ਮਿਲਦਾ ਰਹਿੰਦਾ ਹੈ, ਉਸ ਉੱਤੇ ਪ੍ਰਭੂ ਸਦਾ ਦਇਆਵਾਨ ਰਹਿੰਦਾ ਹੈ। ਹੇ ਨਾਨਕ! ਉਸ ਮਨੁੱਖ ਦੀ ਜਿੰਦਗੀ ਦੇ ਰਸਤੇ ਵਿੱਚ ਕੋਈ ਰੁਕਾਵਟ ਨਹੀਂ ਆਉਂਦੀ, ਉਸ ਉੱਤੇ ਪ੍ਰਮਾਤਮਾ ਕਿਰਪਾਲ ਹੋਇਆ ਰਹਿੰਦਾ ਹੈ।2।12।40।

25

ਸੋਰਠਿ ਮਹਲਾ 5॥

ਗਏ ਕਲੇਸ ਰੋਗ ਸਭਿ ਨਾਸੇ ਪ੍ਰਭਿ ਅਪੁਨੈ ਕਿਰਪਾ ਧਾਰੀ॥ ਆਠ ਪਹਰ ਆਰਾਧਹੁ ਸੁਆਮੀ ਪੂਰਨ ਘਾਲ ਹਮਾਰੀ॥1॥ ਹਰਿ ਜੀਉ ਤੂ ਸੁਖ ਸੰਪਤਿ ਰਾਸਿ॥ ਰਾਖਿ ਲੈਹੁ ਭਾਈ ਮੇਰੇ ਕਉ ਪ੍ਰਭ ਆਗੈ ਅਰਦਾਸਿ॥ਰਹਾਉ॥ ਜੋ ਮਾਗਉ ਸੋਈ ਸੋਈ ਪਾਵਉ ਅਪਨੇ ਖਸਮ ਭਰੋਸਾ॥ ਕਹੁ ਨਾਨਕ ਗੁਰੁ ਪੂਰਾ ਭੇਟਿਓ ਮਿਟਿਓ ਸਗਲ ਅੰਦੇਸਾ॥2॥14॥42॥ (ਅੰਗ. 619)

ਅਰਥ: ਹੇ ਪ੍ਰਭ ਜੀ! ਤੂੰ ਹੀ ਮੈਨੂੰ ਆਤਮਕ ਆਨੰਦ ਦਾ ਧਨ–ਸਰਮਾਇਆ ਦੇਣ ਵਾਲਾ ਹੈਂ। ਹੇ ਪ੍ਰਭੂ! ਮੈਨੂੰ (ਕਲੇਸ਼ਾਂ ਅੰਦੇਸਿਆਂ ਤੋਂ) ਬਚਾ ਲੈ। ਹੇ ਪ੍ਰਭੂ! ਮੇਰੀ ਤੇਰੇ ਅੱਗੇ ਹੀ ਅਰਜ਼ੋਈ ਹੈ। ਰਹਾਉ।

ਹੇ ਭਾਈ! ਜਿਸ ਭੀ ਮਨੁੱਖ ਉੱਤੇ ਪਿਆਰੇ ਪ੍ਰਭੂ ਨੇ ਮਿਹਰ ਕੀਤੀ ਉਸਦੇ ਸਾਰੇ ਕਲੇਸ਼ ਤੇ ਰੋਗ ਦੂਰ ਹੋ ਗਏ। (ਹੇ ਭਾਈ!) ਮਾਲਕ ਪ੍ਰਭੂ ਨੂੰ ਅੱਠੇ ਪਹਿਰ ਯਾਦ ਕਰਦੇ ਰਿਹਾ ਕਰੋ, ਅਸਾਂ ਜੀਵਾਂ ਦੀ (ਇਹ) ਮਿਹਨਤ (ਜ਼ਰੂਰ) ਸਫਲ ਹੁੰਦੀ ਹੈ।1।

ਹੇ ਭਾਈ ਮੈਂ ਤਾਂ ਜੋ ਕੁਝ (ਪ੍ਰਭੂ ਪਾਸੋਂ) ਮੰਗਦਾ ਹਾਂ, ਉਹੀ ਕੁਝ ਪ੍ਰਾਪਤ ਕਰ ਲੈਂਦਾ ਹਾਂ। ਮੈਨੂੰ ਆਪਣੇ ਮਾਲਕ ਪ੍ਰਭੂ ਉੱਤੇ (ਪੂਰਾ) ਇਤਬਾਰ (ਬਣ ਚੁੱਕਾ) ਹੈ। ਹੇ ਨਾਨਕ! ਆਖ– ਜਿਸ ਮਨੁੱਖ ਨੂੰ ਪੂਰਾ ਗੁਰੂ ਮਿਲ ਪੈਂਦਾ ਹੈ, ਉਸਦੇ ਸਾਰੇ ਚਿੰਤਾ ਦੁਖ ਦੂਰ ਹੋ ਜਾਂਦੇ ਹਨ।2।14।42।

26

ਸੋਰਠਿ ਮਹਲਾ 5॥

ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ ਸਗਲਾ ਦੂਖੁ ਮਿਟਾਇਆ॥ ਤਾਪ ਰੋਗ ਗਏ ਗੁਰ ਬਚਨੀ ਮਨ ਇਛੇ ਫਲ ਪਾਇਆ॥1॥ ਮੇਰਾ ਗੁਰ ਪੂਰਾ ਸੁਖਦਾਤਾ॥ ਕਰਣ ਕਾਰਣ ਸਮਰਥ ਸੁਆਮੀ ਪੂਰਨ ਪੁਰਖੁ ਬਿਧਾਤਾ॥ਰਹਾਉ॥ ਅਨੰਦ

ਬਿਨੋਦ ਮੰਗਲ ਗੁਣ ਗਾਵਹੁ ਗੁਰ ਨਾਨਕ ਭਏ ਦਇਆਲਾ॥ ਜੈ ਜੈ ਕਾਰ ਭਏ ਜਗ ਭੀਤਰਿ ਹੋਆ ਪਾਰਬ੍ਰਹਮ ਰਖਵਾਲਾ॥2॥15॥43॥ (ਅੰਗ. 619)

ਅਰਥ: ਹੇ ਭਾਈ! ਮੇਰਾ ਗੁਰੂ ਸਭ ਗੁਣਾਂ ਨਾਲ ਭਰਪੂਰ ਹੈ, ਸਾਰੇ ਸੁਖ ਬਖਸ਼ਣ ਵਾਲਾ ਹੈ। ਗੁਰੂ ਉਸ ਸਰਬ ਵਿਆਪਕ ਸਿਰਜਣਹਾਰ ਦਾ ਰੂਪ ਹੈ ਜੋ ਸਾਰੇ ਜਗਤ ਦਾ ਮੂਲ ਹੈ, ਜੋ ਸਭ ਤਾਕਤਾਂ ਦਾ ਮਾਲਕ ਹੈ। ਰਹਾਉ।

(ਹੇ ਭਾਈ! ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ) ਮੁੜ ਮੁੜ ਗੁਰੂ ਸਤਿਗੁਰੂ (ਦੀ ਬਾਣੀ) ਨੂੰ ਚੇਤੇ ਕਰਕੇ ਆਪਣਾ ਹਰੇਕ ਤਰ੍ਹਾਂ ਦਾ ਦੁਖ ਦੂਰ ਕਰ ਲੈਂਦਾ ਹੈ। ਗੁਰੂ ਦੇ ਬਚਨਾਂ ਉੱਤੇ ਤੁਰ ਕੇ ਉਸ ਦੇ ਸਾਰੇ

ਸਾਰੇ ਕਲੇਸ਼ ਸਾਰੇ ਰੋਗ ਦੂਰ ਹੋ ਜਾਂਦੇ ਹਨ, ਉਹ ਮਨ ਮੰਗੇ ਫਲ ਪ੍ਰਾਪਤ ਕਰ ਲੈਂਦਾ ਹੈ।1।

ਹੇ ਨਾਨਕ! ਆਖ–ਹੇ ਭਾਈ! ਜੇ ਤੇਰੇ ਉੱਤੇ) ਸਤਿਗੁਰੂ ਜੀ ਦਇਆਵਾਨ ਹੋਏ ਹਨ, ਤਾਂ ਤੂੰ ਪ੍ਰਭੂ ਦੀ ਸਿਫਤਿ–ਸਾਲਾਹ ਦੇ ਗੀਤ ਗਾਉਂਦਾ ਰਿਹਾ ਕਰ, (ਸਿਫਤਿ–ਸਾਲਾਹ ਦੀ ਬਰਕਤਿ ਨਾਲ ਤੇਰੇ ਅੰਦਰ) ਆਨੰਦ ਖੁਸ਼ੀਆਂ ਸੁਖ ਬਣੇ ਰਹਿਣਗੇ। (ਸਿਫਤਿ–ਸਾਲਾਹ ਸਦਕਾ) ਜਗਤ ਵਿੱਚ ਸੋਭਾ ਮਿਲਦੀ ਹੈ। (ਇਹ ਨਿਸ਼ਚਾ ਬਣਿਆ ਰਹਿੰਦਾ ਹੈ ਕਿ) ਪ੍ਰਮਾਤਮਾ (ਸਦਾ ਸਿਰ ਉੱਤੇ) ਰਾਖਾ ਹੈ।2।15।43।

27

ਸੋਰਠਿ ਮਹਲਾ 5॥

ਦੁਰਤੁ ਗਵਾਇਆ ਹਰਿ ਪ੍ਰਭਿ ਆਪੇ ਸਭੁ ਸੰਸਾਰ ਉਬਾਰਿਆ॥ ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ ਅਪਣਾ ਬਿਰਦੁ ਸਮਾਰਿਆ॥1॥ ਹੋਈ ਰਾਜਾ ਰਾਮ ਕੀ ਰਖਵਾਲੀ॥ ਸੂਖ ਸਹਜ ਆਨਦ ਗਾਵਹੁ ਮਨੁ ਤਨੁ ਦੇਹ

ਸੁਖਾਲੀ॥ਰਹਾਉ॥ ਪਤਿਤ ਉਧਾਰਣੁ ਸਤਿਗੁਰੁ ਮੇਰਾ ਮੋਹਿ ਤਿਸ ਕਾ ਭਰਵਾਸਾ॥ ਬਖਸਿ ਲਏ ਸਭਿ ਸਚੈ

ਸਾਹਿਬਿ ਸੁਣਿ ਨਾਨਕ ਕੀ ਅਰਦਾਸਾ॥2॥17॥45॥ (ਅੰਗ. 620)

ਅਰਥ: ਹੇ ਭਾਈ! ਪ੍ਰਭੂ–ਪਾਤਿਸ਼ਾਹ (ਜਿਸ ਮਨੁੱਖ ਦੀ ਪਾਪਾਂ ਵੱਲੋਂ) ਰਾਖੀ ਕਰਦਾ ਹੈ, ਉਸਦਾ ਮਨ ਸੁਖੀ ਹੋ ਜਾਂਦਾ ਹੈ, ਉਸ ਦਾ ਸਰੀਰ ਸੁਖੀ ਹੋ ਜਾਂਦਾ ਹੈ। (ਹੇ ਭਾਈ! ਤੁਸੀਂ ਭੀ) ਪ੍ਰਮਾਤਮਾ ਦੀ ਸਿਫਤਿ-ਸਾਲਾਹ ਦੇ ਗੀਤ ਗਾਇਆ ਕਰੋ, (ਤੁਹਾਨੂੰ ਭੀ) ਸੁਖ ਮਿਲਣਗੇ, ਆਤਮਕ ਅਡੋਲਤਾ ਦੇ ਅਨੰਦ ਮਿਲਣਗੇ। ਰਹਾਉ।

(ਹੇ ਭਾਈ! ਜਿਸ ਮਨੁੱਖ ਉੱਤੇ ਪਾਰਬ੍ਰਹਮ ਪ੍ਰਭੂ ਨੇ ਮਿਹਰ (ਦੀ ਨਿਗਾਹ) ਕੀਤੀ, (ਉਸ ਨੂੰ ਗੁਰੂ ਮਿਲਾ ਕੇ) ਪ੍ਰਭੂ ਨੇ ਉਸਦਾ ਪਿਛਲਾ ਕੀਤਾ ਪਾਪ (ਉਸ ਦੇ ਅੰਦਰੋਂ) ਦੂਰ ਕਰ ਦਿੱਤਾ। (ਇਸ ਤਰ੍ਹਾਂ) ਪ੍ਰਭੂ ਆਪ ਹੀ ਸਾਰੇ ਸੰਸਾਰ ਨੂੰ(ਵਿਕਾਰਾਂ ਤੋਂ) ਬਚਾਉਂਦਾ ਹੈ। ਆਪਣਾ ਮੁੱਢ–ਕਦੀਮਾਂ ਦਾ (ਦਇਆ–ਪਿਆਰ ਵਾਲਾ) ਸੁਭਾਉ ਚੇਤੇ ਰੱਖਦਾ ਹੈ।1।

ਹੇ ਭਾਈ! ਮੇਰੇ ਗੁਰੂ ਵਿਕਾਰੀਆਂ ਨੂੰ (ਵਿਕਾਰਾਂ ਤੋਂ) ਬਚਾਉਣ ਵਾਲਾ ਹੈ। ਮੈਨੂੰ ਭੀ ਉਸ ਦਾ (ਹੀ)

ਸਹਾਰਾ ਹੈ। ਜਿਸ ਸਦਾ ਕਾਇਮ ਰਹਿਣ ਵਾਲੇ ਮਾਲਕ ਨੇ ਸਾਰੇ ਜੀਵ (ਗੁਰੂ ਦੀ ਸ਼ਰਨ ਪਾ ਕੇ) ਬਖਸ਼ ਲਏ ਹਨ (ਜਿਹੜਾ ਸਦਾ ਥਿਰ ਪ੍ਰਭੂ ਵਿਕਾਰੀਆਂ ਨੂੰ ਭੀ ਗੁਰੂ ਦੀ ਸ਼ਰਨ ਪਾ ਕੇ ਬਖਸ਼ਦਾ ਆ ਰਿਹਾ ਹੈ), ਉਹ ਪ੍ਰਭੂ ਨਾਨਕ ਦੀ ਅਰਜ਼ੋਈ ਭੀ ਸੁਣਨ ਵਾਲਾ ਹੈ।2।17।45।

28

ਸੋਰਠਿ ਮਹਲਾ 5॥

ਬਖਸਿਆ ਪਾਰਬ੍ਰਹਮ ਪਰਮੇਸਰਿ ਸਗਲੇ ਰੋਗ ਬਿਦਾਰੇ॥ ਗੁਰ ਪੂਰੇ ਕੀ ਸਰਣੀ ਉਬਰੇ ਕਾਰਜ ਸਗਲ

ਸਵਾਰੇ॥1॥ ਹਰਿ ਜਨਿ ਸਿਮਰਿਆ ਨਾਮ ਅਧਾਰਿ॥ ਤਾਪੁ ਉਤਾਰਿਆ ਸਤਿਗੁਰਿ ਪੂਰੈ ਅਪਣੀ ਧਾਰਿ॥ਰਹਾਉ॥ ਸਦਾ ਅਨੰਦ ਕਰਹ ਮੇਰੇ ਪਿਆਰੇ ਹਰਿ ਗੋਵਿਦੁ ਗੁਰਿ ਰਾਖਿਆ॥ ਵਡੀ ਵਡਿਆਈ ਨਾਨਕ ਕਰਤੇ ਕੀ ਸਾਚੁ ਸਬਦੁ ਸਤਿ ਭਾਖਿਆ॥2॥18॥46॥ (ਅੰਗ. 620)

ਅਰਥ: ਹੇ ਭਾਈ! ਪ੍ਰਮਾਤਮਾ ਦੇ ਜਿਸ ਸੇਵਕ ਨੇ ਪ੍ਰਮਾਤਮਾ ਦਾ ਨਾਮ ਸਿਮਰਿਆ, ਨਾਮ ਦੇ ਆਸਰੇ ਵਿੱਚ (ਆਪਣੇ ਆਪ ਨੂੰ) ਤੋਰਿਆ, ਪੂਰੇ ਗੁਰੂ ਨੇ ਆਪਣੀ ਕਿਰਪਾ ਕਰਕੇ (ਉਸਦਾ) ਤਾਪ ਲਾਹ ਦਿੱਤਾ।ਰਹਾਉ।

ਹੇ ਭਾਈ! ਪਾਰਬ੍ਰਹਮ ਪ੍ਰਮੇਸ਼ਰ ਨੇ (ਜਿਸ ਸੇਵਕ ਉੱਤੇ) ਬਖਸ਼ਿਸ਼ ਕੀਤੀ, ਉਸਦੇ ਸਾਰੇ ਰੋਗ ਉਸਨੇ ਦੂਰ ਕਰ ਦਿੱਤੇ। ਜਿਹੜੇ ਭੀ ਮਨੁੱਖ ਗੁਰੂ ਦੀ ਸ਼ਰਨ ਪੈਂਦੇ ਹਨ, ਉਹ ਦੁਖਾਂ–ਕਲੇਸ਼ਾਂ ਤੋਂ ਬਚ ਜਾਂਦੇ ਹਨ। ਗੁਰੂ ਉਹਨਾਂ ਦੇ ਸਾਰੇ ਕੰਮ ਸਵਾਰ ਦਿੰਦਾ ਹੈ।1।

ਹੇ ਮੇਰੇ ਪਿਆਰੇ (ਭਾਈ)! (ਗੁਰੂ ਦੀ ਸ਼ਰਨ ਪੈ ਕੇ) ਅਸੀਂ ਭੀ ਸਦਾ ਅਨੰਦ ਮਾਣਦੇ ਹਾਂ। ਹਰਿ ਗੋਬਿੰਦ ਨੂੰ ਗੁਰੂ ਨੇ (ਹੀ ਤਾਪ ਤੋਂ) ਬਚਾਇਆ ਹੈ। ਹੇ ਨਾਨਕ! ਸਿਰਜਣਹਾਰ ਕਰਤਾਰ ਵੱਡੀਆਂ ਤਾਕਤਾਂ ਦਾ ਮਾਲਕ ਹੈ। ਉਸ ਸਦਾ–ਥਿਰ ਪ੍ਰਭੂ ਦੀ ਸਿਫ਼ਤਿ–ਸਾਲਾਹ ਦਾ ਸ਼ਬਦ (ਹੀ) ਉਚਾਰਨਾ ਚਾਹੀਦਾ ਹੈ। (ਗੁਰੂ ਨੇ ਇਹ) ਸਹੀ ਬਚਨ ਉਚਾਰਿਆ ਹੈ (ਠੀਕ ਉਪਦੇਸ਼ ਦਿੱਤਾ ਹੈ)।2।18।46।

29

ਸੋਰਠਿ ਮਹਲਾ 5॥

ਭਏ ਕ੍ਰਿਪਾਲ ਗੁਰੂ ਗੋਵਿੰਦਾ ਸਗਲ ਮਨੋਰਥ ਪਾਏ॥ ਅਸਥਿਰ ਭਏ ਲਾਗਿ ਹਰਿ ਚਰਣੀ ਗੋਵਿੰਦ ਕੇ ਗੁਣ ਗਾਏ॥1॥ ਭਲੋ ਸਮੂਰਤੁ ਪੂਰਾ॥ ਸਾਂਤਿ ਸਹਜ ਆਨੰਦ ਨਾਮੁ ਜਪਿ ਵਾਜੇ ਅਨਹਦ ਤੂਰਾ॥1॥ਰਹਾਉ॥ ਮਿਲੇ ਸੁਆਮੀ ਪ੍ਰੀਤਮ ਅਪੁਨੇ ਘਰ ਮੰਦਰ ਸੁਖਦਾਈ॥ ਹਰਿ ਨਾਮੁ ਨਿਧਾਨੁ ਨਾਨਕ ਜਨ ਪਾਇਆ ਸਗਲੀ ਇਛ ਪੁਜਾਈ॥2॥8॥36॥ (ਅੰਗ. 618)

ਅਰਥ: (ਹੇ ਭਾਈ! ਮਨੁੱਖ ਦੇ ਜੀਵਨ ਵਿੱਚ) ਉਹ ਸਮਾਂ ਸੁਹਾਵਣਾ ਹੁੰਦਾ ਹੈ, ਜਦੋਂ ਪ੍ਰਮਾਤਮਾ ਦਾ ਨਾਮ ਜਪ ਕੇ ਉਸਦੇ ਅੰਦਰ ਸ਼ਾਤੀ, ਆਤਮਕ ਅਡੋਲਤਾ, ਆਨੰਦ ਦੇ ਇੱਕ ਰਸ ਵਾਜੇ ਵੱਜਦੇ ਹਨ।1।ਰਹਾਉ।

ਹੇ ਭਾਈ! ਜਿਸ ਮਨੁੱਖ ਉੱਤੇ ਪ੍ਰਮਾਤਮਾ ਦਾ ਰੂਪ ਗੁਰੂ ਦਇਆਵਾਨ ਹੁੰਦਾ ਹੈ, ਉਸ ਦੇ ਮਨ ਦੀਆਂ

ਸਾਰੀਆਂ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ, (ਕਿਉਂਕਿ) ਪ੍ਰਮਾਤਮਾ ਦੀ ਸਿਫ਼ਤਿ–ਸਾਲਾਹ ਦੇ ਗੀਤ ਗਾ ਗਾ ਕੇ ਪ੍ਰਭੂ ਚਰਨਾਂ ਵਿੱਚ ਲਗਨ ਲਗਾ ਕੇ ਉਹ ਮਨੁੱਖ (ਮਾਇਆ ਦੇ ਹੱਲਿਆਂ ਅੱਗੇ) ਡੋਲਣੋਂ ਹਟ ਜਾਂਦਾ ਹੈ।1।

ਹੇ ਭਾਈ! ਹੇ ਦਾਸ ਨਾਨਕ! ਜਿਸ ਮਨੁੱਖ ਨੇ ਪ੍ਰਮਾਤਮਾ ਦਾ ਨਾਮ ਖਜ਼ਾਨਾ ਲੱਭ ਲਿਆ, ਉਸ ਦੀ ਹਰੇਕ ਮਨੋ–ਕਾਮਨਾ ਪੂਰੀ ਹੋ ਜਾਂਦੀ ਹੈ।2।8।36।

30

ਸੋਰਠਿ ਮਹਲਾ 5॥

ਸੰਤਹੁ ਹਰਿ ਹਰਿ ਨਾਮੁ ਧਿਆਈ॥ ਸੁਖ ਸਾਗਰ ਪ੍ਰਭੁ ਵਿਸਰਉ ਨਾਹੀ ਮਨ ਚਿੰਦਿਅੜਾ ਫਲੁ ਪਾਇ॥1॥ਰਹਾਉ॥ ਸਤਿਗੁਰਿ ਪੂਰੈ ਤਾਪੁ ਗਵਾਇਆ ਅਪਣੀ ਕਿਰਪਾ ਧਾਰੀ॥ ਪਾਰਬ੍ਰਹਮ ਪ੍ਰਭ ਭਏ ਦਇਆਲਾ ਦੁਖੁ ਮਿਟਿਆ ਸਭ ਪਰਵਾਰੀ॥1॥ ਸਰਬ ਨਿਧਾਨ ਮੰਗਲ ਰਸ ਰੂਪਾ ਹਰਿ ਕਾ ਨਾਮੁ ਅਧਾਰੋ॥ ਨਾਨਕ ਪਤਿ ਰਾਖੀ ਪਰਮੇਸਰਿ ਉਧਰਿਆ ਸਭੁ ਸੰਸਾਰੋ ॥2॥20॥48॥ (ਅੰਗ 620)

ਅਰਥ: ਹੇ ਸੰਤ ਜਨੋ! ਅਰਦਾਸ ਕਰੋ ਕਿ ਮੈਂ ਸਦਾ ਪਰਮਾਤਮਾ ਦਾ ਨਾਮ ਸਿਮਰਦਾ ਰਹਾਂ। ਸੁਖਾਂ ਦਾ

ਸਮੁੰਦਰ ਪਰਮਾਤਮਾ ਮੈਨੂੰ ਕਦੇ ਨਾ ਭੁੱਲੇ, ਮੈਂ (ਉਸ ਦੇ ਦਰ ਤੋਂ) ਮਨ ਇੱਛਤ ਫਲ ਪ੍ਰਾਪਤ ਕਰ ਰਹਾਂ।1।ਰਹਾਉ।

ਹੇ ਸੰਤ ਜਨੋ! ਪੂਰੇ ਗੁਰੂ ਨੇ (ਬਾਲਕ ਹਰਿ ਗੋਬਿੰਦ ਦਾ) ਤਾਪ ਲਾਹ ਦਿੱਤਾ, ਗੁਰੂ ਨੇ ਆਪਣੀ ਕਿਰਪਾ ਕੀਤੀ ਹੈ।ਪਰਮਾਤਮਾ ਦਇਆਵਾਨ ਹੋਇਆ ਹੈ, ਸਾਰੇ ਪਰਵਾਰ ਦਾ ਦੁੱਖ ਮਿਟ ਗਿਆ ਹੈ।1।

ਹੇ ਸੰਤ ਜਨੋ! ਪਰਮਾਤਮਾ ਦਾ ਨਾਮ ਹੀ (ਸਾਡਾ) ਆਸਰਾ ਹੈ, ਨਾਮ ਹੀ ਸਾਰੀਆਂ ਖ਼ੁਸ਼ੀਆਂ ਰਸਾਂ ਰੂਪਾਂ ਦਾ ਖ਼ਜ਼ਾਨਾ ਹੈ। ਹੇ ਨਾਨਕ! ਆਖ–) ਪਰਮੇਸਰ ਨੇ (ਸਾਡੀ) ਇੱਜ਼ਤ ਰੱਖ ਲਈ ਹੈ ਪਰਮੇਸਰ ਹੀ ਸਾਰੇ ਸੰਸਾਰ ਦੀ ਰੱਖਿਆ ਕਰਨ ਵਾਲਾ ਹੈ।2।20।48।

31

ਸੋਰਠਿ ਮਹਲਾ 5॥

ਮੇਰਾ ਸਤਿਗੁਰੁ ਰਖਵਾਲਾ ਹੋਆ॥ ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ॥1॥ਰਹਾਉ॥ ਤਾਪੁ ਗਇਆ ਪ੍ਰਭਿ ਆਪਿ ਮਿਟਾਇਆ ਜਨ ਕੀ ਲਾਜ ਰਖਾਈ॥ ਸਾਧਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਈ॥1॥ਹਲਤੁ ਪਲਤੁ ਪ੍ਰਭ ਦੋਵੈ ਸਵਾਰੈ ਹਮਰਾ ਗੁਣ ਅਵਗੁਣੁ ਨ ਬੀਚਾਰਿਆ॥ ਅਟਲ ਬਚਨੁ ਨਾਨਕ ਗੁਰ ਤੇਰਾ ਸਫਲ ਕਰੁ ਮਸਤਕਿ ਧਾਰਿਆ॥2॥21॥49॥ (ਅੰਗ. 620)

ਅਰਥ: ਹੇ ਭਾਈ! ਮੇਰਾ ਗੁਰੂ (ਮੇਰਾ) ਸਹਾਈ ਬਣ ਗਿਆ ਹੈ, (ਗੁਰੂ ਦੀ ਸ਼ਰਨ ਦੀ ਬਰਕਤਿ ਨਾਲ) ਨੇ ਕਿਰਪਾ ਕਰਕੇ (ਆਪਣੇ) ਹੱਥ ਦੇ ਕੇ (ਬਾਲਕ ਹਰਿਗੋਬਿੰਦ ਨੂੰ) ਬਚਾ ਲਿਆ ਹੈ, (ਹੁਣ ਬਾਲਕ) ਹਰਿ ਗੋਬਿੰਦ ਬਿਲਕੁਲ ਰਾਜ਼ੀ–ਬਾਜ਼ੀ ਹੋ ਗਿਆ ਹੈ।1।

(ਹੇ ਭਾਈ! ਬਾਲਕ ਹਰਿਗੋਬਿੰਦ ਦਾ) ਤਾਪ ਲਹਿ ਗਿਆ ਹੈ, ਪ੍ਰਭੂ ਨੇ ਆਪ ਉਤਾਰਿਆ ਹੈ, ਪ੍ਰਭੂ ਨੇ ਆਪਣੇ ਸੇਵਕ ਦੀ ਇੱਜਤ ਰੱਖ ਲਈ ਹੈ। ਹੇ ਭਾਈ! ਗੁਰੂ ਦੀ ਸੰਗਤਿ ਤੋਂ (ਮੈਂ) ਸਾਰੇ ਫਲ ਪ੍ਰਾਪਤ ਕੀਤੇ ਹਨ, ਮੈਂ (ਸਦਾ) ਗੁਰੂ ਤੋਂ (ਹੀ) ਕੁਰਬਾਨ ਜਾਂਦਾ ਹਾਂ।1।

(ਹੇ ਭਾਈ! ਜਿਹੜਾ ਭੀ ਮਨੁੱਖ ਪ੍ਰਭੂ ਦਾ ਪੱਲਾ ਫੜੀ ਰੱਖਦਾ ਹੈ, ਉਸ ਦਾ) ਹਿਹ ਲੋਕ ਤੇ ਪ੍ਰਲੋਕ ਦੋਵੇਂ ਹੀ ਪ੍ਰਮਾਤਮਾ ਸਵਾਰ ਦਿੰਦਾ ਹੈ, ਅਸਾਂ ਜੀਵਾਂ ਦਾ ਕੋਈ ਗੁਣ ਜਾਂ ਅਵਗੁਣ ਪ੍ਰਮਾਤਮਾ ਚਿੱਤ ਵਿੱਚ ਨਹੀਂ ਰੱਖਦਾ। ਹੇ ਨਾਨਕ! ਆਖ–) ਹੇ ਗੁਰੂ! ਤੂੰ ਆਪਣਾ ਬਰਕਤਿ ਵਾਲਾ ਹੱਥ (ਅਸਾਂ ਜੀਵਾਂ ਦੇ) ਮੱਥੇ ਉੱਤੇ ਰੱਖਦਾ ਹੈ।2।21।49।

32

ਸੋਰਠਿ ਮਹਲਾ 5॥

ਜੀਅ ਜੰਤ੍ਰ ਸਭਿ ਤਿਸ ਕੇ ਕੀਏ ਸੋਈ ਸੰਤ ਸਹਾਈ॥ ਅਪੁਨੇ ਸੇਵਕ ਕੀ ਆਪੇ ਰਾਖੈ ਪੂਰਨ ਭਈ ਬਡਾਈ॥1॥ ਪਾਰਬ੍ਰਹਮੁ ਪੂਰਾ ਮੇਰੈ ਨਾਲਿ॥ ਗੁਰਿ ਪੂਰੈ ਪੂਰੀ ਸਭ ਰਾਖੀ ਹੋਏ ਸਰਬ ਦਇਆਲ॥1॥ਰਹਾਉ॥

ਅਨਦਿਨੁ ਨਾਨਕੁ ਨਾਮੁ ਧਿਆਏ ਜੀਅ ਪ੍ਰਾਨ ਕਾ ਦਾਤਾ॥ ਅਪੁਨੇ ਦਾਸ ਕਉ ਕੰਠਿ ਲਾਇ ਰਾਖੈ ਜਿਉ ਬਾਰਿਕ ਪਿਤ ਮਾਤਾ॥2॥22॥50॥ (ਅੰਗ. 621)

ਅਰਥ: ਹੇ ਭਾਈ! ਪੂਰਨ ਪ੍ਰਮਾਤਮਾ (ਸਦਾ) ਮੇਰੇ ਅੰਗ–ਸੰਗ (ਸਹਾਈ) ਹੈ। ਪੂਰੇ ਗੁਰੂ ਨੇ ਚੰਗੀ ਤਰ੍ਹਾਂ ਮੇਰੀ (ਇੱਜ਼ਤ) ਰੱਖ ਲਈ ਹੈ। ਗੁਰੂ ਸਾਰੇ ਜੀਵਾਂ ਉੱਤੇ ਦਇਆਵਾਨ ਰਹਿੰਦਾ ਹੈ।1।ਰਹਾਉ।

ਹੇ ਭਾਈ! ਸਾਰੇ ਜੀਵ ਉਸ (ਪ੍ਰਮਾਤਮਾ) ਦੇ ਹੀ ਪੈਦਾ ਕੀਤੇ ਹੋਏ ਹਨ, ਉਹ ਪ੍ਰਮਾਤਮਾ ਹੀ ਸੰਤ ਜਨਾਂ ਦਾ ਮਦਦਗਾਰ ਰਹਿੰਦਾ ਹੈ। ਆਪਣੇ ਸੇਵਕ ਦੀ (ਇੱਜਤ) ਪ੍ਰਮਾਤਮਾ ਆਪ ਹੀ ਰੱਖਦਾ ਹੈ (ਉਸ ਦੀ ਕਿਰਪਾ ਨਾਲ ਹੀ ਸੇਵਕ ਦੀ) ਇੱਜ਼ਤ ਪੂਰੇ ਤੌਰ 'ਤੇ ਬਣੀ ਰਹਿੰਦੀ ਹੈ।1।

ਹੇ ਭਾਈ! ਨਾਨਕ (ਤਾਂ ਉਸ ਪ੍ਰਮਾਤਮਾ ਦਾ) ਨਾਮ ਹਰ ਵੇਲੇ ਸਿਮਰਦਾ ਰਹਿੰਦਾ ਹੈ ਜੋ ਸੁਆਸ ਦੇਣ ਵਾਲਾ ਹੈ। ਹੇ ਭਾਈ! ਜਿਵੇਂ ਮਾਪੇ ਆਪਣੇ ਬੱਚਿਆਂ ਦਾ ਧਿਆਨ ਰੱਖਦੇ ਹਨ, ਤਿਵੇਂ ਪ੍ਰਮਾਤਮਾ ਆਪਣੇ ਸੇਵਕ ਨੂੰ (ਆਪਣੇ) ਗਲ ਨਾਲ ਲਾ ਕੇ ਰੱਖਦਾ ਹੈ।2।22।50।

33

ਸੋਰਠਿ ਮਹਲਾ 5॥

ਠਾਢਿ ਪਾਈ ਕਰਤਾਰੇ॥ ਤਾਪੁ ਛੋਡਿ ਗਇਆ ਪਰਵਾਰੇ॥ ਗੁਰਿ ਪੂਰੈ ਹੈ ਰਾਖੀ॥ ਸਰਣਿ ਸਚੇ ਕੀ ਤਾਕੀ॥1॥ ਪਰਮੇਸਰੁ ਆਪਿ ਹੋਆ ਰਖਵਾਲਾ॥ ਸਾਂਤਿ ਸਹਜ ਸੁਖ ਮਹਿ ਉਪਜੇ ਮਨੁ ਹੋਆ ਸਦਾ

ਸਖਾਲਾ॥ਰਹਾਉ॥ ਹਰਿ ਹਰਿ ਨਾਮੁ ਦੀਓ ਦਾਰੂ॥ ਤਿਨਿ ਸਗਲਾ ਰੋਗੁ ਬਿਦਾਰੂ॥ ਅਪਣੀ ਕਿਰਪਾ ਧਾਰੀ॥ ਤਿਨਿ ਸਗਲੀ ਬਾਤ ਸਵਾਰੀ॥2॥ ਪ੍ਰਭਿ ਅਪਨਾ ਬਿਰਦੁ ਸਮਾਰਿਆ॥ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ॥ ਗੁਰ ਕਾ ਸਬਦੁ ਭਇਓ ਸਾਖੀ॥ ਤਿਨਿ ਸਗਲੀ ਲਾਜ ਰਾਖੀ॥3॥ ਬੋਲਾਇਆ ਬੋਲੀ ਤੇਰਾ॥ ਤੂ ਸਾਹਿਬੁ ਗੁਣੀ ਗਹੇਰਾ॥ ਜਪਿ ਨਾਨਕ ਨਾਮੁ ਸਚੁ ਸਾਖੀ॥ ਅਪੁਨੇ ਦਾਸ ਕੀ ਪੈਜ ਰਾਖੀ॥4॥6॥56॥ (ਅੰਗ. 622)

ਅਰਥ: ਹੇ ਭਾਈ! ਜਿਸ ਮਨੁੱਖ ਦਾ ਰਾਖਾ ਪ੍ਰਮਾਤਮਾ ਆਪ ਬਣ ਜਾਂਦਾ ਹੈ, ਉਸਦਾ ਮਨ ਸਦਾ ਵਾਸਤੇ

ਸੁਖੀ ਹੋ ਜਾਂਦਾ ਹੈ (ਕਿਉਂਕਿ ਉਸਦੇ ਅੰਦਰ) ਇੱਕ ਛਿਨ ਵਿੱਚ ਆਤਮਕ ਅਡੋਲਤਾ ਦੇ ਸੁਖ ਤੇ ਸ਼ਾਤੀ ਪੈਦਾ ਹੋ ਜਾਂਦੇ ਹਨ। ਰਹਾਉ।

ਹੇ ਭਾਈ! ਜਿਸ ਮਨੁੱਖ ਦੇ ਅੰਦਰ ਕਰਤਾਰ ਨੇ ਠੰਢ ਵਰਤਾ ਦਿੱਤੀ, ਉਸ ਦੇ ਪਰਿਵਾਰ ਨੂੰ (ਉਸ ਦੇ ਗਿਆਨ–ਇੰਦ੍ਰਿਆਂ ਨੂੰ ਵਿਕਾਰਾਂ ਦਾ) ਤਾਪ ਛੱਡ ਜਾਂਦਾ ਹੈ। ਹੇ ਭਾਈ! ਪੂਰੇ ਗੁਰੂ ਨੇ ਜਿਸ ਮਨੁੱਖ ਦੀ ਮਦਦ ਕੀਤੀ, ਉਸ ਨੇ ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾ ਦਾ ਆਸਰਾ ਤੱਕ ਲਿਆ।1।

ਹੇ ਭਾਈ! ਵਿਕਾਰ ਰੋਗਾਂ ਦਾ ਇਲਾਜ਼ ਕਰਨ ਵਾਸਤੇ ਗੁਰੂ ਨੇ ਜਿਸ ਮਨੁੱਖ ਨੂੰ) ਪ੍ਰਮਾਤਮਾ ਦਾ ਨਾਮ ਦਵਾਈ ਦਿੱਤੀ ਉਸ ਨਾਮ–ਦਾਰੂ ਨੇ ਉਸ ਮਨੁੱਖ ਦਾ ਸਾਰਾ ਹੀ (ਵਿਕਾਰ) ਰੋਗ ਕੱਟ ਦਿੱਤਾ। ਜਦੋਂ ਪ੍ਰਭੂ ਨੇ ਉਸ ਮਨੁੱਖ ਉੱਤੇ ਆਪਣੀ ਮਿਹਰ ਕੀਤੀ, ਤਾਂ ਉਸਨੇ ਆਪਣੀ ਸਾਰੀ ਜੀਵਨ ਕਹਾਣੀ ਹੀ ਸੋਹਣੀ ਬਣਾ ਲਈ (ਆਪਣਾ ਸਾਰਾ ਜੀਵਨ ਸਵਾਰ ਲਿਆ)।2।

ਹੇ ਭਾਈ! ਪ੍ਰਭੂ ਨੇ (ਸਦਾ ਹੀ) ਆਪਣੇ ਮੁੱਢ–ਕਦੀਮਾਂ ਦੇ (ਪਿਆਰ ਵਾਲੇ) ਸੁਭਾਅ ਨੂੰ ਚੇਤੇ ਰੱਖਿਆ ਹੈ। ਉਹ ਸਾਡੇ ਜੀਵਾਂ ਦਾ ਕੋਈ ਗੁਣ ਜਾਂ ਅਵਗੁਣ ਦਿਲ ਤੇ ਲਾ ਨਹੀਂ ਰੱਖਦਾ। (ਪ੍ਰਭੂ ਦੀ ਕਿਰਪਾ ਨਾਲ ਜਿਸ ਮਨੁੱਖ ਅੰਦਰ) ਗੁਰੂ ਦੇ ਸ਼ਬਦ ਨੇ ਆਪਣਾ ਪ੍ਰਭਾਵ ਪਾਇਆ, ਸ਼ਬਦ ਨੇ ਉਸ ਦੀ ਸਾਰੀ ਇੱਜ਼ਤ ਰੱਖ ਲਈ (ਉਸਨੂੰ) ਵਿਕਾਰਾਂ ਦੇ ਢਹੇ ਚੜ੍ਹਨ ਤੋਂ ਬਚਾ ਲਿਆ)।3।

ਹੇ ਪ੍ਰਭੂ! ਤੂੰ ਸਾਡਾ ਮਾਲਕ ਹੈਂ, ਤੂੰ ਗੁਣਾਂ ਦਾ ਖ਼ਜ਼ਾਨਾ ਹੈਂ, ਤੂੰ ਡੂੰਘੇ ਜਿਗਰੇ ਵਾਲਾ ਹੈਂ। ਜਦੋਂ ਤੂੰ ਪ੍ਰੇਰਨਾ ਦਿੰਦਾ ਹੈਂ ਤਦੋਂ ਹੀ ਮੈਂ ਤੇਰੀ ਸਿਫ਼ਤਿ–ਸਲਾਹ ਕਰ ਸਕਦਾ ਹਾਂ। ਹੇ ਨਾਨਕ! ਸਦਾ–ਥਿਰ ਪ੍ਰਭੂ ਦਾ ਨਾਮ ਜਪਿਆ ਕਰ, ਇਹੀ ਸਦਾ ਹਾਮੀ ਭਰਨ ਵਾਲਾ ਹੈ। ਪ੍ਰਭੂ ਆਪਣੇ ਸੇਵਕ ਦੀ (ਸਦਾ) ਇੱਜ਼ਤ ਰੱਖਦਾ ਆਇਆ ਹੈ।4।6।56।

34

ਬਿਲਾਵਲੁ ਮਹਲਾ 5॥

ਆਗੈ ਪਾਛੈ ਕੁਸਲੁ ਭਇਆ॥ ਗੁਰਿ ਪੂਰੈ ਪੂਰੀ ਰਾਖੀ ਪਾਰਬ੍ਰਹਮਿ ਪ੍ਰਭਿ ਕੀਨੀ ਮਇਆ॥1॥ਰਹਾਉ॥ ਮਨਿ ਤਨਿ ਰਵਿ ਰਹਿਆ ਹਰਿ ਪ੍ਰੀਤਮੁ ਦੂਖ ਦਰਦ ਸਗਲਾ ਮਿਟਿ ਗਇਆ॥ ਸਾਂਤਿ ਸਹਜ ਆਨਦ ਗੁਣ ਗਾਏ ਦੂਤ ਦੁਸਟ ਸਭਿ ਹੋਏ ਖਇਆ॥1॥ ਗੁਨੁ ਅਵਗੁਨੁ ਪ੍ਰਭਿ ਕਛੁ ਨ ਬੀਚਾਰਿਓ ਕਰਿ ਕਿਰਪਾ ਅਪੁਨਾ ਕਰਿ ਲਇਆ॥ ਅਤੁਲ ਬਡਾਈ ਅਚੁਤ ਅਬਿਨਾਸੀ ਨਾਨਕੁ ਉਚਰੈ ਹਰਿ ਕੀ ਜਇਆ॥2॥8॥124॥ (ਅੰਗ. 829)

ਅਰਥ: ਹੇ ਭਾਈ! ਜਿਸ ਮਨੁੱਖ ਉੱਤੇ ਪਾਰਬ੍ਰਹਮ ਪ੍ਰਭੂ ਨੇ ਮਿਹਰ ਕਰ ਦਿੱਤੀ, ('ਦੂਤ ਦੁਸਟ' ਦੇ ਟਾਕਰੇ ਤੇ) ਪੂਰੇ ਗੁਰੂ ਨੇ (ਜਿਸ ਮਨੁੱਖ ਦੀ) ਇੱਜ਼ਤ ਚੰਗੀ ਤਰ੍ਹਾਂ ਬਚਾ ਲਈ, ਉਸ ਮਨੁੱਖ ਵਾਸਤੇ ਇਸ ਲੋਕ ਵਿੱਚ ਅਤੇ ਪਰਲੋਕ ਵਿੱਚ ਸੁਖ ਬਣਿਆ ਰਹਿੰਦਾ ਹੈ।1। ਰਹਾਉ।

(ਹੇ ਭਾਈ! ਜਿਸ ਮਨੁੱਢ ਦੀ ਇੱਜ਼ਤ ਪੂਰਾ ਗੁਰੂ ਬਚਾਉਂਦਾ ਹੈ, ਉਸ ਦੇ) ਮਨ ਵਿੱਚ ਹਿਰਦੇ ਵਿੱਚ ਪ੍ਰੀਤਮ ਹਰੀ ਹਰ ਵੇਲੇ ਵੱਸਿਆ ਰਹਿੰਦਾ ਹੈ, ਉਸ ਦੇ ਸਾਰੇ ਦੁਖ ਦਰਦ ਮਿਟ ਜਾਂਦੇ ਹਨ। ਉਹ (ਹਰ ਵੇਲੇ ਪ੍ਰਭੂ ਦੇ) ਗੁਣ ਗਾਉਂਦਾ ਰਹਿੰਦਾ ਹੈ, (ਜਿਸ ਦੀ ਬਰਕਤਿ ਨਾਲ ਉਸਦੇ ਅੰਦਰ) ਸ਼ਾਂਤੀ ਅਤੇ ਅਡੋਲਤਾ ਦੇ ਅਨੰਦ ਬਣੇ ਰਹਿੰਦੇ ਹਨ, (ਕਾਮਾਦਿਕ) ਸਾਰੇ (ਉਸਦੇ) ਦੋਖੀ ਵੈਰੀ ਨਾਸ਼ ਹੋ ਜਾਂਦੇ ਹਨ।1।

(ਹੇ ਭਾਈ! ਪੂਰਾ ਗੁਰੂ ਜਿਸ ਮਨੁੱਖ ਦੀ ਇੱਜਤ ਬਚਾਉਂਦਾ ਹੈ) ਪ੍ਰਮਾਤਮਾ ਉਸਦਾ ਕੋਈ ਗੁਣ ਅਵਗੁਣ ਨਹੀਂ ਪੜਤਾਲਦਾ, ਮਿਹਰ ਕਰਕੇ ਉਸਨੂੰ ਪ੍ਰਭੂ ਆਪਣਾ (ਸੇਵਕ) ਬਣਾ ਲੈਂਦਾ ਹੈ। ਹੇ ਭਾਈ! ਅਟੱਲ ਅਤੇ ਅਭਿਨਾਸ਼ੀ ਪ੍ਰਮਾਤਮਾ ਦੀ ਤਾਕਤ ਬੇ–ਮਿਸਾਲ ਹੈ। ਨਾਨਕ ਸਦਾ ਉਸੇ ਪ੍ਰਭੂ ਦੀ ਜੈ ਜੈਕਾਰ ਉਚਾਰਦਾ ਰਹਿੰਦਾ ਹੈ।2।8।124।

ਸੰਨੀ ਓਬਰਾਏ ਵਿਵੇਕ ਸਦਨ:
ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼, ਸ੍ਰੀ ਅਨੰਦਪੁਰ ਸਾਹਿਬ, ਪੰਜਾਬ